PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

4th - 11th April 2024 • Issue No. 3024

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

## ਸ੍ਰੀ ਅਨੰਦਪੁਰ ਸਾਹਿਬ ਸਪੋਰਟਸ ਕਲੱਬ ਯੂ.ਕੇ. ਵੱਲੋਂ ਸ੍ਰੀ ਅਨੰਦਪੁਰ ਸਾਹਿਬ ਹੋਲਾ ਮੁਹੱਲਾ ਕਬੱਡੀ ਚੈਂਪੀਅਨਸ਼ਿਪ ਤਰਨਤਾਰਨ ਜ਼ਿਲ੍ਹੇ ਨੇ ਜਿੱਤੀ

### ਅੰਬਾ ਸੁਰ ਸਿੰਘ ਤੇ ਅਰਸ਼ ਚੋਹਲਾ ਸਾਹਿਬ ਬਣੇ ਸਰਵੋਤਮ ਧਾਵੀ ਤੇ ਜਾਫੀ – ਰੇਸ਼ਮ ਸਲਾਣਾ ਤੇ ਅੰਮ੍ਰਿਤ ਬਰਸਾਲਪੁਰ ਬਣੇ ਮੈਨ ਆਫ ਦ ਟੂਰਨਾਮੈਂਟ

### ਰਸ਼ਪਾਲ ਸਿੰਘ ਸ਼ੀਰਾ ਅਟਵਾਲ ਸ਼ੰਮੀਪੁਰੀਆ, ਪਹਿਲਵਾਨ ਬੁੱਧ ਸਿੰਘ, ਲਖਵੀਰ ਸਿੰਘ ਲੱਖਾ ਜੌਹਲ ਤੇ ਕੁਲਵਿੰਦਰ ਸਿੰਘ ਪੱਤੜ ਮੇਜ਼ਬਾਨ ਕਲੱਬ ਵੱਲੋਂ ਸਨਮਾਨਿਤ



## ਸ੍ਰੀ ਅਨੰਦਪੁਰ ਸਾਹਿਬ ਸਪੋਰਟਸ ਕਲੱਬ ਯੂ.ਕੇ.

# ਸਾਊਥਾਲ ਵਿਖੇ ਸ਼ਿਵਚਰਨ ਸਿੰਘ ਗਿੱਲ ਯਾਦਗਾਰੀ ਸਾਹਿਤਕ ਸਮਾਗਮ 2024 ਕਰਵਾਇਆ

## ਬੁਲਾਰਿਆਂ ਵੱਲੋਂ ਮਾਤਾ ਧਨਿੰਦਰ ਕੌਰ ਗਿੱਲ, ਸ਼ਿਵਦੀਪ ਕੌਰ ਢੇਸੀ ਅਤੇ ਪ੍ਰੀਵਾਰ ਦੇ ਉਦਮ ਦੀ ਸ਼ਲਾਘਾ

### ਸ਼ਿਵਚਰਨ ਸਿੰਘ ਗਿੱਲ ਮੈਮੋਰੀਅਲ ਟਰੱਸਟ ਵਲੋਂ ਲੇਖਕਾ ਡਾ: ਦਵਿੰਦਰ ਕੌਰ, ਦੇਸ਼ ਪ੍ਰਦੇਸ਼ ਦੇ ਬਾਨੀ ਸੰਪਾਦਕ ਸਵ: ਤਰਸੇਮ ਸਿੰਘ ਪੁਰੇਵਾਲ, ਕਹਾਣੀਕਾਰ ਸੰਤੋਖ ਸਿੰਘ ਧਾਲੀਵਾਲ, ਨਾਟਕਕਾਰ ਤੇਜਿੰਦਰ ਸਿੰਧਰਾ, ਨਰਿੰਦਰ ਕੌਰ, ਸਾਹਿਤਕਾਰ ਪ੍ਰੀਤਮ ਸਿੱਧੂ ਅਤੇ ਸਮਾਜ ਸੇਵੀ ਤੇਜ ਕੌਰ ਗਰੇਵਾਲ ਦੀ ਵੱਖ ਵੱਖ ਖੇਤਰਾਂ 'ਚ ਪਾਏ ਯੋਗਦਾਨ ਲਈ ਪੁਰਸਕਾਰ



**ਜਾਰੀ ਕਰਤਾ: ਸ਼ਿਵਚਰਨ ਗਿੱਲ ਮੈਮੋਰੀਅਲ ਟਰੱਸਟ ਯੂ ਕੇ**

# ਪੰਜਾਬ ਵਿਚ ਪੱਗਾਂ ਦੇ ਰੰਗਾਂ ਨਾਲ ਜੁੜੀ ਸਿਆਸਤ ਮੁਕਣ ਲੱਗੀ

## ✪ 'ਆਪ' ਦੀਆਂ ਬਸੰਤੀ ਰੰਗ ਦੀਆਂ ਪੱਗਾਂ ਵੀ ਗਾਇਬ







ਮਾਨਸਾ-ਪੰਜਾਬ ਵਿੱਚ ਅੱਜ-ਕੱਲ੍ਹ ਪੱਗਾਂ ਦੇ ਰੰਗਾਂ ਨਾਲ ਜੁੜੀ ਰਾਜਨੀਤੀ ਦੇ ਦਿਨ ਪੁੱਗਣ ਲੱਗੇ ਹਨ। ਲੋਕ ਸਭਾ ਚੋਣਾਂ ਦੇ ਮੌਜੂਦਾ ਰੁਝਾਨ ਦੌਰਾਨ ਸਾਹਮਣੇ ਆਇਆ ਹੈ ਕਿ ਇਸ ਵੇਲੇ ਕਿਧਰੇ ਨੀਲੇ, ਪੀਲੇ, ਲਾਲ, ਕੇਸਰੀ ਤੇ ਚਿੱਟੇ ਰੰਗ ਦੀ ਤੂਤੀ ਨਹੀਂ ਬੋਲਦੀ। ਲੰਬੇ ਸਮੇਂ ਤੋਂ ਪੱਗਾਂ ਦੇ ਰੰਗਾਂ ਨੂੰ ਰਾਜਨੀਤੀ ਵਿਚ ਉਤਰਾਈ-ਚੜ੍ਹਾਈ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਪਰ ਇਸ ਵੇਲੇ ਸਾਰੀਆਂ ਸਿਆਸੀ ਧਿਰਾਂ ਦੇ ਚੋਣ ਜਲਸਿਆਂ ਦੌਰਾਨ ਇੱਕੋ ਜਿਹੀਆਂ ਪੱਗਾਂ ਦੇ ਰੰਗ ਵੇਖਣ ਨੂੰ ਕਿਧਰੇ ਨਹੀਂ ਮਿਲੇ।

ਖ਼ਾੜਕੂ ਲਹਿਰ ਦੇ ਖ਼ਾਤਮੇ ਪਿਛੋਂ ਮਰਹੂਮ ਬੇਅੰਤ ਸਿੰਘ ਦੀ ਹਕੂਮਤ ਬਣਨ ਸਾਰ ਚਿੱਟੇ ਰੰਗ ਦੀਆਂ ਪੱਗਾਂ ਦੀ ਚੜ੍ਹਾਈ ਹੋਣ ਲੱਗੀ ਸੀ, ਜਿਸ ਨੂੰ 1997 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਪ੍ਰਕਾਸ਼ ਸਿੰਘ ਬਾਦਲ ਦੀ ਚੱਲੀ ਲਹਿਰ ਦੌਰਾਨ ਨੀਲੀਆਂ ਪੱਗਾਂ ਨੇ ਠੱਲ੍ਹ ਦਿੱਤਾ ਸੀ। ਉਸ ਤੋਂ ਪਹਿਲਾਂ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਵੱਲੋਂ ਪੰਜਾਬ ਵਿਚਲੀਆਂ ਬਹੁਤੀਆਂ ਲੋਕ ਸਭਾ ਸੀਟਾਂ 'ਤੇ ਭਾਰੀ ਬਹੁਮਤ ਪ੍ਰਾਪਤ ਕਰਨ ਵੇਲੇ ਹਰ ਕੋਈ ਕੇਸਰੀ ਰੰਗ ਦੀ ਪੱਗ ਬੰਨ੍ਹਣ ਲੱਗ ਪਿਆ ਸੀ। ਰਾਜ ਵਿੱਚ ਸੱਤਵੇਂ ਤੇ ਅੱਠਵੇਂ ਦਹਾਕੇ ਦੌਰਾਨ ਗਿਆਨੀ ਜ਼ੈਲ ਸਿੰਘ ਅਤੇ ਦਰਬਾਰਾ ਸਿੰਘ ਦੀ ਹਕੂਮਤ ਵੇਲੇ ਚਿੱਟੀਆਂ ਪੱਗਾਂ ਦੂਰੋਂ ਹੀ ਚਮਕਦੀਆਂ ਸਨ।

ਇਸ ਸ਼ਹਿਰ ਦੇ ਪੱਗਾਂ ਦੇ ਥੋਕ ਵਪਾਰੀ ਨੇ ਦੱਸਿਆ ਕਿ ਬਦਲੇ ਹੋਏ ਸਿਆਸੀ ਸਮੀਕਰਣਾਂ ਤਹਿਤ ਅਜੇ ਤੱਕ ਕਿਸੇ ਵੀ ਰੰਗ ਦੀਆਂ ਪੱਗਾਂ ਵਿਕਣ ਦਾ ਰੁਝਾਨ ਪੈਦਾ ਨਹੀਂ ਹੋਇਆ, ਜਦੋਂਕਿ ਅਕਸਰ ਲੋਕ ਸਭਾ ਚੋਣਾਂ ਦੇ ਜ਼ੋਰ ਵੇਲੇ ਉਸੇ ਪਾਰਟੀ ਦੇ ਰੰਗ ਵਾਲੀਆਂ ਪੱਗਾਂ ਵੱਧ ਵਿਕਣ ਲੱਗ ਪੈਂਦੀਆਂ ਸਨ, ਜਿਨ੍ਹਾਂ ਦਾ ਰਾਜ-ਭਾਗ ਬਣਨ ਦੀਆਂ ਮੁੱਢਲੀਆਂ ਨਿਸ਼ਾਨੀਆਂ ਸਾਹਮਣੇ ਆਉਂਦੀਆਂ ਸਨ। ਉਨ੍ਹਾਂ ਦੱਸਿਆ ਕਿ ਉਹ ਅਨੇਕਾਂ ਰੰਗਾਂ ਦੇ ਸਾਫ਼ਿਆਂ ਵਾਲੇ ਥਾਨ ਲੈ ਕੇ ਆਏ ਹਨ, ਪਰ ਅਜੇ ਤੱਕ ਖਰੀਦਦਾਰ ਘੱਟ ਹੀ ਨਿਕਲੇ ਹਨ। ਉਧਰ, ਲਾਲ ਰੰਗ ਤੋਂ ਹੁਣ ਕਾਮਰੇਡ ਵੀ ਭੱਜਣ ਲੱਗ ਪਏ ਹਨ। ਉਹ ਵੀ ਹੋਰ ਰੰਗਾਂ ਦੇ ਸਾਫ਼ੇ ਹੀ ਸਿਰਾਂ 'ਤੇ ਸਜਾਉਂਦੇ ਹਨ। ਇਸ ਵਾਰ ਔਰਤਾਂ ਵਿੱਚ ਪਾਰਟੀ ਰੰਗਾਂ ਵਾਲੀਆਂ ਚੁੰਨੀਆਂ ਗਾਇਬ ਹੋ ਗਈਆਂ ਹਨ। ਹੁਣ ਨਾ ਕਿਸੇ ਜਥੇਦਾਰਨੀ ਦੇ ਨੀਲੀ-ਪੀਲੀ ਚੁੰਨੀ, ਨਾ ਹੀ ਕਾਂਗਰਸ ਦੀ ਕਿਸੇ ਮਹਿਲਾ ਆਗੂ ਦੇ ਚਿੱਟੀ ਚੁੰਨੀ ਅਤੇ ਨਾ ਹੀ ਕਿਸੇ ਕਾਮਰੇਡ ਵਰਕਰ ਔਰਤ ਦੇ ਲਾਲ ਚੁੰਨੀ ਨਾਲ ਸਿਰ ਢੱਕਿਆ ਨਜ਼ਰ ਆਇਆ ਹੈ।

ਭਗਵੰਤ ਮਾਨ ਦੀ ਸਰਕਾਰ ਬਣਨ ਮਗਰੋਂ ਜਿਹੜੀਆਂ ਬਸੰਤੀ ਰੰਗ ਦੀਆਂ ਪੱਗਾਂ 'ਆਪ' ਦੇ ਵਰਕਰ ਬੰਨ੍ਹਣ ਲੱਗੇ ਸਨ, ਉਹ ਪੱਗਾਂ ਵਾਲਿਆਂ ਦਾ ਵੀ ਹੁਣ 'ਆਪ' ਦੇ ਚੋਣ ਜਲਸਿਆਂ ਦੌਰਾਨ ਰੰਗ ਉੱਡਿਆ ਹੋਇਆ ਵਿਖਾਈ ਦਿੰਦਾ ਹੈ।

# ਪਟਿਆਲਾ ਤੋਂ 'ਆਪ' ਦੇ ਸਾਬਕਾ ਸੰਸਦ ਮੈਂਬਰ ਧਰਮਵੀਰ ਗਾਂਧੀ ਕਾਂਗਰਸ

## ✪ ਪਟਿਆਲੇ ਹਲਕੇ ਤੋਂ ਲੜਨਗੇ ਪ੍ਰਨੀਤ ਕੌਰ ਖਿਲਾਫ਼

ਨਵੀਂ ਦਿੱਲੀ-ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਸਾਬਕਾ ਸੰਸਦ ਮੈਂਬਰ ਧਰਮਵੀਰ ਗਾਂਧੀ ਬੀਤੇ ਦਿਨੀਂ ਕਾਂਗਰਸ ਵਿੱਚ ਸ਼ਾਮਲ ਹੋ ਗਏ ਹਨ। ਗਾਂਧੀ ਦੇ ਪਟਿਆਲਾ ਸੀਟ ਤੋਂ ਕਾਂਗਰਸ ਦੇ ਉਮੀਦਵਾਰ ਵਜੋਂ ਚੋਣ ਲੜਨ ਦੀ ਸੰਭਾਵਨਾ ਹੈ। ਧਰਮਵੀਰ ਗਾਂਧੀ ਨੇ 2014 ਵਿੱਚ 'ਆਪ' ਉਮੀਦਵਾਰ ਵਜੋਂ ਪਟਿਆਲਾ ਤੋਂ ਪ੍ਰਨੀਤ ਕੌਰ ਨੂੰ ਹਰਾ ਕੇ ਲੋਕ ਸਭਾ ਚੋਣ ਜਿੱਤੀ ਸੀ। ਗਾਂਧੀ, ਜੋ ਪੇਸ਼ੇ ਤੋਂ ਡਾਕਟਰ ਹਨ, ਨੇ ਬਾਅਦ ਵਿੱਚ 2016 ਵਿੱਚ 'ਆਪ' ਨੂੰ ਛੱਡ ਦਿੱਤਾ ਅਤੇ ਆਪਣੀ ਨਵਾਂ ਪੰਜਾਬ ਪਾਰਟੀ ਬਣਾਈ, ਜਿਸ ਨੂੰ ਉਨ੍ਹਾਂ ਨੇ ਕਾਂਗਰਸ ਵਿੱਚ ਰਲਾ ਦਿੱਤਾ।

ਪਾਰਟੀ ਆਗੂ ਪਵਨ ਖੇੜਾ ਅਤੇ ਏਆਈਸੀਸੀ ਪੰਜਾਬ ਦੇ ਇੰਚਾਰਜ ਦੇਵੇਂਦਰ ਯਾਦਵ, ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਗਾਂਧੀ ਦਾ ਪਾਰਟੀ ਵਿੱਚ ਸਵਾਗਤ ਕੀਤਾ। ਬਾਜਵਾ ਨੇ ਕਿਹਾ ਕਿ ਉਨ੍ਹਾਂ ਦੇ ਸ਼ਾਮਲ ਹੋਣ ਨਾਲ ਕਾਂਗਰਸ ਹੋਰ ਮਜ਼ਬੂਤ ਹੋਵੇਗੀ ਜਦਕਿ ਵੜਿੰਗ ਨੇ ਕਿਹਾ ਕਿ ਅਜਿਹੇ ਪੇਸ਼ੇਵਰਾਂ ਦਾ ਪਾਰਟੀ ਵਿਚ ਸ਼ਾਮਲ ਹੋਣਾ ਚੰਗਾ ਸੰਕੇਤ ਹੈ



ਕਾਂਗਰਸ ਜੁਆਇਨ ਕਰਨ ਤੋਂ ਬਾਅਦ ਉਨ੍ਹਾਂ ਨੇ ਕਿਹਾ ਕਿ ਉਹ ਬਿਲਕੁਲ ਚੋਣ ਲੜਨਗੇ। ਉਨ੍ਹਾਂ ਦੀ ਲੜਾਈ ਪਰਨੀਤ ਕੌਰ ਦੇ ਖਿਲਾਫ ਨਹੀਂ ਬਲਕਿ ਬੀਜੇਪੀ ਦੇ ਉਮੀਦਵਾਰ ਖਿਲਾਫ ਹੋਵੇਗੀ।

### ਡਾ. ਗਾਂਧੀ ਦਾ ਸਿਆਸੀ ਸਫਰ

ਡਾ.ਧਰਮਵੀਰ ਗਾਂਧੀ ਨੇ 2013 ਵਿੱਚ ਆਮ ਆਦਮੀ ਪਾਰਟੀ ਜੁਆਇਨ ਕੀਤੀ ਸੀ। 2014 ਵਿੱਚ ਪਾਰਟੀ ਨੇ ਉਨ੍ਹਾਂ ਨੂੰ ਉਮੀਦਵਾਰ ਬਣਾਇਆ।

ਗਾਂਧੀ ਨੇ ਕਾਂਗਰਸ ਦੀ ਉਮੀਦਵਾਰ ਪਰਨੀਤ ਕੌਰ ਨੂੰ 20,992 ਵੋਟਾਂ ਦੇ ਫਰਕ ਦੇ ਨਾਲ ਹਰਾਇਆ ਸੀ। 2019 ਵਿੱਚ ਉਨ੍ਹਾਂ ਨੇ ਵੱਖ ਤੋਂ ਨਵਾਂ ਪੰਜਾਬ ਪਾਰਟੀ ਬਣਾਈ ਸੀ ਅਤੇ ਚੋਣ ਲੜਦੇ ਹੋਏ 13.72 ਫੀਸਦੀ ਵੋਟ ਸ਼ੇਅਰ ਦੇ ਨਾਲ 1,61,645 ਵੋਟਾਂ ਹਾਸਲ ਕੀਤੀਆਂ ਸਨ। ਇਹ ਉਹ ਵੋਟਾਂ ਸਨ ਜੋ ਉਨ੍ਹਾਂ ਨੇ ਆਪਣੇ ਦਮ ਤੇ ਹਾਸਲ ਕੀਤੀਆਂ ਸਨ। ਅਜਿਹੇ ਵਿੱਚ ਗਾਂਧੀ ਦਾ ਕਾਂਗਰਸ ਵਿੱਚ ਆਉਣਾ ਪਾਰਟੀ ਦੇ ਲਈ ਸ਼ੁੱਭ ਸੰਕੇਤ ਹੈ।

ਕੈਪਟਨ ਅਮਰਿੰਦਰ ਸਿੰਘ ਦੇ ਪਰਿਵਾਰ ਨਾਲ ਪਟਿਆਲਾ ਸੀਟ ਜੁੜੇ ਹੋਣ ਦੀ ਵਜ੍ਹਾ ਕਰਕੇ ਪਿਛਲੇ ਢਾਈ ਦਹਾਕੇ ਤੋਂ ਇਹ ਕਾਂਗਰਸ ਦਾ ਗੜ੍ਹ ਸੀ। ਅਕਾਲੀ ਦਲ ਦਾ ਬੀਜੇਪੀ ਨਾਲ ਸਮਝੌਤਾ ਨਹੀਂ ਹੋਇਆ ਹੈ।

ਅਜਿਹੇ ਵਿੱਚ ਜੇਕਰ ਕਾਂਗਰਸ ਧਰਮਵੀਰ ਗਾਂਧੀ ਨੂੰ ਪਟਿਆਲਾ ਤੋਂ ਆਪਣਾ ਉਮੀਦਵਾਰ ਬਣਾਉਂਦੀ ਹੈ ਤਾਂ ਪਰਨੀਤ ਕੌਰ ਲਈ ਇਸ ਵਾਰ ਵੀ ਲੋਕਸਭਾ ਪਹੁੰਚਣਾ ਅਸਾਨ ਨਹੀਂ ਹੋਵੇਗਾ। ਕੈਪਟਨ ਅਮਰਿੰਦਰ ਸਿੰਘ ਵੀ ਇਹ ਗੱਲ ਜਾਣਦੇ ਹਨ ਇਸੇ ਲਈ ਉਹ ਵਾਰ-ਵਾਰ ਅਕਾਲੀ ਦਲ ਅਤੇ ਬੀਜੇਪੀ ਗਠਜੋੜ ਦੀ ਵਕਾਲਤ ਕਰ ਰਹੇ ਸਨ।

# ਪੰਜਾਬ ਪੁਲਿਸ ਨੇ ਖਨੌਰੀ ਸਰਹੱਦ 'ਤੇ ਜ਼ਖ਼ਮੀ ਹੋਏ ਪ੍ਰੀਤਪਾਲ ਸਿੰਘ ਦੇ ਮਾਮਲੇ ਵਿਚ ਦਰਜ ਕੀਤੀ ਜ਼ੀਰੋ ਐਫ. ਆਈ. ਆਰ.

## ✪ ਹਰਿਆਣਾ ਪੁਲੀਸ ਨੂੰ ਦੋਸ਼ੀ ਠਹਿਰਾਉਣ ਵਿਚ ਕੀਤੀ ਜਾ ਰਹੀ ਹੈ ਟਾਲਮਟੋਲ



ਚੰਡੀਗੜ੍ਹ-ਖਨੌਰੀ ਸਰਹੱਦ ਤੋਂ ਨੌਜਵਾਨ ਕਿਸਾਨ ਪ੍ਰੀਤਪਾਲ ਸਿੰਘ ਦੀ ਹਰਿਆਣਾ ਪੁਲਿਸ ਵਲੋਂ ਗੈਰ-ਕਾਨੂੰਨੀ ਗ੍ਰਿਫ਼ਤਾਰੀ ਦੇ ਮਾਮਲੇ ਵਿਚ ਪੰਜਾਬ ਪੁਲਿਸ ਨੇ ਜ਼ੀਰੋ ਐਫ.ਆਈ.ਆਰ. ਦਰਜ ਕੀਤੀ ਹੈ। ਪੰਜਾਬ ਸਰਕਾਰ ਨੇ ਇਸ ਮਾਮਲੇ ਵਿਚ ਜਵਾਬ ਦੇਣ ਲਈ ਅਦਾਲਤ ਤੋਂ ਸਮਾਂ ਮੰਗਿਆ ਹੈ। ਪੰਜਾਬ ਪੁਲਿਸ ਨੇ ਅਦਾਲਤ ਨੂੰ ਦੱਸਿਆ ਕਿ ਅਜੇ ਪੁਲਿਸ ਨੇ ਘਟਨਾ ਵਾਲੀ ਥਾਂ ਦੀ ਪਛਾਣ ਕਰਨੀ ਹੈ ਕਿ ਘਟਨਾ ਦਾ ਸਥਾਨ ਹਰਿਆਣਾ ਹੈ ਜਾਂ ਪੰਜਾਬ। ਪੰਜਾਬ ਸਰਕਾਰ ਦੀ ਤਰਫੋਂ ਅਦਾਲਤ ਨੂੰ ਦੱਸਿਆ ਗਿਆ ਕਿ ਇਸ ਦੇ ਲਈ ਉਨ੍ਹਾਂ ਨੂੰ ਪ੍ਰੀਤਪਾਲ ਸਿੰਘ ਦੀ ਲੋੜ ਹੈ, ਉਹ ਹੀ ਘਟਨਾ ਵਾਲੇ ਸਥਾਨ ਨੂੰ ਦਿਖਾਵੇਗਾ ਪਰ ਫ਼ਿਲਹਾਲ ਪ੍ਰੀਤਪਾਲ ਸਿੰਘ ਦੀ ਅਜਿਹੀ ਹਾਲਤ ਨਹੀਂ ਹੈ ਕਿ ਉਹ ਉਸ ਥਾਂ 'ਤੇ ਜਾ ਸਕੇ। ਸੁਣਵਾਈ ਦੌਰਾਨ ਪਟੀਸ਼ਨਰ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਜੇਕਰ ਸਰਕਾਰ ਵਲੋਂ ਉਨ੍ਹਾਂ ਨੂੰ ਐਂਬੂਲੈਂਸ ਮੁਹੱਈਆ ਕਰਵਾਈ ਜਾਂਦੀ ਹੈ ਤਾਂ ਉਹ ਪ੍ਰੀਤਪਾਲ ਸਿੰਘ ਨੂੰ ਘਟਨਾ ਵਾਲੀ ਥਾਂ 'ਤੇ ਪਹੁੰਚਾ ਸਕਦੇ ਹਨ।


## ਪੰਜਾਬ ਟਾਈਮਜ਼ ਦਾ ਵਿਸਾਖੀ ਵਿਸ਼ੇਸ਼ ਅੰਕ ਅਗਲੇ ਹਫ਼ਤੇ

ਖਾਲਸਾ ਪੰਥ ਦਾ ਸਿਰਜਨਾ ਦਿਵਸ ਤੇ ਵਿਸਾਖੀ ਦਿਹਾੜਾ 14 ਅਪ੍ਰੈਲ ਨੂੰ ਆ ਰਿਹਾ ਹੈ, ਇਸ ਸ਼ੁੱਭ ਮੌਕੇ ਪੰਜਾਬ ਟਾਈਮਜ਼ ਵੱਲੋਂ ਹਰ ਸਾਲ ਦੀ ਤਰ੍ਹਾਂ (ਵਿਸਾਖੀ ਵਿਸ਼ੇਸ਼ ਅੰਕ) ਦੀ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ ਟਾਈਮਜ਼ ਦੇ ਇਸ ਇਤਿਹਾਸਕ ਅੰਕ ਵਿੱਚ ਬਹੁਤ ਸਾਰੇ ਲੇਖਕਾਂ, ਵਿਦਵਾਨਾਂ, ਦੀਆਂ ਰਚਨਾਵਾਂ ਛਾਪੀਆਂ ਜਾਂਦੀਆਂ ਹਨ। ਇਸ ਵਿਸ਼ੇਸ਼ ਅੰਕ ਵਿਚ ਵਪਾਰਕ ਅਦਾਰਿਆਂ ਅਤੇ ਨਿੱਜੀ ਸੰਸਥਾਵਾਂ ਲਈ ਵੀ ਵਧੀਆ ਮੌਕਾ ਹੁੰਦਾ ਹੈ ਕਿ ਉਹ ਆਪਣੇ ਰੰਗਦਾਰ ਸਫੇ 'ਤੇ ਇਸ਼ਤਿਹਾਰ ਦੇ ਸਕਣ। ਉਹ ਆਪਣੇ ਇਸ਼ਤਿਹਾਰਾਂ ਲਈ ਥਾਂ ਜਲਦੀ ਬੁੱਕ ਕਰਵਾ ਲੈਣ।

-ਸੰਪਾਦਕ ਐਮ ਐਸ ਪੁਰੇਵਾਲ

ਸੰਪਰਕ ਲਈ ਫ਼ੋਨ 01332-372 851 ਮੋਬਾਈਲ: 07966 388 388

ਈਮੇਲ: panjabtimes@aol.com www.panjabtimes.uk

### -ਮਾਮਲਾ ਪਤੰਜਲੀ ਦੇ ਗੁੰਮਰਾਹ ਕਰਨ ਵਾਲੇ ਇਸ਼ਤਿਹਾਰਾਂ ਦਾ-

# ਰਾਮਦੇਵ ਨੇ ਸੁਪਰੀਮ ਕੋਰਟ ਵਿਚ ਬਿਨਾਂ ਸ਼ਰਤ ਮੰਗੀ ਮੁਆਫ਼ੀ

### ✪ ਅਦਾਲਤ ਨੇ ਰਾਮਦੇਵ ਬਾਰੇ ਨਰਮੀ ਰਖਣ ਵਾਲੀ ਮੋਦੀ ਸਰਕਾਰ ਨੂੰ ਪਾਈਆਂ ਝਾੜਾਂ


ਦਿੱਲੀ-ਯੋਗ ਗੁਰੂ ਬਾਬਾ ਰਾਮਦੇਵ ਅਤੇ ਪਤੰਜਲੀ ਆਯੁਰਵੇਦ ਦੇ ਪ੍ਰਬੰਧ ਨਿਰਦੇਸ਼ਕ ਆਚਾਰੀਆ ਬਾਲਕ੍ਰਿਸ਼ਨ ਨੂੰ ਪਤੰਜਲੀ ਦੇ ਗੁੰਮਰਾਹਕੁੰਨ ਇਸ਼ਤਿਹਾਰਾਂ ਦੇ ਪ੍ਰਕਾਸ਼ਨ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਵਿੱਚ ਮੁਆਫੀ ਮੰਗਣੀ ਪਈ। ਹਾਲਾਂਕਿ, ਸਿਖਰਲੀ ਅਦਾਲਤ ਉਨ੍ਹਾਂ ਦੀ ਮੁਆਫੀ ਤੋਂ ਸੰਤੁਸ਼ਟ ਨਹੀਂ ਸੀ ਅਤੇ ਉਨ੍ਹਾਂ ਨੂੰ ਖੂਬ ਫਟਕਾਰ ਲਗਾਈ ਅਤੇ ਅਦਾਲਤ ਦੇ ਹੁਕਮਾਂ ਨੂੰ ਗੰਭੀਰਤਾ ਨਾਲ ਲੈਣ ਲਈ ਕਿਹਾ। ਸੁਪਰੀਮ ਕੋਰਟ ਨੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ 'ਦੇਸ਼ ਦੀ ਸੇਵਾ ਕਰਨ ਦਾ ਬਹਾਨਾ ਨਾ ਬਣਾਓ, ਸੁਪਰੀਮ ਕੋਰਟ ਹੋਵੇ ਜਾਂ ਦੇਸ਼ ਦੀ ਕੋਈ ਹੋਰ ਅਦਾਲਤ, ਹੁਕਮਾਂ ਦੀ ਪਾਲਣਾ ਹੋਣੀ ਚਾਹੀਦੀ ਹੈ।' ਸੁਪਰੀਮ ਕੋਰਟ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਪਤੰਜਲੀ ਬਾਰੇ ਅੱਖਾਂ ਕਿਉਂ ਬੰਦ ਕੀਤੀਆਂ ਹੋਈਆਂ ਹਨ। ਸਖਤ ਕਾਰਵਾਈ ਕਿਉਂ ਨਹੀਂ ਕੀਤੀ।

ਸੁਪਰੀਮ ਕੋਰਟ ਨੇ ਸੁਣਵਾਈ ਦੌਰਾਨ ਕਿਹਾ ਕਿ ਤੁਹਾਨੂੰ (ਰਾਮਦੇਵ ਅਤੇ ਬਾਲਕ੍ਰਿਸ਼ਨ) ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਸੀ ਕਿ ਤੁਹਾਡੇ ਪਵਿੱਤਰ ਸ਼ਬਦ ਬਾਰੇ ਹਲਫ਼ਨਾਮਾ ਦਾਇਰ ਕੀਤਾ ਗਿਆ ਹੈ। ਪਤੰਜਲੀ ਵੱਲੋਂ ਇਸ਼ਤਿਹਾਰ ਦੇ ਮਾਮਲੇ ਵਿੱਚ ਨਵਾਂ ਹਲ਼ਫ਼ਨਾਮਾ ਦਾਖ਼ਲ ਕਰਨ ਲਈ ਹੋਰ ਸਮਾਂ ਮੰਗਣ ਵਾਲੀ ਪਟੀਸ਼ਨ 'ਤੇ ਅਦਾਲਤ ਨੇ ਕਿਹਾ ਕਿ ਕਈ ਵਾਰ ਚੀਜ਼ਾਂ ਨੂੰ ਆਪਣੇ ਤਰਕਪੂਰਨ ਸਿੱਟੇ 'ਤੇ ਪਹੁੰਚਣਾ ਚਾਹੀਦਾ ਹੈ। ਇਹ ਪੂਰੀ ਤਰ੍ਹਾਂ ਅਣਆਗਿਆਕਾਰੀ ਹੈ, ਸਿਰਫ਼ ਸੁਪਰੀਮ ਕੋਰਟ ਹੀ ਨਹੀਂ, ਦੇਸ਼ ਭਰ ਦੀਆਂ ਸਾਰੀਆਂ ਅਦਾਲਤਾਂ ਦੁਆਰਾ ਪਾਸ ਕੀਤੇ ਹਰ ਹੁਕਮ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ।

### ਸੁਪਰੀਮ ਕੋਰਟ ਨੇ ਕੀ ਕਿਹਾ ?

ਸੁਪਰੀਮ ਕੋਰਟ ਨੇ ਰਾਮਦੇਵ ਅਤੇ ਆਚਾਰੀਆ ਬਾਲਕ੍ਰਿਸ਼ਨ ਨੂੰ ਕਿਹਾ ਕਿ ਤੁਹਾਨੂੰ ਅਦਾਲਤ ਵਿੱਚ ਦਿੱਤੇ ਵਾਅਦੇ ਦੀ ਪਾਲਣਾ ਕਰਨੀ ਚਾਹੀਦੀ ਸੀ, ਪਰ ਤੁਸੀਂ ਹਰ ਹੱਦ ਤੋੜ ਦਿੱਤੀ ਹੈ।

ਹਾਲ ਹੀ ਵਿਚ ਰਾਮਦੇਵ ਅਤੇ ਬਾਲਕ੍ਰਿਸ਼ਨ ਨੂੰ ਸੁਪਰੀਮ ਕੋਰਟ ਨੇ ਮਾਮਲੇ ਨੂੰ ਲੈ ਕੇ ਸੰਮਨ ਜਾਰੀ ਕੀਤਾ ਸੀ। ਜਸਟਿਸ ਹਿਮਾ ਕੋਹਲੀ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਸੀ ਕਿ ਆਯੁਰਵੈਦਿਕ ਕੰਪਨੀ ਪਤੰਜਲੀ ਨੇ ਗੁੰਮਰਾਹਕੁੰਨ ਇਸ਼ਤਿਹਾਰਾਂ ਦੇ ਲਗਾਤਾਰ ਪ੍ਰਕਾਸ਼ਨ ਲਈ ਜਾਰੀ ਕੀਤੇ ਗਏ ਮਾਣਹਾਨੀ ਨੋਟਿਸ ਦਾ ਜਵਾਬ ਨਹੀਂ ਦਿੱਤਾ ਹੈ। ਬੈਂਚ ਨੇ 27 ਫਰਵਰੀ ਨੂੰ ਆਚਾਰੀਆ ਬਾਲਕ੍ਰਿਸ਼ਨ ਅਤੇ ਪਤੰਜਲੀ ਦੇ ਖਿਲਾਫ ਪਿਛਲੇ ਸਾਲ ਨਵੰਬਰ ਵਿੱਚ ਸੁਪਰੀਮ ਕੋਰਟ ਦੇ ਸਾਹਮਣੇ ਦਿੱਤੇ ਭਰੋਸੇ ਦੀ ਉਲੰਘਣਾ ਕਰਨ ਲਈ ਮਾਣਹਾਨੀ ਦੀ ਕਾਰਵਾਈ ਸ਼ੁਰੂ ਕੀਤੀ ਸੀ। ਬੈਂਚ ਵਿੱਚ ਜਸਟਿਸ ਅਹਿਸਾਨੁਦੀਨ ਅਮਾਨਉੱਲਾ ਵੀ ਸ਼ਾਮਲ ਸਨ।



### ਪਤੰਜਲੀ ਨੇ ਸੁਪਰੀਮ ਕੋਰਟ ਵਿਚ ਕੀ ਕਿਹਾ ?

ਪਤੰਜਲੀ ਨੇ ਪਹਿਲਾਂ ਸੁਪਰੀਮ ਕੋਰਟ ਨੂੰ ਭਰੋਸਾ ਦਿੱਤਾ ਸੀ ਕਿ ਉਹ ਆਪਣੇ ਉਤਪਾਦਾਂ ਦੀ ਚਿਕਿਤਸਕ ਪ੍ਰਭਾਵਸ਼ੀਲਤਾ ਦਾ ਦਾਅਵਾ ਕਰਨ ਵਾਲਾ ਕੋਈ ਬਿਆਨ ਨਹੀਂ ਦੇਵੇਗੀ ਜਾਂ ਕਾਨੂੰਨ ਦੀ ਉਲੰਘਣਾ ਕਰਕੇ ਉਨ੍ਹਾਂ ਦਾ ਇਸ਼ਤਿਹਾਰ ਜਾਂ ਬ੍ਰਾਂਡ ਨਹੀਂ ਕਰੇਗੀ। ਮੀਡੀਆ ਦੇ ਕਿਸੇ ਵੀ ਰੂਪ ਵਿੱਚ ਦਵਾਈ ਦੀ ਕਿਸੇ ਪ੍ਰਣਾਲੀ ਦੇ ਵਿਰੁੱਧ ਕੋਈ ਬਿਆਨ ਜਾਰੀ ਨਹੀਂ ਕਰੇਗਾ।

### ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਕੀ ਕੀਤੀ ਮੰਗ ?

ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਪਤੰਜਲੀ ਦੁਆਰਾ ਗੁੰਮਰਾਹਕੁੰਨ ਇਸ਼ਤਿਹਾਰਾਂ ਦੇ ਪ੍ਰਕਾਸ਼ਨ ਦੇ ਸਬੰਧ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਹੈ, ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਪਤੰਜਲੀ ਵਿਰੁੱਧ ਡਰੱਗਜ਼ ਐਂਡ ਮੈਜਿਕ ਰੈਮੇਡੀਜ਼ (ਇਤਰਾਜ਼ਯੋਗ ਇਸ਼ਤਿਹਾਰ) ਐਕਟ, 1954 ਦੀ ਉਲੰਘਣਾ ਲਈ ਕਾਰਵਾਈ ਕੀਤੀ ਜਾਵੇ। ਕੋਵਿਡ -19 ਦੇ ਐਲੋਪੈਥਿਕ ਇਲਾਜ ਵਿਰੁੱਧ ਵਿਵਾਦਪੂਰਨ ਟਿੱਪਣੀਆਂ ਲਈ ਯੋਗ ਗੁਰੂ ਅਤੇ ਪਤੰਜਲੀ ਦੇ ਸੰਸਥਾਪਕ ਬਾਬਾ ਰਾਮਦੇਵ ਵਿਰੁੱਧ ਕਈ ਰਾਜਾਂ ਵਿੱਚ ਕੇਸ ਦਰਜ ਕੀਤੇ ਗਏ ਹਨ।

### -ਮਾਮਲਾ ਨਕਲੀ ਸ਼ਰਾਬ ਕਾਰਣ 21 ਲੋਕਾਂ ਦੀ ਮੌਤਾਂ ਦਾ-

# ਨਿਰਪੱਖ ਜਾਂਚ ਦੀ ਮੰਗ 'ਤੇ ਸਰਕਾਰ ਨੂੰ ਨੋਟਿਸ

### ✪ ਹਾਈਕੋਰਟ ਨੂੰ ਦਸਿਆ ਕਿ ਨਕਲੀ ਸ਼ਰਾਬ ਵਿਚ ਮਿਲਾਇਆ ਜਾਂਦਾ ਏ ਮੈਥਨਾਲ

ਚੰਡੀਗੜ੍ਹ-ਸੰਗਰੂਰ ਵਿਚ ਨਕਲੀ ਸ਼ਰਾਬ ਕਾਰਨ ਹੋਈਆਂ 21 ਮੌਤਾਂ ਦੇ ਮਾਮਲੇ ਵਿਚ ਜਾਂਚ ਸੀਬੀਆਈ ਜਾਂ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਨੂੰ ਸੌਂਪਣ ਦੀ ਮੰਗ ਨੂੰ ਲੈ ਕੇ ਦਾਇਰ ਪਟੀਸ਼ਨ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਤਲਬ ਕੀਤਾ ਹੈ। ਪਟੀਸ਼ਨ ਵਿਚ ਦੱਸਿਆ ਗਿਆ ਕਿ ਪਿਛਲੇ ਸਾਲ ਸੁਪਰੀਮ ਕੋਰਟ ਨੇ ਨਕਲੀ ਸ਼ਰਾਬ ਨੂੰ ਰੋਕਣ ਦੇ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ। ਇਨ੍ਹਾਂ ਦੀ ਪਾਲਣਾ ਨਾ ਹੋਣ ਦਾ ਪਟੀਸ਼ਨ ਵਿਚ ਦੋਸ਼ ਲਗਾਉਂਦੇ ਹੋਏ ਦੋਸ਼ੀ ਅਧਿਕਾਰੀਆਂ 'ਤੇ ਕਾਰਵਾਈ ਦਾ ਨਿਰਦੇਸ਼ ਜਾਰੀ ਕਰਨ ਦੀ ਅਪੀਲ ਕੀਤੀ ਗਈ ਹੈ। ਪਟੀਸ਼ਨ ਦਾਖਲ ਕਰਦੇ ਹੋਏ ਕੁੰਵਰ ਸਿੰਘ ਨੇ ਹਾਈ ਕੋਰਟ ਨੂੰ ਦੱਸਿਆ ਕਿ 2020 'ਚ ਜੁਲਾਈ ਤੇ ਅਗਸਤ ਮਹੀਨੇ ਵਿਚ ਤਰਨ ਤਾਰਨ 'ਚ ਨਕਲੀ ਸ਼ਰਾਬ ਨਾਲ 105 ਲੋਕਾਂ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਮੁੱਖ ਮੰਤਰੀ ਨੇ ਮਾਮਲੇ ਦੀ ਨਿਆਇਕ ਜਾਂਚ ਦਾ ਆਦੇਸ਼ ਦਿੱਤਾ ਸੀ। ਇਸ ਤੋਂ ਬਾਅਦ ਵੀ ਸਾਲ 2021 ਵਿਚ ਪੰਜਾਬ ਵਿਚ ਅਜਿਹੇ ਹੀ ਸ਼ਰਾਬ ਪੀਣ ਨਾਲ 127 ਲੋਕਾਂ ਦੀ ਮੌਤ ਹੋ ਗਈ ਸੀ। ਉਸ ਸਾਲ ਪੰਜਾਬ ਉੱਤਰ ਪ੍ਰਦੇਸ਼ ਤੋਂ ਬਾਅਦ ਨਕਲੀ ਸ਼ਰਾਬ ਕਾਰਨ ਮਰਨ ਵਾਲੇ ਲੋਕਾਂ ਦੇ ਮਾਮਲੇ ਵਿਚ ਦੇਸ਼ 'ਚ ਦੂਜੇ ਸਥਾਨ 'ਤੇ ਸੀ।



ਪਟੀਸ਼ਨਕਰਤਾ ਨੇ ਦੱਸਿਆ ਕਿ ਸੁਪਰੀਮ ਕੋਰਟ ਨੇ 27 ਮਾਰਚ, 2023 ਨੂੰ ਪੰਜਾਬ ਸਰਕਾਰ ਨੂੰ ਨਕਲੀ ਸ਼ਰਾਬ 'ਤੇ ਲਗਾਮ ਕੱਸਣ ਲਈ ਕਦਮ ਚੁੱਕਣ ਦਾ ਆਦੇਸ਼ ਦਿੱਤਾ ਸੀ। ਇਸ ਆਦੇਸ਼ ਦੇ ਬਾਵਜੂਦ ਪੰਜਾਬ ਵਿਚ ਲੋਕ ਨਕਲੀ ਸ਼ਰਾਬ ਬਣਾਉਣ ਦਾ ਕੰਮ ਧੜੱਲੇ ਨਾਲ ਕਰ ਰਹੇ ਹਨ। 19-20 ਮਾਰਚ, 204 ਨੂੰ ਸੰਗਰੂਰ ਦੇ ਰਵਿਦਾਸਪੁਰਾ, ਤਿਬੜੀ, ਗੁੱਜਰਾਂ, ਓਪਲੀ ਅਤੇ ਧੰਡੋਲੀ ਖੁਰਦ ਪਿੰਡਾਂ ਵਿਚ 21 ਮੌਤਾਂ ਹੋਈਆਂ ਸਨ। ਸੁਪਰੀਮ ਕੋਰਟ ਦੇ ਆਦੇਸ਼ ਦੀ ਪਾਲਣਾ ਸਹੀ ਢੰਗ ਨਾਲ ਨਾ ਕਰਨ ਕਾਰਨ ਇਹ ਹਾਦਸਾ ਹੋਇਆ ਹੈ। ਸਰਕਾਰੀ ਅਧਿਕਾਰੀ ਆਪਣੇ ਕਰਤੱਬ ਨੂੰ ਨਿਭਾਉਣ 'ਚ ਪੂਰੀ ਤਰ੍ਹਾਂ ਨਾਕਾਮ ਰਹੇ ਹਨ ਅਤੇ ਇਸੇ ਦਾ ਨਤੀਜਾ ਹੈ ਕਿ ਵੱਡੇ ਪੱਧਰ 'ਤੇ ਸ਼ਰਾਬ ਭੱਠੀਆਂ ਪੰਜਾਬ ਵਿਚ ਚੱਲ ਰਹੀਆਂ ਹਨ। ਪਟੀਸ਼ਨ ਵਿਚ ਸੇਵਾ 'ਚ ਕੁਤਾਹੀ ਲਈ ਜ਼ਿੰਮੇਵਾਰ ਪਾਏ ਜਾਣ ਵਾਲੇ ਅਧਿਕਾਰੀਆਂ ਖ਼ਿਲਾਫ਼ ਵਿਭਾਗੀ ਕਾਰਵਾਈ ਦਾ ਆਦੇਸ਼ ਜਾਰੀ ਕੀਤਾ ਜਾਵੇ। ਨਾਲ ਹੀ ਸੂਬੇ ਵਿਚ ਨਾਜਾਇਜ਼ ਤੇ ਨਕਲੀ ਸ਼ਰਾਬ ਦੀਆਂ ਭੱਠੀਆਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਖਤਮ ਕਰਨ ਦੀ ਕਾਰਵਾਈ ਸ਼ੁਰੂ ਕਰਨ ਦਾ ਨਿਰਦੇਸ਼ ਜਾਰੀ ਕੀਤਾ ਜਾਵੇ।

ਪਟੀਸ਼ਨਕਰਤਾ ਦਾ ਕਹਿਣਾ ਹੈ ਕਿ ਜਾਂਚ ਵਿਚ ਪਤਾ ਲੱਗਾ ਹੈ ਕਿ ਨਕਲੀ ਸ਼ਰਾਬ 'ਚ ਮੈਥਨਾਲ ਮਿਲਾਇਆ ਗਿਆ ਜੋ ਇਨਸਾਨਾਂ ਲਈ ਘਾਤਕ ਹੈ। ਮੈਥਨਾਲ ਦੀ ਵਿਕਰੀ ਲਈ ਸਖ਼ਤ ਨਿਰਦੇਸ਼ ਦਿੱਤੇ ਜਾਣ। ਪਟੀਸ਼ਨ ਵਿਚ ਕਿਹਾ ਗਿਆ ਕਿ ਹੁਣ ਸਮਾਂ ਆ ਗਿਆ ਹੈ ਕਿ ਸਖ਼ਤ ਦਿਸ਼ਾ-ਨਿਰਦੇਸ਼ ਤਿਆਰ ਕੀਤੇ ਜਾਣ। ਮੈਥਨਾਲ ਦੀ ਵਰਤੋਂ ਕਰਨ ਵਾਲੀ ਹਰੇਕ ਉਦਯੋਗਿਕ ਇਕਾਈ ਵੱਲੋਂ ਵਰਤੀ ਗਈ ਮਾਤਰਾ ਅਤੇ ਇਕਾਈ ਨੂੰ ਵੰਡੀ ਮਾਤਰਾ ਦੇ ਸਬੰਧ ਵਿਚ ਸਵੈ-ਘੋਸ਼ਣਾ ਪੱਤਰ ਲਿਆ ਜਾਵੇ ਅਤੇ ਉਸ ਤੋਂ ਬਾਅਦ ਸੁਰੱਖਿਆ ਉਪਾਅ ਕੀਤੇ ਜਾ ਸਕਦੇ ਹਨ, ਕਿਉਂਕਿ ਮੈਥਨਾਲ ਜ਼ਰੂਰੀ ਪਦਾਰਥ ਹੈ ਅਤੇ ਇਸ ਦੇ ਬਿਨਾਂ ਨਕਲੀ ਸ਼ਰਾਬ ਨਹੀਂ ਬਣਾਈ ਜਾ ਸਕਦੀ।

### ਇਮਰਾਨ ਨੇ ਪਤਨੀ ਬੁਸ਼ਰਾ ਨੂੰ ਫ਼ੌਜ ਵਲੋਂ ਜ਼ਹਿਰ ਦਿੱਤੇ ਜਾਣ ਦੇ ਲਗਾਏ ਦੋਸ਼



ਇਸਲਾਮਾਬਾਦ-ਜੇਲ੍ਹ ਵਿਚ ਬੰਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਅੱਜ ਦਾਅਵਾ ਕੀਤਾ ਕਿ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ ਇੱਥੇ ਉਨ੍ਹਾਂ ਦੀ ਨਿੱਜੀ ਰਿਹਾਇਸ਼ 'ਤੇ ਬਣਾਈ ਗਈ ਸਬ-ਜੇਲ੍ਹ ਵਿਚ ਕੈਦ ਦੌਰਾਨ ਜ਼ਹਿਰ ਦਿੱਤਾ ਗਿਆ ਹੈ। ਇਮਰਾਨ ਨੇ ਕਿਹਾ ਕਿ ਜੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਪਹੁੰਚਦਾ ਹੈ ਤਾਂ ਇਸ ਲਈ ਫ਼ੌਜ ਮੁਖੀ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ। ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਦੇ ਆਗੂ ਨੇ ਅਦਿਆਲਾ ਜੇਲ੍ਹ ਵਿੱਚ ਤੋਸ਼ਾਖਾਨਾ ਮਾਮਲੇ ਦੀ ਸੁਣਵਾਈ ਦੌਰਾਨ ਜੱਜ ਨਾਸਿਰ ਜਾਵੇਦ ਰਾਣਾ ਨੂੰ ਸੂਚਿਤ ਕੀਤਾ ਕਿ ਉਸ ਦੀ ਪਤਨੀ ਨੂੰ ਜ਼ਹਿਰ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ ਅਤੇ 'ਉਸ ਦੀ ਚਮੜੀ ਅਤੇ ਜੀਭ 'ਤੇ ਨਿਸ਼ਾਨ ਦੇਖੇ ਜਾ ਸਕਦੇ ਹਨ।" ਸੁਣਵਾਈ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਬੁਸ਼ਰਾ ਨੇ ਕਿਹਾ ਕਿ ਉਸ ਨੂੰ 'ਟੌਇਲਟ ਕਲੀਨਰ' ਰਾਹੀਂ ਜ਼ਹਿਰ ਦਿੱਤਾ ਗਿਆ ਹੈ।

# ਕੇਜਰੀਵਾਲ ਦੀ ਪਤਨੀ ਬਣ ਸਕਦੀ ਏ ਮੁੱਖ ਮੰਤਰੀ

## ✪ ਵਿਧਾਇਕਾਂ ਨਾਲ ਮੀਟਿੰਗ ✪ ‘2 ਮੰਤਰੀ, ਇਕ ਐਮ ਪੀ ਵੀ ਜੇਲ੍ਹ ਜਾਣਗੇ’

ਦਿੱਲੀ-ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ 15 ਦਿਨਾਂ ਦੇ ਲਈ ਜੁਡੀਸ਼ਲ ਕਸਟਡੀ ਵਿੱਚ ਤਿਹਾੜ ਜੇਲ੍ਹ ਭੇਜੇ ਜਾਣ ਦੇ ਬਾਅਦ ਹੁਣ 4 ਹੋਰ ਹੋਰ ਵੱਡੇ ਆਗੂਆਂ ਨੂੰ ਜੇਲ੍ਹ ਭੇਜਣ ਦੀ ਖਬਰਾਂ ਹਨ। ਇਸ ਦਾ ਖੁਲਾਸਾ ਆਪ ਦਿੱਲੀ ਸਰਕਾਰ ਦੀ ਮੰਤਰੀ ਆਤਿਸ਼ੀ ਨੇ ਕੀਤਾ। ਇਸ ਤੋਂ ਇਲਾਵਾ ਕੇਜਰੀਵਾਲ ਦੀ ਪਤਨੀ ਸੁਨੀਤ ਕੇਜਰੀਵਾਲ ਨੇ ਹੁਣ ਪਾਰਟੀ ਦੀ ਕਮਾਂਡ ਆਪਣੇ ਹੱਥ ਵਿੱਚ ਲੈ ਲਈ ਹੈ। ਉਨ੍ਹਾਂ ਦੇ ਘਰ ਪਾਰਟੀ ਦੇ ਸਾਰੇ ਵਿਧਾਇਕ ਮੀਟਿੰਗ ਹੋਈ ਹੈ। ਮੰਨਿਆ ਜਾ ਰਿਹਾ ਹੈ ਕਿ ਵਿਧਾਇਕਾਂ ਦੇ ਮਨ ਵਿੱਚ ਕੇਜਰੀਵਾਲ ਦੀ ਗ੍ਰਿਫਤਾਰੀ ਤੋਂ ਬਾਅਦ ਬੈਠਿਆ ਡਰ ਉਨ੍ਹਾਂ ਨੇ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਧਰ ਵਿਧਾਇਕਾਂ ਨੇ ਵੀ ਮੰਗ ਕੀਤੀ ਹੈ ਕਿ ਕੇਜਰੀਵਾਲ ਅਸਤੀਫਾ ਨਾ ਦੇਣ ਅਸੀਂ ਉਨ੍ਹਾਂ ਦੇ ਨਾਲ ਮਜ਼ਬੂਤੀ ਨਾਲ ਖੜੇ ਹਾਂ।





ਆਤਿਸ਼ੀ

### ਆਤਿਸ਼ੀ ਦਾ ਵੱਡਾ ਖੁਲਾਸਾ

ਬੀਤੇ ਦਿਨ ਅਦਾਲਤ ਵਿੱਚ ਈਡੀ ਨੇ ਦੱਸਿਆ ਸੀ ਕਿ ਕੇਜਰੀਵਾਲ ਨੇ ਦਾਅਵਾ ਕੀਤਾ ਹੈ ਕਿ ਸ਼ਰਾਬ ਘੁਟਾਲੇ ਵਿੱਚ ਗ੍ਰਿਫਤਾਰ ਪਾਰਟੀ ਦੇ ਆਗੂ ਵਿਜੇ ਨਾਇਰ ਆਤਿਸ਼ੀ ਅਤੇ ਸੌਰਭ ਭਾਰਦਵਾਜ ਨੂੰ ਰਿਪੋਰਟ ਕਰਦੇ ਸਨ। ਆਤਿਸ਼ੀ ਨੇ ਕਿਹਾ ਈਡੀ ਅਤੇ ਸੀਬੀਆਈ ਦੇ ਕੋਲ ਪਿੱਛਲੇ ਡੇਢ ਸਾਲ ਤੋਂ ਇਹ ਬਿਆਨ ਹੈ। ਇਹ ਬਿਆਨ ਈਡੀ ਦੀ ਚਾਰਜਸ਼ੀਟ ਵਿੱਚ ਵੀ ਹੈ। ਅਦਾਲਤ ਵਿੱਚ ਇਸ ਨੂੰ ਚੁੱਕਣ ਦਾ ਮਕਸਦ ਕੀ ਹੈ। ਵਜ੍ਹਾ ਇਹ ਹੈ ਕਿ ਬੀਜੇਪੀ ਨੂੰ ਲੱਗ ਦਾ ਹੈ ਕਿ ਕੇਜਰੀਵਾਲ, ਸਿਸੋਦੀਆ, ਸੰਜੇ ਸਿੰਘ, ਸਤੇਂਦਰ ਜੈਨ ਜੇਲ੍ਹ ਵਿੱਚ ਹਨ ਇਸ ਦੇ ਬਾਵਜੂਦ ਆਪ ਮਜਬੂਤ ਹੈ। ਹੁਣ ਉਹ ਦੂਜੀ ਕਤਾਰ ਦੇ ਆਗੂਆਂ ਨੂੰ ਜੇਲ੍ਹ ਵਿੱਚ ਪਾਉਣਾ ਚਾਹੁੰਦੀ ਹੈ।

### ਮੈਨੂੰ ਅਤੇ 3 ਹੋਰ ਆਗੂਆਂ ਨੂੰ ਜੇਲ੍ਹ ਭੇਜਣਾ ਚਾਹੁੰਦੀ ਹੈ ਬੀਜੇਪੀ

ਇਸ ਤੋਂ ਇਲਾਵਾ ਮੰਤਰੀ ਦੀ ਆਤਿਸ਼ੀ ਨੇ ਖੁਲਾਸਾ ਕੀਤਾ ਹੈ ਕਿ ਮੇਰੇ ਇੱਕ ਬਹੁਤ ਦੀ ਕਰੀਬੀ ਨੇ ਮੈਨੂੰ ਬੀਜੇਪੀ ਜੁਆਇਨ ਕਰਨ ਦੇ ਲਈ ਕਿਹਾ ਹੈ। ਮੈਨੂੰ ਕਿਹਾ ਗਿਆ ਹੈ ਕਿ ਤੁਸੀਂ ਆਪਣਾ ਸਿਆਸੀ ਕਰੀਅਰ ਬਚਾ ਲਿਉ ਜਾਂ ਫਿਰ ਜੇਲ੍ਹ ਜਾਣ ਦੇ ਲਈ ਤਿਆਰ ਹੋ ਜਾਉ।

ਆਤਿਸ਼ੀ ਨੇ ਕਿਹਾ ਮੈਨੂੰ ਦੱਸਿਆ ਗਿਆ ਹੈ ਕਿ ਆਉਣ ਵਾਲੇ ਕੁਝ ਹੀ ਦਿਨਾਂ ਦੇ ਅੰਦਰ ਮੇਰੇ ਰਿਸ਼ਤੇਦਾਰਾਂ ਦੇ ਘਰ ਈਡੀ ਦੀ ਰੇਡ ਹੋਵੇਗੀ। ਉਸ ਦੇ ਬਾਅਦ ਸਾਡੇ ਸਾਰੇ ਲੋਕਾਂ ਨੂੰ ਸੰਮਨ ਭੇਜਿਆ ਜਾਵੇਗਾ ਉਸ ਦੇ ਬਾਅਦ ਸਾਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਮੇਰੇ ਇਲਾਵਾ ਆਪ ਦੇ ਰਾਜਸਭਾ ਐੱਮਪੀ ਰਾਘਵ ਚੱਢਾ,ਸੌਰਭ ਭਾਰਦਵਾਜ, ਦੁਰਗੇਸ਼ ਪਾਠਕ ਨੂੰ ਗ੍ਰਿਫਤਾਰ ਕਰਨ ਦੀ ਤਿਆਰੀ ਹੈ।

### ‘ਸਾਬਿਤ ਕਰੋ ਨਹੀਂ ਤਾਂ ਕਾਰਵਾਈ ਲਈ ਤਿਆਰ ਰਹੋ’

ਉਧਰ ਬੀਜੇਪੀ ਦੇ ਆਗੂ ਹਰੀਸ਼ ਖੁਰਾਨਾ ਨੇ ਕਿਹਾ ਆਪ ਦੇ ਲੋਕ ਰੋਜ਼ਾਨਾ ਨਵੀਆਂ-ਨਵੀਆਂ ਮਨੋਹਰ ਕਹਾਣੀਆਂ ਸੁਣਾਉਂਦੇ ਹਨ, ਆਤਿਸ਼ੀ ਉਸ ਸ਼ਖਸ ਦਾ ਨਾਂ ਦੱਸੇ ਜਿਸ ਨੇ ਉਨ੍ਹਾਂ ਨੂੰ ਇਹ ਜਾਣਕਾਰੀ ਦਿੱਤੀ ਹੈ। ਵਰਨਾ ਅਸੀਂ ਸਿੱਧੇ ਪੁਲਿਸ ਦੇ ਕੋਲ ਜਾਵਾਂਗੇ ਸ਼ਿਕਾਇਤ ਕਰਾਂਗੇ।

# ਚੰਦੂਮਾਜਰਾ, ਰੱਖੜਾ, ਮਲੂਕਾ ਦੇ ਭਾਜਪਾ ਵਿਚ ਜਾਣ ਦੀਆਂ ਛਿੜੀਆਂ ਚਰਚਾਵਾਂ

## ✪ ਅਕਾਲੀ ਆਗੂ ਮਲੂਕਾ ਤੇ ਰਖੜਾ ਨੇ ਕਿਹਾ ਕਿ ਉਹ ਅਕਾਲੀ ਹੀ ਰਹਿਣਗੇ, ਪਰ ਲੋਕ ਸਭਾ ਚੋਣ ਨਹੀਂ ਲੜਨਗੇ

ਜਲੰਧਰ-ਅਕਾਲੀ ਦਲ ਦੇ ਵੱਡੇ ਆਗੂਆਂ ਸਿਕੰਦਰ ਸਿੰਘ ਮਲੂਕਾ,ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ ਦੀਆਂ ਭਾਜਪਾ ਵਿਚ ਜਾਣ ਦੀਆਂ ਚਰਚਾਵਾਂ ਛਿੜੀਆਂ ਹੋਈਆਂ ਹਨ।ਅਕਾਲੀ ਹਲਕਿਆਂ ਦਾ ਮੰਨਣਾ ਹੈ ਕਿ ਇਹ ਭਾਜਪਾ ਵਲੋਂ ਅਕਾਲੀ ਦਲ ਨੂੰ ਕੰਮਜੋਰ ਕਰਨ ਦਾ ਨੈਰੇਟਿਵ ਹੈ।ਭਾਜਪਾ ਨੂੰ ਉਮੀਦਵਾਰ ਲਭ ਨਹੀਂ ਰਹੇ ਉਹ ਦੂਸਰੀਆਂ ਪਾਰਟੀਆਂ ਦੇ ਆਗੂਆਂ ਉਪਰ ਨਜ਼ਰ ਧਰੀ ਬੈਠੀ ਹੈ। ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਨੇ ਭਾਜਪਾ ਵਿਚ ਜਾਣ ਦੀ ਅਫਵਾਹ ਨੂੰ ਖਾਰਜ ਕਰ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਉਹ ਅਕਾਲੀ ਦਲ ਦੇ ਸਿਪਾਹੀ ਹਨ ਅਤੇ ਹਮੇਸ਼ਾ ਅਕਾਲੀ ਹੀ ਰਹਿਣਗੇ। ਅਕਾਲੀ ਲੀਡਰ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਨਾ ਤਾਂ ਮੇਰੇ ਨਾਲ ਕਿਸੇ ਨੇ ਸੰਪਰਕ ਕੀਤਾ ਹੈ ਅਤੇ ਨਾ ਹੀ ਉਹ ਭਾਜਪਾ ਵਿਚ ਜਾ ਰਹੇ ਹਨ। ਇਸ ਦੇ ਨਾਲ ਹੀ ਲੋਕ ਸਭਾ ਚੋਣ ਲੜਨ ਨੂੰ ਲੈ ਕੇ ਪੁੱਛੇ ਗਏ ਸਵਾਲ 'ਤੇ ਉਨ੍ਹਾਂ ਕਿਹਾ ਕਿ ਉਹ ਪਾਰਲੀਮੈਂਟ ਚੋਣ ਨਹੀਂ ਲੜਨਗੇ ਅਤੇ ਨਾ ਹੀ ਉਨ੍ਹਾਂ ਨੇ ਇਸ ਬਾਰੇ ਸੋਚਿਆ ਹੈ।



ਇਸ ਦੌਰਾਨ ਜਦੋਂ ਉਨ੍ਹਾਂ ਤੋਂ ਭਾਜਪਾ ਵੱਲੋਂ ਵੱਡੇ ਅਕਾਲੀ ਆਗੂਆਂ ਨਾਲ ਸੰਪਰਕ ਕੀਤੇ ਜਾਣ ਦੀਆਂ ਚਰਚਾਵਾਂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਬਾਕੀਆਂ ਬਾਰੇ ਮੈਨੂੰ ਨਹੀਂ ਪਤਾ ਪਰ ਮੇਰੇ ਨਾਲ ਕਿਸੇ ਨੇ ਕੋਈ ਸੰਪਰਕ ਨਹੀਂ ਕੀਤਾ, ਉਹ ਆਪਣੇ ਘਰ ਵਿਚ ਹੀ ਹਨ। ਜਿਹੜੀਆਂ ਚਰਚਾਵਾਂ ਚੱਲ ਰਹੀਆਂ ਹਨ, ਇਹ ਮਹਿਜ਼ ਅਫਵਾਹਾਂ ਹਨ, ਇਨ੍ਹਾਂ ਵਿਚ ਕੋਈ ਸੱਚਾਈ ਨਹੀਂ ਹੈ।

ਪੰਜਾਬ ਦੇ ਸਾਬਕਾ ਮੰਤਰੀ ਅਤੇ ਅਕਾਲੀ ਦਲ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਰੱਖੜਾ ਨੇ ਭਾਜਪਾ 'ਚ ਜਾਣ ਦੇ ਸਵਾਲ 'ਤੇ ਬੋਲਦਿਆਂ ਕਿਹਾ ਕਿ ਜਦੋਂ ਤੋਂ ਮੈਂ ਜੰਮਿਆ ਹਾਂ, ਅਕਾਲੀ ਦਲ ਹੀ ਹਾਂ ਅਤੇ ਅਕਾਲੀ ਦਲ 'ਚ ਹੀ ਰਹਾਂਗਾ।ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਉਹ ਅਕਾਲੀ ਦਲ ਵਲੋਂ ਲੋਕ ਸਭਾ ਚੋਣ ਨਹੀਂ ਲੜਨਗੇ। ਉਨ੍ਹਾਂ ਦਾ ਕਹਿਣਾ ਹੈ ਕਿ ਹਰ ਚੋਣ ਖ਼ੁਦ ਲੜਨ ਨਾਲ ਗੱਡੀ ਨਹੀਂ ਚੱਲਦੀ ਅਤੇ ਵਿਅਕਤੀ ਨੂੰ ਇਕ ਸਮੇਂ 'ਤੇ ਆ ਕੇ ਖ਼ੁਦ ਹੀ ਪਿੱਛੇ ਹਟ ਜਾਣਾ ਚਾਹੀਦਾ ਹੈ।

ਤੁਹਾਨੂੰ ਦੱਸ ਦੇਈਏ ਕਿ ਅਕਾਲੀ ਦਲ ਵਲੋਂ ਸੁਰਜੀਤ ਸਿੰਘ ਰੱਖੜਾ ਨੂੰ ਪਟਿਆਲਾ ਲੋਕ ਸਭਾ ਸੀਟ ਤੋਂ ਚੋਣ ਮੈਦਾਨ ਵਿਚ ਉਤਾਰਨ ਦੀਆਂ ਚਰਚਾਵਾਂ ਚੱਲ ਰਹੀਆਂ ਸਨ। ਇਸ ਸੀਟ 'ਤੇ ਆਮ ਆਦਮੀ ਪਾਰਟੀ ਵਲੋਂ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਅਤੇ ਭਾਜਪਾ ਵਲੋਂ ਪਰਨੀਤ ਕੌਰ ਚੋਣ ਮੈਦਾਨ 'ਚ ਹਨ, ਜਦੋਂ ਕਿ ਕਾਂਗਰਸ ਵਲੋਂ ਡਾ. ਧਰਮਵੀਰ ਗਾਂਧੀ ਨੂੰ ਇਸ ਸੀਟ ਤੋਂ ਚੋਣ ਮੈਦਾਨ ਵਿਚ ਉਤਾਰਨ ਦੀਆਂ ਚਰਚਾਵਾਂ ਹਨ।

ਦੂਜੇ ਪਾਸੇ ਅਕਾਲੀ ਹਲਕਿਆਂ ਤੋਂ ਸੂਚਨਾ ਮਿਲੀ ਹੈ ਕਿ ਪ੍ਰੋਫੈਸਰ ਚੰਦੂਮਾਜਰਾ ਨੂੰ ਪਟਿਆਲਾ ਸੀਟ ਤੋਂ ਉਤਾਰਿਆ ਜਾ ਰਿਹਾ ਹੈ।

## ਸ਼ਰਾਬ ਘਪਲਾ ਦੇ ਮਾਮਲੇ ਵਿਚ ਸੁਪਰੀਮ ਕੋਰਟ ਤੋਂ ‘ਆਪ’ ਸੰਸਦ ਮੈਂਬਰ ਸੰਜੇ ਸਿੰਘ ਦੀ ਜਮਾਨਤ ਹੋਈ

ਨਵੀਂ ਦਿੱਲੀ-ਸੁਪਰੀਮ ਕੋਰਟ ਨੇ ਦਿੱਲੀ ਆਬਕਾਰੀ ਨੀਤੀ ਸੰਬੰਧੀ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਆਮ ਆਦਮੀ ਪਾਰਟੀ ਦੇ ਨੇਤਾ ਸੰਜੇ ਸਿੰਘ ਨੂੰ ਨੂੰ ਜ਼ਮਾਨਤ ਦੇ ਦਿੱਤੀ। ਸੁਪਰੀਮ ਕੋਰਟ ਵਿਚ ਤਿੰਨ ਜੱਜਾਂ ਸੰਜੀਵ ਖੰਨਾ, ਜੱਜ ਦੀਪਾਂਕਰ ਦੱਤਾ ਅਤੇ ਜੱਜ ਪੀ.ਬੀ. ਵਰਾਲੇ ਦੀ ਬੈਂਚ ਨੇ 6 ਮਹੀਨਿਆਂ ਤੋਂ ਜੇਲ੍ਹ 'ਚ ਬੰਦ ਸੰਜੇ ਸਿੰਘ ਨੂੰ ਰਿਹਾਅ ਕਰਨ ਦਾ ਆਦੇਸ਼ ਦਿੱਤਾ। ਬੈਂਚ ਨੇ ਈ.ਡੀ. ਤੋਂ ਪੁੱਛਿਆ ਸੀ ਕਿ ਆਖ਼ਰ ਸੰਜੇ ਸਿੰਘ ਨੂੰ ਅਜੇ ਵੀ ਜੇਲ੍ਹ ਵਿਚ ਰੱਖਣ ਦੀ ਲੋੜ ਕਿਉਂ ਹੈ? ਕੋਰਟ ਨੂੰ ਸੰਜੇ ਸਿੰਘ ਦੇ ਵਕੀਲ ਨੇ ਦੱਸਿਆ ਸੀ ਕਿ ਮਨੀ ਲਾਂਡਰਿੰਗ ਦੀ ਪੁਸ਼ਟੀ ਨਹੀਂ ਹੋਈ ਹੈ ਅਤੇ ਮਨੀ ਟਰੇਲ ਦਾ ਵੀ ਪਤਾ ਨਹੀਂ ਲੱਗ ਹੈ। ਇਸ ਦੇ ਬਾਵਜੂਦ ਸੰਜੇ ਸਿੰਘ 6 ਮਹੀਨੇ ਤੋਂ ਜੇਲ੍ਹ ਵਿਚ ਹਨ। ਸੁਪਰੀਮ ਕੋਰਟ ਮਨੀ ਲਾਂਡਰਿੰਗ ਮਾਮਲੇ ਵਿਚ ਆਪਣੀ ਗ੍ਰਿਫ਼ਤਾਰੀ ਅਤੇ ਰਿਮਾਂਡ ਨੂੰ ਚੁਣੌਤੀ ਦੇਣ ਵਾਲੀ ਸਿੰਘ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ। ਸੁਪਰੀਮ ਕੋਰਟ ਬੈਂਚ ਨੇ 'ਆਪ' ਸੰਸਦ ਮੈਂਬਰ ਦੇ ਵਕੀਲ ਦੀ ਦਲੀਲ 'ਤੇ ਮੰਨਿਆ ਕਿ ਸੰਜੇ ਸਿੰਘ ਦੇ ਕਬਜ਼ੇ ਤੋਂ ਕੋਈ ਪੈਸਾ ਬਰਾਮਦ ਨਹੀਂ ਹੋਇਆ ਅਤੇ ਉਨ੍ਹਾਂ 'ਤੇ 2 ਕਰੋੜ ਰੁਪਏ ਰਿਸ਼ਵਤ ਲੈਣ ਦੇ ਦੋਸ਼ਾਂ ਦੀ ਜਾਂਚ ਕੀਤੀ ਜਾ ਸਕਦੀ ਹੈ। ਸੰਜੇ ਸਿੰਘ ਨੂੰ ਈ.ਡੀ. ਨੇ ਪਿਛਲੇ ਸਾਲ 4 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਸੀ। ਹਾਈ ਕੋਰਟ ਵਿਚ ਈ.ਡੀ. ਨੇ 'ਆਪ' ਸੰਸਦ ਮੈਂਬਰ ਦੀ ਜ਼ਮਾਨਤ ਪਟੀਸ਼ਨ 'ਤੇ ਵਿਰੋਧ ਕੀਤਾ ਸੀ। ਸੰਜੇ ਸਿੰਘ ਨੇ ਇਸ ਆਧਾਰ 'ਤੇ ਜ਼ਮਾਨਤ ਮੰਗੀ ਸੀ ਕਿ ਉਹ ਤਿੰਨ ਮਹੀਨੇ ਤੋਂ ਵੱਧ ਸਮੇਂ ਤੋਂ ਹਿਰਾਸਤ 'ਚ ਹਨ ਅਤੇ ਇਸ ਅਪਰਾਧ 'ਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ ਦੱਸੀ ਗਈ ਹੈ।

# ਕਿਉਂ ਹੈ ਅਮਰੀਕਾ ਪੰਨੂ ਦੇ ਹੱਕ ਵਿਚ ਹੈ ?

## ✪ ਅਮਰੀਕੀ ਰਾਜਦੂਤ ਨੇ ਕਿਹਾ ਕਿ ਅਮਰੀਕਾ ਦੀ ਧਰਤੀ ਉਪਰ ਦੂਸਰੇ ਦੇਸ਼ ਦੀ ਏਜੰਸੀ ਵਲੋਂ ਕਤਲ ਬਰਦਾਸ਼ਤ ਨਹੀਂ



ਵਸ਼ਿੰਗਟਨ-ਐਰਿਕ ਗਾਰਸੇਟੀ ਭਾਰਤ ਵਿੱਚ ਅਮਰੀਕਾ ਦੇ ਰਾਜਦੂਤ ਹਨ। ਇੱਕ ਇੰਟਰਵਿਊ ਵਿੱਚ ਉਨ੍ਹਾਂ ਨੇ ਖਾਲਿਸਤਾਨ ਦੇ ਮੁੱਦੇ 'ਤੇ ਅਮਰੀਕਾ ਦੇ ਰੁਖ਼ ਬਾਰੇ ਚਰਚਾ ਕੀਤੀ। ਭਾਰਤ ਵਿੱਚ ਖਾੜਕੂ ਵਜੋਂ ਨਾਮਜ਼ਦ ਗੁਰਪਤਵੰਤ ਸਿੰਘ ਪੰਨੂ ਦਾ ਅਮਰੀਕਾ ਬਚਾਅ ਕਰ ਰਿਹਾ ਹੈ, ਇਸ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਇਹ ਕਹਿਣਾ ਸਹੀ ਨਹੀਂ ਕਿ ਅਮਰੀਕਾ ਕਿਸੇ ਨੂੰ ਬਚਾ ਰਿਹਾ, ਅਮਰੀਕਾ ਦੇ ਕਾਨੂੰਨ ਤੋਂ ਕੋਈ ਵੀ ਬਚਿਆ ਹੋਇਆ ਨਹੀਂ ਹੈ ਚਾਹੇ ਉਹ ਕਿਸੇ ਵੀ ਪਿੱਠਭੂਮੀ ਨਾਲ ਸਬੰਧ ਰੱਖਦਾ ਹੋਵੇ। ਆਪਣੇ ਇੰਟਰਵਿਊ ਵਿੱਚ ਅਮਰੀਕੀ ਨਾਗਰਿਕ ਦੇ ਕਤਲ ਦੀ ਸਾਜਿਸ਼ ਦੀ ਜਾਂਚ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਭਾਰਤ ਨੇ ਇਸ ਬਾਰੇ ਜਾਂਚ ਕਮਿਸ਼ਨ ਬਿਠਾਇਆ ਅਤੇ ਸੀਨੀਅਰ ਅਧਿਕਾਰੀਆਂ ਕੋਲੋਂ ਇਸ ਮਾਮਲੇ ਜਾਂਚ ਕਰਵਾਈ ਜਾ ਰਹੀ ਹੈ।ਉਹ ਕਹਿੰਦੇ ਹਨ ਕਿ ਅਧਿਕਾਰੀ ਇਸ ਬਾਰੇ ਜਾਂਚ ਕਰ ਰਹੇ ਹਨ ਤਾਂ ਜੋ ਅਜਿਹੇ ਸਬੂਤ ਸਾਹਮਣੇ ਲਿਆ ਸਕਣ ਜੋ ਇਹ ਦਿਖਾਉਣ ਕਿ 'ਜੋ ਮਰਡਰ ਫੌਰ ਹਾਇਰ ਪਲਾਟ' ਵਿੱਚ ਭਾਰਤ ਸਰਕਾਰ ਵੱਲੋਂ ਵੱਲੋਂ ਕਿਸੇ ਦੀ ਵੀ ਸ਼ਮੂਲੀਅਤ ਹੋਵੇ, ਇਹ ਬਹੁਤ ਅਹਿਮ ਹੈ। ਉਨ੍ਹਾਂ ਕਿਹਾ ਕਿ ਇਹ ਇਕ ਅਸਵੀਕਾਰਯੋਗ 'ਰੈੱਡਲਾਈਨ' ਹੋਣੀ ਚਾਹੀਦੀ ਹੈ ਕਿ ਕੋਈ ਵੀ ਸਰਕਾਰ ਜਾਂ ਕੋਈ ਵੀ ਸਰਕਾਰੀ ਅਧਿਕਾਰੀ ਤੁਹਾਡੇ ਨਾਗਰਿਕ ਦੇ ਕਥਿਤ ਕਤਲ ਦੀ ਸਾਜਿਸ਼ ਵਿੱਚ ਸ਼ਾਮਲ ਨਹੀਂ ਹੋ ਸਕਦੇ।

ਭਾਰਤ ਅਤੇ ਅਮਰੀਕਾ ਦੇ ਰਿਸ਼ਤੇ ਬਾਰੇ ਅਮਰੀਕੀ ਰਾਜਦੂਤ ਨੇ ਕਿਹਾ, "ਮੌਜੂਦਾ ਸਮੇਂ ਭਾਰਤ ਤੇ ਅਮਰੀਕਾ ਦਾ ਰਿਸ਼ਤਾ ਇਤਿਹਾਸ ਵਿੱਚ ਸਭ ਤੋਂ ਗਹਿਰਾ ਹੈ।" ਉਨ੍ਹਾਂ ਕਿਹਾ, "ਬੇਸ਼ੱਕ ਕਈ ਮਸਲਿਆਂ 'ਤੇ ਅਸੀਂ ਇੱਕਸੁਰ ਨਹੀਂ ਜਾਂ ਵੱਖੋ-ਵੱਖਰਾ ਮੱਤ ਰੱਖਦੇ ਹਾਂ ਪਰ ਅਸੀਂ ਉਨ੍ਹਾਂ ਨਾਲ ਵੀ ਬਿਹਤਰ ਤਰੀਕੇ ਨਾਲ ਨਜਿੱਠਦੇ ਹਾਂ।'ਦੋਵਾਂ ਦੇਸ਼ਾਂ ਦਰਮਿਆਨ ਸਬੰਧ ਮਹਿਜ਼ ਸਰਕਾਰਾਂ ਦਾ ਨਹੀਂ ਬਲਕਿ ਲੋਕਾਂ ਦਾ ਆਪਸੀ ਭਾਈਚਾਰਾ ਵੀ ਹੈ।'ਉਨ੍ਹਾਂ ਇੰਟਰਵਿਊ ਵਿੱਚ ਬੋਲਦਿਆਂ ਅੱਗੇ ਕਿਹਾ, "ਅਸੀਂ ਕਿਸੇ ਵੀ ਕਿਸਮ ਦੀ ਧਮਕੀ ਜਾਂ ਅਪਰਾਧਿਕ ਗਤੀਵਿਧੀ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ ਜਿਸ ਬਾਰੇ ਭਾਰਤ ਸਾਨੂੰ ਅਗਾਹ ਕੀਤਾ ਜਾਂਦਾ ਹੈ। ਇਹ ਚਾਹੇ ਸਾਡੇ ਆਪਣੇ ਮੁਲਕ ਵਿੱਚ ਹੋਣ ਵਾਲੀ ਸੰਭਾਵਿਤ ਸਥਿਤੀ ਬਾਰੇ ਹੀ ਕਿਉਂ ਨਾ ਹੋਵੇ।"


ਉਨ੍ਹਾਂ ਅੱਗੇ ਕਿਹਾ ਕਿ ਭਾਰਤ ਅਤੇ ਅਮਰੀਕਾ ਦੋਵੇਂ ਲੋਕਤੰਤਰਿਕ ਦੇਸ਼ ਹਨ ਪਰ ਇੱਕੋ ਜਿਹੇ ਨਹੀਂ ਹਨ, ਦੋਵਾਂ ਵਿੱਚ ਕਾਨੂੰਨੀ ਪ੍ਰੀਕਿਰਿਆ ਵੀ ਅਲੱਗ-ਅਲੱਗ ਹੈ, ਭਾਰਤੀ ਅਤੇ ਅਮਰੀਕੀ ਅਦਾਲਤਾਂ ਵੀ ਅਲੱਗ ਤਰੀਕੇ ਨਾਲ ਕੰਮ ਕਰਦੀਆਂ ਹਨ। ਅਮਰੀਕਾ ਵਿੱਚ 'ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ' ਬਹੁਤ ਮਜ਼ਬੂਤ ਤਰੀਕੇ ਨਾਲ ਦਿੱਤੀ ਜਾਂਦੀ ਹੈ। ਉਨ੍ਹਾਂ ਅੱਗੇ ਕਿਹਾ, "ਅਸੀਂ ਭਾਰਤੀ ਡਿਪਲੋਮੈਟਾਂ ਨੂੰ ਮਿਲੀਆਂ ਧਮਕੀਆਂ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ।"ਉਨ੍ਹਾਂ ਕਿਹਾ, "ਅਸੀਂ ਡਰੱਗਜ਼ ਦੇ ਕਾਰੋਬਾਰ, ਹਥਿਆਰਾਂ ਦੇ ਲੈਣ-ਦੇਣ ਜਾਂ ਮਨੁੱਖੀ ਤਸਕਰੀ ਵਰਗੇ ਅਪਰਾਧਾਂ ਜਿਨ੍ਹਾਂ ਵਿੱਚ ਅੰਤਰ-ਦੇਸ਼ੀ ਹਿੱਸੇਦਾਰੀ ਨਜ਼ਰ ਆਉਂਦੀ ਹੈ ਪ੍ਰਤੀ ਵੀ ਬਹੁਤ ਗੰਭੀਰ ਹਾਂ।"

## ਪੰਨੂ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਦਿੱਤੀਆਂ ਧਮਕੀਆਂ ਬਾਰੇ ਅਮਰੀਕਾ ਦਾ ਪੱਖ



ਅਮਰੀਕੀ ਰਾਜਦੂਤ ਨੇ ਕਿਹਾ, ਅਮਰੀਕਾ ਵਿੱਚ ਆਪਣੇ ਵਿਚਾਰ ਪ੍ਰਗਟਾਉਣ ਦੀ ਕਾਨੂੰਨੀ ਆਜ਼ਾਦੀ ਹੈ, ਕੋਈ ਵੀ ਆਪਣੀ ਰਾਏ ਰੱਖ ਸਕਦਾ ਹੈ, ਜਦੋਂ ਤੱਕ ਕਿਸੇ ਕਾਰਜ ਨੂੰ ਅੰਜਾਮ ਨਹੀਂ ਦਿੱਤਾ ਜਾਂਦਾ ਉਦੋਂ ਤੱਕ ਉਹ ਕਾਨੂੰਨੀ ਕਾਰਵਾਈ ਦੇ ਦਾਇਰੇ ਵਿੱਚ ਨਹੀਂ ਆਉਂਦਾ। ਅਮਰੀਕਾ ਦੇ ਕਾਨੂੰਨ ਮੁਤਾਬਕ ਉਥੋਂ ਦੇ ਨਾਗਰਿਕ ਖ਼ਿਲਾਫ਼ ਅਮਰੀਕੀ ਅਦਾਲਤ ਵਿੱਚ ਹੀ ਮੁਕੱਦਮਾ ਚਲੇਗਾ ਤੇ ਉਸ ਨੂੰ ਡਿਪਰੋਟ ਕੀਤੇ ਜਾਣ ਦਾ ਫ਼ੈਸਲਾ ਵੀ ਅਮਰੀਕਾ ਦਾ ਹੀ ਹੋਵੇਗਾ। ਉਨ੍ਹਾਂ ਅਮਰੀਕਾ ਦਾ ਪੱਖ ਰਖਦਿਆਂ ਅੱਗੇ ਕਿਹਾ, "ਅਸੀਂ ਭਾਰਤ ਨਾਲ ਗੱਲਬਾਤ ਕਰਕੇ ਇਹ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਅਮਰੀਕੀ ਨਾਗਰਿਕ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟ ਕਰ ਸਕਦੇ ਹਨ। ਉਹ ਕਹਿੰਦੇ ਹਨ ਕਿ ਵੱਖੋ-ਵੱਖਰੀਆਂ ਘਟਨਾਵਾਂ ਨੂੰ ਅਲੱਗ ਤੌਰ 'ਤੇ ਵਿਚਾਰਿਆ ਜਾ ਰਿਹਾ ਹੈ। ਇਸ ਮਸਲੇ ਉੱਤੇ ਹਜ਼ਾਰਾਂ ਡਾਲਰ ਖਰਚ ਕਰਕੇ ਜਾਂਚ ਕੀਤੀ ਜਾ ਰਹੀ ਹੈ। ਇਸ ਜਾਂਚ ਵਿੱਚ ਭਾਰਤ ਦੇ ਵੀ ਸੀਨੀਅਰ ਅਧਿਕਾਰੀ ਸ਼ਾਮਲ ਹਨ। ਉਹ ਕਹਿੰਦੇ ਹਨ, "ਅਸੀਂ ਉਸ ਇਤਿਹਾਸ ਤੋਂ ਵਾਕਫ਼ ਹਾਂ ਜਿਸ ਵਿੱਚ ਭਾਰਤ ਦੀ ਪ੍ਰਧਾਨ ਮੰਤਰੀ ਦਾ ਕਤਲ ਕਰ ਦਿੱਤਾ ਗਿਆ। ਪਰ ਸਾਡਾ ਢਾਂਚਾ ਬੋਲਣ ਦੀ ਆਜ਼ਾਦੀ ਦਿੰਦਾ ਹੈ ਅਤੇ ਇਸ ਤਹਿਤ ਅਸੀਂ ਕਿਸੇ ਨੂੰ ਵੀ ਆਪਣੀ ਵਿਚਾਰਧਾਰਾ ਬਾਰੇ ਬੋਲਣ ਦਾ ਅਧਿਕਾਰ ਦਿੰਦੇ ਹਾਂ।"

## ਕੀ ਕਹਿੰਦੇ ਨੇ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ



ਅਮਰੀਕੀ ਰਾਜਦੂਤ ਦੇ ਬਿਆਨ ਉੱਤੇ ਪ੍ਰਤਿਕਿਰਿਆ ਦਿੰਦਿਆਂ ਸੋਮਵਾਰ ਨੂੰ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ, "ਅਸੀਂ ਇਸ ਬਾਰੇ ਜਾਂਚ ਕਰ ਰਹੇ ਹਾਂ, ਕਿਉਂਕਿ ਅਸੀਂ ਇਹ ਮੰਨਦੇ ਹਾਂ ਕਿ ਸਾਡੀ ਆਪਣੀ ਕੌਮੀ ਸੁਰੱਖਿਆ ਦੇ ਹਿੱਤ ਇਸ ਜਾਂਚ ਵਿੱਚ ਸ਼ਾਮਲ ਹਨ।" ਉਨ੍ਹਾਂ ਅੱਗੇ ਕਿਹਾ, "ਮੇਰੀ ਸਰਕਾਰ ਦੀ ਇਸ ਬਾਰੇ ਇਹ ਰਾਇ ਹੈ ਕਿ ਇਸ ਕੇਸ ਵਿੱਚ ਸਾਨੂੰ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਜਿਸ ਦੀ ਅਸੀਂ ਜਾਂਚ ਕਰ ਰਹੇ ਹਾਂ।"

## ਗੁਰਪਤਵੰਤ ਸਿੰਘ ਪੰਨੂ ਕੌਣ ਹਨ

ਪੇਸ਼ੇ ਤੋਂ ਵਕੀਲ ਗੁਰਪਤਵੰਤ ਸਿੰਘ ਪੰਨੂ ਦੇ ਪਰਿਵਾਰ ਦੇ ਵੱਡ-ਵਡੇਰੇ ਪਹਿਲਾਂ ਪੱਟੀ ਦੇ ਪਿੰਡ ਨੱਥੂਚੱਕ ਵਿੱਚ ਰਹਿੰਦੇ ਸਨ ਅਤੇ ਬਾਅਦ ਵਿੱਚ ਉਹ ਅੰਮ੍ਰਿਤਸਰ ਨੇੜੇ ਪੈਂਦੇ ਪਿੰਡ ਖਾਨਕੋਟ ਵਿਖੇ ਜਾ ਵਸੇ ਸਨ। ਪੰਨੂ ਦਾ ਇੱਕ ਭਰਾ ਤੇ ਇੱਕ ਭੈਣ ਹਨ। ਉਨ੍ਹਾਂ ਦੀ ਸਾਰੀ ਪੜ੍ਹਾਈ ਭਾਰਤ ਵਿੱਚ ਹੀ, ਲੁਧਿਆਣਾ ਅਤੇ ਚੰਡੀਗੜ੍ਹ ਤੋਂ ਹੋਈ ਹੈ। ਉਨ੍ਹਾਂ ਨੇ ਕਾਨੂੰਨ ਦੀ ਪੜ੍ਹਾਈ ਵੀ ਭਾਰਤ ਵਿੱਚ ਹੀ ਕੀਤੀ ਹੈ। ਪੰਨੂ ਦੇ ਪਿਤਾ ਮਹਿੰਦਰ ਸਿੰਘ ਪੰਜਾਬ ਮਾਰਕੀਟਿੰਗ ਬੋਰਡ ਦੇ ਸਕੱਤਰ ਸਨ। 1990ਵਿਆਂ ਵਿੱਚ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਕਾਨੂੰਨ ਦੀ ਪੜ੍ਹਾਈ ਕੀਤੀ। ਕਾਲਜ ਦੇ ਸਮੇਂ ਤੋਂ ਹੀ ਉਹ ਸਟੂਡੈਂਟ ਐਕਟੀਵਿਸਟ ਬਣ ਗਏ ਸਨ ਅਤੇ ਸਟੂਡੈਂਟ ਪੌਲੀਟਿਕਸ ਵਿੱਚ ਐਕਟਿਵ ਹੋ ਗਏ ਸਨ। ਨੱਬੇ ਦੇ ਦਹਾਕੇ ਵਿੱਚ ਪੰਨੂ ਉੱਤੇ ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਅਤੇ ਚੰਡੀਗੜ੍ਹ ਸ਼ਹਿਰਾਂ ਵਿੱਚ ਸਥਿਤ ਥਾਣਿਆਂ ਵਿੱਚ ਇਰਾਦਤਨ ਕਤਲ ਅਤੇ ਕਤਲ ਕਰਨ ਦੇ ਕੇਸ ਦਰਜ ਕੀਤੇ ਗਏ। ਸੂਤਰਾਂ ਮੁਤਾਬਕ ਗੁਰਪਤਵੰਤ ਪੰਨੂ ਦੇ ਉੱਪਰ ਕਈ ਕੇਸ ਦਰਜ ਹੋਏ ਸਨ, ਜਿਨ੍ਹਾਂ ਵਿੱਚ ਟਾਡਾ (ਟੈਰਰਿਸਟ ਐਂਡ ਡਿਸਰਪਟਿਵ ਐਕਟਿਵਿਟੀਜ਼) ਵੀ ਸ਼ਾਮਿਲ ਹੈ। ਪੰਨੂ ਦਾ ਕਹਿਣਾ ਹੈ ਕਿ ਉਨ੍ਹਾਂ ਉੱਪਰ ਪੁਲਿਸ ਨੇ ਝੂਠੇ ਮੁਕੱਦਮੇ ਦਾਇਰ ਕੀਤੇ ਸਨ। ਉਸ ਵੇਲੇ ਦੀ ਨਰਸਿਮ੍ਹਾ ਰਾਓ ਦੀ ਸਰਕਾਰ ਵਿਚ ਉਨ੍ਹਾਂ ਦੇ ਪਰਿਵਾਰ ਦੇ ਰਸੂਖ਼ ਵਾਲੇ ਲੋਕਾਂ ਨੇ ਜ਼ੋਰ ਲਗਾ ਕੇ ਪੰਨੂ ਨੂੰ ਕਈ ਕੇਸਾਂ ਵਿੱਚੋਂ ਕਢਵਾ ਲਿਆ ਸੀ। ਇਸ ਤੋਂ ਬਾਅਦ, 1991-92 ਵਿੱਚ ਪੰਨੂ ਅਮਰੀਕਾ ਚਲੇ ਗਏ। ਉੱਥੇ ਜਾ ਕੇ ਉਨ੍ਹਾਂ ਨੇ ਕਨੈਕਟੀਕਟ ਯੂਨੀਵਰਸਿਟੀ ਵਿੱਚ ਦਾਖ਼ਲਾ ਲੈ ਲਿਆ, ਜਿੱਥੇ ਪੰਨੂ ਨੇ ਐੱਮਬੀਏ ਫਾਇਨਾਂਸ ਅਤੇ ਨਿਊਯਾਰਕ ਯੂਨੀਵਰਸਿਟੀ ਵਿੱਚ ਮਾਸਟਰਜ਼ ਆਫ਼ ਲਾਅ ਦੀ ਡਿਗਰੀ ਹਾਸਿਲ ਕੀਤੀ। ਅਮਰੀਕਾ ਵਿੱਚ ਉਚੇਰੀ ਸਿੱਖਿਆ ਲੈਣ ਤੋਂ ਬਾਅਦ ਪੰਨੂ ਨੇ ਨਿਊਯਾਰਕ ਸਥਿਤ ਵਾਲ ਸਟਰੀਟ ਵਿੱਚ ਸਿਸਟਮ ਐਨੇਲਿਸਟ ਵਜੋਂ 2014 ਤੱਕ ਕੰਮ ਕੀਤਾ। ਉਹ ਅਮਰੀਕਾ ਜਾ ਕੇ ਵੀ ਸਿਆਸੀ ਤੌਰ 'ਤੇ ਸਰਗਰਮ ਰਹੇ। ਪੰਨੂ ਇੱਕ ਡਿਫੈਂਸ ਵਕੀਲ ਹਨ ਅਤੇ ਉਨ੍ਹਾਂ ਨੇ ਸਾਲ 2007 ਵਿੱਚ ਹੀ ਸਿਖਸ ਫਾਰ ਜਸਟਿਸ ਦੀ ਸਥਾਪਨਾ ਕੀਤੀ ਸੀ। ਸਿਖਸ ਫਾਰ ਜਸਟਿਸ ਦਾ ਰਜਿਸਟਰਡ ਦਫ਼ਤਰ ਵਾਸ਼ਿੰਗਟਨ ਵਿੱਚ ਹੈ ਅਤੇ ਪੰਨੂ ਦਾ ਦਫ਼ਤਰ ਨਿਊਯਾਰਕ ਵਿੱਚ ਹੈ, ਜਿੱਥੇ ਉਹ ਆਪਣੀ ਲਾਅ ਫਰਮ ਚਲਾਉਂਦੇ ਹਨ।

# ਉੱਤਰਾਖੰਡ ਵਿਚ ਬਾਬਾ ਤਰਸੇਮ ਸਿੰਘ ਨੂੰ ਗੋਲੀ ਮਾਰਕੇ ਕੀਤੀ ਹੱਤਿਆ

## ✪ ਸਾਬਕਾ ਆਈਏਐੱਸ ਅਧਿਕਾਰੀ ਸਣੇ 5 ਖ਼ਿਲਾਫ਼ ਕੇਸ ਦਰਜ ✪ ਦੋਸ਼ੀ ਸਿਖ ਨੌਜਵਾਨਾਂ ਨੇ ਕਿਹਾ ਕਿ ਬਾਬਾ ਸੰਘ ਦਾ ਟਾਊਟ, ਸਿੱਖ ਮਰਿਆਦਾ ਦੀਆਂ ਉਡਾ ਰਿਹਾ ਸੀ ਧੱਜੀਆਂ





ਦੇਹਰਾਦੂਨ/ਰੁਦਰਪੁਰ-ਉੱਤਰਾਖੰਡ ਦੇ ਊਧਮ ਸਿੰਘ ਨਗਰ ਜ਼ਿਲ੍ਹੇ ਵਿਚ ਗੁਰਦੁਆਰਾ ਨਾਨਕਮਤਾ ਸਾਹਿਬ ਦੇ ਡੇਰਾ ਕਾਰ ਸੇਵਾ ਮੁਖੀ ਬਾਬਾ ਤਰਸੇਮ ਸਿੰਘ ਨੂੰ ਵੀਰਵਾਰ ਤੜਕੇ ਦੋ ਮੋਟਰਸਾਈਕਲ ਸਵਾਰਾਂ ਨੇ ਗੁਰਦੁਆਰੇ ਅੰਦਰ ਗੋਲੀਆਂ ਮਾਰ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ, ਜਿਨ੍ਹਾਂ ਦੀ ਖਟੀਮਾ ਹਸਪਤਾਲ ਵਿਚ ਮੌਤ ਹੋ ਗਈ। ਊਧਮ ਸਿੰਘ ਨਗਰ ਦੇ ਐਸ.ਐਸ.ਪੀ. ਨੇ ਦੱਸਿਆ ਕਿ ਬਾਬਾ ਤਰਸੇਮ ਸਿੰਘ ਨੂੰ ਤੁਰੰਤ ਖਟੀਮਾ ਹਸਪਤਾਲ ਲਿਜਾਇਆ ਗਿਆ ਤੇ ਇਲਾਜ਼ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ ਕਿ ਸਾਡੇ ਕੋਲ ਹਮਲਾਵਰਾਂ ਦੀਆਂ ਸਪੱਸ਼ਟ 'ਸੀ.ਸੀ.ਟੀ.ਵੀ. ਕੈਮਰਾ' ਵੀਡੀਓ ਹਨ, ਦੋਵੇਂ ਹਮਲਾਵਰ ਸਿੱਖ ਹਨ, ਜੋ ਹਮਲੇ ਬਾਅਦ ਘਟਨਾ ਸਥਾਨ ਤੋਂ ਫਰਾਰ ਹੋ ਗਏ। ਐਸ.ਐਸ.ਪੀ. ਅਨੁਸਾਰ ਦੋਵੇਂ ਹਮਲਾਵਰ ਸਵੇਰੇ ਗੁਰਦੁਆਰਾ ਸਾਹਿਬ ਵਿਚ ਦਾਖਲ ਹੋਏ ਤੇ ਮੋਟਰਸਾਈਕਲ ਦੇ ਪਿੱਛੇ ਬੈਠੇ ਰਾਈਫਲਧਾਰੀ ਨੇ ਕੁਰਸੀ 'ਤੇ ਬੈਠੇ ਬਾਬਾ ਤਰਸੇਮ ਸਿੰਘ ਨੂੰ ਅੱਗੇ ਤੇ ਪਿੱਛਿਉਂ ਦੋ ਗੋਲੀਆਂ ਮਾਰੀਆਂ, ਜਿਸ ਨਾਲ ਉਹ ਕੁਰਸੀ ਤੋਂ ਹੇਠਾਂ ਜ਼ਮੀਨ 'ਤੇ ਡਿੱਗ ਗਏ। ਪੁਲਿਸ ਵਲੋਂ ਹਮਲਾਵਰਾਂ ਨੂੰ ਫੜਨ ਲਈ 8 ਟੀਮਾਂ ਬਣਾਈਆਂ ਗਈਆਂ ਹਨ। ਉੱਤਰਾਖੰਡ ਦੇ ਡੀ.ਜੀ.ਪੀ. ਅਭਿਨਵ ਕੁਮਾਰ ਨੇ ਇਸ ਘਟਨਾ ਨੂੰ 'ਗੰਭੀਰ' ਦੱਸਦਿਆਂ ਇਸ ਮਾਮਲੇ ਦੀ ਜਾਂਚ ਲਈ ਇਕ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਹੈ, ਜਿਸ ਵਿਚ ਵਿਸ਼ੇਸ਼ ਕਾਰਜ ਬਲ (ਐਸ.ਟੀ.ਐਫ.) ਤੇ ਸਥਾਨਕ ਪੁਲਿਸ ਦੇ ਅਧਿਕਾਰੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਜੋ ਇਸ ਘਟਨਾ ਪਿੱਛੇ ਜੇਕਰ ਕੋਈ ਸਾਜ਼ਿਸ਼ ਹੋਈ ਤਾਂ ਇਸ ਦਾ ਪਤਾ ਲਗਾਏਗੀ, ਇਸ ਲਈ ਕੇਂਦਰੀ ਏਜੰਸੀਆਂ ਦੀ ਵੀ ਮਦਦ ਲਈ ਜਾਵੇਗੀ ਤੇ ਅਸੀਂ ਜਲਦੀ ਹਮਲਾਵਰਾਂ ਨੂੰ ਫੜ ਲਵਾਂਗੇ। ਦੱਸਣਯੋਗ ਹੈ ਕਿ ਰੁਦਰਪੁਰ-ਟਨਕਪੁਰ ਮਾਰਗ 'ਤੇ ਸਥਿਤ ਗੁਰਦੁਆਰਾ ਨਾਨਕਮਤਾ ਸਾਹਿਬ ਸਿੱਖਾਂ ਦਾ ਸਤਿਕਾਰਤ ਅਸਥਾਨ ਐੱਫਆਈਆਰ ਵਿੱਚ ਨਾਮਜ਼ਦ ਵਿਅਕਤੀਆਂ ਵਿੱਚ ਦੋ ਹਮਲਾਵਰਾਂ ਸਰਬਜੀਤ ਸਿੰਘ ਅਤੇ ਅਮਰਜੀਤ ਸਿੰਘ, ਸਾਬਕਾ ਆਈਏਐੱਸ ਅਧਿਕਾਰੀ ਹਰਬੰਸ ਸਿੰਘ ਚੁੱਘ, ਜੋ ਨਾਨਕਮੱਤਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਹਨ, ਬਾਬਾ ਅਨੂਪ ਸਿੰਘ ਅਤੇ ਪ੍ਰੀਤਮ ਸਿੰਘ ਸੰਧੂਰ ਸ਼ਾਮਲ ਹਨ। ਐੱਸਐੱਸਪੀ ਮੰਜੂਨਾਥ ਟੀਸੀ ਕਿਹਾ ਕਿ ਸਰਬਜੀਤ ਸਿੰਘ ਪੰਜਾਬ ਦੇ ਤਰਨਤਾਰਨ ਦਾ ਰਹਿਣ ਵਾਲਾ ਹੈ ਜਦਕਿ ਅਮਰਜੀਤ ਸਿੰਘ ਉੱਤਰ ਪ੍ਰਦੇਸ਼ ਦੇ ਰਾਮਪੁਰ ਦਾ ਰਹਿਣ ਵਾਲਾ ਹੈ। ਉਨ੍ਹਾਂ 'ਤੇ ਭਾਰਤੀ ਦੰਡਾਵਲੀ ਤਹਿਤ ਕਤਲ), ਅਪਰਾਧਿਕ ਸਾਜ਼ਿਸ਼ ਅਤੇ ਸਾਂਝੇ ਇਰਾਦੇ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਸੇਵਾਮੁਕਤ ਆਈਏਐੱਸ ਅਧਿਕਾਰੀ ਸਮੇਤ ਤਿੰਨ ਹੋਰਾਂ ਨੂੰ ਐਫਆਈਆਰ ਵਿੱਚ ਨਾਮਜ਼ਦ ਕੀਤਾ ਗਿਆ ਹੈ ਕਿਉਂਕਿ ਸ਼ਿਕਾਇਤਕਰਤਾ ਨੇ ਉਨ੍ਹਾਂ ਦੀ ਭੂਮਿਕਾ ਬਾਰੇ ਸ਼ੱਕ ਜਤਾਇਆ।

### ...ਕਤਲ ਦਾ ਕੀ ਬਣਿਆ ਕਾਰਨ ?

ਜਾਣਕਾਰੀ ਅਨੁਸਾਰ ਸੇਵਾਦਾਰ ਜਸਵੀਰ ਵਾਸੀ ਚਾਰੂਬੇਟਾ ਖਟੀਮਾ ਨੇ ਦੱਸਿਆ ਕਿ ਬਾਬਾ ਤਰਸੇਮ ਸਿੰਘ ਗੁਰਦੁਆਰਾ ਸਾਹਿਬ ਦੀ ਜਾਇਦਾਦ ਨੂੰ ਭੰਨਤੋੜ ਕਰਨ ਤੋਂ ਰੋਕਦਾ ਸੀ। ਇਸ ਕਾਰਨ ਤਰਾਈ ਮਹਾਂਸਭਾ ਦੇ ਮੀਤ ਪ੍ਰਧਾਨ ਪ੍ਰੀਤਮ ਸਿੰਘ ਸੰਧੂ, ਵਾਸੀ ਖੇਮਪੁਰ ਗਦਰਪੁਰ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਅਤੇ ਹੋਰਨਾਂ ਦੀ ਭੂਮਿਕਾ ਵੀ ਸ਼ੱਕੀ ਹੈ। ਪੰਜ ਦਿਨ ਪਹਿਲਾਂ ਬਲਹਾਰਾ ਥਾਣਾ ਅਮਰੀਆ ਦੇ ਰਹਿਣ ਵਾਲੇ ਫਤਹਿਜੀਤ ਸਿੰਘ ਖਾਲਸਾ ਨੇ ਫੇਸਬੁੱਕ 'ਤੇ ਇਕ ਪੋਸਟ ਪਾਈ ਸੀ।ਅਜਿਹੇ ਵਿਚ ਡੇਰਾ ਮੁਖੀ ਦੇ ਕਤਲ ਵਿਚ ਵੀ ਉਸ ਦੇ ਸ਼ਾਮਲ ਹੋਣ ਦਾ ਸ਼ੱਕ ਜਤਾਇਆ ਗਿਆ ਹੈ। ਜਸਵੀਰ ਦੇ ਬਿਆਨ ਦੇ ਆਧਾਰ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਨਾਨਕਮੱਤਾ ਸਾਹਿਬ ਦੇ ਮੁਖੀ ਸਰਬਜੀਤ ਸਿੰਘ ਅਤੇ ਅਮਰਜੀਤ ਸਿੰਘ ਤੋਂ ਇਲਾਵਾ ਸਾਬਕਾ ਆਈ.ਏ.ਐਸ. ਹਰਬੰਸ ਸਿੰਘ ਚੁੱਘ, ਤਰਾਈ ਮਹਾਂਸਭਾ ਦੇ ਮੀਤ ਪ੍ਰਧਾਨ ਪ੍ਰੀਤਮ ਸਿੰਘ ਸੰਧੂ ਅਤੇ ਗੁਰਦੁਆਰਾ ਸ੍ਰੀ ਹਰਗੋਬਿੰਦ ਸਿੰਘ ਰਤਨਪੁਰਾ ਨਵਾਬਗੰਜ (ਯੂ.ਪੀ.) ਦੇ ਮੁੱਖ ਜਥੇਦਾਰ ਸ. ਬਾਬਾ ਅਨੂਪ ਸਿੰਘ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

### ...ਬਾਬਾ ਤਰਸੇਮ ਦੇ ਹਤਿਆਰੇ, ਹੱਤਿਆ ਦੀ ਜ਼ਿੰਮੇਵਾਰੀ ਸਰਬਜੀਤ ਨੇ ਲਈ

ਨਾਨਕਮੱਤਾ ਡੇਰਾ ਕਾਰਸੇਵਾ ਮੁਖੀ ਬਾਬਾ ਤਰਸੇਮ ਸਿੰਘ ਦੇ ਹਤਿਆਰਿਆਂ ਦੀ ਤਲਾਸ਼ ਵਿਚ ਪੁਲਿਸ ਯੂਪੀ ਤੇ ਪੰਜਾਬ 'ਚ ਛਾਪੇਮਾਰੀ ਕਰ ਰਹੀ ਹੈ ਪਰ ਸਿਖ ਨੌਜਵਾਨ ਦੇ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਪੁੱਜਣ ਦੀ ਗੱਲ ਸਾਹਮਣੇ ਆ ਰਹੀ ਹੈ। ਸਰਬਜੀਤ ਸਿੰਘ ਨੇ ਬਾਬੇ ਨੂੰ ਗੋਲ਼ੀ ਮਾਰਨ ਦੀ ਜ਼ਿੰਮੇਵਾਰੀ ਲਈ ਹੈ, ਉਸ ਨੇ ਬੀਤੇ ਸ਼ਨਿਚਰਵਾਰ ਰਾਤ ਇਕ ਹੋਰ ਫੇਸਬੁੱਕ ਪੋਸਟ ਕਰਦਿਆਂ ਆਪਣੀ ਲੋਕੇਸ਼ਨ ਸ਼ੇਅਰ ਕੀਤੀ ਹੈ। ਇਹ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਜੇ ਪੋਸਟ ਸਹੀ ਹੈ ਤਾਂ ਮੁਲਜ਼ਮ ਪੁਲਿਸ ਨੂੰ ਚਕਮਾ ਦੇ ਕੇ ਦੇਸ਼ ਦੀ ਸਰਹੱਦ ਪਾਰ ਕਰ ਗਏ। ਪੋਸਟ ਦੀ ਹਾਲੇ ਅਧਿਕਾਰਤ ਪੁਸ਼ਟੀ ਨਹੀਂ ਹੋਈ। ਵਾਰਦਾਤ ਤੋਂ ਬਾਅਦ ਪੁਲਿਸ ਦੀਆਂ 15 ਟੀਮਾਂ ਉੱਤਰਾਖੰਡ ਦੇ ਨਾਲ-ਨਾਲ ਉੱਤਰ ਪ੍ਰਦੇਸ਼ ਤੇ ਪੰਜਾਬ ਤੱਕ ਹਤਿਆਰਿਆਂ ਦੀ ਤਲਾਸ਼ ਕਰ ਰਹੀਆਂ ਹਨ। ਐੱਸਐੱਸਪੀ ਮੰਜੂਨਾਥ ਟੀਸੀ ਨੇ ਕਿਹਾ ਕਿ ਕੁਝ ਅਹਿਮ ਸੁਰਾਗ ਹੱਥ ਲੱਗੇ ਹਨ। ਬਦਮਾਸ਼ ਨੇਪਾਲ ਭੱਜ ਸਕਦੇ ਸਨ, ਇਸ ਲਈ ਪੁਲਿਸ ਨੇ ਨੇਪਾਲ ਸਰਹੱਦ ਨਾਲ ਲੱਗੇ ਉੱਤਰਾਖੰਡ ਤੇ ਉੱਤਰ ਪ੍ਰਦੇਸ਼ ਦੇ ਜ਼ਿਲ੍ਹਿਆਂ ਨੂੰ ਵੀ ਅਲਰਟ ਕੀਤਾ ਹੈ। ਗ੍ਰਿਫ਼ਤਾਰੀ ਲਈ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ

ਸਰਬਜੀਤ ਸਿੰਘ ਨੇ ਕਤਲ ਦੀ ਜ਼ਿੰਮੇਵਾਰੀ ਲੈਂਦਿਆਂ ਲਿਖਿਆ ਹੈ ਕਿ ਗੁਰੂ ਦੀ ਆਗਿਆ ਦੀ ਪਾਲਣਾ ਕਰਦਿਆਂ ਅਕਾਲ ਤਖ਼ਤ ਸਾਹਿਬ ਵੱਲ ਚੱਲ ਰਹੇ ਹਾਂ। ਤਰਸੇਮ ਵਰਗੇ ਹੋਰ ਵੀ ਹਨ ਜਿਹੜੇ ਗੁਰੂਘਰ ਵਿਚ ਬੈਠੇ ਹਨ, ਸੰਘ ਦੇ ਟਾਊਟ ਹਨ।ਗੁਰ ਮਰਿਯਾਦਾ ਦੀਆਂ ਧੱਜੀਆਂ ਉਡਾਕੇ ਆਪਣੀ ਮੌਤ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬਾਬੇ ਨੇ ਗੁਰਦੁਆਰੇ ਵਿਚ ਕੁੜੀਆਂ ਨਚਾਈਆਂ ਸਨ। ਸਹੀ ਸਮਾਂ ਆਉਣ 'ਤੇ ਅਸੀਂ ਆਪ ਅਕਾਲ ਤਖ਼ਤ ਸਾਹਿਬ ਸਾਹਮਣੇ ਪੇਸ਼ ਹੋਵਾਂਗੇ।

# ਦਰਬਾਰ ਸਾਹਿਬ ਕੰਪਲੈਕਸ 'ਚ ਬੋਤਲਾਂ ਵਾਲਾ ਪਾਣੀ ਵਿਕਣਾ, ਪ੍ਰਬੰਧਕਾਂ ਦੀ ਵੱਡੀ ਨਕਾਮੀ-ਬੀਬੀ ਕਿਰਨਜੋਤ ਕੌਰ



ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਿੰਗ ਕਮੇਟੀ ਵੱਲੋਂ ਇੱਕ ਨਵਾਂ ਮਤਾ ਪਾ ਕੇ ਦਰਬਾਰ ਸਾਹਿਬ ਦੇ ਕੰਪਲੈਕਸ ਵਿਚ ਪ੍ਰਾਈਵੇਟ ਸਟਾਲਾਂ ਵਾਲਿਆਂ ਨੂੰ ਕੰਪਲੈਕਸ ਦੇ ਅੰਦਰ ਬੋਤਲਾਂ ਵਾਲਾ ਪਾਣੀ ਵੇਚਣ ਦਾ ਅਧਿਕਾਰ ਦੇ ਦਿੱਤਾ ਹੈ। ਬੋਤਲਾਂ ਵਾਲੇ ਪਾਣੀ ਵਿਕਣ ਤੇ ਸੰਗਤਾਂ ਅਤੇ ਕੁਝ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਇਤਰਾਜ ਕੀਤਾ ਜਾ ਰਿਹਾ ਹੈ। ਦਰਅਸਲ ਨੈਸਕੈਫੇ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਦੋ ਸਟਾਲ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਚਲਾਏ ਜਾ ਰਹੇ ਹਨ। ਇੱਕ ਸਟਾਲ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਬਾਹਰ ਅਤੇ ਇੱਕ ਸਟਾਲ ਜੋੜਾ ਘਰ ਘੰਟਾ ਘਰ ਦੇ ਬਾਹਰ ਚਲਾਇਆ ਜਾ ਰਿਹਾ ਹੈ। ਇਹਨਾਂ ਸਟਾਲਾਂ ਦਾ ਨਵਾਂ ਇਕਰਾਰਨਾਮਾ ਸ਼੍ਰੋਮਣੀ ਕਮੇਟੀ ਨੇ ਕਰਕੇ ਕਈ ਖਾਣ ਪੀਣ ਵਾਲੀਆਂ ਚੀਜ਼ਾਂ ਦੇ ਨਾਲ ਪਾਣੀ ਵਾਲੀਆਂ ਬੋਤਲਾਂ ਵੇਚਣ ਦਾ ਵੀ ਅਧਿਕਾਰ ਦੇ ਦਿੱਤਾ ਹੈ। ਸ੍ਰੀ ਦਰਬਾਰ ਸਾਹਿਬ ਜਿੱਥੇ ਕਿ ਦੁਨੀਆ ਭਰ ਦੀ ਆਸਥਾ ਜੁੜੀ ਹੋਈ ਹੈ ਅਤੇ ਇੱਥੋਂ ਦੇ ਜਲ ਨੂੰ ਅੰਮ੍ਰਿਤ ਵਾਂਗ ਗ੍ਰਹਿਣ ਕਰਦੀਆਂ ਹਨ ਅਤੇ ਆਪਣੇ ਘਰਾਂ ਵਿੱਚ ਸਰੋਵਰ ਦਾ ਜਲ ਬੋਤਲਾਂ ਵਿੱਚ ਭਰ ਕੇ ਨਾਲ ਲੈ ਕੇ ਜਾਂਦੀਆਂ ਹਨ। ਉਥੇ ਹੀ ਪਾਣੀ ਵਾਲੀਆਂ ਬੋਤਲਾਂ ਮਹਿੰਗੇ ਭਾਅ ਵਿਕਣੀਆਂ ਪ੍ਰਬੰਧਕਾਂ 'ਤੇ ਸਵਾਲੀਆ ਚਿੰਨ ਲਗਾ ਰਿਹਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਤੇ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਪਿਛਲੇ ਸਮੇਂ ਦਰਮਿਆਨ ਪੈਪਸੀ ਵੱਲੋਂ ਜਿੱਥੇ ਪੰਜ ਰੁਪਏ ਦੀ ਸਸਤੀ ਕੋਲਡ ਡਰਿੰਕ ਵੇਚੀ ਜਾ ਰਹੀ ਹੈ ਉਥੇ ਹੀ ਸੰਗਤ ਦੀ ਸਹੂਲਤ ਲਈ 10 ਰੁਪਏ ਵਿੱਚ ਇਕ ਲੀਟਰ ਪਾਣੀ ਦੀ ਬੋਤਲ ਸੰਗਤ ਨੂੰ ਦੇਣ ਦੀ ਆਪਣੀ ਮੰਗ ਕੀਤੀ ਸੀ ਜਿਸ ਨੂੰ ਜਾਇਦਾਦ ਕਮੇਟੀ ਵੱਲੋਂ ਉਨ੍ਹਾਂ ਦੀ ਮੌਜੂਦਗੀ ਵਿੱਚ ਨਕਾਰ ਦਿੱਤਾ ਸੀ। ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਅਨੇਕਾਂ ਹੀ ਛਬੀਲਾਂ 'ਤੇ ਸੰਗਤ ਲਈ ਪੀਣ ਵਾਲੇ ਪਾਣੀ ਦੀ ਸਹੂਲਤ ਦਿੱਤੀ ਜਾ ਰਹੀ ਹੈ। ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਜੇਕਰ ਪ੍ਰਬੰਧਕ ਹੀ ਸੰਗਤ ਨੂੰ ਬੋਤਲਾਂ ਵਾਲੇ ਪਾਣੀ ਦੀ ਸਹੂਲਤ ਲੈਣ ਲਈ ਮਜਬੂਰ ਕਰਨਗੇ ਤਾਂ ਇੱਥੇ ਇੱਕ ਇਹ ਵੀ ਸੁਨੇਹਾ ਜਾਂਦਾ ਹੈ ਕਿ ਪ੍ਰਬੰਧਕ ਛਬੀਲਾਂ ਤੇ ਸਾਫ ਸੁਥਰਾ ਪਾਣੀ ਮੁਹਈਆ ਕਰਵਾਉਣ ਵਿੱਚ ਅਸਮਰਥ ਹਨ। ਉਨ੍ਹਾਂ ਕਿਹਾ ਕਿ ਬੋਤਲਾਂ ਵਾਲਾ ਪਾਣੀ ਸਿਹਤ ਲਈ ਠੀਕ ਨਹੀਂ ਹੈ ਅਤੇ ਖਾਲੀ ਹੋਣ ਵਾਲੀਆਂ ਬੋਤਲਾਂ ਗੰਦਗੀ ਫੈਲਾਂਦੀਆਂ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਕਈ ਵਾਰ ਸ਼੍ਰੋਮਣੀ ਕਮੇਟੀ ਦਫਤਰਾਂ ਵਿੱਚ ਬੋਤਲਾਂ ਵਾਲੇ ਪਾਣੀ ਨੂੰ ਵਰਤਣ 'ਤੇ ਵੀ ਗੁਰੇਜ ਕਰਨ ਲਈ ਆਵਾਜ਼ ਨੂੰ ਬੁਲੰਦ ਕੀਤਾ ਹੈ। ਉਨ੍ਹਾਂ ਸਿੱਧੇ ਤੌਰ 'ਤੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਬੋਤਲਾਂ ਵਾਲਾ ਪਾਣੀ ਵਿਕਣਾ ਪ੍ਰਬੰਧਕਾਂ ਦੀ ਨਕਾਮੀ ਹੈ।

ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਕਿਹਾ ਕਿ ਨੈਸਕੈਫੇ ਦੇ ਨਾਲ ਕੁਝ ਨਵੀਆਂ ਚੀਜ਼ਾਂ ਨੂੰ ਵੇਚਣ ਲਈ ਇੱਕ ਨਵਾਂ ਇਕਰਾਰਨਾਮਾ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਗਿਆ ਹੈ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਇਸ ਵਿੱਚ ਪਾਣੀ ਸ਼ਾਮਲ ਹੈ ਜਾਂ ਨਹੀਂ, ਨਵੇਂ ਇਕਰਾਰਨਾਮੇ ਨੂੰ ਮਤੇ ਵਿੱਚ ਸ਼ਾਮਿਲ ਕੀਤਾ ਗਿਆ ਹੈ। ਮਤਾ ਵੇਖਣ ਤੋਂ ਬਾਅਦ ਹੀ ਕੁਝ ਕਹਿ ਸਕਦੇ ਹਨ।

ਵਿਚਾਰ :- ਪੰਛੀ, ਦਰਿਆ ਅਤੇ ਹਵਾ ਤਿੰਨਾਂ ਵਾਸਤੇ ਹੀ ਸਰਹੱਦਾਂ ਦੀ ਕੋਈ ਅਹਿਮੀਅਤ ਨਹੀਂ



ਰਜਿੰਦਰ ਸਿੰਘ ਪੁਰੇਵਾਲ

# ਦਲ ਬਦਲੂ ਪੰਜਾਬ ਦੀ ਸਿਆਸੀ ਲੀਡਰਸ਼ਿਪ

## ਅਸੀਂ ਤਾਂ ਸਮਝਦੇ ਹਾਂ ਕਿ ਵੋਟਰ ਦਲ ਬਦਲਣ ਵਾਲਿਆਂ ਨੂੰ ਵੋਟ ਨਾ ਪਾਉਣ

ਪੰਜਾਬ ਦੇ ਸਿਆਸੀ ਆਗੂਆਂ ਦੀ ਆਪਣੀਆਂ ਪਾਰਟੀਆਂ ਪ੍ਰਤੀ ਕਦੇ ਵੀ ਵਫਾਦਾਰੀ ਪੱਕੀ ਨਹੀਂ ਰਹੀ। 1996 ਵਿੱਚ ਕੈਪਟਨ ਅਮਰਿੰਦਰ ਸਿੰਘ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ ਅਤੇ ਉਹ 10 ਸਾਲ ਪੰਜਾਬ ਦੇ ਮੁੱਖ ਮੰਤਰੀ ਰਹੇ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਤੋਂ ਤੋੜ ਵਿਛੋੜਾ ਕਰਨ ਵਾਲੇ ਮਨਪ੍ਰੀਤ ਸਿੰਘ ਬਾਦਲ ਵੀ ਕਾਂਗਰਸ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਨੂੰ ਪੰਜ ਸਾਲ ਤੱਕ ਖਜ਼ਾਨਾ ਮੰਤਰੀ ਦੀ ਕੁਰਸੀ ਸਾਂਭਣ ਦਾ ਮੌਕਾ ਮਿਲਿਆ। ਉਸ ਤੋਂ ਬਾਅਦ ਉਹ ਭਾਜਪਾ ਵਿਚ ਸ਼ਾਮਲ ਹੋ ਗਏ।ਬਲਵੰਤ ਸਿੰਘ ਰਾਮੂਵਾਲੀਆ ਵੀ ਦੋ ਵਾਰ ਦਲਬਦਲੀ ਕਰ ਕੇ ਪੰਜਾਬ ਅਤੇ ਯੂਪੀ ਵਿੱਚ ਮੰਤਰੀ ਦੀ ਕੁਰਸੀ ਹਾਸਲ ਕਰਨ ਵਿੱਚ ਸਫ਼ਲ ਰਹੇ। ਭਾਜਪਾ ਵੱਲੋਂ ਫਰੀਦਕੋਟ ਤੋਂ ਲੋਕ ਸਭਾ ਦੇ ਉਮੀਦਵਾਰ ਐਲਾਨੇ ਗਏ ਹੰਸ ਰਾਜ ਹੰਸ ਨੇ ਪਹਿਲਾਂ ਅਕਾਲੀ ਦਲ ਅਤੇ ਫਿਰ ਕਾਂਗਰਸ ਨੂੰ ਅਲਵਿਦਾ ਕਹਿ ਕੇ ਭਾਜਪਾ ਦੀ ਬਾਂਹ ਫੜੀ ਅਤੇ ਸਿੱਧਾ ਲੋਕ ਸਭਾ ਵਿੱਚ ਪਹੁੰਚ ਗਏ। ਉਹ ਇੱਕ ਵਾਰ ਫਿਰ ਫਰੀਦਕੋਟ ਲੋਕ ਸਭਾ ਹਲਕੇ ਤੋਂ ਚੋਣ ਮੈਦਾਨ ਵਿੱਚ ਹਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੀ ਕਾਂਗਰਸ ਦੇ ਵੱਡੇ ਆਗੂ ਸਨ ਪਰ ਉਨ੍ਹਾਂ ਨੇ 2014 ਵਿੱਚ ਆਪ ਪਾਰਟੀ ਵਿੱਚ ਜਾਣ ਦਾ ਫੈਸਲਾ ਕਰ ਲਿਆ। ਉਹ ਦੋ ਵਾਰ ਵਿਧਾਇਕ ਚੁਣੇ ਗਏ ਅਤੇ ਇਸ ਵੇਲੇ ਉਹ ਪੰਜਾਬ ਵਿਧਾਨ ਸਭਾ ਦੇ ਸਪੀਕਰ ਹਨ।

ਸੁਖਪਾਲ ਸਿੰਘ ਖਹਿਰਾ ਨੂੰ ਵੀ ਕਾਂਗਰਸ ਕਾਫ਼ੀ ਰਾਸ ਆਈ ਅਤੇ ਉਹ ਪਹਿਲੀ ਵਾਰ ਪੰਜਾਬ ਵਿੱਚ ਵਿਰੋਧੀ ਧਿਰ ਦੇ ਨੇਤਾ ਬਣੇ। ਗੁਰਪ੍ਰੀਤ ਸਿੰਘ ਕਾਂਗੜ ਨੇ ਅਕਾਲੀ ਦਲ ਨੂੰ ਛੱਡ ਕੇ ਕਾਂਗਰਸ ਦਾ ਪੱਲਾ ਫੜਿਆ ਸੀ ਅਤੇ ਉਹ ਪੰਜਾਬ ਵਿੱਚ ਬਿਜਲੀ ਮੰਤਰੀ ਬਣਨ ਵਿੱਚ ਸਫ਼ਲ ਹੋ ਗਏ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਪਹਿਲੀ ਚੋਣ ਕਾਂਗਰਸ ਦੀ ਟਿਕਟ ਤੋਂ ਲੜੀ ਸੀ ਪਰ ਬਾਅਦ ਵਿੱਚ ਉਹ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ ਅਤੇ ਲਗਾਤਾਰ ਪੰਜ ਵਾਰ ਮੁੱਖ ਮੰਤਰੀ ਬਣਨ ਦਾ ਮਾਣ ਹਾਸਲ ਕੀਤਾ। ਫਰੀਦਕੋਟ ਦੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਵੀ ਅਕਾਲੀ ਦਲ ਵਿੱਚੋਂ ਆਏ ਹਨ ਅਤੇ ਕਾਂਗਰਸ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ ਅਤੇ ਬਾਅਦ ਵਿੱਚ ਮਾਰਕਫੈੱਡ ਪੰਜਾਬ ਦੇ ਚੇਅਰਮੈਨ ਵੀ ਬਣੇ। ਇਸ ਵਾਰ ਲੋਕ ਸਭਾ ਚੋਣਾਂ ਵਿੱਚ ਵੀ ਦਲ ਬਦਲ ਕੇ ਉਮੀਦਵਾਰ ਵੱਡੀ ਗਿਣਤੀ ਵਿੱਚ ਚੋਣ ਮੈਦਾਨ ਵਿੱਚ ਹਨ ਜਿਨ੍ਹਾਂ ਵਿੱਚ ਰਵਨੀਤ ਬਿੱਟੂ, ਸੁਸ਼ੀਲ ਕੁਮਾਰ ਰਿੰਕੂ, ਮਹਾਰਾਣੀ ਪ੍ਰਨੀਤ ਕੌਰ ਆਦਿ ਪ੍ਰਮੁੱਖ ਤੌਰ ’ਤੇ ਸ਼ਾਮਿਲ ਹਨ।

ਇਸ ਵਾਰ ਦਲ ਬਦਲੀ ਕਾਰਣ ਆਪ ਤੇ ਕਾਂਗਰਸ ਨੂੰ ਵਡਾ ਝਟਕਾ ਲਗ ਰਿਹਾ ਹੈ।ਲੋਕ ਸਭਾ ਮੈਂਬਰ ਰਵਨੀਤ ਬਿਟੂ ਦੇ ਭਾਜਪਾ ਵਿਚ ਸ਼ਾਮਲ ਹੋਣ ਕਾਰਣ ਕਾਂਗਰਸ ਦੇ ਲੋਕ ਸਭਾ ਮੈਂਬਰਾਂ ਦੀ ਗਿਣਤੀ 6 ਹੀ ਰਹਿ ਗਈ ਹੈ। ਸ਼੍ਰੋਮਣੀ ਅਕਾਲੀ ਦਲ ਨੇ ਪਿਛਲੀ ਲੋਕ ਸਭਾ ਚੋਣ ਵਿਚ 2 ਸੀਟਾਂ ਜਿੱਤੀਆਂ ਸਨ। ਭਾਜਪਾ ਨੇ ਵੀ 2 ਸੀਟਾਂ ’ਤੇ ਹੀ ਜਿੱਤ ਹਾਸਿਲ ਕੀਤੀ ਸੀ ਤੇ 1 ਸੀਟ ਆਮ ਆਦਮੀ ਪਾਰਟੀ ਨੇ ਜਿੱਤੀ ਸੀ। ਪਰ ਵਿਧਾਨ ਸਭਾ ਚੋਣਾਂ ਤੋਂ ਬਾਅਦ ਸੰਗਰੂਰ ਤੋਂ ਭਗਵੰਤ ਮਾਨ ਦੇ ਅਸਤੀਫ਼ਾ ਦੇਣ ਤੋਂ ਬਾਅਦ ਹੋਈ ਉਪ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਸਿਮਰਨਜੀਤ ਸਿੰਘ ਮਾਨ ਜੇਤੂ ਰਹੇ ਸਨ ਤੇ ਆਮ ਆਦਮੀ ਪਾਰਟੀ ਹੱਥੋਂ ਇਹ ਸੀਟ ਨਿਕਲ ਗਈ ਸੀ। ਹੁਣ ਹੋ ਰਹੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਤੋਂ ਕਿਹੜੀ ਪਾਰਟੀ ਕਿੰਨੀਆਂ ਸੀਟਾਂ ਪ੍ਰਾਪਤ ਕਰਦੀ ਹੈ, ਇਹ ਵੇਖਣਾ ਦਿਲਚਸਪ ਹੋਵੇਗਾ।

ਪੰਜਾਬ ਵਿਚ ਜੋ ਕੁਝ ਹੋ ਰਿਹਾ ਹੈ, ਇਸੇ ਵਰਤਾਰੇ ਦਾ ਹਿੱਸਾ ਹੈ। ਬਹੁਤੇ ਸਾਰੇ ਲੀਡਰ ਆਪੋ-ਆਪਣੀ ਪਾਰਟੀਆਂ ਛੱਡ ਕੇ ਹੋਰ ਪਾਰਟੀਆਂ ਵਿਚ ਗਏ ਹਨ। ਇਹ ਉਹ ਲੀਡਰ ਹਨ ਜਿਹੜੇ ਥੋੜ੍ਹੇ ਦਿਨ ਪਹਿਲਾ ਇਹ ਢੰਡੋਰਾ ਪਿੱਟ ਰਹੇ ਸਨ ਕਿ ਉਹ ਪਾਰਟੀ ਦੇ ਵਫਾਦਾਰ ਸਿਪਾਹੀ ਹਨ।ਦਲ ਬਦਲੂਆਂ ਕਾਰਨ ਬਿਨਾਂ ਸ਼ੱਕ ਪਾਰਟੀਆਂ ਦਾ ਅੰਦਰੂਨੀ ਸੰਤੁਲਨ ਵਿਗੜਦਾ ਹੈ। ਪਾਰਟੀਆਂ ਦੇ ਉਹ ਨਿਸ਼ਕਾਮ ਵਰਕਰ, ਨੇਤਾ ਜਿਹੜੇ ਵਰ੍ਹਿਆਂਬੱਧੀ ਆਪਣੀ ਪਾਰਟੀ ਲਈ ਕੰਮ ਕਰਦੇ ਹਨ, ਉਹਨਾਂ ਦਾ ਹੱਕ ਮਾਰਿਆ ਜਾਂਦਾ ਹੈ, ਅਵਾਜ਼ ਦੱਬੀ ਜਾਂਦੀ ਹੈ। ਪਾਰਟੀਆਂ ਦੇ ਨਿਯਮ ਭੰਗ ਹੁੰਦੇ ਹਨ, ਵਿਧਾਨ ਟੁੱਟਦਾ ਹੈ। ਪੈਰਾਸ਼ੂਟ ਨਾਲ ਉੱਪਰੋਂ ਆਏ ਆਪਣੇ ਨੇਤਾਵਾਂ ਕਾਰਨ ਨਹੀਂ, ਇਹ ਵਰਕਰ ਪਹਿਲਾਂ ਹੀ ਪ੍ਰੇਸ਼ਾਨ ਸਨ, ਪਰ ਹੁਣ ਤਾਂ ਦੂਹਰੀ ਮਾਰ ਉਹਨਾਂ ਨੂੰ ਪੈ ਰਹੀ ਹੈ ਕਿ ਦੂਜੀਆਂ ਪਾਰਟੀਆਂ ਦੇ ਨੇਤਾ ਵੀ ਉਹਨਾਂ ਅੱਗੇ ਆ ਖੜੋਂਦੇ ਹਨ।ਅਸਲ ਵਿੱਚ ਦਲ ਬਦਲੀ ਨੇ ਭਾਰਤ ਦੀ ਸਿਆਸਤ ਹੀ ਬਦਲ ਦਿੱਤੀ ਹੈ। ਕੁਰਸੀ ਦੀ ਹੋੜ ਨੇ ਨੈਤਿਕ ਕਦਰਾਂ-ਕੀਮਤਾਂ ਨੂੰ ਢਾਹ ਲਾਈ ਹੈ। ਭਾਰਤ ਦੇ ਲੋਕਤੰਤਰ ਦੀ ਚੰਗੀ ਸਿਹਤ ਲਈ ਦਲ-ਬਦਲੂਆਂ ਵਰਗੇ ਵਰਤਾਰੇ ਰੋਕੇ ਜਾਣ ਦੀ ਜ਼ਰੂਰਤ ਹੈ, ਤਦ ਹੀ ਦੇਸ਼ ਦੇ ਲੋਕ ਹਕੂਮਤ ਤੋਂ ਸਵੱਛ ਪ੍ਰਸ਼ਾਸਨ ਦੀ ਆਸ ਕਰ ਸਕਣਗੇ। ਇਹ ਪੰਜਾਬ ਦੇ ਸੂਝਵਾਨ, ਜੁਝਾਰੂ ਤੇ ਚੇਤੰਨ ਵੋਟਰਾਂ ਨੇ ਦੇਖਣਾ ਹੈ ਕਿ ਚੋਣਾਂ ਵਿਚ ਇਨ੍ਹਾਂ ਨੂੰ ਕੀ ਜੁਆਬ ਦੇਣਾ ਹੈ।

-ਰਜਿੰਦਰ ਸਿੰਘ ਪੁਰੇਵਾਲ

# NEWS & VIEWS



Gurmukh Singh
O B E

## ARTIFICIAL INTELLIGENCE CAN COUNTER BRAHMANIC INFLUENCE ON SIKHI

Philosopher scientist, Prof B J Copeland, has defined *AI* meaning *Artificial Intelligence* as *the ability of a computer or computer-controlled robot to perform tasks commonly associated with intelligent beings…with the ability to reason, discover meaning, generalize, or learn from past experience.*

AI is capable of doing all the above but, unlike a human being, AI has no soul, *jiv atma, the offspring of the Creator Being**. AI based systems can be very clever, many times faster than human brain and keep learning. However, from a religious angle, they will always be without the spiritual dimension central to religious thought. AI needs to work closely with accomplished religious scholars to ensure correct interpretation and not just technical translation of religious texts, no matter how large the data base. More so in areas where conflicting conclusions are possible. Great Sikh scholars starting with Bhai Gurdas have given the *Kunji* (Key) to resolve interpretations of Gurbani which sometimes appear to conflict with Gurmat logic. One example is the interpretation of the word *Ram* in Gurbani and frequent references to Vedic lore and mythological characters.

Yet, as a learning tool, due to the inbuilt objectivity, AI can guide Sikhi students towards the right conclusions if the learning process of AI itself is based on the founding pillars and core principles of the Sikhi. For example, there is only one definition of God in Sikhi, the *Karta Purakh*, given at the outset in Guru Granth Sahib in the Founding Formula, known as the *Mool Mantar*. Using the methodology and theo-political and egalitarian principles laid down in *Japji Sahib* and elaborated in Banis like *Asa ki Vaar* and *Sukhmani Sahib*, AI will challenge deviating interpretations by *bipran* elements.

Essentially, Gurbani Itself will be used to interpret Gurbani* and anti-Sikhi rituals, practices, myths and miracles, rejected. Next generations will be empowered with a questioning approach as taught by Guru Nanak Sahib to his Sikhs, the learners of Truth.

At the other extreme to *derawadis* preaching blind faith in myths and miracles, are some Sikh academics who try to validate independent Sikhi thought using Western systems and philosophies and fail to convey the simple message of Sikhi to the masses in plain language as did Guru Nanak Sahib. Instead, they indulge in ambivalent scholarly ambiguities and, perhaps unwittingly, become the tools for defeating Panthic causes and objectives. That was quite obvious during the Sikh ethnicity debate in the UK.

The usual digital data collation principle of *garbage in and garbage out,* applies to AI also. It is only as good as the learning experience it is exposed to. As Dr Jogishwer Singh writes in his essay, *Sikhi and AI: Opportunities and Dangers: AI can prove to be a double-edged sword if enough Tat Gurmat data is put on the internet to provide a balancing act to the voluminous mass of hijacked hagiographies, translations of the Guru Granth Sahib and deliberately distorted documents flooding the Internet.**

Therefore, one important angle to AI learning is the correct interpretation of Guru and Khalsa history against Sikhi principles and to detect corruption and distortion by the so called *hijackers of Sikhi.* In fact, Guru Amardas started the process by collating *Sachi Bani* which was eventually instituted as the Adi Granth Sahib by Guru Arjan Dev. *Kachi bani* or corrupt imitations, not approved by the Guru, were specifically rejected.

The topic needs ongoing discussion and close Panthic watch.

*Related reading:
https://asiasamachar.com/2024/02/22/sikhi-and-ai-opportunities-and-dangers/
https://asiasamachar.com/2018/09/16/meaning-of-soul-atma-or-rooh/
https://asiasamachar.com/2018/07/10/understanding-japji-sahib/

Gurmukh Singh OBE, Ret'd Principal Civil Servant (UK) sewauk2005@yahoo.co.uk

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਪੰਜਾਬ ਦਾ ਚੋਣ ਮੁਕਾਬਲਾ ਬਾਕੀ ਦੇਸ਼ ਨਾਲੋਂ ਵੱਖਰਾ ਤੇ ਵੱਧ ਦਿਲਚਸਪ ਹੋਵੇਗਾ

**✪ ਭਾਜਪਾ ਪੰਜਾਬ ਵਿਚ ਲੋਟਸ ਅਪਰੇਸ਼ਨ ਆਪ ਪਾਰਟੀ ਦੇ ਵਜੂਦ ਲਈ ਚੈਲਿੰਜ,ਭਗਵੰਤ ਮਾਨ ਮੂਕ ਦਰਸ਼ਕ ਬਣੇ ✪ ਸ਼ਰਾਬ ਘੁਟਾਲੇ ਵਿਚ ਕੇਜਰੀਵਾਲ ਦੀ ਗ੍ਰਿਫ਼ਤਾਰੀ ਕਾਰਣ 'ਆਪ' ਵਿਧਾਇਕਾਂ ਵਿਚ ਦਹਿਸ਼ਤ ✪ ਭਾਜਪਾ ਨਾਲ ਗਠਜੋੜ ਨਾ ਕਰਕੇ ਅਕਾਲੀ ਦਲ ਆਪਣੀ ਹੋਂਦ ਬਚਾ ਗਿਆ**



**ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਪੰਜਾਬ ਵੱਡੀ ਸਿਆਸੀ ਉਥਲ-ਪੁਥਲ ਵੱਲ ਵੱਧਦਾ ਨਜ਼ਰ ਆ ਰਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਵਾਪਰ ਰਹੇ ਘਟਨਾਕ੍ਰਮ ਤੋਂ ਆਪਣੇ ਆਪ ਨੂੰ ਜਿਵੇਂ ਅਲੱਗ ਰੱਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਹ ਆਉਂਦੇ ਦਿਨਾਂ ਦੌਰਾਨ ਪਾਰਟੀ ਅੰਦਰ ਵੀ ਮੁੱਦਾ ਬਣ ਸਕਦਾ ਹੈ। ਇਸ ਲਈ ਇਸ ਵਾਰ ਪੰਜਾਬ ਵਿਚ ਲੋਕ ਸਭਾ ਚੋਣਾਂ ਵਿਚ ਪੰਜਾਬ ਦਾ ਚੋਣ ਮੁਕਾਬਲਾ ਬਾਕੀ ਭਾਰਤ ਨਾਲੋਂ ਵੱਖਰਾ ਤੇ ਵੱਧ ਦਿਲਚਸਪ ਹੋਵੇਗਾ। ਅਜਿਹਾ ਜਾਪਦਾ ਹੈ ਕਿ ਚਾਰਾਂ ਵਿਚੋਂ ਜਿਹੜੀ ਵੀ ਪਾਰਟੀ 30 ਫ਼ੀਸਦੀ ਵੋਟ ਲੈਣ ਵਿਚ ਸਫਲ ਰਹੀ, ਉਹ ਹੂੰਝਾਫੇਰ ਜਿੱਤ ਵੱਲ ਵਧ ਸਕਦੀ ਹੈ।**

ਪੰਜਾਬ ਦੀ ਰਾਜਨੀਤੀ ਹਰ ਰੋਜ਼ ਇਕ ਨਵਾਂ ਮੋੜ ਲੈ ਰਹੀ ਹੈ। ਅਕਾਲੀ ਦਲ ਨੇ ਵਾਪਸ ਪੰਜਾਬ ਤੋਂ ਪੰਥ ਵਾਲੀ ਪੁਰਾਣੀ ਟਕਸਾਲੀ ਨੀਤੀ 'ਤੇ ਚੱਲਣ ਦਾ ਐਲਾਨ ਕੀਤਾ ਹੈ। ਇਹ ਫ਼ੈਸਲਾ ਉਨ੍ਹਾਂ ਨੂੰ ਸਿਆਸੀ ਤੌਰ 'ਤੇ ਬਰਬਾਦ ਕਰਨ ਤੋਂ ਬਚਾਅ ਗਿਆ ਹੈ। ਜਿਥੋਂ ਤੱਕ ਅਕਾਲੀ ਦਲ ਦਾ ਸੰਬੰਧ ਹੈ ਭਾਵੇਂ ਉਸ ਨੇ ਮਜਬੂਰੀਵੱਸ ਹੀ ਪੰਥ ਤੇ ਪੰਜਾਬ ਵੱਲ ਮੂੰਹ ਕੀਤਾ ਹੈ ਪਰ ਇਹ ਫ਼ੈਸਲਾ ਅਕਾਲੀ ਦਲ ਨੂੰ ਹੋਰ ਸਿਆਸੀ ਖੋਰੇ ਤੋਂ ਬਚਾਏਗਾ। ਸੱਚ ਇਹ ਵੀ ਹੈ ਕਿ ਅਕਾਲੀ ਦਲ ਤੋਂ ਬਿਨਾਂ ਪੰਜਾਬੀਆਂ ਕੋਲ ਪੰਜਾਬ ਅਤੇ ਪੰਥ ਦੀ ਤਰਜ਼ਮਾਨੀ ਕਰਨ ਲਈ ਕੋਈ ਹੋਰ ਵੱਡੀ ਪਾਰਟੀ ਨਹੀਂ, ਪਰ ਉਹ ਪੰਥਕ ਜਜਬਾ ਜਗਾਉਣ ਵਿਚ ਅਸਮਰਥ ਰਹੀ ਹੈ। ਅਕਾਲੀ ਦਲ (ਅੰਮ੍ਰਿਤਸਰ) ਜਾਂ ਹੋਰ ਪੰਥਕ ਧਿਰਾਂ ਆਪਣੇ ਤੌਰ 'ਤੇ ਏਨੀਆਂ ਸਮਰੱਥ ਨਹੀਂ ਕਿ ਹਰ ਸੀਟ 'ਤੇ ਟੱਕਰ ਦੇ ਸਕਣ।

ਬੇਸ਼ੱਕ ਕਾਂਗਰਸ ਦੀ ਹਾਲਤ ਅਜੇ ਤੱਕ ਬਹੁਤ ਚੰਗੀ ਜਾਪਦੀ ਹੈ, ਪਰ ਉਸ ਦੇ ਨੇਤਾਵਾਂ ਦਾ ਟੁੱਟਣਾ ਉਸ ਲਈ ਵਰਦਾਨ ਵੀ ਹੋ ਸਕਦਾ ਹੈ ਤੇ ਸਰਾਪ ਵੀ। ਕਾਂਗਰਸੀ ਨੇਤਾਵਾਂ ਨੂੰ ਆਪਸੀ ਵਿਰੋਧ ਛੱਡ ਕੇ ਨਵਜੋਤ ਸਿੰਘ ਸਿੱਧੂ ਨੂੰ ਪ੍ਰਚਾਰ ਲਈ ਬੁਲਾਉਣਾ ਚਾਹੀਦਾ ਹੈ ਅਤੇ ਆਪਸੀ ਫੁਟ ਤੋਂ ਬਚਣ ਦੀ ਲੋੜ ਹੈ, ਤੇ ਕਾਂਗਰਸ ਨੂੰ ਆਪਣਾ ਚਿਹਰਾ-ਮੋਹਰਾ ਬਦਲਣ ਲਈ ਸਿਰਫ਼ ਸਿਆਸੀ ਆਗੂਆਂ ਨੂੰ ਹੀ ਨਹੀਂ, ਸਗੋਂ ਕੁਝ ਪੰਜਾਬ ਪੱਖੀ ਚਿਹਰਿਆਂ ਨੂੰ ਵੀ ਮੈਦਾਨ ਵਿਚ ਉਤਾਰਨਾ ਚਾਹੀਦਾ ਹੈ। ਬਾਕੀ ਪਾਰਟੀਆਂ ਨੂੰ ਵੀ ਇਹ ਨੀਤੀ ਲਾਗੂ ਕਰਨ ਦੀ ਲੋੜ ਹੈ।

ਆਪ ਪਾਰਟੀ ਦੇ ਸੁਪਰੀਮੋ ਕੇਜਰੀਵਾਲ ਦੀ ਗ੍ਰਿਫ਼ਤਾਰੀ ਅਤੇ ਸ਼ਰਾਬ ਘੁਟਾਲੇ ਦੀ ਜਾਂਚ ਪੰਜਾਬ ਵਲ ਅੱਗੇ ਵਧਣ ਕਾਰਨ ਪੰਜਾਬ ਦੇ ਵਜ਼ਾਰਤੀ ਹਲਕਿਆਂ ਅਤੇ 'ਆਪ' ਵਿਧਾਇਕਾਂ ਵਿਚ ਬੇਚੈਨੀ ਤੇ ਖ਼ੌਫ਼ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਪਾਰਟੀ ਵੱਡੇ ਸੰਕਟ ਵਿਚ ਨਜ਼ਰ ਆ ਰਹੀ ਹੈ, ਇਸ ਸਭ ਦੇ ਦੌਰਾਨ ਮੁੱਖ ਮੰਤਰੀ ਜਿਵੇਂ ਪਾਰਟੀ ਤੇ ਸਿਆਸੀ ਮੁਹਾਜ਼ ਤੋਂ ਮਨਫ਼ੀ ਨਜ਼ਰ ਆ ਰਹੇ ਹਨ, ਉਹ ਰਾਜਸੀ ਹਲਕਿਆਂ ਲਈ ਵੱਡੇ ਚਰਚੇ ਦਾ ਵਿਸ਼ਾ ਬਣਿਆ ਹੋਇਆ ਹੈ। ਪਰ ਜਿਸ ਤਰ੍ਹਾਂ ਭਾਜਪਾ 'ਆਪ' ਦੇ ਸੱਤਾ ਵਿਚ ਹੋਣ ਦੇ ਬਾਵਜੂਦ ਉਨ੍ਹਾਂ ਦੇ ਐਲਾਨੇ ਉਮੀਦਵਾਰ ਤੇ ਮੌਜੂਦਾ ਲੋਕ ਸਭਾ ਮੈਂਬਰ ਤੇ ਇਕ ਵਿਧਾਇਕ ਨੂੰ ਤੋੜਨ ਵਿਚ ਸਫ਼ਲ ਰਹੀ ਹੈ, ਉਹ 'ਆਪ' ਦੇ ਸਿਆਸੀ ਵਜੂਦ ਲਈ ਖ਼ਤਰੇ ਦੀ ਘੰਟੀ ਹੈ। ਉਪਰੋਂ ਕੇਜਰੀਵਾਲ ਦਾ ਜੇਲ੍ਹ ਚਲੇ ਜਾਣਾ ਵੀ ਪਾਰਟੀ ਦੇ ਚੋਣ ਪ੍ਰਚਾਰ ਦੀ ਰਾਜਨੀਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗਾ। ਬੇਸ਼ੱਕ ਕਮਾਨ ਹੁਣ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਸੰਭਾਲ ਰਹੇ ਹਨ, ਪਰ ਉਹ ਉਨ੍ਹਾਂ ਵਰਗੇ ਚਾਣਕੀਆ ਘਾੜੇ ਨਹੀਂ ਹਨ। ਉਪਰੋਂ ਪੰਜਾਬ ਦੇ ਉੱਚ ਅਧਿਕਾਰੀਆਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਕੀਤੀ ਜਾ ਰਹੀ ਈ.ਡੀ. ਦੀ ਕਾਰਵਾਈ ਉੱਚ ਅਧਿਕਾਰੀਆਂ ਵਿਚ ਇਕ ਡਰ ਪੈਦਾ ਕਰੇਗੀ ਤੇ ਉਹ ਹੁਕਮਰਾਨ ਪਾਰਟੀ ਦੀ ਮਦਦ ਕਰਨ ਤੋਂ ਪਿੱਛੇ ਹਟਣਗੇ। ਮੁੱਖ ਮੰਤਰੀ ਭਗਵੰਤ ਮਾਨ, ਜਿਨ੍ਹਾਂ ਸੰਬੰਧੀ ਸਮਝਿਆ ਜਾ ਰਿਹਾ ਸੀ ਕਿ ਪਾਰਟੀ ਸੁਪਰੀਮੋ ਕੇਜਰੀਵਾਲ ਦੀ ਗ੍ਰਿਫ਼ਤਾਰੀ ਤੇ ਗੈਰ-ਹਾਜ਼ਰੀ ਦੌਰਾਨ ਪਾਰਟੀ ਨੂੰ ਅਗਵਾਈ ਦੇਣਗੇ ਪਰ ਮੁੱਖ ਮੰਤਰੀ ਜੋ ਸੂਬੇ ਵਿਚ ਪਾਰਟੀ ਦੇ ਪ੍ਰਧਾਨ ਵੀ ਹਨ, ਵਲੋਂ ਪਾਰਟੀ ਸੁਪਰੀਮੋ ਦੀ ਗ੍ਰਿਫ਼ਤਾਰੀ ਤੋਂ ਬਾਅਦ ਨਾ ਤਾਂ ਪਾਰਟੀ ਦੀ ਕੋਈ ਮੀਟਿੰਗ ਸੱਦੀ ਗਈ ਹੈ ਅਤੇ ਨਾ ਹੀ ਮੋਦੀ ਸਰਕਾਰ ਵਿਰੁੱਧ ਕੋਈ ਪ੍ਰੋਗਰਾਮ ਹੀ ਦਿੱਤਾ ਗਿਆ ਹੈ। ਨਾ ਹੀ ਪੰਜਾਬੀਆਂ ਵਿਚ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੀ ਸੂਰਤ ਵਿਚ ਪੰਜਾਬ ਤੋਂ ਵੱਡਾ ਵਿਰੋਧ ਪੈਦਾ ਹੋ ਸਕਿਆ। ਪਾਰਟੀ ਦੇ ਇਕ ਸੰਸਦ ਮੈਂਬਰ ਤੇ ਵਿਧਾਇਕ ਦੇ ਭਾਜਪਾ ਵਿਚ ਸ਼ਾਮਿਲ ਹੋਣ ਦੇ ਐਲਾਨ ਤੋਂ ਬਾਅਦ ਪਾਰਟੀ ਵਿਚ ਬਾਗ਼ੀ ਸੁਰਾਂ ਅਤੇ ਪਾਰਟੀ ਵਿਧਾਇਕਾਂ ਦੀ ਗੁਪਤ ਮੀਟਿੰਗਾਂ ਦੇ ਚਰਚਿਆਂ ਅਤੇ ਹੋਰ ਵਿਧਾਇਕ ਤੋੜਨ ਦੀਆਂ ਸਾਜ਼ਿਸ਼ਾਂ ਦੀਆਂ ਰਿਪੋਰਟਾਂ ਕਾਰਨ ਪਾਰਟੀ ਵਿਧਾਇਕਾਂ ਵਿਚ ਜੋ ਡਰ ਅਤੇ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ, ਉਸ ਦਾ ਮੁੱਖ ਮੰਤਰੀ ਪੱਧਰ 'ਤੇ ਕੋਈ ਨੋਟਿਸ ਨਹੀਂ ਲਿਆ ਜਾ ਰਿਹਾ ਅੰਮਿ੍ਤਸਰ ਤੋਂ ਪਾਰਟੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਸਮੇਤ ਕੁਝ ਪਾਰਟੀ ਵਿਧਾਇਕਾਂ ਤੇ ਆਗੂਆਂ ਦੀਆਂ ਜਿਵੇਂ ਬਾਗ਼ੀ ਸੁਰਾਂ ਸਾਹਮਣੇ ਆਈਆਂ ਹਨ, ਜਿਸ ਤੋਂ ਉਨ੍ਹਾਂ ਦੀ ਮੁੱਖ ਮੰਤਰੀ ਦੀ ਕਾਰਜਸ਼ੈਲੀ ਸੰਬੰਧੀ ਅਸੰਤੁਸ਼ਟੀ ਸਪਸ਼ਟ ਝਲਕਦੀ ਹੈ। ਪਾਰਟੀ 'ਤੇ ਆਏ ਸੰਕਟ ਤੋਂ ਬਾਅਦ ਨਾ ਗੈਰ-ਪੰਜਾਬੀ ਸਲਾਹਕਾਰ ਨਜ਼ਰ ਆ ਰਹੇ ਹਨ ਅਤੇ ਨਾ ਹੀ ਮੁੱਖ ਮੰਤਰੀ ਹੀ ਬੋਲ ਰਹੇ ਹਨ। ਪਾਰਟੀ ਸੂਤਰਾਂ ਦਾ ਮੰਨਣਾ ਹੈ ਕਿ ਅਜਿਹਾ ਵਰਤਾਰਾ ਪਾਰਟੀ ਲਈ ਵੀ ਅਤੇ ਸੰਸਦੀ ਚੋਣਾਂ ਸੰਬੰਧੀ ਵੀ 'ਆਪ' ਲਈ ਮਾਰੂ ਸਾਬਤ ਹੋ ਸਕਦਾ ਹੈ।

ਸ਼ਰਾਬ ਘੁਟਾਲੇ ਸੰਬੰਧੀ ਕੇਂਦਰੀ ਏਜੰਸੀਆਂ ਵਲੋਂ ਰਾਜ ਦੀ ਉੱਚ ਅਫ਼ਸਰਸ਼ਾਹੀ 'ਤੇ ਸ਼ਿਕੰਜਾ ਕੱਸਣਾ ਸ਼ੁਰੂ ਕੀਤਾ ਗਿਆ ਹੈ ਅਤੇ ਉਨ੍ਹਾਂ 'ਤੇ ਪੂਰੀ ਜਾਣਕਾਰੀ ਦੇਣ ਲਈ ਅਤੇ ਸਰਕਾਰੀ ਗਵਾਹ ਬਣਨ ਲਈ ਦਬਾਅ ਪਾਇਆ ਜਾ ਰਿਹਾ ਹੈ। ਇਸ ਦਾ ਸੇਕ ਪੰਜਾਬ ਸਰਕਾਰ ਨੂੰ ਵੀ ਲਗ ਸਕਦਾ ਹੈ।

# ਮੁਫ਼ਤ ਸਰਕਾਰੀ ਸਕੀਮਾਂ ਕਾਰਨ ਪੰਜਾਬ ਸਿਰ ਕਰਜ਼ਾ, 3.53 ਲੱਖ ਕਰੋੜ ਹੋ ਜਾਵੇਗਾ

**✪ ਮੁਫ਼ਤ ਬਿਜਲੀ, ਮੁਫ਼ਤ ਬਸ ਯਾਤਰਾ, ਮੁਫ਼ਤ ਤੀਰਥ ਯਾਤਰਾ, ਮੁਫ਼ਤ ਰਾਸ਼ਨ ਅਤੇ ਸਬਸਿਡੀਆਂ ਕਰਜ਼ੇ ਵਧਣ ਦਾ ਕਾਰਨ**

**ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਪੰਜਾਬ ਜਿਹੜਾ ਕਿਸੇ ਸਮੇਂ ਸਾਰੇ ਮੁਲਕ ਦਾ ਅੰਨਦਾਤਾ ਕਹਾਉਂਦਾ ਸੀ, ਜਿਸ ਦੀ ਪ੍ਰਤੀ ਜੀਅ ਆਮਦਨ ਬਾਕੀ ਸੂਬਿਆਂ ਨਾਲੋਂ ਕਿਤੇ ਵੱਧ ਸੀ, ਹੁਣ ਕਰਜ਼ ਆਸਰੇ ਦਿਨ ਕੱਟੀ ਕਰ ਰਿਹਾ ਹੈ। ਅੱਜ ਪੰਜਾਬ ਇਨ੍ਹਾਂ ਮੁਫ਼ਤ ਦੀਆਂ ਸਕੀਮਾਂ ਕਰਕੇ ਸਭ ਤੋਂ ਵੱਡਾ ਕਰਜ਼ਦਾਰ ਹੋ ਗਿਆ ਹੈ। ਸਾਡੇ ਆਰਥਿਕ ਨੀਤੀਘਾੜਿਆਂ ਨੇ ਪੰਜਾਬੀਆਂ ਨੂੰ ਮੰਗਤੇ ਬਣਾ ਛੱਡਿਆ ਹੈ।**

ਪੰਜਾਬ ਸਰਕਾਰ ਦੇ ਤਾਜ਼ਾ ਦਾਅਵੇ ਅਨੁਸਾਰ ਇਸ ਵਰ੍ਹੇ 30 ਹਜ਼ਾਰ ਕਰੋੜ ਕਰਜ਼ ਲਿਆ ਜਾਵੇਗਾ। ਜਿਹੜਾ ਪਿਛਲੇ ਕਰਜ਼ ਨਾਲ ਜੁੜ ਕੇ 3.53 ਲੱਖ ਕਰੋੜ ਹੋ ਜਾਵੇਗਾ ਅਤੇ 30 ਹਜ਼ਾਰ ਕਰੋੜ ਕਰਜ਼ ਵਿਚੋਂ 23,900 ਕਰੋੜ ਵਿਆਜ ਚੁਕਾਇਆ ਜਾਵੇਗਾ।

ਮਤਲਬ ਕਰਜ਼ ਲੈ ਕੇ ਪਹਿਲੇ ਕਰਜ਼ ਦਾ ਵਿਆਜ ਉਤਾਰਿਆ ਜਾਵੇਗਾ। ਯਾਦ ਰਹੇ ਕਿ ਗ਼ੈਰ-ਸਰਕਾਰੀ ਅੰਕੜਿਆਂ ਮੁਤਾਬਿਕ ਸਾਲ 2021-22 ਵਿਚ ਪੰਜਾਬ ਸਿਰ 2 ਲੱਖ 81 ਹਜ਼ਾਰ 772 ਕਰੋੜ ਦਾ ਕਰਜ਼ਾ ਸੀ। ਜੋ ਸਾਲ 2022-23 ਵਿਚ ਵਧ ਕੇ 3 ਲੱਖ 14 ਹਜ਼ਾਰ 220 ਕਰੋੜ ਹੋ ਗਿਆ। ਫਿਰ 2023-24 ਵਿਚ 3 ਲੱਖ 43 ਹਜ਼ਾਰ 626 ਕਰੋੜ ਤੇ ਹੁਣ ਇਹ ਕਰਜ਼ਾ 2024-25 ਵਿਚ 3 ਲੱਖ 74 ਹਜ਼ਾਰ 91 ਕਰੋੜ ਹੋ ਜਾਵੇਗਾ। ਕਰਜ਼ ਦੇ ਇਸ ਲਗਾਤਾਰ ਵਧ ਰਹੇ ਗ੍ਰਾਫ਼ ਤੋਂ ਪਤਾ ਲਗਦਾ ਹੈ ਕਿ ਮੌਜੂਦਾ ਸਰਕਾਰ ਨੇ ਸੱਤਾ ਸੰਭਦਿਆਂ ਹੀ ਕਿਵੇਂ ਹਰੇਕ ਪੰਜਾਬੀ ਨੂੰ ਲੱਖਾਂ ਰੁਪਏ ਦੇ ਕਰਜ਼ੇ ਹੇਠ ਲੈ ਆਂਦਾ ਹੈ।

ਇਸ ਤੋਂ ਵੀ ਵਧੇਰੇ ਹਲੂਣਾ ਦੇਣ ਵਾਲੀ ਗੱਲ ਇਹ ਹੈ ਕਿ ਰਾਜ ਦੀ ਕੁੱਲ ਆਮਦਨ 58,900 ਕਰੋੜ ਵਿਚੋਂ 32,792 ਕਰੋੜ ਰੁਪਏ , ਸਬਸਿਡੀ, ਵੈੱਲਫੇਅਰ ਅਤੇ ਮੁਫ਼ਤ ਦੀਆਂ ਸਕੀਮਾਂ 'ਤੇ ਲੁਟਾਇਆ ਜਾਵੇਗਾ। ਇਨ੍ਹਾਂ ਵਿਚ 20200 ਕਰੋੜ ਦੀ ਬਿਜਲੀ ਸਬਸਿਡੀ ਵੀ ਸ਼ਾਮਿਲ ਹੈ। ਹੁਣ ਹਰੇਕ ਆਮ 'ਤੇ ਖ਼ਾਸ ਪੰਜਾਬੀ ਲਈ ਸੋਚਣ ਵਾਲੀ ਗੱਲ ਇਹ ਹੈ ਕਿ ਸਰਕਾਰ ਵਲੋਂ ਕਰਜ਼ ਲੈ ਕੇ ਪਹਿਲੇ ਕਰਜ਼ੇ ਦਾ ਵਿਆਜ ਉਤਾਰਨਾ, ਮੁਫ਼ਤ ਬਿਜਲੀ, ਮੁਫ਼ਤ ਬਸ ਯਾਤਰਾ, ਮੁਫ਼ਤ ਤੀਰਥ ਯਾਤਰਾ, ਮੁਫ਼ਤ ਰਾਸ਼ਨ ਅਤੇ ਸਬਸਿਡੀਆਂ ਮਿਲ ਕੇ ਸਰਕਾਰ ਦੀ ਕੁੱਲ ਆਮਦਨ ਨੂੰ ਚੱਟ ਕਰ ਰਹੀਆਂ ਹਨ।

ਅਜੇ ਮਹਿਲਾਵਾਂ ਨੂੰ 1000 ਰੁਪਏ ਦੇਣ ਦਾ ਚੋਣ ਵਾਅਦਾ ਪੂਰਾ ਕਰਨ ਲਈ ਪੈਸੇ ਦਾ ਜੁਗਾੜ ਨਹੀਂ ਹੋ ਰਿਹਾ। ਬਿਨਾਂ ਸ਼ੱਕ ਇਸ ਲਈ ਵੀ ਕਰਜ਼ ਹੀ ਲਿਆ ਜਾਵੇਗਾ। ਇਹ ਹਜ਼ਾਰ ਰੁਪਿਆ ਵੀ ਨਿਸਚਿਤ ਤੌਰ 'ਤੇ ਆਮ ਜਨਤਾ 'ਤੇ ਕਰਜ਼ੇ ਵਿਚ ਵਾਧਾ ਹੀ ਕਰੇਗਾ। ਪੰਜਾਬ ਦੇ ਜਿਨ੍ਹਾਂ ਵਿਕਾਸ ਕਾਰਜਾਂ ਦੇ ਦਮਗਜੇ ਮਾਰੇ ਜਾ ਰਹੇ ਹਨ ਉਸ ਲਈ ਪੈਸਾ ਹੈ ਹੀ ਨਹੀਂ। ਸਰਕਾਰ ਵਲੋਂ ਖ਼ੁਦ ਹੀ ਉਪਰੋਕਤ ਅੰਕੜੇ ਜਾਰੀ ਕਰਨ ਦੇ ਬਾਵਜੂਦ ਵੀ ਸਰਕਾਰ ਦੇ ਖ਼ਜ਼ਾਨੇ ਭਰਪੂਰ ਹੋਣ ਦੇ ਦਾਅਵੇ ਕਿੰਨੇ ਹਾਸੋਹੀਣੇ ਹਨ।

ਪੰਜਾਬ ਦੀ ਲਗਭਗ ਸਾਢੇ ਤਿੰਨ ਕਰੋੜ ਜਨਤਾ 'ਤੇ 3.53 ਲੱਖ ਕਰੋੜ ਦਾ ਕਰਜ਼ਾ ਭਾਵ ਹਰੇਕ ਪੰਜਾਬ ਵਾਸੀ ਲਗਭਗ ਇਕ ਲੱਖ ਰੁਪਏ ਦਾ ਕਰਜ਼ਾਈ ਹੈ। ਮੁਫ਼ਤ ਦੀ ਰਾਜਨੀਤੀ ਪਿੱਛੇ ਸਰਕਾਰ ਦੀ ਦਲੀਲ ਹੈ ਕਿ ਇਹ ਸਭ ਜਨਤਾ ਦੇ ਪੈਸੇ ਨਾਲ ਜਨਤਾ ਲਈ ਹੀ ਕੀਤਾ ਜਾ ਰਿਹਾ ਹੈ। ਇਸ ਵਿਚ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ। ਇਨ੍ਹਾਂ ਨੇ ਆਮ ਜਨਤਾ ਨੂੰ ਮੁਫ਼ਤਖੋਰੇ ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ।

# ਸਾਊਥਾਲ ਵਿਖੇ ਸ਼ਿਵਚਰਨ ਸਿੰਘ ਗਿੱਲ ਯਾਦਗਰੀ ਸਾਹਿਤਕ ਸਮਾਗਮ ਕਰਵਾਇਆ

## ਸ਼ਿਵਚਰਨ ਸਿੰਘ ਗਿੱਲ ਮੈਮੋਰੀਅਲ ਟਰੱਸਟ ਵੱਲੋਂ ਡਾ: ਦਵਿੰਦਰ ਕੌਰ, ਸਵ: ਸ: ਤਰਸੇਮ ਸਿੰਘ ਪੁਰੇਵਾਲ, ਸੰਤੋਖ ਸਿੰਘ ਧਾਲੀਵਾਲ, ਤੇਜਿੰਦਰ ਸਿੰਧਰਾ, ਨਰਿੰਦਰ ਕੌਰ, ਪ੍ਰੀਤਮ ਸਿੱਧੂ ਅਤੇ ਤੇਜ ਕੌਰ ਗਰੇਵਾਲ ਦਾ ਸਨਮਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ)

**ਸਾਊਥਾਲ ਵਿਖੇ ਸ੍ਰੋਮਣੀ ਸਾਹਿਤਕਾਰ ਸ਼ਿਵਚਰਨ ਸਿੰਘ ਗਿੱਲ ਦੀ ਯਾਦ ਵਿੱਚ ਸਾਲਾਨਾ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਐਮ ਪੀ ਵਰਿੰਦਰ ਸ਼ਰਮਾਂ, ਐਮ ਪੀ ਸੀਮਾ ਮਲਹੋਤਰਾ, ਡਿਪਟੀ ਮੇਅਰ ਹਰਲੀਨ ਕੌਰ ਅਟਵਾਲ ਹੀਰ, ਸਾਬਕਾ ਮੇਅਰ ਮਹਿੰਦਰ ਕੌਰ ਮਿੱਡਾ ਸਮੇਤ ਯੂ ਕੇ ਭਰ ਤੋਂ ਆਏ ਸਾਹਿਤਕਾਰਾਂ ਨੇ ਹਿੱਸਾ ਲਿਆ। ਮਾਤਾ ਧਨਿੰਦਰ ਕੌਰ ਗਿੱਲ ਅਤੇ ਸ਼ਿਵਦੀਪ ਕੌਰ ਢੇਸੀ, ਸ਼ਿਵਜੋਤ ਸਿੰਘ ਗਿੱਲ ਦੇ ਉੱਦਮ ਦੀ ਸ਼ਲਾਘਾ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਸ਼ਿਵਚਰਨ ਸਿੰਘ ਗਿੱਲ ਨੇ ਬਰਤਾਨੀਆਂ ਵਿੱਚ ਰਹਿ ਕੇ ਪੰਜਾਬੀ ਦੇ ਵਿਕਾਸ ਅਤੇ ਪ੍ਰਸਾਰ ਲਈ ਵੱਡਾ ਯੋਗਦਾਨ ਪਾਇਆ ਹੈ। ਸਮਾਗਮ ਦੀ ਆਰੰਭਤਾ ਕਰਦਿਆਂ ਡਾ: ਗੁਰਦੀਪ ਸਿੰਘ ਜਗਬੀਰ ਨੇ ਸ਼ਿਵਚਰਨ ਸਿੰਘ ਗਿੱਲ ਦੀਆਂ ਲਿਖਤਾਂ ਅਤੇ ਪੰਜਾਬੀ ਭਾਸ਼ਾ ਲਈ ਕੀਤੇ ਕੰਮਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ।**

ਉਹਨਾਂ ਕਿਹਾ ਕਿ ਸ: ਗਿੱਲ ਪੰਜਾਬੀ ਬੋਲੀ ਨੂੰ ਸਮਰਪਿਤ ਸਨ, ਜਿਹਨਾਂ ਨੇ ਕਈ ਕਿਤਾਬਾਂ ਸਾਹਿਤ ਦੀ ਝੋਲੀ ਪਾਈਆਂ। ਐਮ ਪੀ ਵਰਿੰਦਰ ਸ਼ਰਮਾਂ, ਐਮ ਪੀ ਸੀਮਾ ਮਲਹੋਤਰਾ, ਡਿਪਟੀ ਮੇਅਰ ਹਰਲੀਨ ਕੌਰ ਅਟਵਾਲ ਹੀਰ, ਮਨਜੀਤ ਸਿੰਘ ਬੁੱਟਰ, ਕੁਲਦੀਪ ਸਿੰਘ ਗਰੇਵਾਲ ਬਰੈਸਟਰ, ਗੁਰਪ੍ਰਤਾਪ ਸਿੰਘ ਢਿਲੋਂ, ਸਾਬਕਾ ਮੇਅਰ ਰਣਜੀਤ ਧੀਰ ਨੇ ਸ: ਸ਼ਿਵਚਰਨ ਸਿੰਘ ਗਿੱਲ ਦੀਆਂ ਪ੍ਰਾਪਤੀਆਂ ਅਤੇ ਸਾਂਝਾਂ ਨੂੰ ਤਾਜ਼ਾ ਕੀਤਾ।

ਸ਼ਿਵਚਰਨ ਸਿੰਘ ਗਿੱਲ ਮੈਮੋਰੀਅਲ ਟਰੱਸਟ ਵੱਲੋਂ ਲੇਖਿਕਾ ਡਾ: ਦਵਿੰਦਰ ਕੌਰ, ਦੇਸ ਪ੍ਰਦੇਸ ਦੇ ਬਾਨੀ ਸੰਪਾਦਕ ਸਵ: ਸ: ਤਰਸੇਮ ਸਿੰਘ ਪੁਰੇਵਾਲ, ਕਹਾਣੀਕਾਰ ਸੰਤੋਖ ਸਿੰਘ ਧਾਲੀਵਾਲ, ਨਾਟਕਕਾਰ ਤੇਜਿੰਦਰ ਸਿੰਧਰਾ, ਨਰਿੰਦਰ ਕੌਰ, ਸਾਹਿਤਕਾਰ ਪ੍ਰੀਤਮ ਸਿੱਧੂ ਅਤੇ ਸਮਾਜ ਸੇਵੀ ਤੇਜ ਕੌਰ ਗਰੇਵਾਲ ਨੂੰ ਵੱਖ ਵੱਖ ਖੇਤਰਾਂ ਵਿੱਚ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਸਵ: ਤਰਸੇਮ ਸਿੰਘ ਪੁਰੇਵਾਲ ਦਾ ਸਨਮਾਨ ਰਘਬੀਰ ਸਿੰਘ, ਸੰਤੋਖ ਸਿੰਘ ਧਾਲੀਵਾਲ ਦਾ ਸਨਮਾਨ ਕੁਲਵੰਤ ਕੌਰ ਢਿਲੋਂ, ਪ੍ਰੀਤਮ ਸਿੱਧੂ ਦਾ ਸਨਮਾਨ ਯਸ਼ ਸਾਥੀ ਅਤੇ ਤੇਜ ਕੌਰ ਗਰੇਵਾਲ ਦਾ ਸਨਮਾਨ ਸੁਖਦੇਵ ਸਿੰਘ ਔਜਲਾ ਨੇ ਪ੍ਰਾਪਤ ਕੀਤਾ। ਸ: ਜਿਹਨਾਂ ਬਾਰੇ ਡਾ: ਗੁਰਦੀਪ ਸਿੰਘ ਜਗਬੀਰ, ਸੁਖਦੇਵ ਸਿੰਘ ਔਜਲਾ, ਕੁਲਵੰਤ ਕੌਰ ਢਿਲੋਂ, ਭਿੰਦਰ ਜਲਾਲਾਬਾਦੀ ਨੇ ਵਿਚਾਰ ਸਾਂਝੇ ਕੀਤੇ। ਸਮਾਗਮ ਦੀ ਪ੍ਰਧਾਨਗੀ ਐਮ ਪੀ ਸ਼ਰਮਾਂ, ਐਮ ਪੀ ਮਲਹੋਤਰਾ, ਸਾਬਕਾ ਮੇਅਰ ਰਣਜੀਤ ਧੀਰ, ਡਾ. ਅਮਰਜੋਯਤੀ, ਸ਼ਿਵਦੀਪ ਕੌਰ ਢੇਸੀ, ਦਰਸ਼ਨ ਬੁਲੰਦਵੀ, ਮਨਜੀਤ ਕੌਰ ਪੱਡਾ, ਸ਼ਗੁਫਤਾ ਗਿੰਮੀ, ਦਲਬੀਰ ਸਿੰਘ ਪੱਤੜ ਅਤੇ ਪੂਰਬਾ ਮਾਸੂਦ ਨੇ ਕੀਤੀ ਅਤੇ ਸਟੇਜ ਦੀ ਕਾਰਵਾਈ ਅਜ਼ੀਮ ਸ਼ੇਖ਼ਰ ਨੇ ਬਾਖੂਬੀ ਨਿਭਾਈ। ਸਮਾਗਮ ਦੇ ਦੂਜੇ ਭਾਗ ਕਵੀ ਦਰਬਾਰ ਵਿੱਚ ਵੱਖ ਵੱਖ ਸ਼ਹਿਰਾਂ ਤੋਂ ਆਏ ਕਵੀਆਂ ਨੇ ਭਾਗ ਲਿਆ। ਇਸ ਮੌਕੇ ਦਰਸ਼ਨ ਬੁਲੰਦਵੀ ਦੀ ਕਿਤਾਬ "ਕਦੇ ਕਦਾਈਂ" ਅਤੇ ਸ਼ਗੁਫਤਾ ਗਿੰਮੀ ਦੀ "ਸਾਲਿਮ ਗਿਮੀ" ਵੀ ਲੋਕ ਅਰਪਨ ਕੀਤੀ ਗਈ। ਚਿੱਤਰਕਾਰ ਜਤਿੰਦਰ ਸਿੰਘ ਪੱਤੜ ਨੇ ਸ਼ਿਵਚਰਨ ਸਿੰਘ ਗਿੱਲ ਦਾ ਚਿੱਤਰ ਪ੍ਰੀਵਾਰ ਨੂੰ ਭੇਂਟ ਕੀਤਾ ਅਤੇ ਸੁਖਦੇਵ ਸਿੰਘ ਔਜਲਾ ਨੂੰ ਉਹਨਾਂ ਦੇ ਮਾਤਾ ਦਾ ਚਿੱਤਰ ਭੇਂਟ ਕੀਤਾ।


ਪੰਜਾਬੀ ਬੋਲੀ ਲਈ ਯੋਗਦਾਨ ਪਾਉਣ ਵਾਲੀਆਂ ਸਖਸ਼ੀਅਤਾਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਦੂਜੇ ਭਾਗ ਵਿਚ ਕਰਵਾਏ ਗਏ ਕਵੀ ਦਰਬਾਰ ਵਿੱਚ ਹਰਦੇਸ਼ ਬਸਰਾ, ਕਿੱਟੀ ਬੱਲ, ਰਾਜਿੰਦਰ ਕੌਰ, ਮਨਜੀਤ ਕੌਰ ਪੱਡਾ, ਸਿਕੰਦਰ ਬਰਾੜ, ਅਮਰ ਜੋਅਯਤੀ, ਦਰਸ਼ਨ ਬੁਲੰਦਵੀ, ਰੁਪਦਵਿੰਦਰ ਕੌਰ, ਦਲਬੀਰ ਸਿੰਘ ਪੱਤੜ, ਨਰਿੰਦਰ ਕੌਰ, ਅਬੀਰ ਬੁਟਰ, ਗੁਰਮੇਲ ਕੌਰ ਸੰਘਾ, ਭਿੰਦਰ ਜਲਾਲਾਬਾਦੀ, ਮਹਿੰਦਰ ਕੌਰ ਮਿੱਡਾ, ਗਿੰਮੀ ਸ਼ਗੁਫਤਾ, ਮਨਪ੍ਰੀਤ ਸਿੰਘ ਬੱਧਨੀ ਕਲਾਂ ਆਦਿ ਨੇ ਭਾਗ ਲਿਆ।

ਆਖਿਰ ਵਿੱਚ ਸ਼ਿਵਦੀਪ ਕੌਰ ਢੇਸੀ ਨੇ ਕਿਹਾ ਕਿ ਉਹਨਾਂ ਦੇ ਪਾਪਾ ਸ਼ਿਵਚਰਨ ਸਿੰਘ ਗਿੱਲ ਨੂੰ ਯਾਦ ਕਰਨ ਲਈ ਕਰਵਾਏ ਜਾਂਦੇ ਇਸ ਸਮਾਗਮ ਵਿੱਚ ਆਏ ਮਹਿਮਾਨਾਂ ਦਾ ਹਾਰਦਿਕ ਧੰਨਵਾਦ ਕਰਦੀ ਹਾਂ, ਜੋ ਹਰ ਸਾਲ ਮੈਨੂੰ ਅਤੇ ਮੇਰੇ ਪ੍ਰੀਵਾਰ ਨੂੰ ਉਤਸ਼ਾਹਿਤ ਕਰਦੇ ਹਨ। ਉਹਨਾਂ ਆਪਣੀ ਮਾਤਾ ਧਨਿੰਦਰ ਕੌਰ ਗਿੱਲ ਵੱਲੋਂ ਵੀ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਮਾਗਮ ਨੂੰ ਨੇਪਰੇ ਚਾੜ੍ਹਨ ਲਈ ਉਹਨਾਂ ਦੀ ਮਾਤਾ ਦੀ ਹੱਲਾਸ਼ੇਰੀ ਹੈ। ਜਿਕਰਯੋਗ ਹੈ ਕਿ ਇਸ ਸਮਾਗਮ ਲਈ ਮਾਤਾ ਧਨਿੰਦਰ ਕੌਰ ਗਿੱਲ, ਸ਼ਿਵਦੀਪ ਕੌਰ ਢੇਸੀ, ਸ਼ਿਵਜੋਤ ਸਿੰਘ ਗਿੱਲ, ਇੰਦਰਪਾਲ ਸਿੰਘ ਗਿੱਲ (ਬਾਵਾ), ਜਸਮੀਨ ਕੌਰ, ਦੀਪਿੰਦਰ ਸਿੰਘ, ਪਰਮਜੀਤ ਕੌਰ ਅਤੇ ਜਪਇੰਦਰ ਕੌਰ ਦਾ ਵੱਡਾ ਸਹਿਯੋਗ ਰਹਿੰਦਾ ਹੈ।

ਇਸ ਮੌਕੇ ਕੌਂਸਲਰ ਸਾਮੀਆਂ ਚੌਧਰੀ, ਕੌਂਸਲਰ ਪ੍ਰੀਤਮ ਸਿੰਘ ਗਰੇਵਾਲ, ਕੌਂਸਲਰ ਅਮਰ ਗਰੇਵਾਲ, ਗੁਰਮਿੰਦਰ ਕੌਰ ਰੰਧਾਵਾ, ਰੁਪਿੰਦਰ ਕੌਰ ਗਿੱਲ, ਸੁਰਿੰਦਰ ਕੌਰ, ਮਨਪ੍ਰੀਤ ਕੌਰ ਦਿਓਲ, ਮਹਿੰਦਰਪਾਲ ਸਿੰਘ ਧਾਲੀਵਾਲ, ਗੁਰਨਾਮ ਸਿੰਘ ਗਰੇਵਾਲ, ਬਲਵਿੰਦਰ ਸਿੰਘ ਚਾਹਲ, ਸੰਤੋਖ ਸਿੰਘ ਢੇਸੀ, ਪੰਜਾਬੀ ਸਾਹਿਤ ਕਲਾ ਕੇਂਦਰ ਦੇ ਮੈਂਬਰ, ਅਕਾਲ ਕਮਿਊਨਿਟੀ ਸੈਂਟਰ, ਮੇਲ ਗੇਲ ਅਤੇ ਵੌਇਸ ਆਫ ਵੁਮੈਨ ਦੀਆਂ ਬੀਬੀਆਂ ਨੇ ਉਚੇਚੇ ਤੌਰ ਤੇ ਸ਼ਮੂਲੀਅਤ ਕੀਤੀ। ਜਸਪ੍ਰੀਤ ਕੇਟਰਿੰਗ ਦੇ ਸਵਾਦੀ ਖਾਣੇ ਦਾ ਸਭ ਨੇ ਲੁਤਫ ਲਿਆ।

# ਬਲੇਨਹੈਮ ਪੈਲੇਸ ਵਿੱਚੋਂ 48 ਲੱਖ ਪੌਂਡ ਦੀ ਸੋਨੇ ਦੀ ਟਾਇਲਟ ਸੀਟ ਚੋਰੀ ਮਾਮਲੇ 'ਚ ਇੱਕ ਦੋਸ਼ੀ ਕਰਾਰ


ਬਲੇਨਹੈਮ ਪੈਲੇਸ ਵਿੱਚੋਂ ਚੋਰੀ ਹੋਈ 18 ਕੈਰਿਟ ਸੋਨੇ ਦੀ ਟਾਇਲਟ ਸੀਟ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਲੇਨਹੈਮ ਪੈਲੇਸ ਵਿੱਚੋਂ 48 ਲੱਖ ਪੌਂਡ ਦੀ ਕੀਮਤ ਦੀ ਟਾਇਲਟ ਸੀਟ ਚੋਰੀ ਕਰਨ ਵਾਲੇ 39 ਸਾਲਾ ਜੇਮਸ ਸ਼ੀਨ ਵਾਸੀ ਵੈਲਿੰਗਬਰੋ, ਨੌਰਥਹੈਂਪਟਨਸ਼ਾਇਰ ਨੂੰ ਆਕਸਫੋਰਡ ਕਰਾਊਨ ਕੋਰਟ 'ਚ ਚੋਰੀ, ਅਪਰਾਧਿਕ ਜਾਇਦਾਦ ਨੂੰ ਬਦਲਣ ਅਤੇ ਸਾਜਿਸ਼ ਰਚਣ ਦਾ ਦੋਸ਼ੀ ਮੰਨਿਆ ਗਿਆ ਹੈ। 18 ਕੈਰਿਟ ਸੋਨੇ ਦੀ ਇਕ ਟਾਇਲਟ ਸਤੰਬਰ 2019 ਵਿੱਚ ਉਸ ਸਮੇਂ ਚੋਰੀ ਹੋ ਗਈ ਸੀ, ਜਦੋਂ ਇਸ ਨੂੰ ਇੱਕ ਕਲਾ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਿਤ ਕੀਤਾ ਗਿਆ ਸੀ। ਪਹਿਲਾਂ ਹੀ ਚੋਰੀ ਦੇ ਦੋਸ਼ਾਂ ਤਹਿਤ 17 ਸਾਲ ਦੀ ਕੈਦ ਕੱਟ ਰਹੇ ਜੇਮਸ ਨੂੰ ਐਚ ਐਮ ਪੀ ਫਾਈਵ ਵੇਲਜ਼ ਜੇਲ੍ਹ ਵਿੱਚੋਂ ਵੀਡੀਓ ਲਿੰਕ ਰਾਹੀਂ ਪੇਸ਼ ਕੀਤਾ ਗਿਆ। ਨੈਸ਼ਨਲ ਹਾਰਸ ਰੇਸਿੰਗ ਮਿਊਜ਼ੀਅਮ ਨਿਊਮਾਰਕੀਟ ਵਿੱਚੋਂ 4 ਲੱਖ ਪੌਂਡ ਦੇ ਟਰੈਕਟਰ ਅਤੇ ਹੋਰ ਕੀਮਤੀ ਟ੍ਰਾਫੀਆਂ ਵੀ ਸ਼ਾਮਿਲ ਹਨ। ਤਿੰਨ ਹੋਰ ਵਿਅਕਤੀਆਂ ਨੇ ਚੋਰੀ ਨਾਲ ਸਬੰਧਿਤ ਦੋਸ਼ਾਂ ਲਈ ਦੋਸ਼ੀ ਨਹੀਂ ਮੰਨਿਆ। ਆਕਸਫੋਰਡ ਵਾਸੀ ਮਾਈਕਲ ਜੋਨਸ ਤੇ ਚੋਰੀ ਦੇ ਦੋਸ਼ ਹਨ। ਫਰੈਡਿਕਸਾਇਨਸ ਉਰਫ ਫਰੈਡਰਿਕ ਡੋਏ, ਐਸਕੋਟ ਅਤੇ ਪੱਛਮੀ ਲੰਡਨ ਵਾਸੀ ਬੋਰਾ ਗੁਕੱਕ ਤੇ ਅਪਰਾਧਿਕ ਜਾਇਦਾਦ ਨੂੰ ਤਬਦੀਲ ਕਰਨ ਦੀ ਸਾਜਿਸ਼ ਦੇ ਦੋਸ਼ ਹਨ। ਇਹਨਾਂ ਸਬੰਧੀ 24 ਫਰਵਰੀ 2025 ਨੂੰ ਸੁਣਵਾਈ ਹੋਵੇਗੀ।

# ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦਾ ਪੋਸਟਰ ਲਾਉਣ ਤੇ ਅਸਾਮ 'ਚ ਪੰਜਾਬੀ ਢਾਬਾ ਮਾਲਕ ਗ੍ਰਿਫਤਾਰ



ਅਸਾਮ : ਪੰਜਾਬ ਦੇ ਇੱਕ ਸਿੱਖ ਢਾਬਾ ਮਾਲਕ ਨੂੰ ਆਸਾਮ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। ਗੁਰਮੁੱਖ ਸਿੰਘ ਮੂਲ ਰੂਪ ਤੋਂ ਪੰਜਾਬ ਦੇ ਤਰਨ ਤਾਰਨ ਦਾ ਰਹਿਣ ਵਾਲਾ ਹੈ, ਜੋ ਕਿ ਕੋਰੋਨਾ ਦੇ ਬਾਅਦ ਤੋਂ ਅਸਾਮ ਦੇ ਹਾਈਵੇ 'ਤੇ ਢਾਬਾ ਚਲਾ ਰਿਹਾ ਸੀ। ਪੁਲਿਸ ਦਾ ਦੋਸ਼ ਹੈ ਕਿ ਉਸ ਕੋਲੋਂ ਖਾਲਿਸਤਾਨ ਸਮਰਥਕ ਸਮੱਗਰੀ ਮਿਲੀ ਹੈ। ਭਾਜਪਾ ਯੂਥ ਵਿੰਗ ਦੇ ਮੈਂਬਰਾਂ ਨੇ ਢਾਬੇ 'ਤੇ ਲਗਾਏ ਗਏ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦਾ ਪੋਸਟਰ 'ਤੇ ਇਤਰਾਜ਼ ਉਠਾਇਆ ਅਤੇ ਕਾਰਵਾਈ ਲਈ ਪੁਲਿਸ ਨੂੰ ਸ਼ਿਕਾਇਤ ਕੀਤੀ। ਅਸਾਮ ਪੁਲਿਸ ਨੇ ਇਹ ਕਾਰਵਾਈ ਗੁਹਾਟੀ ਦੇ ਬੋਂਗਾਈਗਾਂਵ ਜ਼ਿਲ੍ਹੇ ਵਿੱਚ ਕੀਤੀ ਹੈ। ਪੁਲਿਸ ਨੇ ਗੁਰਮੁਖ ਸਿੰਘ ਨੂੰ ਪਾਬੰਦੀਸ਼ੁਦਾ ਖਾਲਿਸਤਾਨੀ ਲਹਿਰ ਨਾਲ ਹਮਦਰਦ ਹੋਣ ਦੇ ਸ਼ੱਕ ਵਿੱਚ ਗ੍ਰਿਫਤਾਰ ਕੀਤਾ ਹੈ।

# ਸ੍ਰੀ ਅਨੰਦਪੁਰ ਸਾਹਿਬ ਹੋਲਾ ਮੁਹੱਲਾ ਕਬੱਡੀ ਚੈਪੀਅਨਸ਼ਿਪ ਤਰਨਤਾਰਨ ਜਿਲ੍ਹੇ ਨੇ ਜਿੱਤੀ

## ਅੰਬਾ ਸੁਰ ਸਿੰਘ ਤੇ ਅਰਸ਼ ਚੋਹਲਾ ਸਾਹਿਬ ਬਣੇ ਸਰਵੋਤਮ ਧਾਵੀ ਤੇ ਜਾਫੀ ਰੇਸ਼ਮ ਸਲਾਣਾ ਤੇ ਅੰਮ੍ਰਿਤ ਬਰਸਾਲਪੁਰ ਬਣੇ ਮੈਨ ਆਫ ਦ ਟੂਰਨਾਮੈਂਟ ਚਾਰ ਸ਼ਖਸ਼ੀਅਤਾਂ ਦਾ ਕੀਤਾ ਸਨਮਾਨ

**ਅਨੰਦਪੁਰ ਸਾਹਿਬ 27 ਮਾਰਚ (ਡਾ. ਸੁਖਦਰਸ਼ਨ ਸਿੰਘ ਚਹਿਲ, ਪਟਿਆਲਾ 9779590575)**

ਸ੍ਰੀ ਅਨੰਦਪੁਰ ਸਾਹਿਬ ਸਪੋਰਟਸ ਕਲੱਬ ਯੂ. ਕੇ. ਵੱਲੋਂ ਰਸ਼ਪਾਲ ਸਿੰਘ ਸ਼ੀਰਾ ਸ਼ੰਮੀਪੁਰੀਆ ਤੇ ਸੁਰਿੰਦਰ ਮਾਣਕ ਦੀ ਅਗਵਾਈ 'ਚ ਕਰਵਾਈ ਗਈ ਕਬੱਡੀ ਦੀ ਸਭ ਤੋਂ ਵੱਡੇ ਇਨਾਮਾਂ ਤੇ ਇਕੱਠ ਵਾਲੀ ਚੈਪੀਅਨਸ਼ਿਪ ਤਰਨਤਾਰਨ ਜਿਲ੍ਹੇ ਦੀ ਟੀਮ ਨੇ ਰੋਪੜ-ਮੋਹਾਲੀ ਤੇ ਫਤਹਿਗੜ੍ਹ ਸਾਹਿਬ ਦੀ ਟੀਮ ਨੂੰ 52.5- 32 ਅੰਕਾਂ ਨਾਲ ਹਰਾਕੇ ਜਿੱਤਣ ਦਾ ਮਾਣ ਪ੍ਰਾਪਤ ਕੀਤਾ ਹੈ। ਚੈਪੀਅਨ ਬਣੀ ਟੀਮ ਲਈ ਰਾਜਵੀਰ ਮਾਣਕ, ਸੁਰਿੰਦਰ ਮਾਣਕ, ਭਿੰਦਾ ਮੁਠੱਡਾ ਤੇ ਸੱਤਾ ਮੁਠੱਡਾ ਨੇ 8.11 ਲੱਖ ਅਤੇ ਉਪਜੇਤੂ ਟੀਮ ਲਈ ਸੁੱਖੀ ਬੈਂਸ, ਮੀਕਾ ਵੜੈਚ, ਦਲਬੀਰ ਡੀਲਾ ਅਤੇ ਦਲਬੀਰ ਸੈਂਡੀ ਨੇ 6.11 ਲੱਖ ਰੁਪਏ ਦਾ ਇਨਾਮ ਦਿੱਤਾ।

ਚੈਪੀਅਨ ਟੀਮ ਦੇ ਖਿਡਾਰੀ ਅੰਬਾ ਸੁਰ ਸਿੰਘ ਨੇ ਫਾਈਨਲ ਮੁਕਾਬਲੇ 'ਚ 18 ਰੇਡਾਂ ਪਾ ਕੇ 17 ਅੰਕ ਬਟੋਰੇ ਅਤੇ ਸਰਵੋਤਮ ਧਾਵੀ ਬਣਿਆ। ਅਰਸ਼ ਚੋਹਲਾ ਸਾਹਿਬ ਨੇ ਖਿਤਾਬੀ ਮੁਕਾਬਲੇ 'ਚ 11 ਕੋਸ਼ਿਸ਼ਾਂ ਤੋਂ 6 ਜੱਫੇ ਲਗਾਕੇ ਸਰਵੋਤਮ ਜਾਫੀ ਬਣਿਆ। ਸਰਵੋਤਮ ਖਿਡਾਰੀਆਂ ਲਈ 2.5-2.5 ਲੱਖ ਰੁਪਏ ਦੇ ਇਨਾਮ ਰਛਪਾਲ ਸ਼ੀਰਾ ਸੰਮੀਪੁਰੀਆ, ਅਖਤਰ ਸਹੋਤਾ ਤੇ ਰਮਨ ਭੈਣੀ ਨੇ ਪ੍ਰਦਾਨ ਕੀਤੇ। ਧਾਵੀ ਰੇਸ਼ਮ ਸਲੀਣਾ (29/31) ਅਤੇ ਜਾਫੀ ਅੰਮ੍ਰਿਤ ਬਰਸਾਲਪੁਰ (11/21) ਨੂੰ ਸਾਂਝੇ ਤੌਰ 'ਤੇ ਮੈਨ ਆਫ ਦ ਟੂਰਨਾਮੈਂਟ ਵਜੋਂ ਤਰਲੋਚਨ ਸਿੰਘ ਗਿੱਲ ਨੇ ਬੁਲੇਟ ਮੋਟਰਸਾਈਕਲ ਪ੍ਰਦਾਨ ਕੀਤਾ।

ਕੋਚ ਸਰਦੂਲ ਸਿੰਘ ਰੰਧਾਵਾ ਦੀ ਦੇਖ-ਰੇਖ ' 'ਚ ਕਰਵਾਏ ਗਏ ਕਬੱਡੀ ਮੁਕਾਬਲਿਆਂ ਦੇ ਸੈਮੀਫਾਈਨਲਜ਼ 'ਚ ਰੋਪੜ-ਮੋਹਾਲੀ ਤੇ ਫਤਿਹਗੜ੍ਹ ਸਾਹਿਬ ਦੀ ਟੀਮ ਨੇ ਗੁਰਦ-ਾਸਪੁਰ-ਅੰਮ੍ਰਿਤਸਰ ਦੀ ਟੀਮ ਨੂੰ 36.5-36 ਅੰਕਾਂ ਨਾਲ ਹਰਾਕੇ ਫਾਈਨਲ 'ਚ ਪ੍ਰਵੇਸ਼ ਕੀਤਾ। ਇਸ ਮੈਚ ਦੌਰਾਨ ਅੰਮ੍ਰਿਤ ਬਰਸਾਲਪੁਰ ਨੇ ਸਰਵੋਤਮ ਜਾਫੀ ਵਜੋਂ ਅਤੇ ਦੀਪ ਦਬੁਰਜੀ ਨੇ ਸਰਵੋਤਮ ਧਾਵੀ ਵਜੋਂ ਮੋਟਰਸਾਈਕਲ ਜਿੱਤੇ। ਦੂਸਰੇ ਸੈਮੀਫਾਈਨਲ 'ਚ ਤਰਨਤਾਰਨ ਦੀ ਟੀਮ ਨੇ ਮੋਗਾ, ਮੁਕਤਸਰ ਤੇ ਫਾਜਿਲਕਾ ਦੀ ਟੀਮ ਨੂੰ 42.5-31 ਅੰਕਾਂ ਨਾਲ ਹਰਾਕੇ ਫਾਈਨਲ 'ਚ ਪ੍ਰਵੇਸ਼ ਕੀਤਾ। ਇਸ ਮੈਚ 'ਚ ਰੇਸ਼ਮ ਸਲੀਣਾ ਸਰਵੋਤਮ ਧਾਵੀ ਤੇ ਅਰਸ਼ ਚੋਹਲਾ ਸਾਹਿਬ ਸਰਵੋਤਮ ਜਾਫੀ ਵਜੋਂ ਮੋਟਰਸਾਈਕਲ ਦਾ ਹੱਕਦਾਰ ਬਣੇ। ਸਰਵੋਤਮ ਖਿਡਾਰੀਆਂ ਲਈ ਪਰਮਜੀਤ ਪੰਮੀ ਤੇ ਪ੍ਰਤਾਪ ਮੋਮੀ ਨੇ ਮੋਟਰਸਾਈਕਲ ਪ੍ਰਦਾਨ ਕੀਤੇ।

ਲੰਗਰ ਦੀ ਸੇਵਾ ਸਵ. ਕਰਨੈਲ ਸਿੰਘ ਮਾਣਕ ਤੇ ਬੀਬੀ ਹਰਭਜਨ ਕੌਰ ਮਾਣਕ ਦੇ ਪਰਿਵਾਰ ਵੱਲੋਂ ਕੀਤੀ ਗਈ। ਹਰਮਿੰਦਰ ਗਿੱਲ ਨੇ 500 ਦਸਤਾਰਾਂ ਭੇਟ ਕੀਤੀਆਂ। ਕੁਲਵੰਤ ਸੰਘਾ, ਪਿਆਰਾ ਸਿੰਘ ਰੰਧਾਵਾ, ਕੁਲਬੀਰ ਸਿੰਘ ਖੱਖ ਤੇ ਨਿਰਮਲ ਸਿੰਘ ਲੱਡੂ ਨੇ 3 ਲੱਖ ਰੁਪਏ ਪ੍ਰਦਾਨ ਕੀਤੇ। ਮੱਖਣ ਲੱਖਪੁਰ, ਬਲਵਿੰਦਰ ਦੂਲੇ ਤੇ ਪਿੰਦੂ ਜੌਹਲ ਨੇ ਟਰਾਫੀਆਂ, ਕਰਪ੍ਰੀਤ ਸਿੰਘ ਤੇ ਦਾਰਾ ਸਿੰਘ ਨੇ ਵਰਦੀਆਂ ਤੇ ਕਿੱਟਾਂ ਪ੍ਰਦਾਨ ਕੀਤੀਆਂ।





**1 ਅਨੰਦਪੁਰ ਸਾਹਿਬ ਸਪੋਰਟਸ ਕਲੱਬ ਯੂ.ਕੇ. ਵੱਲੋਂ ਸਨਮਾਨਿਤ ਕੀਤੇ ਗਏ ਰਸ਼ਪਾਲ ਸਿੰਘ ਸ਼ੀਰਾ, ਲਖਵਿੰਦਰ ਸਿੰਘ ਜੌਹਲ, ਕੁਲਵਿੰਦਰ ਸਿੰਘ ਪੱਤੜ ਤੇ ਪਹਿਲਵਾਨ ਬੁੱਧ ਸਿੰਘ**

**2. ਅਨੰਦਪੁਰ ਸਾਹਿਬ ਕਬੱਡੀ ਚੈਪੀਅਨਸ਼ਿਪ ਜਿੱਤਣ ਵਾਲੀ ਤਰਨਤਾਰਨ ਜਿਲ੍ਹੇ ਦੀ ਟੀਮ ਮੁੱਖ ਪ੍ਰਬੰਧਕ ਰਛਪਾਲ ਸ਼ੀਰਾ, ਸੁਰਿੰਦਰ ਮਾਣਕ, ਵਿਧਾਇਕ ਗੁਰਲਾਲ ਘਨੌਰ ਤੇ ਹੋਰਨਾਂ ਨਾਲ।**

ਇਸ ਦੌਰਾਨ ਕਬੱਡੀ ਤੇ ਕੁਸ਼ਤੀ ਦੇ ਖੇਤਰ 'ਚ ਯੋਗਦਾਨ ਪਾਉਣ ਵਾਲੀਆਂ ਚਾਰ ਸ਼ਖਸ਼ੀਅਤਾਂ ਰਸ਼ਪਾਲ ਸਿੰਘ ਸ਼ੀਰਾ ਅਟਵਾਲ ਸ਼ੰਮੀਪੁਰੀਆ, ਪਹਿਲਵਾਨ ਬੁੱਧ ਸਿੰਘ, ਲਖਵੀਰ ਸਿੰਘ ਲੱਖਾ ਜੌਹਲ ਤੇ ਕੁਲਵਿੰਦਰ ਸਿੰਘ ਪੱਤੜ ਨੂੰ ਮੇਜ਼ਬਾਨ ਕਲੱਬ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਚੈਪੀਅਨਸ਼ਿਪ ਦਾ ਉਦਘਾਟਨ ਐਸ. ਡੀ. ਐਮ. ਅਨੰਦਪੁਰ ਸਾਹਿਬ ਜਸਪਾਲ ਸਿੰਘ ਨੇ ਕੀਤਾ। ਖਿਡਾਰੀਆਂ ਨੇ ਮਾਰ ਪਾਸਟ ਰਾਹੀਂ ਸਲਾਮੀ ਦਿੱਤੀ ਅਤੇ ਅਰਦਾਸ ਉਪਰੰਤ ਮੈਚਾਂ ਦੀ ਸ਼ੁਰੂਆਤ ਹੋਈ। ਆਖਰੀ ਦਿਨ ਸਾਬਕਾ ਕਬੱਡੀ ਖਿਡਾਰੀ ਤੇ ਮੌਜੂਦਾ ਵਿਧਾਇਕ ਗੁਰਲਾਲ ਘਨੌਰ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ। ਇਸ ਦੋ ਰੋਜ਼ਾ ਚੈਪੀਅਨਸ਼ਿਪ ਦੌਰਾਨ ਹਜ਼ਾਰਾਂ ਦਰਸ਼ਕਾਂ ਨੇ ਉੱਚ ਕੋਟੀ ਦੀ ਕਬੱਡੀ ਦਾ ਆਨੰਦ ਮਾਣਿਆ। ਨਾਮਵਰ ਕੁਮੈਂਟੇਟਰਾਂ ਰੁਪਿੰਦਰ ਜਲਾਲ, ਸੁਰਜੀਤ ਕਕਰਾਲੀ, ਸੁੱਖਾ ਕਲਿਆਣ, ਸਤਨਾਮ ਯੈਂਗੋ, ਗੁਰਪ੍ਰੀਤ ਬੇਰ ਕਲਾਂ, ਸਤਨਾਮ ਕਲੇਰ, ਦੀਪੂ ਅਮਰਗੜ੍ਹ, ਦਿਲਸ਼ਾਦ ਈਸੀ, ਤੇਲੂ ਰਾਮ ਆਦਿ ਨੇ ਵੀ ਰੰਗ ਬੰਨਿਆ।

ਇਸ ਮੌਕੇ ਪੰਮਾ ਰਹੇੜੂ, ਸੁਰਜੀਤ ਲੱਲੀਆਂ, ਦਵਿੰਦਰ ਕਰਨਾਲ ਦੀ ਦੇਖ-ਰੇਖ 'ਚ ਹੋਏ ਕੌਮਾਂਤਰੀ ਪਹਿਲਵਾਨਾਂ ਦੇ ਕੁਸ਼ਤੀ ਮੁਕਾਬਲਿਆਂ ਲਈ 6 ਲੱਖ ਰੁਪਏ ਦਾ ਇਨਾਮ ਜਰਨੈਲ ਜੈਲਾ, ਰਾਜਵੀਰ ਸਹੋਤਾ ਤੇ ਅਮਰੀਕ ਘੁੱਦਾ ਨੇ ਦਿੱਤਾ। ਕੁਸ਼ਤੀਆਂ ਦੇ ਪਹਿਲੇ ਸੈਮੀਫਾਈਨਲ 'ਚ ਸੁਮਿਤ ਹਰਿਆਣਾ ਨੇ ਕਾਲੂ ਪੰਜਾਬ ਨੂੰ ਤੇ ਦੂਸਰੇ ਸੈਮੀਫਾਈਨਲ 'ਚ ਇਰਾਨੀ ਪਹਿਲਵਾਨ ਮਿਰਜ਼ਾ ਨੇ ਦਿਨੇਸ਼ ਨੂੰ ਹਰਾਕੇ ਫਾਈਨਲ 'ਚ ਪ੍ਰਵੇਸ਼ ਕੀਤਾ। ਫਾਈਨਲ ਮੁਕਾਬਲੇ 'ਚ ਮਿਰਜ਼ਾ ਨੇ ਸੁਮਿਤ ਨੂੰ ਹਰਾਕੇ, ਪਹਿਲਾ ਸਥਾਨ ਹਾਸਲ ਕੀਤਾ। ਦਿਨੇਸ਼ ਨੇ ਕਾਲੂ ਨੂੰ ਹਰਾਕੇ ਤੀਸਰਾ ਸਥਾਨ ਹਾਸਿਲ ਕੀਤਾ।

# ਫੇਮਸ ਪੰਜਾਬੀ ਮੇਲਾ 5 ਮਈ ਨੂੰ ਹੇਜ਼ ਵਿਖੇ ਹੋਵੇਗਾ



**ਫੇਮਸ ਪੰਜਾਬੀ ਮੇਲੇ ਦੌਰਾਨ ਹਾਜ਼ਰ ਪਤਵੰਤੇ ਕਾਰੋਬਾਰੀ ਅਤੇ ਸਹਿਯੋਗੀ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਫੇਮਸ ਪੰਜਾਬੀ ਮੇਲਾ ਇਸ ਵਾਰ 5 ਮਈ ਨੂੰ ਹੇਜ਼ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਦੇ ਸਬੰਧ ਵਿੱਚ ਮੇਲਾ ਸਹਿਯੋਗੀਆਂ ਦੀ ਇੱਕ ਅਹਿਮ ਮੀਟਿੰਗ ਹੋਈ। ਜਿਸ ਵਿੱਚ ਸਾਊਥਾਲ, ਹੇਜ਼, ਹੰਸਲੋ ਅਤੇ ਆਸ ਪਾਸ ਦੇ ਇਲਾਕਿਆਂ ਦੇ ਉਘੇ ਕਾਰੋਬਾਰੀ ਅਤੇ ਸਹਿਯੋਗੀ ਸ਼ਾਮਿਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਤਾਪ ਸਿੰਘ ਮੋਮੀ, ਸਰਬਜੀਤ ਸਿੰਘ ਗਰੇਵਾਲ, ਬਲਜਿੰਦਰ ਸਿੰਘ ਜੈਨਪੁਰੀਆ, ਕੁਲਵੰਤ ਸਿੰਘ ਚੱਠਾ, ਬਲਦੇਵ ਔਜਲਾ ਬੁਲਟ, ਇੰਦਰਜੀਤ ਲੰਡਨ, ਦਵਿੰਦਰ ਚੜਿੱਕ, ਸੰਤੋਖ ਸਿੰਘ ਢੇਸੀ, ਬਿੱਟੂ ਖੰਗੂੜਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਮੇਲੇ ਵਿੱਚ ਚੋਟੀ ਦੇ ਕਲਾਕਾਰ ਪਹੁੰਚ ਰਹੇ ਹਨ। ਜਿਸ ਲਈ ਹੁਣੇ ਤੋਂ ਤਿਆਰੀਆਂ ਕੀਤੀਆਂ ਜਾ ਰਹੀਆਂ। ਮੀਟਿੰਗ ਦੌਰਾਨ ਹਾਜ਼ਰ ਮੈਂਬਰਾਂ ਅਤੇ ਸਹਿਯੋਗੀਆਂ ਦੇ ਭਰਪੂਰ ਸਹਿਯੋਗ ਦਾ ਭਰੋਸਾ ਦਿੱਤਾ ਅਤੇ ਮੌਕੇ ਤੇ ਹੀ ਵੱਡੀ ਆਰਥਿਕ ਮਦਦ ਦਾ ਐਲਾਨ ਕੀਤਾ। ਸਹਿਯੋਗ ਦੀ ਆਰੰਭਤਾ ਸਭ ਤੋਂ ਪਹਿਲਾਂ ਜੇ ਪੀ ਨੇ ਕੀਤੀ।



**ਅਨੰਦਪੁਰ ਸਪੋਰਟਸ ਕਲੱਬ ਯੂ ਕੇ ਵੱਲੋਂ ਕਬੱਡੀ ਖਿਡਾਰੀ ਮੱਖਣ ਮੱਖੀ ਦਾ ਵਧੀਆ ਪ੍ਰਦਰਸ਼ਨ ਕਰਨ ਤੇ 2 ਲੱਖ ਰੁਪਏ ਨਾਲ ਸਰਬੋਤਮ ਖਿਡਾਰੀ ਪੁਰਸਕਾਰ ਨਾਲ ਸਨਮਾਨਿਤ**

# ਗੁਰੂ ਨਾਨਕ ਸਿੱਖ ਅਕੈਡਮੀ ਹੇਜ਼ ਦੇ ਬੱਚਿਆਂ ਵੱਲੋਂ "ਦਰਬਾਰ" ਸਿੱਖ ਰਾਜ ਦੀ ਸਫ਼ਲ ਪੇਸ਼ਕਾਰੀ


ਦਰਬਾਰ ਸਮਾਗਮ ਵਿੱਚ ਹਿੱਸਾ ਲੈਣ ਵਾਲੇ ਬੱਚੇ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਪਹਿਲੇ ਸਿੱਖ ਸਕੂਲ ਗੁਰੂ ਨਾਨਕ ਸਿੱਖ ਅਕੈਡਮੀ ਹੇਜ਼ ਵਿਖੇ ਬੱਚਿਆਂ ਵੱਲੋਂ ਕੀਤੇ ਜਾਂਦੇ ਸਾਲਾਨਾ ਸਮਾਗਮ ਮੌਕੇ ਸਿੱਖ ਰਾਜ ਦੇ ਵਿਰਾਸਤੀ ਅਤੇ ਇਤਿਹਾਸਕ ਹਾਲਾਤਾਂ ਨੂੰ ਪੇਸ਼ ਕਰਦਾ ਸਮਾਗਮ ਦਰਬਾਰ ਕਰਵਾਇਆ ਗਿਆ। ਪੰਜਾਬੀ ਅਤੇ ਅੰਗਰੇਜ਼ੀ ਦੇ ਸੁਮੇਲ ਦੀਆਂ ਪੇਸ਼ਕਾਰੀਆਂ ਵਿੱਚ ਪ੍ਰਾਇਮਰੀ ਸਕੂਲ ਦੇ ਬੱਚਿਆਂ ਤੋਂ ਲੈ ਕੇ ਸਕੈਂਡਰੀ ਸਕੂਲ ਦੇ ਬੱਚਿਆਂ ਤੱਕ ਨੇ ਹਿੱਸਾ ਲਿਆ। ਇਹਨਾਂ ਬੱਚਿਆਂ ਵੱਲੋਂ ਮਹਾਰਾਜਾ ਰਣਜੀਤ ਸਿੰਘ ਵੱਲੋਂ ਆਪਣੀ ਪਰਜਾ ਲਈ ਕੀਤੇ ਲੋਕ ਭਲਾਈ ਕੰਮਾਂ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਸਿੱਖ ਤੋਂ ਦੂਰ ਕਰਨ ਅਤੇ ਮੁੜ ਸਿੱਖੀ ਵਿੱਚ ਸ਼ਾਮਿਲ ਹੋਣ ਤੱਕ ਦੇ ਹਾਲਾਤਾਂ ਨੂੰ ਬਾਖੂਬੀ ਬਿਆਨਿਆ ਗਿਆ।**

ਗੱਤਕਾ, ਗਿੱਧਾ ਅਤੇ ਭੰਗੜਾ ਵੀ ਸਮਾਗਮ ਦਾ ਮੁੱਖ ਹਿੱਸਾ ਰਹੇ। ਅਕੈਡਮੀ ਦੇ ਮੁੱਖ ਅਧਿਆਪਕ ਪ੍ਰਿੰਸੀਪਲ ਜਸਕਮਲ ਸਿੰਘ ਸਿੱਧੂ ਨੇ ਕਿਹਾ ਕਿ ਉਹ ਚਾਹੁੰਦੇ ਸਨ ਕਿ ਸਿੱਖ ਰਾਜ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਦੱਸਿਆ ਜਾਵੇ ਅਤੇ ਬੱਚੇ ਸਿੱਖ ਰਾਜ ਦਾ ਸੁਨੇਹਾ ਦੇਣ ਵਿੱਚ ਸਫ਼ਲ ਰਹੇ ਹਨ। ਐਮ ਪੀ ਜੌਹਨ ਮੈਕਡਾਨਲ ਨੇ ਕਿਹਾ ਕਿ ਖਾਲਸਾ ਰਾਜ ਦੀ ਵਿਰਾਸਤੀ ਇਤਿਹਾਸ ਨੂੰ ਬੱਚਿਆਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ। ਡਾ: ਗੁਰਦੀਪ ਸਿੰਘ ਜਗਬੀਰ, ਟਰੱਸਟੀ ਸੁਖਦੀਪ ਸਿੰਘ ਰੰਧਾਵਾ, ਅਰੁਣ ਠਾਕੁਰ ਨੇ ਪੇਸ਼ਕਾਰੀ ਕਰਨ ਵਾਲੇ ਬੱਚਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਇਸ ਮੌਕੇ ਵੱਡੀ ਗਿਣਤੀ ਵਿੱਚ ਸਕੂਲ ਦੇ ਬੱਚੇ ਅਤੇ ਉਹਨਾਂ ਦੇ ਮਾਪੇ ਹਾਜ਼ਰ ਸਨ।

# ਵੌਇਸ ਆਫ ਵੂਮੈਨ ਦੀ ਮੁੱਖ ਸੰਚਾਲਕਾ ਸੁਰਿੰਦਰ ਕੌਰ ਦਾ ਬਰਤਾਨਵੀ ਸੰਸਦ ਵਿੱਚ "ਪ੍ਰੇਰਣਾ ਪੁਰਸਕਾਰ 2024" ਨਾਲ ਸਨਮਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਮਹਿਲਾਵਾਂ ਲਈ ਅਤੇ ਖਾਸ ਤੌਰ ਤੇ ਭਾਰਤੀ ਮੂਲ ਦੀਆਂ ਮਹਿਲਾਵਾਂ ਦੇ ਹੱਕਾਂ ਅਤੇ ਉਹਨਾਂ ਲਈ ਲੰਮੇਂ ਸਮੇਂ ਤੋਂ ਕੰਮ ਕਰ ਰਹੀ ਵੌਇਸ ਆਫ ਵੂਮੈਨ ਦੀ ਮੁੱਖ ਸੰਚਾਲਕਾ ਬੀਬੀ ਸੁਰਿੰਦਰ ਕੌਰ ਦਾ ਬਰਤਾਨਵੀ ਸੰਸਦ ਵਿੱਚ ਪ੍ਰੇਰਣਾ ਪੁਰਸਕਾਰ 2024 ਨਾਲ ਸਨਮਾਨ ਕੀਤਾ ਗਿਆ। ਇੰਸਪਾਇਰਿੰਗ ਇੰਡੀਅਨ ਵੂਮੈਨ ਵੱਲੋਂ ਕਰਵਾਏ ਗਏ ਸਮਾਗਮ ਦੌਰਾਨ


ਸੁਰਿੰਦਰ ਕੌਰ

ਬੀਬੀ ਸੁਰਿੰਦਰ ਕੌਰ ਦੀਆਂ ਸਮਾਜਿਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਐਮ ਪੀ ਬੌਬ ਬਲੈਕਮੈਨ ਵੱਲੋਂ ਦਿੱਤਾ ਗਿਆ। ਸੁਰਿੰਦਰ ਕੌਰ ਨੇ ਧੰਨਵਾਦ ਕਰਦਿਆਂ ਕਿਹਾ ਕਿ ਖੁਸ਼ੀ ਹੈ ਕਿ ਵੌਇਸ ਆਫ ਵੂਮੈਨ ਵੱਲੋਂ ਕੀਤੇ ਜਾਂਦੇ ਕੰਮਾਂ ਨੂੰ ਸੰਸਦ ਵਿੱਚ ਮਾਨਤਾ ਦਿੱਤੀ ਗਈ ਹੈ। ਉਹਨਾਂ ਬੀਬੀ ਕੁਲਵੰਤ ਕੌਰ ਢਿਲੋਂ ਦਾ ਵੀ ਸਨਮਾਨ ਪ੍ਰਾਪਤ ਕਰਨ ਲਈ ਧੰਨਵਾਦ ਕੀਤਾ।

# ਖਾਲਸਾ ਸਾਜਨਾ ਦਿਵਸ ਸਬੰਧੀ ਸਾਊਥਾਲ 'ਚ ਨਗਰ ਕੀਰਤਨ 7 ਅਪ੍ਰੈਲ ਨੂੰ




ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵੱਲੋਂ ਖਾਲਸਾ ਪੰਥ ਦੇ ਸਾਜਣਾ ਦਿਵਸ ਦੇ ਸਬੰਧ ਵਿੱਚ ਨਗਰ ਕੀਰਤਨ 7 ਅਪ੍ਰੈਲ ਦਿਨ ਐਤਵਾਰ ਨੂੰ ਸਜਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰੂ ਘਰ ਦੇ ਜਨਰਲ ਸਕੱਤਰ ਹਰਮੀਤ ਸਿੰਘ ਗਿੱਲ ਨੇ ਦੱਸਿਆ ਕਿ ਨਗਰ ਕੀਰਤਨ ਦੀ ਆਰੰਭਤਾ ਸਵੇਰੇ 11:00 ਵਜੇ ਗੁਰਦੁਆਰਾ ਗੁਰੂ ਨਾਨਕ ਰੋਡ ਤੋਂ ਹੋਵੇਗੀ, ਜੋ ਕਿੰਗ ਸਟਰੀਟ, ਸਾਊਥ ਰੋਡ, ਅਕਸਬ੍ਰਿਜ ਰੋਡ, ਗਰੀਨ ਡਰਾਇਵ ਤੋਂ ਹੁੰਦਾ ਹੋਇਆ, ਗੁਰਦੁਆਰਾ ਪਾਰਕ ਐਵੇਨਿਊ ਵਿਖੇ ਸਮਾਪਤ ਹੋਵੇਗਾ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਪੀਲ ਕੀਤੀ ਹੈ ਕਿ ਇਸ ਮੌਕੇ ਲੰਗਰਾਂ ਦੇ ਸਟਾਲ ਲਗਾਉਣ ਵਾਲੇ ਸੇਵਾਦਾਰਾਂ ਸੁਰੱਖਿਆ ਦਾ ਪੂਰਾ ਖਿਆਲ ਰੱਖਣ ਅਤੇ ਲੋੜੀਂਦੀਆਂ ਸੁਰੱਖਿਆ ਕਿੱਟਾਂ ਕੋਲ ਰੱਖਣ।

# ਕੈਨੇਡਾ ਦੀ ਪਾਰਲੀਮੈਂਟ ਵਿੱਚ ਭਾਰਤ ਵਿਰੋਧੀ ਮਤਾ ਆਇਆ

ਔਟਵਾ : ਕੈਨੇਡਾ ਦੇ ਇੱਕ ਸੰਸਦ ਮੈਂਬਰ ਨੇ ਇੱਕ ਨਿੱਜੀ ਮਤਾ ਪੇਸ਼ ਕੀਤਾ ਹੈ, ਜਿਸ ਤਹਿਤ ਇਹ ਦੋਸ਼ ਲਾਇਆ ਗਿਆ ਹੈ ਕਿ ਭਾਰਤ ਉਥੋਂ ਦੇ ਸਿਸਟਮ ਵਿੱਚ ਦਖਲਅੰਦਾਜ਼ੀ ਕਰ ਰਿਹਾ ਹੈ। ਇਹ ਪ੍ਰਸਤਾਵ ਪੀਐਮ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੇ ਸੰਸਦ ਮੈਂਬਰ ਸੁੱਖ ਧਾਲੀਵਾਲ ਨੇ ਪੇਸ਼ ਕੀਤਾ ਹੈ ਅਤੇ ਇਸ ਕਾਰਨ ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਹੋਰ ਵਿਗੜ ਸਕਦੇ ਹਨ। ਇਹ ਪ੍ਰਸਤਾਵ 12 ਫਰਵਰੀ ਨੂੰ ਪੇਸ਼ ਕੀਤਾ ਗਿਆ ਸੀ, ਜਿਸ ਨੂੰ 6 ਹੋਰ ਭਾਰਤੀ ਮੂਲ ਦੇ ਕੈਨੇਡੀਅਨ ਸੰਸਦ ਮੈਂਬਰਾਂ ਨੇ ਸਮਰਥਨ ਦਿੱਤਾ ਹੈ। ਇਸ ਮਤੇ ਵਿਚ ਕਿਹਾ ਗਿਆ ਹੈ, 'ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦਾ ਦੇਸ਼ ਅੰਦਰ ਇਕ ਧਾਰਮਿਕ ਸਥਾਨ 'ਤੇ ਕਤਲ ਕਰ ਦਿੱਤਾ ਗਿਆ। ਇਸ ਵਿੱਚ ਭਾਰਤ ਸਰਕਾਰ ਦੇ ਏਜੰਟਾਂ ਦਾ ਹੱਥ ਸਾਹਮਣੇ ਆਇਆ ਸੀ।


## VACANCIES
## JSR CONTRACTS LTD.

**ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**CONSTRUCTION BUILDERS REQUIRED ON VARIOUS SITES IN UK**

**Job Type: 5319 Construction & building trades not elsewhere classified**

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

Person must have CSCS, CCDO, IPAF, Driving Licence, IPAF, SSSTS, Asbestos Awareness and Manual Handling.
Overseas candidates must do UK construction industry standard qualifications on arrival and before joining the job.

**Contact Mr. Randhawa via email below:**
**Email: jsrcontractslimited@gmail.com**

# ਛੋਟੇ ਸ਼ੁੱਭਦੀਪ ਮਾਮਲੇ ਵਿਚ ਪਰਿਵਾਰ 'ਤੇ ਨਹੀਂ ਹੋਵੇਗੀ ਕੋਈ ਕਾਰਵਾਈ

## ਆਈਵੀਐਫ ਟ੍ਰੀਟਮੈਂਟ ਇਥੇ ਨਹੀਂ, ਵਿਦੇਸ਼ ਵਿਚ ਕਰਵਾਇਆ



ਛੋਟੇ ਸ਼ੁੱਭਦੀਪ ਦੇ ਆਈਵੀਐਫ ਨੂੰ ਲੈ ਕੇ ਪਰਿਵਾਰ 'ਤੇ ਹੁਣ ਕੋਈ ਕਾਰਵਾਈ ਨਹੀਂ ਹੋਵੇਗੀ। ਮੂਸੇਵਾਲਾ ਦੀ ਮਾਂ ਚਰਨ ਕੌਰ ਨੇ ਭਾਰਤ ਵਿਚ ਸਿਰਫ ਬੱਚੇ ਨੂੰ ਜਨਮ ਦਿਨਾ ਹੈ। ਆਈਵੀਐਫ ਟ੍ਰੀਟਮੈਂਟ ਇਥੇ ਨਹੀਂ, ਵਿਦੇਸ਼ ਵਿਚ ਕਰਵਾਇਆ ਹੈ। ਬੱਚੇ ਦੀ ਡਲਿਵਰੀ ਰੋਕੀ ਨਹੀਂ ਜਾ ਸਕਦੀ ਤੇ ਕੋਈ ਵੀ ਹੈਲਥ ਸੈਂਟਰ ਬੱਚੇ ਦੀ ਡਲਿਵਰੀ ਕਰਵਾ ਸਕਦਾ ਹੈ। ਅਜਿਹੇ ਵਿਚ ਚਰਨ ਕੌਰ ਤੋਂ ਸਿਹਤ ਵਿਭਾਗ ਵੱਲੋਂ ਆਈਵੀਐਫ ਸਬੰਧੀ ਮੰਗੇ ਗਏ ਜਵਾਬ ਤੇ ਕਾਰਵਾਈ ਨੂੰ ਲੈ ਕੇ ਸਿਹਤ ਵਿਭਾਗ ਨੇ ਰੋਕ ਲਗਾ ਦਿੱਤੀ ਹੈ। ਦੱਸ ਦੇਈਏ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਿਹਤ ਸਕੱਤਰ ਵੱਲੋਂ ਬਲਕਾਰ ਸਿੰਘ ਤੋਂ ਆਈਵੀਐਫ ਨੂੰ ਲੈ ਕੇ ਜਵਾਬ ਮੰਗਣ 'ਤੇ ਇਤਰਾਜ਼ ਪ੍ਰਗਟਾਇਆ ਸੀ ਤੇ 2 ਹਫਤੇ ਦੇ ਅੰਦਰ ਮਾਮਲੇ ਵਿਚ ਜਵਾਬ ਦੇਣ ਨੂੰ ਕਿਹਾ ਸੀ। ਪਹਿਲਾਂ ਸਿਹਤ ਵਿਭਾਗ ਆਈਵੀਐਫ ਕਰਨ ਵਾਲੇ ਹਸਪਤਾਲ ਨੂੰ ਲੈ ਕੇ ਜਾਂਚ ਕਰਨ ਵਾਲਾ ਸੀ ਪਰ ਮੁੱਖ ਮੰਤਰੀ ਵੱਲੋਂ ਪ੍ਰਗਟਾਏ ਗਏ ਇਤਰਾਜ਼ ਦੇ ਬਾਅਦ ਸਿਹਤ ਵਿਭਾਗ ਨੇ ਚੁੱਪੀ ਸਾਧ ਲਈ ਹੈ ਤੇ ਜਾਂਚ ਤੋਂ ਹੱਥ ਪਿੱਛੇ ਖਿੱਚ ਲਏ ਹਨ।

Are you a 'can I borrow your specs' -er?

Maybe it's time for an eye test
**Book online at specsavers.co.uk**

Specsavers

# ਇੰਗਲੈਂਡ ਫੇਰੀ ਤੇ ਆਏ ਬੀਬੀ ਜਗੀਰ ਕੌਰ ਨੇ ਅਕਾਲੀ -ਭਾਜਪਾ ਗਠਜੋੜ ਨਾ ਹੋ ਸਕਣ ਦੇ ਦੱਸੇ ਅਸਲ ਕਾਰਨ

## *ਸ਼੍ਰੋਮਣੀ ਅਕਾਲੀ ਦਲ ਸਿਧਾਂਤਾਂ ਤੇ ਪਹਿਰਾ ਦੇਣ ਵਾਲੀ ਪਾਰਟੀ *ਗੁਰੂ ਮਹਾਰਾਜ ਜੀ ਦੀ ਹਜ਼ੂਰੀ ਚ ਐਲਾਨ ਕਰਕੇ ਮੁਕਰਨ ਵਾਲਿਆਂ ਨਾਲ ਨਹੀਂ ਰਲ ਸਕਦੇ ਵਿਚਾਰ-ਬੀਬੀ ਜਗੀਰ ਕੌਰ

ਲੈਸਟਰ -(ਸੁਖਜਿੰਦਰ ਸਿੰਘ ਢੱਡੇ)-ਇੱਕ ਹਫ਼ਤੇ ਦੀ ਇੰਗਲੈਂਡ ਦੀ ਨਿੱਜੀ ਫੇਰੀ ਤੇ ਆਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬੀਬੀ ਜਗੀਰ ਕੌਰ ਨੇ ਜ ਲੈਸਟਰ ਚ ਵਿਸ਼ੇਸ਼ ਗੱਲਬਾਤ ਕਰਦਿਆਂ ਅਕਾਲੀ -ਭਾਜਪਾ ਗਠਜੋੜ ਨਾ ਹੋਣ ਦੇ ਅਸਲ ਕਾਰਨ ਦੱਸਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਸਿਧਾਂਤਾਂ ਤੇ ਪਹਿਰਾ ਦੇਣ ਵਾਲੀ ਸਿੱਖਾਂ ਦੀ ਸਿਰਮੌਰ ਸਿਆਸੀ ਜਮਾਤ ਹੈ। ਉਨ੍ਹਾਂ ਕਿਹਾ ਕਿ ਕੁਝ ਸਮਾਂ ਪਹਿਲਾਂ ਪੰਜਾਬ ਚ ਅਕਾਲੀ ਸਰਕਾਰ ਮੌਕੇ ਪੰਜਾਬ ਦੇ ਭਲੇ ਲਈ, ਪੰਜਾਬ ਦੇ ਰੁਕੇ ਵਿਕਾਸ ਕਾਰਜ ਕਰਵਾਉਣ ਲਈ ਉਸ ਵੇਲੇ ਦੀ ਕੇਂਦਰ ਵਿਚਲੀ ਭਾਜਪਾ ਸਰਕਾਰ ਨਾਲ ਸਮਝੌਤਾ ਕਰਨਾ ਪਿਆ ਅਤੇ ਉਸ ਵੇਲੇ ਪੰਜਾਬ ਚ ਬਹੁਤ ਸਾਰੇ ਵਿਕਾਸ ਕਾਰਜ ਜਿਨ੍ਹਾਂ ਚ ਕਰਤਾਰਪੁਰ ਸਾਹਿਬ ਜੀ ਦਾ ਲਾਂਘਾਂ ਖਲਵਾਉਣਾ, 84 ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀ ਸੱਜਣ ਕੁਮਾਰ ਨੂੰ ਸਜ਼ਾ ਦਿਵਾਉਣ ਸਮੇਤ ਹੋਰ ਬਹੁਤ ਸਾਰੇ ਵਿਕਾਸ



ਬੀਬੀ ਜਗੀਰ ਕੌਰ ਦਾ ਸਨਮਾਨ ਕਰਦੇ ਹੋਏ ਰਾਜਮਨਵਿੰਦਰ ਸਿੰਘ ਰਾਜਾ ਕੰਗ, ਹਰਦਿਆਲ ਸਿੰਘ ਸੰਘੇੜਾ, ਅਮਰੀਕ ਸਿੰਘ ਗਿੱਲ ਅਤੇ ਹੋਰ

ਕਾਰਜ ਕਰਵਾਏ। ਪ੍ਰੰਤੂ ਬਾਅਦ 'ਚ ਕਿਸਾਨਾਂ ਦੀਆਂ ਹੱਕੀ ਮੰਗਾਂ ਨਾ ਮੰਨਣ ਕਰਕੇ ਅਕਾਲੀ ਦਲ ਨੇ ਭਾਜਪਾ ਨਾਲੋਂ ਗਠਜੋੜ ਤੋੜ ਲਿਆ। ਬੀਬੀ ਜਗੀਰ ਕੌਰ ਨੇ ਦੱਸਿਆ ਕਿ ਕਰਤਾਰਪੁਰ ਸਾਹਿਬ ਜੀ ਦਾ ਲਾਂਘਾਂ ਖੋਲ੍ਹਣ ਵੇਲੇ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਚ ਭਾਈ ਰਾਜੋਆਣਾ ਦੀ ਫਾਂਸੀ ਰੱਦ ਕਰਨ ਸਮੇਤ ਬੰਦੀ ਸਿੰਘਾਂ ਦੀ ਰਿਹਾਈ, ਕਿਸਾਨਾਂ ਦੀਆਂ ਮੰਗਾਂ, ਪਾਣੀਆਂ ਦਾ ਮਸਲਾ ਹੱਲ ਕਰਨ ਸਮੇਤ ਹੋਰ ਬਹੁਤ ਸਾਰੇ ਪੰਜਾਬ ਦੇ ਮਸਲੇ ਹੱਲ ਕਰਨ ਦਾ ਐਲਾਨ ਕੀਤਾ ਸੀ,ਜੋ ਕੇਂਦਰ ਸਰਕਾਰ ਵੱਲੋਂ ਅੱਜ ਤੱਕ ਪੂਰਾ ਨਹੀਂ ਕੀਤਾ ਗਿਆ। ਕਿਸਾਨਾਂ ਤੇ ਕੇਂਦਰ ਵਿਚਲੀ ਭਾਜਪਾ ਸਰਕਾਰ ਵੱਲੋਂ ਹੁਣ ਤੱਕ ਤਸ਼ੱਦਦ ਕੀਤਾ ਜਾ ਰਿਹਾ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਇਹੀ ਅਕਾਲੀ -ਭਾਜਪਾ ਗਠਜੋੜ ਨਾ ਹੋ ਸਕਣ ਦੇ ਅਸਲ ਕਾਰਨ ਰਹੇ ਹਨ। ਬੀਬੀ ਜਗੀਰ ਕੌਰ ਨੇ ਕਿਹਾ ਕਿ ਪੰਜਾਬ ਚ ਸ਼੍ਰੋਮਣੀ ਅਕਾਲੀ ਦਲ ਆਪਣੇ ਬਲਬੂਤੇ ਤੇ ਲੋਕ ਸਭਾ ਚੋਣਾਂ ਲੜੇਗਾ ਅਤੇ ਸ਼ਾਨਦਾਰ ਜਿੱਤ ਪ੍ਰਾਪਤ ਕਰੇਗਾ।ਲੋਕ ਸਭਾ ਚੋਣ ਲੜਣ ਬਾਰੇ ਪੁੱਛੇ ਸਵਾਲ ਜਵਾਬ ਚ ਉਨ੍ਹਾਂ ਕਿਹਾ ਕਿ ਮੇਰਾ ਲੋਕ ਸਭਾ ਚੋਣ ਲੜਣ ਦਾ ਕੋਈ ਵਿਚਾਰ ਨਹੀਂ ਹੈ, ਪ੍ਰੰਤੂ ਪਾਰਟੀ ਜਦੋਂ ਵੀ ਹੁਕਮ ਲਾਵੇਗੀ, ਮੈਨੂੰ ਪ੍ਰਵਾਨ ਹੋਵੇਗਾ।ਇਸ ਮੌਕੇ ਤੇ ਪੰਜਾਬ ਤੋਂ ਆਏਂ ਸੀਨੀਅਰ ਅਕਾਲੀ ਆਗੂ ਅਤੇ ਬੀਬੀ ਜਗੀਰ ਕੌਰ ਜੀ ਦੇ ਦਾਮਾਦ ਯੁਵਰਾਜ ਸਿੰਘ, ਸ੍ਰੀ ਆਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਦੇ ਸਪੁੱਤਰ ਮੋਹਦੀਪ ਸਿੰਘ, ਗੁਰਦੁਵਾਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਪ੍ਰਧਾਨ ਰਾਜਮਨਵਿੰਦਰ ਸਿੰਘ ਰਾਜਾ ਕੰਗ, ਹਰਦਿਆਲ ਸਿੰਘ ਸੰਘੇੜਾ, ਵਿਕਰਮ ਸਿੰਘ ਰੰਧਾਵਾ, ਅਮਰੀਕ ਸਿੰਘ ਗਿੱਲ, ਮੁਖਤਿਆਰ ਸਿੰਘ ਝੰਡੇਰ, ਜਸਵਿੰਦਰ ਸਿੰਘ ਸੰਧੂ, ਸੰਨੀ ਚੋਪੜਾ, ਸੁਰਿੰਦਰਪਾਲ ਸਿੰਘ, ਜੱਸ ਸੰਧੂ, ਸੇਵਾ ਸਿੰਘ ਸਮੇਤ ਵੱਡੀ ਗਿਣਤੀ ਚ ਆਗੂ ਹਾਜ਼ਿਰ ਸਨ।ਇਸ ਮੌਕੇ ਤੇ ਉਕਤ ਆਗੂਆਂ ਵੱਲੋਂ ਬੀਬੀ ਜਗੀਰ ਕੌਰ ਦਾ ਵਿਸ਼ੇਸ਼ ਤੌਰ ਤੇ ਸਨਮਾਨ ਵੀ ਕੀਤਾ ਗਿਆ।

# ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਜ਼ਬੂਤ ਕਰਨ - ਬੀਬੀ ਜਗੀਰ ਕੌਰ



ਬੀਬੀ ਜਗੀਰ ਕੌਰ ਦਾ ਸਨਮਾਨ ਕਰਦੇ ਹੋਏ ਗੁਰਦੁਆਰਾ ਪ੍ਰਬੰਧਕ ਅਤੇ ਸਿੱਖ ਆਗੂਆਂ ਨਾਲ ਬੀਬੀ ਜਗੀਰ ਕੌਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਨੇਤਾ ਬੀਬੀ ਜਗੀਰ ਕੌਰ ਇਹਨੀ ਦਿਨੀ ਇੰਗਲੈਂਡ ਦੌਰੇ 'ਤੇ ਹਨ। ਇੰਗਲੈਂਡ ਫੇਰੀ ਦੌਰਾਨ ਉਹਨਾਂ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪਾਰਕ ਐਵੇਨਿਊ ਵਿਖੇ ਮੱਥਾ ਟੇਕਿਆ ਅਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਨੁਮਾਈ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਜੇ ਸਾਡੀ ਧਾਰਮਿਕ ਸੰਸਥਾ ਮਜ਼ਬੂਤ ਹੋਵੇਗੀ ਤਾਂ ਸ਼੍ਰੋਮਣੀ ਅਕਾਲੀ ਦਲ ਖੁਦ ਬ ਖੁਦ ਮਜ਼ਬੂਤ ਰਹੇਗਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੀਤ ਪ੍ਰਧਾਨ ਕੁਲਵੰਤ ਸਿੰਘ ਭਿੰਡਰ, ਬੀਬੀ ਤੇਜ ਕੌਰ ਗਰੇਵਾਲ, ਸਟੇਜ ਸਕੱਤਰ ਮਨਜੀਤ ਸਿੰਘ, ਹਰਬੰਸ ਸਿੰਘ ਕਲਸੀ ਆਦਿ ਨੇ ਬੀਬੀ ਜਗੀਰ ਕੌਰ ਦਾ ਸਰੋਪਾਓ ਨਾਲ ਸਨਮਾਨ ਕੀਤਾ। ਇਸ ਮੌਕੇ ਰਵਿੰਦਰ ਸਿੰਘ, ਨਰਪਿੰਦਰ ਕੌਰ ਮਾਨ, ਸੁਰਿੰਦਰ ਸਿੰਘ ਔਜਲਾ, ਬਲਵਿੰਦਰ ਸਿੰਘ ਪੱਟੀ ਆਦਿ ਹਾਜ਼ਰ ਸਨ। ਉਪਰੰਤ ਬੀਬੀ ਜਗੀਰ ਕੌਰ ਨੇ ਸਿੱਖ ਆਗੂਆਂ ਨਾਲ ਵੀ ਮੁਲਾਕਾਤ ਕੀਤੀ ਜਿਸ ਵਿੱਚ ਸ: ਹਰਜੀਤ ਸਿੰਘ ਸਰਪੰਚ, ਸੁਲੱਖਣ ਸਿੰਘ ਆਦਿ ਹਾਜ਼ਰ ਸਨ। ਸਿੱਖ ਆਗੂਆਂ ਨਾਲ ਪੰਜਾਬ ਦੇ ਮੌਜੂਦਾ ਹਾਲਾਤਾਂ ਅਤੇ ਸਿੱਖ ਕੌਮ ਨੂੰ ਆ ਰਹੀਆਂ ਚਣੌਤੀਆਂ ਬਾਰੇ ਵਿਚਾਰ ਚਰਚਾ ਕੀਤੀ।

# ਉੱਘੇ ਕਾਰੋਬਾਰੀ ਜਤਿੰਦਰਪਾਲ ਸਿੰਘ ਖਾਸਰੀਆ (ਜੇ ਪੀ) ਦੇ ਗ੍ਰਹਿ ਵਿਖੇ ਬੀਬੀ ਜਗੀਰ ਕੌਰ ਦਾ ਨਿੱਘਾ ਸਵਾਗਤ



ਬੀਬੀ ਜਗੀਰ ਕੌਰ ਦਾ ਸਵਾਗਤ ਕਰਦੇ ਹੋਏ ਜੇ ਪੀ ਅਤੇ ਉਹਨਾਂ ਦਾ ਪ੍ਰੀਵਾਰ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਉੱਘੇ ਕਾਰੋਬਾਰੀ ਜਤਿੰਦਰਪਾਲ ਸਿੰਘ ਖਾਸਰੀਆ (ਜੇ ਪੀ) ਦੇ ਗ੍ਰਹਿ ਵਿਖੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦਾ ਪ੍ਰੀਵਾਰ ਵੱਲੋਂ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਉਹਨਾਂ ਸ੍ਰੀ ਜੇ ਪੀ ਅਤੇ ਬੀਬੀ ਜੇ ਪੀ ਨਾਲ ਵਿਚਾਰਾਂ ਦੀ ਸਾਂਝ ਪਾਈ। ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਬੀਬੀ ਜਗੀਰ ਕੌਰ ਨੇ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਆ ਕੇ ਵੱਡੀਆਂ ਮੱਲਾਂ ਮਾਰੀਆਂ ਹਨ, ਸਖ਼ਤ ਮੇਹਨਤ ਕੀਤੀ ਹੈ।**

ਉਹਨਾਂ ਕਿਹਾ ਕਿ ਮੈਂ ਵੇਖਿਆ ਹੈ ਕਿ 50-50 ਸਾਲ ਤੋਂ ਸਾਡੇ ਪ੍ਰੀਵਾਰ ਇਥੇ ਰਹਿ ਰਹੇ ਹਨ। ਜਿਹਨਾਂ ਨੇ ਕਰੜੀ ਮੇਹਨਤ ਕਰਕੇ ਆਪਣੇ ਕਾਰੋਬਾਰ ਸਥਾਪਿਤ ਕੀਤੇ ਹਨ। ਆਪਣੇ ਬੱਚਿਆਂ ਦਾ ਪਾਲਣ ਪੋਸ਼ਣ ਕੀਤਾ, ਆਪਣੇ ਧਰਮ ਅਤੇ ਵਿਰਸੇ ਦੀ ਸੰਭਾਲ ਲਈ ਹੰਭਲੇ ਮਾਰੇ ਹਨ। ਇਥੇ ਹੀ ਬਸ ਨਹੀਂ ਉਹਨਾਂ ਨੇ ਪੰਜਾਬ ਦੇ ਵਿਕਾਸ ਵਿੱਚ ਵੀ ਅਹਿਮ ਯੋਗਦਾਨ ਪਾਇਆ। ਬੀਬੀ ਜਗੀਰ ਕੌਰ ਨੇ ਅਪੀਲ ਕੀਤੀ ਕਿ ਸਿੱਖ ਭਾਈਚਾਰੇ ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਵੱਧ ਤੋਂ ਵੱਧ ਜੁੜੇ ਰਹਿਣਾ ਚਾਹੀਦਾ ਹੈ। ਮੀਰੀ ਪੀਰੀ ਦੇ ਸਿਧਾਂਤ ਨੂੰ ਕਾਇਮ ਰੱਖਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦਾ ਸਰਵਉੱਚ ਸਥਾਨ ਹੈ ਜਿਸ ਦੀ ਛਤਰ ਛਾਇਆ ਹੇਠ ਇਹਨਾਂ ਸੰਸਥਾਵਾਂ ਦੀ ਰਾਖੀ ਲਈ ਸਾਨੂੰ ਇਕੱਠੇ ਹੋ ਕੇ ਅੱਗੇ ਵੱਧਣਾ ਹੋਵੇਗਾ।

# ਅਰੁਮਾਨ ਸਿੰਘ ਦੇ ਕਤਲ ਮਾਮਲੇ ‘ਚ 5 ਦੋਸ਼ੀ ਕਰਾਰ

## ਸਿਰ ਵਿੱਚ ਕੁਹਾੜੀ ਲੱਗਣ ਨਾਲ ਹੋਈ ਮੌਤ, 40 ਤੋਂ ਵੱਧ ਸਨ ਜਖ਼ਮਾਂ ਦੇ ਨਿਸ਼ਾਨ, 4 ਹੋਰ ਲੋਕਾਂ ਦੀ ਅਜੇ ਵੀ ਤਲਾਸ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿਛਲੇ ਸਾਲ 21 ਅਗਸਤ ਨੂੰ ਸ਼੍ਰੇਅਸਬਰੀ ਦੀ ਬੈਰਵਿੱਕ ਐਵੇਨਿਊ ਵਿਖੇ ਕਤਲ ਕੀਤੇ ਡੀ ਪੀ ਡੀ ਡਰਾਇਵਰ ਅਰੁਮਾਨ ਸਿੰਘ ਦੇ ਕਤਲ ਮਾਮਲੇ ‘ਚ ਅਦਾਲਤ ਨੇ 4 ਲੋਕਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਹ ਕਤਲ ਯੋਜਨਾ ਵੱਧ ਸੀ, ਲੇਕਨ ਇਸ ਦੇ ਕਾਰਨ ਅਜੇ ਵੀ ਸ਼ਪਸ਼ਟ ਨਹੀਂ ਹੋਏ। ਅਦਾਲਤ ਵਿੱਚ ਪੋਸਟ ਮਾਰਟਮ ਕਰਨ ਵਾਲੇ ਡਾਕਟਰ ਨੇ ਦੱਸਿਆ ਗਿਆ ਕਿ ਅਰੁਮਾਨ ਸਿੰਘ ਦੀ ਮੌਤ ਸਿਰ ਵਿੱਚ ਕੁਹਾੜੀ ਲੱਗਣ ਨਾਲ ਹੋਈ ਹੈ, ਉਸ ਦੇ ਸਿਰ, ਛਾਤੀ ਅਤੇ ਸਰੀਰ ਦੇ ਵੱਖ ਵੱਖ ਹਿੱਸਿਆਂ ਤੇ 40 ਜਖ਼ਮਾਂ ਦੇ ਨਿਸ਼ਾਨ ਸਨ।


ਮ੍ਰਿਤਕ ਅਰੁਮਾਨ ਸਿੰਘ ਅਤੇ ਦੋਸ਼ੀ ਅਰਸ਼ਦੀਪ ਸਿੰਘ, ਜਗਦੀਪ ਸਿੰਘ, ਮਨਜੋਤ ਸਿੰਘ, ਸ਼ਿਵਦੀਪ ਸਿੰਘ ਅਤੇ ਸੁਖਮਨਦੀਪ ਸਿੰਘ ਦੀਆਂ ਪੁਲਿਸ ਵੱਲੋਂ ਜਾਰੀ ਤਸਵੀਰਾਂ

ਸਟੈਫੋਰਡ ਕਰਾਊਨ ਕੋਰਟ ਵਿੱਚ ਚੱਲ ਰਹੀਂ ਸੁਣਵਾਈ ਦੌਰਾਨ ਇਹ ਵੀ ਦੱਸਿਆ ਗਿਆ ਕਿ 23 ਸਾਲਾ ਅਰੁਮਾਨ ਸਿੰਘ ਤੇ ਦੋ ਗੈਂਗਾਂ ਦੇ ਲੋਕਾਂ ਨੇ ਹਮਲਾ ਕੀਤਾ ਜੋ ਚਿੱਟੀ ਮਰਸੈਡੀਜ਼ ਅਤੇ ਆਉਡੀ ਕਾਰ ਵਿੱਚ ਫਰਾਰ ਹੋ ਗਏ ਸਨ। ਅਦਾਲਤ ਵਿੱਚ ਇਹ ਵੀ ਦੱਸਿਆ ਗਿਆ ਕਿ ਆਉਡੀ ਕਾਰ ਦਾ ਪੁਲਿਸ ਨੇ ਪਿੱਛਾ ਕੀਤਾ ਅਤੇ ਸ਼ੱਕੀ ਨੂੰ ਹੈਲੀਕਾਪਟਰ ਰਾਹੀਂ ਖ਼ੂਨ ਨਾਲ ਲਿੱਬੜੀ ਕੁਹਾੜੀ ਅਤੇ ਹੋਰ ਹਥਿਆਰ ਛੁਪਾਉਂਦੇ ਵੇਖਿਆ ਸੀ। ਕਾਰ ਰੋਕੇ ਜਾਣ ‘ਤੇ ਅਰਸ਼ਦੀਪ ਸਿੰਘ ਵਾਸੀ ਟਿਪਟਨ, ਸ਼ਿਵਦੀਪ ਸਿੰਘ ਵਾਸੀ ਸਮੈਦਿਕ, ਮਨਜੋਤ ਸਿੰਘ ਵਾਸੀ ਸਮੈਦਿਕ, ਜਗਦੀਪ ਸਿੰਘ ਵਾਸੀ ਡਡਲੀ ਨੂੰ ਗ੍ਰਿਫਤਾਰ ਕਰ ਲਿਆ। ਸਟੈਫੋਰਡ ਕਰਾਉਨ ਕੋਰਟ ਵਿੱਚ 6 ਹਫਤੇ ਚੱਲੀ ਸੁਣਵਾਈ ਦੌਰਾਨ ਚਾਰੇ ਲੋਕਾਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਜਦ ਕਿ 5ਵੇਂ ਦੋਸ਼ੀ ਸੁਖਮਨਦੀਪ ਸਿੰਘ ਵਾਸੀ ਪੀਟਰਬਾਰੋ ਨੂੰ ਮੌਤ ਲਈ ਜ਼ਿੰਮੇਂਵਾਰ ਮੰਨਿਆ ਹੈ, ਕਿਉਂਕਿ ਉਸ ਨੇ ਅਰੁਮਾਨ ਸਿੰਘ ਦੇ ਡਲਿਵਰੀ ਰੂਟ ਦੀ ਸਾਰੀ ਜਾਣਕਾਰੀ ਦਿੱਤੀ ਸੀ।

ਵੈਸਟ ਮਰਸੀਆ ਪੁਲਿਸ ਜਾਂਚ ਅਧਿਕਾਰੀ ਚੀਫ ਇੰਸਪੈਕਟਰ ਮਾਰਕ ਬੈਲਾਮੀ ਨੇ ਕਿਹਾ ਕਿ ਅਰੁਮਾਨ ਸਿੰਘ ਤੇ ਹਮਲਾ ਯੋਜਨਾਵੱਧ ਸੀ, ਜਿਸ ਨੂੰ ਹਥਿਆਰਬੰਦ ਲੋਕਾਂ ਨੇ ਅੰਜਾਮ ਦਿੱਤਾ । ਜਦ ਕਿ ਪੁਲਿਸ ਇਸ ਮਾਮਲੇ ਵਿੱਚ ਹਰਪ੍ਰੀਤ ਸਿੰਘ, ਮਹਿਕਦੀਪ ਸਿੰਘ, ਹਰਵਿੰਦਰ ਸਿੰਘ ਟੁਰਨਾ ਅਤੇ ਸਹਿਜਪਾਲ ਸਿੰਘ ਦੀ ਅਜੇ ਵੀ ਤਲਾਸ਼ ਕਰ ਰਹੀ ਹੈ।

## ਕਿਸੇ ਵੀ ਖਾਲਿਸਤਾਨੀ ਦਾ ਖਾਤਾ ਜ਼ਬਤ ਕਰਨ ਦੇ ਦਾਅਵੇ ਨੂੰ ਬਰਤਾਨਵੀ ਗ੍ਰਹਿ ਵਿਭਾਗ ਨੇ ਕੀਤਾ ਖਾਰਜ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਵਿੱਚ ਖਾਲਿਸਤਾਨੀ ਸਮੱਰਥਕਾਂ ਦੇ 300 ਬੈਂਕ ਖਾਤੇ ਜ਼ਬਤ ਕਰਨ ਸਬੰਧੀ ਛਪੀਆਂ ਖ਼ਬਰਾਂ ਨੂੰ ਲੈ ਕੇ ਬਰਤਾਨਵੀ ਸਰਕਾਰ ਨੇ ਸ਼ਪਸ਼ਟ ਕੀਤਾ ਹੈ ਕਿ ਕਿਸੇ ਵੀ ਖਾਲਿਸਤਾਨੀ ਸਮਰਥਕ ਦਾ ਕੋਈ ਵੀ ਬੈਂਕ ਖਾਤਾ ਜ਼ਬਤ ਨਹੀਂ ਕੀਤਾ। ਕੁਝ ਮੀਡੀਆ ਵੱਲੋਂ ਬੀਤੇ ਦਿਨੀ ਦਾਅਵਾ ਕੀਤਾ ਗਿਆ ਸੀ ਕਿ ਖਾਲਿਸਤਾਨੀ ਸਮਰਥਕਾਂ ਦੇ 100 ਕਰੋੜ ਰੁਪਏ ਦੇ ਖਾਤੇ ਜ਼ਬਤ ਕਰ ਲਏ ਗਏ ਹਨ ਅਤੇ 5000 ਬੈਂਕ ਖਾਤਿਆਂ ਤੇ ਨਜ਼ਰ ਰੱਖੀ ਜਾ ਰਹੀ ਹੈ। ਜਦ ਕਿ ਇਕੱਲੇ ਸਿੱਖ ਫਾਰ ਜਸਟਿਸ ਦੇ ਹੀ 20 ਕਰੋੜ ਰੁਪਏ ਜ਼ਬਤ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਸੀ। ਇਕ ਖ਼ਬਰ ਵਿੱਚ ਸੁਨਕ ਸਰਕਾਰ ਵੱਲੋਂ ਖਾਲਿਸਤਾਨੀ ਹਮਾਇਤੀਆਂ ਦਾ ਨੈੱਟਵਰਕ ਤੋੜ੍ਹਨ ਲਈ ਵਿਸ਼ੇਸ਼ ਟਾਸਕ ਫੋਰਸ ਬਣਾਏ ਜਾਣ ਦਾ ਵੀ ਦਾਅਵਾ ਕੀਤਾ ਗਿਆ ਸੀ। ਟਾਈਮਜ਼ ਅਖਬਾਰ ਨੇ ਗ੍ਰਹਿ ਵਿਭਾਗ ਦੇ ਹਵਾਲੇ ਨਾਲ ਉਕਤ ਖ਼ਬਰਾਂ ਦਾ ਖੰਡਨ ਕੀਤਾ ਹੈ। ਯੂ ਕੇ ਸਰਕਾਰ ਦੇ ਇੱਕ ਅਧਿਕਾਰੀ ਨੇ ਕਿਹਾ ਹੈ ਕਿ ਬਰਤਾਨੀਆਂ ਨੂੰ ਆਪਣੇ ਵਿਭਿੰਨ ਭਾਈਚਾਰਿਆਂ ‘ਤੇ ਮਾਣ ਹੈ, ਬਰਤਾਨਵੀ ਸਿੱਖ ਸਾਡੇ ਸਮਾਜ ਦੀ ਮਜ਼ਬੂਤੀ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਯੂ ਕੇ ਵਿੱਚ ਕੱਟੜਪੰਥ ਦਾ ਕੋਈ ਵੀ ਰੂਪ ਸਵੀਕਾਰਯੋਗ ਨਹੀਂ ਹੈ। ਸਿੱਖ ਫੈਡਰੇਸ਼ਨ ਯੂ ਕੇ ਦੇ ਭਾਈ ਅਮਰੀਕ ਸਿੰਘ ਗਿੱਲ ਅਤੇ ਭਾਈ ਦਬਿੰਦਰਜੀਤ ਸਿੰਘ ਨੇ ਕਿਹਾ ਕਿ ਅਸੀਂ ਤਾਂ ਉਸੇ ਸਮੇਂ ਇਸ ਨੂੰ ਯੂ ਕੇ ਦੇ ਸੁਰੱਖਿਆ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਸੀ, ਇਹ ਗੁੰਮਰਾਹਕੁੰਨ ਗਲਤ ਖ਼ਬਰ ਸੀ, ਜਿਸ ਨੂੰ ਅਫਵਾਹ ਦੇ ਤੌਰ ਤੇ ਪ੍ਰਚਾਰਿਆ ਜਾ ਰਿਹਾ ਸੀ।

GSD
GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED
How much is your home worth ?
More properties wanted for qualified applicants
We can sell or let your properties fast
2-3 year rent guarantee schemes available
ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ ‘ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ ।
ਗਰੰਟੀ ‘ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ
EXCELLENCE AS STANDARD Supporting a greener future
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU
Guaranteed introduction service - Since 1972
CURRENTLY SEEKING MATCHES FOR THE FOLLOWING
JAT SIKH GIRLS (F) & BOYS (M) - (*with turban/beard):

| | | | | |
|---|---|---|---|---|
| 26 | 5'04" | BSc Optometry | Optometrist | Single (F) |
| 27 | 5'03" | B.A. History | Product Manager | Single (F) |
| 27 | 5'07" | M.D. | Doctor | Single (F) |
| 29 | 5'09" | LLB (Hons) | Lawyer (Solicitor) | Single (F) |
| 29 | 5'08" | DDA | Dentist | Single (F) |
| 29 | 5'04" | LLB (Hons) , LPC | Trainee Solicitor | Single (F) |
| 29 | 5'07" | ACCA | Accountant | Single (F) |
| 27 | 6'02" | Graduate | Financial Sector | Single (M) |
| 29 | 5'10"+ | MBChB | Doctor-GP Training | Single (M) |
| 29* | 6'00" | M.Pharms | Pharmacy Area Man. | Single (M) |
| 29 | 6'04" | Graduation | Business Owner | Single (M) |
| 30 | 5'11" | Graduation | Business Owner | Single (M) |

OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.
SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

### -ਮਾਮਲਾ 1992 ਦੌਰਾਨ ਬਲਵਿੰਦਰ ਸਿੰਘ ਨੂੰ ਲਾਪਤਾ ਕਰਨ ਦਾ-

# ਤਤਕਾਲੀ ਥਾਣਾ ਮੁਖੀ ਤੇ ਸਾਬਕਾ ਐਸ. ਪੀ. ਨੂੰ 10 ਸਾਲਾਂ ਦੀ ਕੈਦ ਤੇ 2 ਲੱਖ ਰੁ. ਜੁਰਮਾਨੇ ਦੀ ਸਜ਼ਾ ਸੁਣਾਈ

ਐੱਸ. ਏ. ਐੱਸ. ਨਗਰ-ਮੁਹਾਲੀ ਦੀ ਸੀਬੀਆਈ ਦੀ ਸਪੈਸ਼ਲ ਅਦਾਲਤ ਵਲੋਂ ਸਾਲ 1992 ਵਿਚ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਝਬਾਲ ਦੇ ਰਹਿਣ ਵਾਲੇ ਬਲਵਿੰਦਰ ਸਿੰਘ ਨੂੰ ਅਗਵਾ ਕਰਨ, ਨਾਜਾਇਜ਼ ਹਿਰਾਸਤ ਵਿਚ ਰੱਖਣ ਤੇ ਲਾਪਤਾ ਕਰਨ ਦੇ ਮਾਮਲੇ ਵਿਚ ਫ਼ੈਸਲਾ ਸੁਣਾਉਂਦਿਆਂ ਝਬਾਲ ਦੇ ਤਤਕਾਲੀ ਥਾਣਾ ਮੁਖੀ ਤੇ ਸਾਬਕਾ ਐਸ. ਪੀ. ਅਮਰਜੀਤ ਸਿੰਘ ਨੂੰ 10 ਸਾਲਾਂ ਦੀ ਕੈਦ ਤੇ 2 ਲੱਖ ਰੁ. ਜੁਰਮਾਨੇ ਦੀ ਸਜ਼ਾ ਸੁਣਾਈ ਗਈ। ਇਸ ਕੇਸ 'ਚ ਸੀ. ਬੀ. ਆਈ. ਵਲੋਂ ਵਕੀਲ ਜੈ ਹਿੰਦ ਅਤੇ ਅਨਮੋਲ ਨਾਰੰਗ ਅਦਾਲਤ 'ਚ ਪੇਸ਼ ਹੋਏ।

ਬਲਵਿੰਦਰ ਸਿੰਘ ਦੇ ਪਰਿਵਾਰ ਵਲੋਂ ਅਦਾਲਤ ਵਿਚ ਪੇਸ਼ ਹੋਏ ਵਕੀਲਾਂ ਸਰਬਜੀਤ ਸਿੰਘ ਵਿਰਕ, ਜਗਜੀਤ ਸਿੰਘ ਬਾਜਵਾ ਤੇ ਭੁਪਿੰਦਰ ਸਿੰਘ ਨੱਤ ਨੇ ਦੱਸਿਆ ਕਿ ਬਲਵਿੰਦਰ ਸਿੰਘ ਵਾਸੀ ਪਿੰਡ ਝਬਾਲ ਦੀ ਪਤਨੀ ਰਾਜਵੰਤ ਕੌਰ ਅਤੇ ਗੁਰਬਚਨ ਕੌਰ ਨੂੰ 4 ਅਕਤੂਬਰ 1992 ਨੂੰ ਤਤਕਾਲੀ ਡੀ. ਐਸ. ਪੀ. ਅਸ਼ੋਕ ਕੁਮਾਰ ਸ਼ਰਮਾ ਅਤੇ ਤਤਕਾਲੀ ਐਸ. ਐਚ. ਓ ਅਮਰਜੀਤ ਸਿੰਘ ਸਮੇਤ ਪੁਲਿਸ ਪਾਰਟੀ ਥਾਣਾ ਝਬਾਲ ਨੇ ਘਰੋਂ ਚੁੱਕ ਲਿਆ ਸੀ। ਉਸੇ ਦਿਨ ਰਾਜਵੰਤ ਕੌਰ ਨੂੰ ਪਿੰਡ ਝਬਾਲ ਵਿਖੇ ਵਾਪਸ ਲਿਆਂਦਾ ਗਿਆ ਅਤੇ




ਬਲਵਿੰਦਰ ਸਿੰਘ ਨੂੰ ਚੁੱਕ ਲਿਆ ਗਿਆ, ਜਦਕਿ ਗੁਰਬਚਨ ਕੌਰ ਨੂੰ 4 ਦਿਨਾਂ ਬਾਅਦ ਅਤੇ ਰਾਜਵੰਤ ਕੌਰ ਨੂੰ 8 ਦਿਨਾਂ ਬਾਅਦ ਛੱਡਿਆ ਗਿਆ, ਪਰ ਬਲਵਿੰਦਰ ਸਿੰਘ ਨੂੰ 15 ਦਿਨ ਝਬਾਲ ਥਾਣੇ ਵਿਚ ਨਾਜਾਇਜ਼ ਹਿਰਾਸਤ ਵਿਚ ਰੱਖਣ ਤੋਂ ਬਾਅਦ ਲਾਪਤਾ ਕਰ ਦਿੱਤਾ ਗਿਆ ਅਤੇ ਪਰਿਵਾਰ ਨੂੰ ਇਹ ਆਖ ਦਿੱਤਾ ਗਿਆ ਕਿ ਉਸ ਨੂੰ ਫ਼ਿਰੋਜ਼ਪੁਰ ਪੁਲਿਸ ਆਪਣੇ ਨਾਲ ਲੈ ਗਈ ਹੈ।

ਇਸ ਤੋਂ ਬਾਅਦ ਪਰਿਵਾਰ ਵਲੋਂ ਬਲਵਿੰਦਰ ਸਿੰਘ ਦੀ ਕਾਫ਼ੀ ਭਾਲ ਕੀਤੀ ਗਈ, ਪਰ ਉਸ ਦਾ ਕੋਈ ਥਹੁ-ਪਤਾ ਨਾ ਚੱਲਿਆ। ਇਸ ਤੋਂ ਬਾਅਦ ਬਲਵਿੰਦਰ ਸਿੰਘ ਦੀ ਪਤਨੀ ਨੇ ਹਾਈਕੋਰਟ ਵਿਚ ਇਕ ਪਟੀਸ਼ਨ ਵੀ ਪਾਈ ਸੀ, ਜਿਸ ਨੂੰ ਖ਼ਾਰਜ ਕਰ ਦਿੱਤਾ ਗਿਆ ਸੀ। ਫ਼ਿਰ ਸੁਪਰੀਮ ਕੋਰਟ ਵਲੋਂ ਇਕ ਅਪਰਾਧਿਕ ਰਿੱਟ ਪਟੀਸ਼ਨ ਵਿਚ 15 ਨਵੰਬਰ 1995 ਨੂੰ ਸੀ. ਬੀ. ਆਈ. ਨੂੰ ਪੰਜਾਬ ਪੁਲਿਸ ਵਲੋਂ ਵੱਡੀ ਗਿਣਤੀ ਵਿਚ ਅਣਪਛਾਤੇ ਕਹਿ ਕੇ ਸਸਕਾਰ ਕੀਤੀਆਂ ਗਈਆਂ ਲਾਸ਼ਾਂ ਦੀ ਪੜਤਾਲ ਕਰਨ ਲਈ ਕਿਹਾ ਗਿਆ ਸੀ, ਜਿਸ ਦੇ ਆਧਾਰ 'ਤੇ ਬਲਵਿੰਦਰ ਸਿੰਘ ਦੀ ਪਤਨੀ ਰਾਜਵੰਤ ਕੌਰ ਦੇ 25 ਨਵੰਬਰ 1996 ਨੂੰ ਸੀ. ਬੀ. ਆਈ. ਕੋਲ ਬਿਆਨ ਦਰਜ ਕਰਵਾਏ ਸਨ ਅਤੇ 27 ਫਰਵਰੀ 1997 ਨੂੰ ਅਸ਼ੋਕ ਕੁਮਾਰ ਸ਼ਰਮਾ ਡੀ. ਐਸ. ਪੀ. ਅਤੇ ਐਸ. ਐਚ. ਓ ਅਮਰਜੀਤ ਸਿੰਘ ਥਾਣਾ ਝਬਾਲ ਖ਼ਿਲਾਫ਼ ਸੀ. ਬੀ. ਆਈ. ਵਲੋਂ ਮਾਮਲਾ ਦਰਜ ਕੀਤਾ ਗਿਆ। ਸਾਲ 1999 ਵਿਚ ਅਦਾਲਤ ਵਿਰੋਧ ਮੁਲਜ਼ਮਾਂ ਖ਼ਿਲਾਫ਼ ਚਾਰਜਸ਼ੀਟ ਪੇਸ਼ ਕੀਤੀ ਗਈ, ਪਰ ਦੋਸ਼ੀਆਂ ਵਲੋਂ ਪਾਈਆਂ ਪਟੀਸ਼ਨਾਂ ਦੇ ਆਧਾਰ 'ਤੇ 2002 ਤੋਂ ਲੈ ਕੇ 2022 ਤੱਕ ਹਾਈਕੋਰਟ ਅਤੇ ਸੁਪਰੀਮ ਕੋਰਟ ਵਲੋਂ ਮਾਮਲੇ ਨੂੰ ਸਟੇਅ ਰੱਖਿਆ ਗਿਆ, ਪਰ ਇਹ ਪਟੀਸ਼ਨਾਂ ਬਾਅਦ ਵਿਚ ਰੱਦ ਹੋ ਗਈਆਂ, ਜਿਸ ਕਰਕੇ ਇਹ ਕੇਸ ਕਾਫ਼ੀ ਸਮੇਂ ਤੱਕ ਲੰਬਿਤ ਰਿਹਾ ਅਤੇ ਇਸ ਦੌਰਾਨ ਜ਼ਿਆਦਾਤਰ ਗਵਾਹਾਂ ਦੀ ਮੌਤ ਹੋ ਗਈ, ਜਿਸ ਕਾਰਨ 31 ਗਵਾਹਾਂ ਵਿਚੋਂ ਸਿਰਫ਼ 13 ਵਿਅਕਤੀਆਂ ਦੀਆਂ ਗਵਾਹੀਆਂ ਹੀ ਮੁਕੰਮਲ ਹੋ ਸਕੀਆਂ।

ਇਸੇ ਦੌਰਾਨ ਮੁਲਜ਼ਮ ਡੀ. ਐਸ. ਪੀ. ਅਸ਼ੋਕ ਕੁਮਾਰ ਦੀ ਵੀ ਮੌਤ ਹੋ ਗਈ। ਪੀੜਤ ਪਰਿਵਾਰ 32 ਸਾਲਾਂ ਤੱਕ ਇਨਸਾਫ਼ ਦੀ ਉਡੀਕ ਕਰਦਾ ਰਿਹਾ, ਜਦਕਿ ਦੋਸ਼ੀ ਪੁਲਿਸ ਅਧਿਕਾਰੀ ਖੁੱਲ੍ਹੇਆਮ ਘੁੰਮਦੇ ਰਹੇ ਤੇ ਐਸ਼ੋ ਆਰਾਮ ਦੀ ਜ਼ਿੰਦਗੀ ਬਤੀਤ ਕਰਦੇ ਰਹੇ।

ਅੱਜ ਕਰੀਬ 32 ਸਾਲ ਬਾਅਦ ਸੀ. ਬੀ. ਆਈ. ਦੀ ਸਪੈਸ਼ਲ ਅਦਾਲਤ ਦੀ ਜੱਜ ਮਨਜੋਤ ਕੌਰ ਵਲੋਂ ਫ਼ੈਸਲਾ ਸੁਣਾਉਂਦਿਆਂ ਤਤਕਾਲੀ ਥਾਣਾ ਮੁਖੀ ਝਬਾਲ ਅਮਰਜੀਤ ਸਿੰਘ ਤੇ ਤਤਕਾਲੀ ਡੀ. ਐਸ. ਪੀ. ਅਸ਼ੋਕ ਕੁਮਾਰ ਨੂੰ ਦੋਸ਼ੀ ਠਹਿਰਾਇਆ ਗਿਆ ਕਿਉਂਕਿ ਮਾਮਲੇ ਦੀ ਸੁਣਵਾਈ ਦੌਰਾਨ ਦੋਸ਼ੀ ਅਸ਼ੋਕ ਕੁਮਾਰ ਦੀ ਮੌਤ ਹੋ ਚੁੱਕੀ ਸੀ, ਲਿਹਾਜ਼ਾ ਉਸ ਦੀ ਕਾਰਵਾਈ ਖ਼ਤਮ ਕਰ ਦਿੱਤੀ ਗਈ, ਜਦਕਿ ਤਤਕਾਲੀ ਥਾਣਾ ਮੁਖੀ ਝਬਾਲ ਅਮਰਜੀਤ ਸਿੰਘ ਨੂੰ ਧਾਰਾ 120-ਬੀ ਅਤੇ 364 ਆਈ. ਪੀ. ਸੀ. ਤਹਿਤ 10-10 ਸਾਲਾਂ ਦੀ ਕੈਦ ਤੇ 2 ਲੱਖ ਰੁ. ਜੁਰਮਾਨੇ ਦੀ ਸਜ਼ਾ ਸੁਣਾਈ ਗਈ। ਦੋਵੇਂ ਸਜ਼ਾਵਾਂ ਇਕੱਠੀਆਂ ਚੱਲਣਗੀਆਂ। ਫ਼ਿਲਹਾਲ ਪਰਿਵਾਰ ਨੂੰ ਮੁਆਵਜ਼ਾ ਦੇਣ ਲਈ ਕੇਸ ਜ਼ਿਲ੍ਹਾ ਕਾਨੂੰਨੀ ਅਥਾਰਟੀ ਨੂੰ ਭੇਜਿਆ ਗਿਆ ਹੈ।

## ਅਵਤਾਰ ਸਿੰਘ ਗਿੱਲ ਕੰਜ਼ਰਵੇਟਿਵ ਪਾਰਟੀ ਵਲੋਂ ਸਰੀ ਫਲੀਟਵੁੱਡ ਇਲਾਕੇ ਤੋਂ ਚੋਣ ਲੜਨਗੇ

ਬਾਘਾ ਪੁਰਾਣਾ-ਪ੍ਰਸਿੱਧ ਰਿਐਲਟਰ ਤੇ ਸਕਾਟ ਰੋਡ ਸਰੀ ਦੇ ਚੀਫ ਅਫਸਰ ਅਵਤਾਰ ਸਿੰਘ ਗਿੱਲ ਨੂੰ ਬੀ. ਸੀ. ਦੀ ਕੰਜ਼ਰਵੇਟਿਵ ਪਾਰਟੀ ਨੇ ਸਰੀ ਫਲੀਟਵੁੱਡ ਇਲਾਕੇ ਤੋਂ ਚੋਣ ਮੈਦਾਨ ਵੀਚ ਉਤਾਰਿਆ ਹੈ। ਜੇਕਰ ਅਵਤਾਰ ਸਿੰਘ ਦੀ ਵਿਦੇਸ਼ 'ਚ ਰਿਹਾਇਸ਼ ਦੀ ਗੱਲ ਕਰੀਏ ਤਾਂ ਉਹ ਕਰੀਬ ਪਿਛਲੇ ਤਿੰਨ ਦਹਾਕਿਆਂ ਤੋਂ ਕੈਨੇਡਾ ਵਿਚ ਰਹਿ ਰਹੇ ਹਨ ਤੇ ਉਹ ਪਿੰਡ ਕਾਲੇਕੇ (ਬਾਘਾ ਪੁਰਾਣਾ) ਜ਼ਿਲਾ ਮੋਗਾ ਦੇ ਜੰਮਪਲ ਹਨ। ਉਹ ਪਿਛਲੇ ਲੰਮੇ ਸਮੇਂ ਤੋਂ ਕੈਨੇਡਾ ਵਿਚ ਵਾਲੰਟੀਅਰ ਕੰਮਾਂ ਰਾਹੀਂ ਕਮਿਊਨਿਟੀ ਦੀ ਸੇਵਾ ਕਰ ਰਹੇ ਹਨ।ਰਾਜਨੀਤਕ ਖ਼ੇਤਰ ਦੇ ਨਾਲ-ਨਾਲ ਸਮਾਜਿਕ ਖ਼ੇਤਰ 'ਚ ਵੀ ਅਵਤਾਰ ਸਿੰਘ ਦੀਆਂ ਵੱਡੀਆਂ ਸੇਵਾਵਾਂ ਹਨ। ਉਹ ਗੁਰੂ ਨਾਨਕ ਫਰੀ ਕਿਚਨ ਦੇ ਮੁੱਢਲੇ ਮੈਂਬਰ ਵੀ ਹਨ, ਜੋ ਕਿ ਹਰ ਹਫ਼ਤੇ ਡਾਊਨਟਾਊਨ ਵੈਨਕੂਵਰ ਵਿਚ ਲੋੜਵੰਦਾਂ ਨੂੰ ਲੰਗਰ ਛਕਾਉਂਦੇ ਹਨ, ਉਹ ਅਕਾਲ ਅਕੈਡਮੀ ਨਾਲ ਬੜੇ ਲੰਮੇ ਸਮੇਂ ਤੋਂ ਜੁੜੇ ਹੋਏ ਹਨ। ਉਹ ਸਿੱਖ ਸੇਵਾ ਫਾਊਂਡੇਸ਼ਨ ਆਫ ਕੈਨੇਡਾ ਦੇ ਫਾਊਂਡਰ ਤੇ ਚੇਅਰਮੈਨ ਵੀ ਹਨ। ਇਸ ਤੋਂ ਇਲਾਵਾ ਉਹ ਕੈਨੇਡਾ ਦੀ ਸਭ ਤੋਂ ਪੁਰਾਤਨ ਸਿੱਖ ਸੰਸਥਾ ਖ਼ਾਲਸਾ ਦੀਵਾਨ ਸੁਸਾਇਟੀ ਦੇ ਜਨਰਲ ਸਕੱਤਰ ਵੀ ਰਹਿ ਚੁੱਕੇ ਹਨ। ਉਹ ਫਾਈਵ ਰਿਵਰ ਸੁਸਾਇਟੀ ਦੇ ਜਨਰਲ ਸਕੱਤਰ ਦੀਆਂ ਸੇਵਾਵਾਂ ਵੀ ਨਿਭਾਅ ਚੁਕੇ ਹਨ, ਇੰਨਾ ਹੀ



ਨਹੀਂ, ਉਹ ਹੋਰ ਵੀ ਬਹੁਤ ਸਾਰੀਆਂ ਸੰਸਥਾਵਾਂ ਵਿਚ ਸੇਵਾਵਾਂ ਕਰ ਚੁੱਕੇ ਹਨ।

ਉਨ੍ਹਾਂ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਐਗਰੀਕਲਚਰ ਸਾਇੰਸ ਦੀ ਡਿਗਰੀ ਪ੍ਰਾਪਤ ਕਰਨ ਉਪਰੰਤ ਹੋਰ ਉਚੇਰੀ ਵਿੱਦਿਆ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਤੋਂ ਪ੍ਰਾਪਤ ਕੀਤੀ। ਭਾਵੇਂ ਸਿਆਸੀ ਖ਼ੇਤਰ ਉਨ੍ਹਾਂ ਲਈ ਬਿਲਕੁਲ ਨਵੀਨ ਹੈ ਤੇ ਉਹ ਭਾਈਚਾਰੇ ਵਿਚ ਵਿਚਰਨ ਤੇ ਕੰਮ ਕਰਨ ਦਾ ਬਹੁਤ ਤਜਰਬਾ ਰੱਖਦੇ ਹਨ। ਪਿੰਡ ਕਾਲੇਕੇ ਤੇ ਇਲਾਕੇ 'ਚ ਉਨ੍ਹਾਂ ਨੂੰ ਟਿਕਟ ਮਿਲਣ 'ਤੇ ਖ਼ੁਸ਼ੀ ਦਾ ਮਾਹੌਲ ਹੈ ਤੇ ਦੇਸ਼-ਵਿਦੇਸ਼ ਤੋਂ ਵਧਾਈ ਦੇ ਸੰਦੇਸ਼ ਆ ਰਹੇ ਹਨ। ਜ਼ਿਕਰਯੋਗ ਹੈ ਕਿ ਅਵਤਾਰ ਸਿੰਘ ਅੱਜ-ਕੱਲ ਪੰਜਾਬ ਫੇਰੀ 'ਤੇ ਆਏ ਹੋਏ ਹਨ।

## ਲਿਵ-ਇਨ ਵਿਚ ਰਹਿ ਰਹੇ ਪ੍ਰੇਮੀ ਨੇ ਗਲਾ ਘੁੱਟ ਕੇ ਪ੍ਰੇਮਿਕਾ ਦੀ ਕੀਤੀ ਹੱਤਿਆ

### ✪ ਥੈਲੇ ਵਿਚ ਪਾ ਜੰਗਲ ਵਿਚ ਸੁੱਟੀ ਲਾਸ਼, ਪ੍ਰੇਮੀ ਗ੍ਰਿਫ਼ਤਾਰ

ਦੇਹਰਾਦੂਨ-ਆਪਣੇ ਲਿਵ-ਇਨ ਪਾਰਟਨਰ ਦੀ ਗਲਾ ਘੁੱਟ ਕੇ ਹੱਤਿਆ ਕਰਨ ਤੇ ਉਸ ਦੀ ਲਾਸ਼ ਨੂੰ ਸ਼ਹਿਰ ਦੇ ਬਾਹਰਵਾਰ ਜੰਗਲ ਵਿਚ ਸੁੱਟਣ ਦੇ ਦੋਸ਼ ਵਿਚ ਬੀਤੇ ਦਿਨੀਂ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁਲਸ ਨੇ ਦੱਸਿਆ ਕਿ ਰਾਸ਼ਿਦ ਤੇ ਸ਼ਾਹਨੂਰ ਦੇਹਰਾਦੂਨ ਦੀ ਸੰਸਕ੍ਰਿਤ ਲੋਕ ਕਾਲੋਨੀ ਵਿਚ ਰਹਿੰਦੇ ਸਨ ਤੇ ਕਤਲ ਪਿਛਲੇ ਸਾਲ ਦਸੰਬਰ ਵਿਚ ਹੋਇਆ ਸੀ। ਪੁਲਸ ਮੁਤਾਬਕ ਗੁਆਂਢੀ ਸੂਬੇ ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਦਾ ਰਹਿਣ ਵਾਲਾ ਰਾਸ਼ਿਦ ਸ਼ਾਹਨੂਰ 'ਤੇ ਸ਼ੱਕ ਕਰਦਾ ਸੀ ਤੇ ਅਕਸਰ ਉਸ ਨਾਲ ਝਗੜਾ ਕਰਦਾ ਸੀ।

ਸੀਨੀਅਰ ਪੁਲਸ ਕਪਤਾਨ ਅਜੇ ਸਿੰਘ ਨੇ ਦੱਸਿਆ ਕਿ ਘਟਨਾ ਵਾਲੇ ਦਿਨ ਦੋਵਾਂ ਵਿਚਾਲੇ ਗਰਮਾ-ਗਰਮ ਬਹਿਸ ਹੋਈ ਤੇ ਰਾਸ਼ਿਦ ਨੇ ਸ਼ਾਹਨੂਰ ਦਾ ਗਲਾ ਘੁੱਟ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਉਸ ਨੇ ਦੱਸਿਆ ਕਿ ਫਿਰ ਉਸ ਨੇ ਲਾਸ਼ ਨੂੰ ਇਕ ਥੈਲੇ 'ਚ ਰੱਖ ਕੇ



ਆਸ਼ਾਰੋੜੀ ਇਲਾਕੇ ਦੇ ਜੰਗਲ ਵਿਚ ਸੁੱਟ ਦਿੱਤੀ। ਸਿੰਘ ਮੁਤਾਬਕ ਰਾਸ਼ਿਦ ਨੇ ਪੁੱਛਗਿੱਛ ਦੌਰਾਨ ਜੁਰਮ ਕਬੂਲ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਔਰਤ ਦੀ ਲਾਸ਼ ਬਰਾਮਦ ਕਰ ਲਈ ਗਈ ਹੈ। ਪੁਲਸ ਮੁਤਾਬਕ ਔਰਤ ਦੇ ਲਾਪਤਾ ਹੋਣ ਤੋਂ ਬਾਅਦ ਉਸ ਦੀ ਮਾਂ ਨੇ ਸ਼ਿਕਾਇਤ ਦਰਜ ਕਰਵਾਈ ਸੀ। ਅਧਿਕਾਰੀ ਨੇ ਦੱਸਿਆ ਕਿ ਪੁਲਸ ਨੂੰ ਮਾਮਲੇ ਦੀ ਸੂਚਨਾ ਮਿਲਣ ਤੋਂ ਬਾਅਦ ਰਾਸ਼ਿਦ ਫਰਾਰ ਹੋ ਗਿਆ ਸੀ ਤੇ ਉਸ ਨੂੰ ਸੂਚਨਾ ਦੇ ਆਧਾਰ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

# ਖੇਤੀ ਕਾਨੂੰਨਾਂ ਨੂੰ ਬਦਲਵੇਂ ਰੂਟ ਰਾਹੀਂ ਲਾਗੂ ਕਰ ਰਹੀ ਹੈ ਪੰਜਾਬ ਸਰਕਾਰ: ਉਗਰਾਹਾਂ

## 2, 3 ਅਤੇ 4 ਅਪ੍ਰੈਲ ਨੂੰ ਸੂਬੇ ਭਰ ਦੇ 'ਆਪ' ਪਾਰਟੀ ਵਿਧਾਇਕਾਂ ਨੂੰ ਦਿੱਤੇ ਜਾਣਗੇ ਚਿਤਾਵਨੀ ਪੱਤਰ

ਚੰਡੀਗੜ੍ਹ, ਦਲਜੀਤ ਕੌਰ : ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਹੰਗਾਮੀ ਮੀਟਿੰਗ ਕਰਕੇ ਫੈਸਲਾ ਕੀਤਾ ਹੈ ਕਿ ਸਰਕਾਰੀ ਮੰਡੀਆਂ ਨੂੰ ਮਰਜ ਕਰਨ ਅਤੇ ਕਾਰਪੋਰੇਟ ਵਪਾਰੀਆਂ ਨੂੰ ਸਰਕਾਰੀ ਮੰਡੀਆਂ ਚੋਂ ਕਣਕ ਖਰੀਦਣ ਦੀਆਂ ਖੁੱਲ੍ਹਾਂ ਦੇਣ ਦੇ ਪੰਜਾਬ ਸਰਕਾਰ ਦੇ ਫੈਸਲੇ ਖਿਲਾਫ ਸੂਬੇ ਦੇ ਵਿਧਾਇਕਾਂ ਨੂੰ ਚਿਤਾਵਨੀ ਪੱਤਰ ਦਿੱਤੇ ਜਾਣਗੇ। ਇਹਨਾਂ ਪੱਤਰਾਂ ਰਾਹੀਂ ਸਰਕਾਰ ਨੂੰ ਇਹ ਫੈਸਲਾ ਫੌਰੀ ਵਾਪਸ ਲੈਣ ਜਾਂ ਫਿਰ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਚਿਤਾਵਨੀ ਦਿੱਤੀ ਜਾਵੇਗੀ।

ਇਸ ਸੰਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਨੇ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ ਖੇਤੀ ਕਾਨੂੰਨਾਂ ਵਿੱਚੋਂ ਦੋ ਕਾਨੂੰਨਾਂ ਨੂੰ ਪੰਜਾਬ ਅੰਦਰ ਲਾਗੂ ਕਰਨ ਦੇ ਕਦਮ ਚੱਕ ਲਏ ਹਨ। ਪੰਜਾਬ ਵਿੱਚੋਂ 26 ਮੰਡੀਆਂ ਨੂੰ ਖਤਮ ਕਰਨ ਦੇ ਫੈਸਲੇ ਲਏ ਜਾ ਰਹੇ ਹਨ ਤੇ ਨਾਲ ਹੀ ਅਡਾਨੀ ਵਰਗੇ ਵੱਡੇ ਸਰਮਾਏਦਾਰਾਂ ਦੇ 9 ਸਾਈਲੋ ਗੁਦਾਮਾਂ ਨੂੰ ਕਣਕ ਖਰੀਦਣ, ਸਟੋਰ ਕਰਨ ਤੇ ਪ੍ਰੋਸੈਸ ਕਰਨ ਦੇ ਅਧਿਕਾਰ ਦੇ ਦਿੱਤੇ ਹਨ। ਇਸ ਦਾ ਸਿੱਧਾ ਅਰਥ ਇਹੀ ਹੈ ਕਿ ਮੋਦੀ ਸਰਕਾਰ ਵੱਲੋਂ ਸਰਕਾਰੀ ਮੰਡੀਆਂ ਨੂੰ ਖਤਮ ਕਰਨ ਦਾ ਲਿਆਂਦਾ ਕਾਨੂੰਨ ਅਤੇ ਕਾਰਪੋਰੇਟ ਵਪਾਰੀਆਂ ਨੂੰ ਮਾਨ ਚਾਹਿਆ ਅਨਾਜ ਖਰੀਦਣ ਤੇ ਸਟੋਰ ਕਰਨ ਦੀਆਂ ਖੁੱਲਾਂ ਦਿੰਦੇ ਕਾਨੂੰਨ ਦੀ ਧੁਸ ਨੂੰ ਲਾਗੂ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਖੇਤੀ ਕਾਨੂੰਨਾਂ ਦੇ ਵਿਰੋਧ ਦਾ ਦਾਅਵਾ ਕਰਨ ਵਾਲੀ ਆਪ ਪਾਰਟੀ ਦੀ ਸਰਕਾਰ ਦਾ ਕਾਰਪੋਰੇਟ ਪੱਖੀ ਅਸਲ ਚਿਹਰਾ ਸਾਹਮਣੇ ਆ ਗਿਆ ਹੈ ਅਤੇ ਉਹ ਵੀ ਦੇਸੀ ਵਿਦੇਸ਼ੀ ਬਹੁਕੌਮੀ ਕੰਪਨੀਆਂ ਦੀ ਸੇਵਾ ਹਿਤ ਮੋਦੀ ਸਰਕਾਰ ਦੇ ਕਦਮਾਂ 'ਚ ਕਦਮ ਟਿਕਾ ਰਹੀ ਹੈ।



ਉਹਨਾਂ ਕਿਹਾ ਕਿ ਆਪ ਪਾਰਟੀ ਦੇ ਵਿਧਾਇਕਾਂ ਨੂੰ ਚੇਤਾਵਨੀ ਪੱਤਰਾਂ ਰਾਹੀਂ ਇਹ ਚੇਤਾਵਨੀ ਦਿੱਤੀ ਜਾਵੇਗੀ ਕਿ ਜਾਂ ਤਾਂ ਸਰਕਾਰ ਫੈਸਲਾ ਫੌਰੀ ਵਾਪਸ ਲਵੇ ਜਾਂ ਫਿਰ ਚੋਣਾਂ ਦੇ ਇਨ੍ਹਾਂ ਦਿਨਾਂ ਵਿੱਚ ਕਿਸਾਨਾਂ ਦੇ ਤਿੱਖੇ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਕਿਸਾਨਾਂ ਤੇ ਲੋਕ ਹਿਤਾਂ ਨਾਲ ਕਮਾਈ ਜਾ ਰਹੀ ਇਹ ਦੁਸ਼ਮਣੀ ਪੰਜਾਬ ਸਰਕਾਰ ਨੂੰ ਮਹਿੰਗੀ ਪਵੇਗੀ ਤੇ ਉਸਨੂੰ ਇਸ ਦੀ ਭਾਰੀ ਕੀਮਤ 'ਤਾਰਨੀ ਪਵੇਗੀ। ਪੰਜਾਬ ਦੀ ਕਿਸਾਨੀ ਨੇ ਮੁਲਕ ਭਰ ਦੇ ਕਿਸਾਨਾਂ ਨਾਲ ਰਲ ਕੇ ਮੋਦੀ ਸਰਕਾਰ ਵੱਲੋਂ ਲਿਆਂਦੇ ਕਾਨੂੰਨਾਂ ਨੂੰ ਜਾਨਹੂਲਵੇਂ ਸੰਘਰਸ਼ ਰਾਹੀਂ ਵਾਪਸ ਕਰਾਇਆ ਸੀ। ਇਹ ਪੰਜਾਬ ਦੇ ਸਾਰੇ ਲੋਕਾਂ ਦੀ ਸਾਂਝੀ ਘਾਲਣਾ ਦਾ ਸਿੱਟਾ ਸੀ। ਖੇਤੀ ਕਾਨੂੰਨਾਂ ਖਿਲਾਫ ਲੜੇ ਇਤਿਹਾਸਿਕ ਸੰਘਰਸ਼ ਦੀ ਵਿਰਾਸਤ 'ਤੇ ਸਮੁੱਚੀ ਕਿਸਾਨ ਲਹਿਰ ਨੂੰ ਖੜਨ ਦਾ ਸੱਦਾ ਦਿੰਦਿਆਂ ਉਹਨਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਦੀਆਂ ਫਸਲਾਂ ਕਾਰਪੋਰੇਟਾਂ ਨੂੰ ਲੁਟਾਉਣ ਦੇ ਇਹ ਕਦਮ ਲਾਗੂ ਨਹੀਂ ਹੋਣ ਦਿੱਤੇ ਜਾਣਗੇ। ਇਸ ਖਾਤਰ ਤਿੱਖੇ ਸੰਘਰਸ਼ ਲਈ ਪੰਜਾਬ ਦੀ ਕਿਸਾਨੀ ਨੂੰ ਫੌਰੀ ਕਮਰਕੱਸੇ ਕਰ ਲੈਣੇ ਚਾਹੀਦੇ ਹਨ। ਵਿਧਾਇਕਾਂ ਨੂੰ ਚਿਤਾਵਨੀ ਪੱਤਰਾਂ ਮਗਰੋਂ 8 ਅਪ੍ਰੈਲ ਨੂੰ ਚੰਡੀਗੜ੍ਹ ਵਿੱਚ ਸੂਬਾਈ ਰੈਲੀ ਦਾ ਐਕਸ਼ਨ ਕੀਤਾ ਜਾਵੇਗਾ।

# ਸ਼ਿਵਾਲਿਕ ਸਕੂਲਾਂ ਦਾ ਬਾਨੀ- ਸਰਦਾਰ ਡੀ. ਐਸ. ਬੇਦੀ ਦਾ ਵਿਛੋੜਾ

ਇਕ ਇਤਿਹਾਸਿਕ ਘਟਨਾ ਜੋ 22 ਸਾਲ ਪਹਿਲਾਂ ਪੰਜਾਬ ਵਿਚ ਵਾਪਰੀ ਸੀ ਦੀ ਯਾਦ ਅੱਜ ਮੈਂ ਕਰਵਾਓਣ ਲਗਾ ਹਾਂ। ਉਸ ਸਮੇਂ ਮੈਂ ਨੈਸ਼ਨਲ ਮਨਾਰਟੀ ਕਮਿਸ਼ਨ ਦਾ ਚੇਅਰਮੈਨ ਸੀ। ਚੰਡੀਗੜ੍ਹ ਦੇ ਅਖ਼ਬਾਰਾਂ ਵਿੱਚ ਇਹ ਖਬਰ ਛਪੀ ਕਿ ਇਕ ਉਚ ਕੋਟੀ ਦੇ ਸ਼ਿਵਾਲਿਕ ਪਬਲਿਕ ਸਕੂਲ ਵਿਚੋਂ ਇਕ ਵਿਦਿਆਰਥੀ ਨੂੰ ਸਕੂਲ ਵਿਚੋਂ ਇਸਲਈ ਕੱਢ ਦਿੱਤਾ ਗਿਆ ਕਿ ਉਸਨੇ ਸਿਰ ਦੇ ਵਾਲ ਕਟਾ ਦਿੱਤੇ ਸਨ। ਸਾਰੀਆਂ ਖ਼ਬਰਾਂ ਵਿਚ ਉਸ ਸਕੂਲ ਦੇ ਪ੍ਰਿੰਸੀਪਲ ਸਰਦਾਰ ਡੀ.ਐਸ.ਬੇਦੀ ਵਿਰੁਧ ਲਿਖਿਆ ਕਿ ਉਹ ਧਾਰਮਿਕ ਆੜ ਹੇਠਾਂ ਕਿਸੇ ਨੂੰ ਸਕੂਲ ਚੋਂ ਨਹੀਂ ਕੱਢ ਸਕਦਾ। ਮੈਂ ਉਸੇ ਸਮੇਂ ਇਕ ਚਿੱਠੀ ਸਕੂਲ ਪਿੰਸ੍ਰੀਪਲ ਨੂੰ ਭੇਜੀ ਜੋ ਅਖ਼ਬਾਰਾਂ ਵਿੱਚ ਵੀ ਛਪੀ ਕਿ ਘੱਟ ਗਿਣਤੀ ਦੇ ਸਕੂਲ ਵਿੱਚ ਇਹ ਮੈਨੇਜਮੈਂਟ ਨੂੰ ਪੂਰਾ ਹੱਕ ਹੈ ਕਿ ਉਹ ਪਤਿਤ ਹੋਣ ਵਾਲੇ ਵਿਦਿਆਰਥੀ ਦੇ ਵਿਰੁਧ ਐਕਸ਼ਨ ਲੈ ਲਵੇ।

ਮੈਂ ਆਪ ਚੰਡੀਗੜ੍ਹ ਵਿਖੇ ਸਥਾਪਿਤ ਇਸ ਸਕੂਲ ਵਿੱਚ ਗਿਆ ਤੇ ਪ੍ਰਿੰਸੀਪਲ ਬੇਦੀ ਸਾਹਿਬ ਨੂੰ ਮੁਬਾਰਕਬਾਦ ਦਿੱਤੀ ਕਿਉਕਿ ਉਹ ਪਹਿਲੇ ਵਿਅਕਤੀ ਹਨ ਜਿਹਨਾਂ ਨੇ ਸਿੱਖੀ ਲਈ ਇਹ ਦਿਲੇਰਾਨਾਂ ਕਦੱਮ ਚੁਕਿਆ ਸੀ। ਮੈਂ ਸ਼ਿਵਾਲਿਕ ਸਕੂਲਾਂ ਦੀ ਚੜ੍ਹਤ ਵੇਖੀ ਹੈ, ਬੇਦੀ ਸਾਹਿਬ ਨੇ ਨਵਾਂ ਸ਼ਹਿਰ ਮੋਹਾਲੀ ਪਟਿਆਲਾ ਅਤੇ ਕਈ ਥਾਵਾਂ ਤੇ ਸ਼ਿਵਾਲਿਕ ਸਕੂਲ ਖੋਲੇ ਹਨ। ਬੜੇ ਚੰਗੇ ਨਤੀਜੇ ਵਿਦਿਆਰਥੀਆਂ ਦੇ ਆਉਂਦੇ ਹਨ ਤੇ ਹਰ ਪਾਸੇ ਸਕੂਲ ਵਿਚ ਦਾਖਿਲਾ ਲੈਣ ਦੀ ਹੋੜ ਲਗੀ ਰਹਿੰਦੀ ਹੈ।

ਬੜੇ ਦੁਖ ਨਾਲ ਬੇਦੀ ਸਾਹਿਬ ਦੇ 29 ਮਾਰਚ ਨੂੰ ਅਕਾਲ ਚਲਾਣੇ ਦੀ ਖਬਰ ਮੈਨੂੰ ਉਪਾਧੀ ਬੇਲੀ ਦੇ ਉਚ ਲੇਖਕ ਸ. ਮਨਮੋਹਨ ਸਿੰਘ ਦਾਓ ਨੇ ਦਿੱਤੀ ਹੈ। ਕੱਲ ਹੀ ਉਹਨਾਂ



ਦੇ ਸਸਕਾਰ ਵਿੱਚ ਹਜਾਰਾਂ ਲੋਕਾਂ ਨੇ ਉਹਨਾਂ ਨੂੰ ਸ਼ਰਧਾਜਲੀ ਦਿੱਤੀ ਹੈ। ਗੁਰੂ ਦੀ ਕ੍ਰਿਪਾ ਨਾਲ ਬੇਦੀ ਸਾਹਿਬ ਜੀ ਦੀਆਂ ਤਿੰਨੋ ਲੜਕੀਆਂ ਉਹਨਾਂ ਦੇ ਪੂਰਨਿਆਂ ਤੇ ਚਲ ਕੇ ਸਕੂਲਾਂ ਦੀ ਸ਼ਾਨ ਕਾਇਮ ਰਖਣਗੀਆਂ।

ਤਰਲੋਚਨ ਸਿੰਘ ਸਾਬਕਾ ਐਮ.ਪੀ.

# ਕੈਨੇਡਾ 'ਚ ਗੁਰਦਾਸਪੁਰ ਦੇ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ

ਕੈਨੇਡਾ ਦੀ ਧਰਤੀ ਤੋਂ ਇੱਕ ਮੰਦਭਾਗੀ ਖਬਰ ਸਾਹਮਣੇ ਆਈ ਹੈ। ਇੱਥੇ ਇੱਕ ਪੰਜਾਬੀ ਨੌਜਵਾਨ ਦਾ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਛਾਣ ਸਤਿੰਦਰ ਸਿੰਘ (23) ਪੁੱਤਰ ਦਲਬੀਰ ਸਿੰਘ ਵਾਸੀ ਗੁਰਦਾਸਪੁਰ ਦੇ ਥਾਣਾ ਕਲਾਨੌਰ ਅਧੀਨ ਪੈਂਦੇ ਪਿੰਡ ਸ਼ੇਖ ਮੀਰ ਵਜੋਂ ਹੋਈ ਹੈ। ਇਸ ਘਟਨਾ ਕਾਰਨ ਵਿਧਵਾ ਮਾਂ ਤੇ ਦੁੱਖ ਦਾ ਪਹਾੜ ਡਿੱਗ ਪਿਆ ਹੈ। ਸਤਿੰਦਰ ਸਿੰਘ ਦੀ ਮੌਤ ਤੋਂ ਬਾਅਦ ਪਿੰਡ ਵਿੱਚ ਸੋਗ ਦੀ ਲਹਿਰ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਨੌਜਵਾਨ ਦੇ ਚਚੇਰੇ ਭਰਾ ਤੇਜਵੀਰ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਸਤਿੰਦਰ ਸਿੰਘ ਇਕ ਸਾਲ ਪਹਿਲਾਂ 5 ਅਪ੍ਰੈਲ 2023 ਨੂੰ ਰੋਜ਼ੀ-ਰੋਟੀ ਲਈ ਵਿੰਡਸਰ, ਓਨਟਾਰੀਓ, ਕੈਨੇਡਾ ਗਿਆ




ਸੀ। ਸਤਿੰਦਰ ਸਿੰਘ ਹਰ ਰੋਜ਼ ਸਵੇਰੇ ਆਪਣੀ ਮਾਂ ਨੂੰ ਫੋਨ ਕਰਦਾ ਸੀ ਅਤੇ ਐਤਵਾਰ ਨੂੰ ਜਦੋਂ ਫੋਨ ਨਹੀਂ ਆਇਆ ਤਾਂ ਮਾਤਾ ਸਰਬਜੀਤ ਕੌਰ ਨੇ ਕਈ ਵਾਰ ਫੋਨ ਕੀਤਾ ਪਰ ਕਿਸੇ ਨੇ ਨਹੀਂ ਚੁੱਕਿਆ। ਇਸ ਤੋਂ ਬਾਅਦ ਇੱਕ ਨੌਜਵਾਨ ਨੇ ਫੋਨ ਤੇ ਦੱਸਿਆ ਕਿ ਸਤਿੰਦਰ ਸਿੰਘ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਹੈ।

# ਫੇਸਬੁੱਕ ਨਿਊਜ਼ ਟੈਬ ਸਰਵਿਸ ਹੁਣ ਅਮਰੀਕਾ, ਅਤੇ ਆਸਟ੍ਰੇਲੀਆ 'ਚ ਬੰਦ ਹੋ ਜਾਵੇਗੀ

ਲਾਸ ਏਂਜਲਸ (ਰਾਜ ਗੋਗਨਾ)-ਮੇਟਾ ਕੰਪਨੀ ਨੇ ਐਲਾਨ ਕੀਤਾ ਹੈ ਕਿ ਅਮਰੀਕਾ-ਆਸਟ੍ਰੇਲੀਆ ਵਿੱਚ ਫੇਸਬੁੱਕ ਨਿਊਜ਼ ਟੈਬ ਦੀ ਸੇਵਾ ਅਪ੍ਰੈਲ ਤੋਂ ਬੰਦ ਹੋ ਜਾਵੇਗੀ। ਪਿਛਲੇ ਸਾਲ ਫਰਾਂਸ, ਬ੍ਰਿਟੇਨ ਅਤੇ ਜਰਮਨੀ ਵਿੱਚ ਇਹ ਸੇਵਾ ਬੰਦ ਕਰ ਦਿੱਤੀ ਗਈ ਸੀ।ਫੇਸਬੁੱਕ 'ਤੇ ਨਿਊਜ਼ ਟੈਬ ਸੇਵਾ ਸੰਨ 2019 'ਚ ਸ਼ੁਰੂ ਕੀਤੀ ਗਈ ਸੀ। ਇਸ ਸੇਵਾ ਵਿੱਚ ਫੇਸਬੁੱਕ ਫੀਡ ਵਿੱਚ ਖ਼ਬਰਾਂ ਆ ਰਹੀਆਂ ਸਨ। ਵੱਖ-ਵੱਖ ਨਿਊਜ਼ ਏਜੰਸੀਆਂ ਜਾਂ ਵੈੱਬਸਾਈਟਾਂ ਦੀਆਂ ਖਬਰਾਂ ਫੀਡ ਰਾਹੀਂ ਉਪਭੋਗਤਾਵਾਂ ਤੱਕ ਪਹੁੰਚਦੀਆਂ ਹਨ। ਪਰ ਹੁਣ ਕੰਪਨੀ ਮੇਟਾ ਨੇ ਫੇਸਬੁੱਕ ਨਿਊਜ਼ ਟੈਬ ਦੀ ਸੇਵਾ ਨੂੰ ਇਹ ਕਹਿ ਕੇ ਬੰਦ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਇਸ ਵਿਚ ਸਿਆਸੀ ਖ਼ਬਰਾਂ ਦੀ ਮਾਤਰਾ ਬਹੁਤ ਜ਼ਿਆਦਾ ਵਧ ਗਈ ਹੈ ਅਤੇ ਇਸ ਨੂੰ ਕੰਟਰੋਲ ਕਰਨਾ ਬਹੁਤ ਹੀ ਮੁਸ਼ਕਲ ਹੋ ਗਿਆ ਹੈ। ਇਹ ਸੇਵਾ ਜਰਮਨੀ, ਬ੍ਰਿਟੇਨ ਅਤੇ ਫਰਾਂਸ ਵਿਚ ਕਰੀਬ ਇਕ ਸਾਲ ਪਹਿਲਾਂ ਹੀ ਬੰਦ ਕਰ ਦਿੱਤੀ ਗਈ ਸੀ। ਹੁਣ ਆਸਟ੍ਰੇਲੀਆ, ਅਮਰੀਕਾ ਦੇ ਉਪਭੋਗਤਾ ਇਸ ਸੇਵਾ ਦਾ ਲਾਭ ਨਹੀਂ ਲੈ ਸਕਣਗੇ। ਕੰਪਨੀ ਨੇ ਅਪ੍ਰੈਲ ਤੋਂ ਇਨ੍ਹਾਂ ਦੋਵਾਂ ਦੇਸ਼ਾਂ 'ਚ ਸੇਵਾ ਬੰਦ ਕਰਨ ਦਾ ਫੈਸਲਾ ਕੀਤਾ ਹੈ।ਕੰਪਨੀ ਦੇ ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਗਿਆ ਹੈ ਕਿ ਟੈਬ ਰਾਹੀਂ ਆਉਣ ਵਾਲੀ ਫੀਡ ਨੂੰ ਬੰਦ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਸਮਾਚਾਰ ਸੰਸਥਾਵਾਂ, ਪੱਤਰਕਾਰ, ਲੇਖਕ ਲੇਖਾਂ ਅਤੇ ਖਬਰਾਂ ਰਾਹੀਂ ਪੋਸਟ ਕਰ ਸਕਦੇ ਹਨ। ਸੇਵਾ 'ਤੇ ਕੋਈ ਅਸਰ ਨਹੀਂ ਪਵੇਗਾ। ਇੰਨਾ ਹੀ ਨਹੀਂ ਨਿਊਜ਼ ਫੀਡ 'ਚ ਇਹ ਸੇਵਾ ਬੰਦ ਹੋ ਜਾਵੇਗੀ ਅਤੇ ਫੇਸਬੁੱਕ ਦੇ ਫੈਕਟ ਚੈੱਕ ਫੀਚਰ 'ਤੇ ਕੋਈ ਅਸਰ ਨਹੀਂ ਪਵੇਗਾ। ਇਸ ਸੇਵਾ ਨੂੰ ਬੰਦ ਕਰਨ ਦੇ ਫੈਸਲੇ ਨਾਲ ਗਲਤ ਜਾਣਕਾਰੀ ਫੈਲਾਉਣ ਵਾਲੀਆਂ ਪੋਸਟਾਂ ਜਾਂ ਖਬਰਾਂ ਦੀ ਸਮੀਖਿਆ ਕਰਨ ਦਾ ਸਿਸਟਮ ਵੀ ਪ੍ਰਭਾਵਿਤ ਨਹੀਂ ਹੋਵੇਗਾ।

# ਆਈਏਐਸ ਅਫਸਰ ਦਾ ਪਤੀ ਰੰਗਰਲੀਆਂ ਮਨਾਉਂਦਾ ਗ੍ਰਿਫਤਾਰ

## ✪ ਮਹਿਲਾ ਅਫਸਰ ਨੇ ਕਿਹਾ ਕੇਸ ਦਰਜ ਕਰਨ ਲਈ ਕਿਹਾ



ਲੁਧਿਆਣਾ ਵਿਚ ਇੱਕ ਔਰਤ ਆਈਏਐਸ ਅਫਸਰ ਦਾ ਪਤੀ ਨੂੰ ਰੰਗਰਲੀਆਂ ਮਨਾਉਂਦੇ ਹੋਏ ਪੁਲਿਸ ਨੇ ਰੰਗੇ ਹੱਥੀਂ ਕਾਬੂ ਕਰ ਲਿਆ। ਪੁਲਿਸ ਨੇ ਬੀਤੇ ਹਫਤੇ ਰਾਤ ਦੌਰਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਗੇਟ ਨੰਬਰ 2 ਦੇ ਸਾਹਮਣੇ ਸਥਿਤ ਇੱਕ ਘਰ ਵਿਚ ਛਾਪਾ ਮਾਰਿਆ ਸੀ। ਜਿਸ ਤੋਂ ਬਾਅਦ ਇਕ ਵਿਅਕਤੀ ਅਤੇ ਔਰਤ ਇਤਰਾਜ਼ਯੋਗ ਹਾਲਤ ਵਿਚ ਮਿਲੇ। ਪੁਲਿਸ ਨੇ ਦੋਵਾਂ ਨੂੰ ਹਿਰਾਸਤ ਵਿੱਚ ਲੈ ਲਿਆ। ਜਿਸ ਤੋਂ ਬਾਅਦ ਖੁਲਾਸਾ ਹੋਇਆ ਕਿ ਉਕਤ ਵਿਅਕਤੀ ਪੰਜਾਬ ਦੇ ਇੱਕ ਆਈਏਐਸ ਅਧਿਕਾਰੀ ਦਾ ਪਤੀ ਹੈ। ਇਸ ਤੋਂ ਬਾਅਦ ਪੁਲਸ ਉਸ ਨੂੰ ਥਾਣੇ ਲੈ ਗਈ। ਇਮੋਰਲ ਟਰੈਫਿਕ ਐਕਟ ਦੀ ਧਾਰਾ 3, 4, 5 ਦੇ ਤਹਿਤ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਗੁਰਵੀਰ ਇੰਦਰ ਢਿੱਲੋਂ ਪਿੰਡ ਭਾਗਸਰ (ਮੁਕਤਸਰ ਸਾਹਿਬ) ਦਾ ਵਸਨੀਕ ਹੈ, ਜਦਕਿ ਔਰਤ ਲੁਧਿਆਣਾ ਦੇ ਸੈਕਟਰ 32 ਦੀ ਵਸਨੀਕ ਹੈ। ਜਿਸ ਦਾ ਪਤੀ ਦੱਸਿਆ ਜਾਂਦਾ ਹੈ, ਉਹ ਆਈਏਐਸ ਅਧਿਕਾਰੀ ਲੁਧਿਆਣਾ ਕਾਰਪੋਰੇਸ਼ਨ ਵਿੱਚ ਤਾਇਨਾਤ ਹੈ।

ਡੀਸੀਪੀ ਜਸਕਿਰਨਜੀਤ ਸਿੰਘ ਤੇਜ ਨੇ ਦੱਸਿਆ ਕਿ ਦੋਵਾਂ ਮੁਲਜ਼ਮਾਂ ਤੋਂ ਪੁੱਛਗਿਛ ਕੀਤੀ ਜਾ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਨ੍ਹਾਂ ਨੇ ਹੁਣ ਤੱਕ ਕਿੰਨੇ ਗੈਰ-ਕਾਨੂੰਨੀ ਕੰਮ ਕੀਤੇ ਹਨ। ਮਾਮਲੇ ਦੀ ਜਾਂਚ ਇੰਸਪੈਕਟਰ ਭਗਤਵੀਰ ਸਿੰਘ ਕਰ ਰਹੇ ਹਨ। ਛਾਪੇਮਾਰੀ ਨਾਲ ਜੁੜੇ ਪੁਲਿਸ ਸੂਤਰ ਅਨੁਸਾਰ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਇਸ ਘਰ ਵਿਚ ਵਿਦੇਸ਼ੀ ਕੁੜੀਆਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ। ਉਨ੍ਹਾਂ ਨੂੰ ਫਰਜ਼ੀ ਆਈਡੀ ਪਰੂਫ 'ਤੇ ਕਮਰੇ ਦਿੱਤੇ ਜਾਂਦੇ ਹਨ। ਇਲਾਕੇ ਦੇ ਲੋਕ ਲੜਕੀਆਂ ਦੇ ਰੋਜ਼ਾਨਾ ਆਉਣ-ਜਾਣ ਤੋਂ ਪ੍ਰੇਸ਼ਾਨ ਸਨ। ਬੀਤੇ ਸ਼ੁੱਕਰਵਾਰ ਦੇਰ ਰਾਤ ਪੁਲਸ ਨੂੰ ਸੂਚਨਾ ਮਿਲੀ ਕਿ ਇਕ ਵਿਅਕਤੀ ਵਿਦੇਸ਼ੀ ਲੜਕੀ ਨਾਲ ਘਰ ਗਿਆ ਹੈ। ਜਿਸ ਤੋਂ ਬਾਅਦ ਥਾਣਾ ਡਿਵੀਜ਼ਨ ਨੰਬਰ 5 ਦੀ ਪੁਲਿਸ ਟੀਮ ਨੇ ਉੱਥੇ ਛਾਪਾ ਮਾਰਿਆ।

ਜਦੋਂ ਪੁਲਿਸ ਨੇ ਉਕਤ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਤਾਂ ਉਸ ਦੇ ਠਿਕਾਣੇ ਬਾਰੇ ਪਤਾ ਲੱਗਾ। ਇਸ ਤੋਂ ਬਾਅਦ ਸੀਨੀਅਰ ਪੁਲਿਸ ਅਧਿਕਾਰੀ ਨੇ ਮਹਿਲਾ ਅਧਿਕਾਰੀ ਨੂੰ ਫੋਨ 'ਤੇ ਸਾਰੀ ਗੱਲ ਦੱਸੀ। ਇਹ ਸੁਣ ਕੇ ਉਸ ਨੇ ਕੇਸ ਦਰਜ ਕਰਨ ਲਈ ਕਿਹਾ। ਸੂਤਰਾਂ ਮੁਤਾਬਕ ਆਈਏਐਸ ਅਧਿਕਾਰੀ ਖ਼ੁਦ ਆਪਣੇ ਪਤੀ ਦੀਆਂ ਇਨ੍ਹਾਂ ਹਰਕਤਾਂ ਤੋਂ ਪ੍ਰੇਸ਼ਾਨ ਹੈ। ਇਸ ਸਬੰਧ ਵਿਚ ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਨੇ ਰੂਸ ਅਤੇ ਤਾਜਿਕਸਤਾਨ ਸਮੇਤ ਵਿਦੇਸ਼ਾਂ ਤੋਂ ਲੜਕੀਆਂ ਦੇ ਦੇਹ ਵਪਾਰ ਦੇ ਗਿਰੋਹ ਨੂੰ ਫੜਿਆ ਹੈ। ਇਸ ਸਬੰਧੀ ਮਾਮਲਾ ਵੀ ਦਰਜ ਕਰ ਲਿਆ ਗਿਆ।

# ਅਦਾਕਾਰਾ ਨੂੰ ਡਰਗ ਦੇਕੇ ਹੋਟਲ ਵਿਚ ਕੀਤਾ ਬਲਾਤਕਾਰ

## ✪ ਬੇਹੋਸ਼ੀ ਦੀ ਹਾਲਤ ਵਿਚ ਰੇਪ ਕਰਕੇ ਅਸ਼ਲੀਲ ਵੀਡੀਓ ਬਣਾਈ



ਜੈਪੁਰ-ਇਕ ਅਦਾਕਾਰਾ ਨਾਲ ਹੋਟਲ ਵਿਚ ਰੁਕਣ ਦੌਰਾਨ ਸਾਥੀ ਐਕਟਰ ਨੇ ਕੌਫੀ ਵਿਚ ਨਸ਼ੀਲਾ ਪਦਾਰਥ ਮਿਲਾ ਕੇ ਪਿਲਾ ਦਿੱਤਾ। ਫਿਰ ਬੇਹੋਸ਼ੀ ਦੀ ਹਾਲਤ ਵਿਚ ਰੇਪ ਕਰਕੇ ਅਸ਼ਲੀਲ ਵੀਡੀਓ ਬਣਾ ਲਈ। ਇਸ ਤੋਂ ਬਾਅਦ ਵੀਡੀਓ ਵਾਇਰਲ ਕਰਨ ਦੀ ਧਮਕੀ ਦੇ ਕੇ ਰੇਪ ਕੀਤਾ। ਅਖੀਰ ਮੁੰਬਈ ਪੁਲਸ ਨੇ ਪੀੜਤਾ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ। ਆਮੇਰ ਪੁਲਸ ਨੇ ਦੱਸਿਆ ਕਿ ਹਨੇਰੀ ਮੁੰਬਈ ਵਿਚ ਰਹਿਣ ਵਾਲੀ 34 ਸਾਲ ਦੀ ਵੈੱਬ ਫਿਲਮ ਅਦਾਕਾਰਾ ਨੇ ਰਿਪੋਰਟ ਦਰਜ ਕਰਵਾਈ ਹੈ ਕਿ ਉਹ ਵੈੱਬ ਫਿਲਮ ਦੀ ਸ਼ੂਟਿੰਗ ਲਈ ਜੈਪੁਰ ਆਈ ਸੀ, ਜਿਥੇ ਗੌਰਵ ਸਿੰਘ ਜੋ ਕਿ ਫਿਲਮ ਵਿਚ ਮੁੱਖ ਭੂਮਿਕਾ ਕਰਨ ਜਾ ਰਹੇ ਹਨ, ਨੇ ਉਸ ਨਾਲ ਰੇਪ ਕਰਕੇ ਉਸ ਦੀ ਵੀਡੀਓ ਬਣਾ ਲਈ

# ਅਦਾਕਾਰ ਗੋਵਿੰਦਾ ਸ਼ਿਵ ਸੈਨਾ ਵਿਚ ਸ਼ਾਮਲ



ਨਵੀਂ ਦਿੱਲੀ-ਮਸ਼ਹੂਰ ਅਦਾਕਾਰ ਗੋਵਿੰਦਾ ਮਹਾਰਾਸ਼ਟਰ ਦੇ ਮੁੱਖ ਮੰਤਰੀ ਨਕਥ ਸ਼ਿੰਦੇ ਨੂੰ ਮਿਲੇ ਅਤੇ ਸ਼ਿਵ ਸੈਨਾ 'ਚ ਸ਼ਾਮਲ ਹੋ ਗਏ ਹਨ। ਪਾਰਟੀ ਵਿਚ ਉਨ੍ਹਾਂ ਦਾ ਸਵਾਗਤ ਕਰਦੇ ਹੋਏ ਸੀ. ਐੱਮ. ਏਕਨਾਥ ਸ਼ਿੰਦੇ ਨੇ ਕਿਹਾ ਕਿ ਅੱਜ ਮੈਂ ਗੋਵਿੰਦਾ ਦਾ ਸਵਾਗਤ ਕਰਦਾ ਹਾਂ, ਜੋ ਜ਼ਮੀਨੀ ਪੱਧਰ ਨਾਲ ਜੁੜੇ ਹਨ।

# ਪਿਤਾ ਦੀ ਕੁੱਟਮਾਰ ਕਰਨ ਵਾਲੇ ਗੁਆਂਢੀ ਨੂੰ ਦੋ ਸਕੀਆਂ ਭੈਣਾਂ ਨੇ ਉਤਾਰਿਆ ਮੌਤ ਦੇ ਘਾਟ, ਪੁਲਿਸ ਵੱਲੋਂ ਭਾਲ ਜਾਰੀ

ਲੁਧਿਆਣਾ-ਥਾਣਾ ਡਾਬਾ ਦੇ ਇਕ ਇਲਾਕੇ ਅੰਦਰ ਦੋ ਸਕੀਆਂ ਭੈਣਾਂ ਨੇ ਆਟੋ ਚਲਾਉਣ ਦਾ ਕੰਮ ਕਰਨ ਵਾਲੇ ਗੁਆਂਢੀ ਸੁਖਵਿੰਦਰ ਸਿੰਘ ਬਬਲੂ ਦੇ ਸਿਰ ਵਿੱਚ ਡੰਡਿਆਂ ਨਾਲ ਵਾਰ ਕਰਕੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਦਰਅਸਲ ਗੁਆਂਢ ਵਿੱਚ ਰਹਿਣ ਵਾਲਾ ਵਿਅਕਤੀ ਕਿਸੇ ਗੱਲ ਨੂੰ ਲੈ ਕੇ ਲੜਕੀਆਂ ਦੇ ਪਿਤਾ ਨਾਲ ਕੁੱਟਮਾਰ ਕਰ ਰਿਹਾ ਸੀ। ਪਿਤਾ ਨਾਲ ਕੁੱਟਮਾਰ ਹੁੰਦੀ ਦੇਖ ਦੋਵੇਂ ਲੜਕੀਆਂ ਭੜਕ ਗਈਆਂ ਅਤੇ ਡੰਡਿਆਂ ਨਾਲ ਉਸ ਦੇ ਸਿਰ ਤੇ ਤਾਬੜ ਤੋੜ ਵਾਰ ਕੀਤੇ ਲਗੰਭੀਰ ਰੂਪ ਵਿੱਚ ਫੱਟੜ ਹੋਏ ਬਬਲੂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਜਿੱਥੇ ਕੁਝ ਸਮੇਂ ਬਾਅਦ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਇਸ ਮਾਮਲੇ ਵਿੱਚ ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਦੋਵਾਂ ਲੜਕੀਆਂ ਦੀ ਤਲਾਸ਼ ਕੀਤੀ ਜਾ ਰਹੀ ਹੈ।

# ਮਨਪ੍ਰੀਤ ਬਾਦਲ ਬਿਮਾਰ ਹੋਣ ਕਾਰਣ ਲੋਕ ਸਭਾ ਚੋਣ ਨਹੀਂ ਲੜ ਸਕਣਗੇ



ਬਠਿੰਡਾ-ਭਾਜਪਾ ਵੱਲੋਂ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਨੂੰ ਬਠਿੰਡਾ ਤੋਂ ਚੋਣ ਮੈਦਾਨ ਵਿਚ ਉਤਾਰਨ ਦੀਆਂ ਚਰਚਾਵਾਂ ਸੀ। ਮਨਪ੍ਰੀਤ ਬਾਦਲ ਨੇ ਦੱਸਿਆ ਕਿ ਉਨ੍ਹਾਂ ਦੀ ਸਿਹਤ ਠੀਕ ਨਹੀਂ ਹੈ ਤੇ ਉਹ ਚੋਣਾਂ ਵਿਚ ਸਰਗਰਮੀ ਨਾਲ ਪ੍ਰਚਾਰ ਨਹੀਂ ਕਰ ਸਕਣਗੇ ਮਨਪ੍ਰੀਤ ਬਾਦਲ ਨੂੰ ਜਲਦੀ ਹੀ ਇਕ ਹੋਰ ਦਿਲ ਦਾ ਆਪ੍ਰੇਸ਼ਨ ਕਰਵਾਉਣਾ ਪਵੇਗਾ। ਇਸ ਦੀ ਜਾਣਕਾਰੀ ਮਨਪ੍ਰੀਤ ਬਾਦਲ ਨੇ ਖ਼ੁਦ ਸੋਸ਼ਲ ਮੀਡੀਆ ਰਾਹੀਂ ਦਿੱਤੀ ਹੈ।

# ਨਸ਼ਾ ਤਸਕਰਾਂ ਦੀ 4 ਕਰੋੜ ਦੀ ਨਜਾਇਜ਼ ਜਾਇਦਾਦ ਫ੍ਰੀਜ਼

ਬਠਿੰਡਾ-ਨਸ਼ਾ ਵਿਰੋਧੀ ਮੁਹਿੰਮ ਤਹਿਤ ਐਸ.ਐਸ.ਪੀ ਪਾਰੀਕ ਨੇ ਦੱਸਿਆ ਕਿ ਇੱਕ ਹੋਰ ਮਾਮਲੇ ਵਿੱਚ ਰਾਜ ਸਿੰਘ ਹੰਸਾ ਵਾਸੀ ਮੁਹੱਲਾ ਸੁਏਵਾਲਾ ਜ਼ਿਲ੍ਹਾ ਬਰਨਾਲਾ ਤੇ ਮਨਜੀਤ ਕੌਰ ਵਾਸੀ ਧੋਬੀਆਣਾ ਬਸਤੀ ਬਠਿੰਡਾ ਖ਼ਿਲਾਫ਼ 30 ਅਪ੍ਰੈਲ 2023 ਨੂੰ ਪਰਚਾ ਦਰਜ ਕੀਤਾ ਸੀ। ਥਾਣਾ ਸਿਵਲ ਲਾਈਨ ਬਠਿੰਡਾ ਵਿਚ 20 ਗ੍ਰਾਮ 8 ਲੱਖ 40 ਹਜ਼ਾਰ ਰੁਪਏ ਦੀ ਹੈਰੋਇਨ ਤੇ ਡਰੱਗ ਮਨੀ ਬਰਾਮਦ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਸੀ। ਇਸੇ ਤਰ੍ਹਾਂ ਗਗਨਦੀਪ ਸਿੰਘ ਵਾਸੀ ਅਜੀਤ ਰੋਡ ਬਠਿੰਡਾ ਨੂੰ 54 ਕਿਲੋ ਚੂਰਾ ਪੋਸਤ ਅਤੇ ਵੈਗਨਾਰ ਕਾਰ ਸਮੇਤ 29 ਮਈ 2021 ਨੂੰ ਮਾਮਲਾ ਦਰਜ ਕੀਤਾ ਗਿਆ ਸੀ। ਦੋਵਾਂ ਮਾਮਲਿਆਂ ਵਿੱਚ ਬਠਿੰਡਾ ਪੁਲੀਸ ਨੇ ਕਾਰਵਾਈ ਕਰਦਿਆਂ ਨਸ਼ਾ ਤਸਕਰਾਂ ਵੱਲੋਂ ਬਣਾਈ ਜਾਇਦਾਦ ਜ਼ਬਤ ਕਰ ਲਈ ਹੈ।


# ਰਿਸ਼ੀ ਸੁਨਕ ਦੀ ਕੰਜ਼ਰਵੇਟਿਵ ਪਾਰਟੀ ਨੂੰ ਹੋ ਸਕਦੀ ਹੈ ਵੱਡੀ ਹਾਰ

## ✪ ਚੋਣ ਸਰਵੇਖਣ ਅਨੁਸਾਰ ਰਿਸ਼ੀ ਸੁਨਕ ਨੂੰ ਆਪਣੀ ਸੀਟ ਬਚਾਉਣੀ ਮੁਸ਼ਕਿਲ ਹੋਵੇਗੀ



ਲੰਡਨ-ਸਿਵਲ ਸੁਸਾਇਟੀ ਕੈਂਪੇਨ ਆਰਗੇਨਾਈਜੇਸ਼ਨ ਵਲੋਂ ਜਾਰੀ ਕੀਤੇ ਗਏ ਸਰਵੇ ਤੋਂ ਸੰਕੇਤ ਮਿਲਿਆ ਹੈ ਕਿ ਇਸ ਸਾਲ ਦੇ ਅੰਤ 'ਚ ਹੋਣ ਵਾਲੀਆਂ ਆਮ ਚੋਣਾਂ 'ਚ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਨੂੰ ਵੱਡੀ ਹਾਰ ਦਾ ਸਾਹਮਣਾ ਕਰਨਾ ਪਵੇਗਾ। ਇੱਥੋਂ ਤੱਕ ਕਿ ਬ੍ਰਿਮਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੂੰ ਉੱਤਰੀ ਯਾਰਕਸ਼ਾਇਰ 'ਚੋਂ ਆਪਣੀ ਸੀਟ ਬਚਾਉਣੀ ਮੁਸ਼ਕਿਲ ਹੋ ਜਾਵੇਗੀ।

ਇਹ ਸਰਵੇਖਣ ਬੈਸਟ ਫਾਰ ਬ੍ਰਿਮੇਨ ਵਲੋਂ 15029 ਵਿਅਕਤੀਆਂ 'ਤੇ ਕੀਤਾ ਗਿਆ, ਜਿਸ ਵਿਚ ਵਿਰੋਧੀ ਧਿਰ ਲੇਬਰ ਪਾਰਟੀ ਨੂੰ 45 ਫੀਸਦੀ ਵੋਟ ਸ਼ੇਅਰ ਨਾਲ ਕੰਜ਼ਰਵੇਟਰਾਂ 'ਤੇ 19 ਅੰਕਾਂ ਨਾਲ ਲੀਡ ਲੈਂਦੇ ਹੋਏ ਦਿਖਾਇਆ ਗਿਆ ਹੈ। ਇਸ ਸਰਵੇਖਣ ਵਿਚ ਹਾਕਮ ਧਿਰ ਨੂੰ 100 ਤੋਂ ਵੱਧ ਸੀਟਾਂ ਹਾਸਲ ਹੋ ਸਕਦੀਆਂ ਹਨ ਜਦਕਿ ਵਿਰੋਧੀ ਲੇਬਰ ਪਾਰਟੀ 468 ਸੀਟਾਂ ਜਿੱਤ ਸਕਦੀ ਹੈ। ਇਨ੍ਹਾਂ ਆਮ ਚੋਣਾਂ ਵਿਚ ਕੰਜ਼ਰਵੇਟਿਵਾਂ ਲਈ ਹੁਣ ਤੱਕ ਦਾ ਸਭ ਤੋਂ ਮਾੜਾ ਨਤੀਜਾ ਸਾਬਤ ਹੋਵੇਗਾ।



# ਨਰਿੰਦਰ ਮੋਦੀ ਤੀਜੀ ਵਾਰ ਵੀ ਜਿੱਤਣਗੇ ਚੋਣਾਂ...

## ✪ ਚੋਣਾਂ ਤੋਂ ਪਹਿਲਾਂ ਦਾ ਇਕਨਾਮਿਸਟ ਦੇ ਇੱਕ ਲੇਖ ਰਾਹੀਂ ਅਰਥ ਸ਼ਾਸਤਰੀ ਦੀ ਭਵਿੱਖਬਾਣੀ !

ਦਾ ਇਕਨਾਮਿਸਟ ਦੇ ਇੱਕ ਲੇਖ ਵਿੱਚ ਕਿਹਾ ਗਿਆ ਹੈ ਕਿ ਜਮਾਤੀ ਰਾਜਨੀਤੀ, ਅਰਥ ਸ਼ਾਸਤਰ ਅਤੇ ਸ਼ਕਤੀਸ਼ਾਲੀ ਸ਼ਾਸਨ ਦੇ ਕਾਰਨ ਨਰਿੰਦਰ ਮੋਦੀ ਨੂੰ ਭਾਰਤ ਦੇ ਕੁਲੀਨ ਵਰਗ ਵਿੱਚ ਕਾਫੀ ਪ੍ਰਸੰਸਾ ਮਿਲ ਰਹੀ ਹੈ ਅਤੇ ਮੋਦੀ ਪੜ੍ਹੇ ਲਿਖੇ ਵੋਟਰਾਂ ਵਿੱਚ ਕਾਫੀ ਮਸ਼ਹੂਰ ਹੋ ਗਏ ਹਨ। ਇਸ ਲੇਖ ਵਿੱਚ ਕਿਹਾ ਗਿਆ ਹੈ ਕਿ ਜਦੋਂ ਭਾਰਤ ਦੇ ਪੜ੍ਹੇ-ਲਿਖੇ ਵੋਟਰਾਂ ਵਿੱਚ ਮੋਦੀ ਦੀ ਲੋਕਪ੍ਰਿਅਤਾ ਬਾਰੇ ਗਲ ਵਿਚ ਆਉਂਦੀ ਹੈ ਤਾਂ ਮੋਦੀ ਦੀ ਪ੍ਰਵਾਨਗੀ ਰੇਟਿੰਗ ਬਹੁਤ ਉੱਚੀ ਵਧ ਜਾਂਦੀ ਅਤੇ ਦੁਨੀਆ ਭਰ ਦੇ ਨੇਤਾਵਾਂ ਵਿੱਚ ਉਸ ਦੀ ਅਹਿਮੀਅਤ ਬਹੁਤ ਜ਼ਿਆਦਾ ਹੈ।



ਦ ਇਕਨਾਮਿਸਟ ਦੇ ਇੱਕ ਲੇਖ ਅਨੁਸਾਰ ਭਾਰਤ ਵਿੱਚ ਪਿਛਲੀਆਂ ਆਮ ਚੋਣਾਂ ਤੋਂ ਬਾਅਦ ਪੋਲਸਟੇਰ ਦੇ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ 42 ਪ੍ਰਤੀਸ਼ਤ ਡਿਗਰੀ ਧਾਰਕਾਂ ਨੇ ਨਰਿੰਦਰ ਮੋਦੀ ਦਾ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ ਹੈ, ਪਰ ਪ੍ਰਾਇਮਰੀ ਸਕੂਲ ਜਾਣ ਵਾਲੇ ਵੋਟਰਾਂ ਵਿੱਚੋਂ 35 ਪ੍ਰਤੀਸ਼ਤ ਨੇ ਮੋਦੀ ਦਾ ਸਮਰਥਨ ਕਰਨਾ ਸ਼ੁਰੂ ਕੀਤਾ ਹੈ। ਇਸ ਦੇ ਨਾਲ ਹੀ ਰਾਜਾਂ ਵਿੱਚ ਹੋਈਆਂ ਚੋਣਾਂ ਵੀ ਇਸ ਸਰਵੇਖਣ ਦੇ ਨਤੀਜੇ ਦੇ ਚੱਲਦਿਆਂ ਕਰਨਾਟਕ ਦੀਆਂ ਯੂਨੀਵਰਸਿਟੀਆਂ ਵਿੱਚ ਪੜ੍ਹੇ-ਲਿਖੇ 35 ਫੀਸਦੀ ਵੋਟਰਾਂ ਨੇ ਮੋਦੀ ਅਤੇ ਭਾਜਪਾ ਨੂੰ ਸਮਰਥਨ ਦੇਣ ਦੀ ਗੱਲ ਕਹੀ ਹੈ ਲੇਖ ਵਿਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਦੇਸ਼ੀ ਹਮਰੁਤਬਾ ਬਾਈਡੇਨ ਇਸ ਸਮੇਂ ਦੌਰਾਨ ਦੇਸ਼ ਦੇ ਵੋਟਰਾਂ ਵਿਚ ਆਪਣੀ ਸਵੀਕਾਰਤਾ ਵਧਾਉਣ ਵਿਚ ਸਫਲ ਨਹੀਂ ਹੋਏ ਹਨ, ਪਰ ਮੋਦੀ ਦੀ ਲੋਕਪ੍ਰਿਅਤਾ ਵਿਚ ਬਹੁਤ ਵਾਧਾ ਹੋਇਆ ਹੈ ਅਤੇ ਇਸ ਦੇ ਲਈ ਤਿੰਨ ਕਾਰਕ ਹਨ।

### ਮੋਦੀ ਦੀ ਲੋਕਪ੍ਰਿਅਤਾ ਤਿੰਨ ਕਾਰਨਾਂ ਕਰਕੇ ਵਧੀ

1- ਜਮਾਤੀ ਰਾਜਨੀਤੀ

2- ਆਰਥਿਕਤਾ

3- ਮਜ਼ਬੂਤ ?ਸ਼ਾਸ਼ਨ

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੇ ਸ਼ਾਸਨਕਾਲ ਵਿਚ ਭਾਜਪਾ ਨੇ ਜਾਤ-ਪਾਤ ਦੀ ਰਾਜਨੀਤੀ ਤੋਂ ਉੱਪਰ ਉੱਠ ਕੇ 'ਪੂਰਨ ਹਿੰਦੂ ਪਾਰਟੀ' ਬਣ ਗਈ ਹੈ। ਦਾ ਇਕਨਾਮਿਸਟ ਲੇਖ ਵਿੱਚ ਕਿਹਾ ਗਿਆ ਹੈ, "ਮੋਦੀ ਦੀ ਲੋਕਪ੍ਰਿਅਤਾ ਦਾ ਦੂਜਾ ਕਾਰਨ ਭਾਰਤ ਦੀ ਆਰਥਿਕਤਾ ਦਾ ਸ਼ਾਨਦਾਰ ਪ੍ਰਦਰਸ਼ਨ ਹੈ। 2023 ਦੀ ਆਖਰੀ ਤਿਮਾਹੀ ਵਿੱਚ ਭਾਰਤ ਦੀ ਵਿਕਾਸ ਦਰ 8.4 ਪ੍ਰਤੀਸ਼ਤ ਸੀ ਅਤੇ ਗੋਲਡਮੈਨ ਸਾਕਸ ਨੇ ਇਸਨੂੰ 'ਖੁਸ਼ਹਾਲ ਭਾਰਤ ਦਾ ਉਭਾਰ' ਕਿਹਾ ਹੈ। ਗੋਲਡਮੈਨ ਸਾਕਸ ਨੇ ਕਿਹਾ ਹੈ ਕਿ 2011 ਦੇ ਮੁਕਾਬਲੇ ਸਾਲਾਨਾ 10,000 ਡਾਲਰ ਕਮਾਉਣ ਵਾਲੇ ਲੋਕਾਂ ਦੀ ਗਿਣਤੀ 2023 ਤੱਕ 20 ਮਿਲੀਅਨ ਤੋਂ ਵੱਧ ਕੇ 60 ਮਿਲੀਅਨ ਹੋ ਜਾਵੇਗੀ ਅਤੇ 2027 ਤੱਕ ਇਹ ਸੰਖਿਆ 100 ਮਿਲੀਅਨ ਦਾ ਅੰਕੜਾ ਪਾਰ ਕਰ ਜਾਵੇਗੀ। ਇਨ੍ਹਾਂ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ 'ਦਿ ਇਕਾਨੌਮਿਸਟ' ਨੇ ਕਿਹਾ, "ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਅਮੀਰ ਬਣਨ ਵਾਲਿਆਂ ਦਾ ਸਮਰਥਨ ਬਰਕਰਾਰ ਰੱਖਿਆ ਹੈ, ਪਰ ਮੋਦੀ ਸਰਕਾਰ ਦੇ ਦੂਜੇ ਕਾਰਜਕਾਲ ਨੇ ਵਿਸ਼ਵ ਰਾਜਨੀਤੀ ਨੂੰ ਬਦਲ ਕੇ ਰੱਖ ਦਿੱਤਾ ਹੈ ਅਤੇ ਭਾਰਤ ਨੇ ਵਿਸ਼ਵ ਰਾਜਨੀਤੀ ਵਿਚ ਆਪਣਾ ਕੱਦ ਅਤੇ ਭੂਮਿਕਾ ਵੀ ਵਧਾ ਲਈ ਹੈ। ਚੀਨ ਦੇ ਖਿਲਾਫ ਬਣੇ ਦੇਸਾਂ ਦੇ ਸਮੂਹ ਨੇ ਪੂਰੇ ਦਿਲ ਨਾਲ ਭਾਰਤ ਦਾ ਸਮਰਥਨ ਕੀਤਾ ਹੈ ਅਤੇ ਇਸਦੇ ਲਈ ਮੋਦੀ ਸਰਕਾਰ ਦਾ ਇੱਕ ਮਜ਼ਬੂਤ ਸ਼ਾਸ਼ਨ ਹੈ ਅਤੇ ਹੁਣ ਲੋਕ ਵਿਸ਼ਵਾਸ ਕਰਨ ਲੱਗ ਪਏ ਹਨ ਕਿ ਇਹ ਸ਼ਕਤੀਸ਼ਾਲੀ ਸ਼ਾਸਨ ਇਸਤਰ੍ਹਾਂ ਦਾ ਹੈ ਜਿਵੇਂ ਹੋਣਾ ਚਾਹੀਦਾ ਹੈ ਪ੍ਰਧਾਨ ਮੰਤਰੀ ਮੋਦੀ ਦੀ ਲੋਕਪ੍ਰਿਅਤਾ ਦੇ ਤੀਜਾ ਕਾਰਨ ਦਾ ਹਵਾਲਾ ਦਿੰਦੇ ਹੋਏ ਲੇਖ ਵਿਚ ਕਿਹਾ ਗਿਆ ਹੈ ਕਿ ਭਾਰਤ ਦੇ ਪੜ੍ਹੇ-ਲਿਖੇ ਕੁਲੀਨ ਲੋਕ ਮੋਦੀ ਦੀ ਵਿਦੇਸ਼ ਨੀਤੀ ਨੂੰ ਰਾਸ਼ਟਰਵਾਦੀ ਪਰ ਵਿਹਾਰਕ ਮੰਨਦੇ ਹਨ। ਲੇਖ ਵਿੱਚ ਕਿਹਾ ਗਿਆ ਹੈ, "ਪ੍ਰਧਾਨ ਮੰਤਰੀ ਮੋਦੀ ਨੇ ਸਾਲ 2021 ਤੋਂ ਚਾਰ ਨਵੇਂ ਵਪਾਰਕ ਸੌਦਿਆਂ ਦਾ ਐਲਾਨ ਕੀਤਾ ਹੈ ਅਤੇ ਹਾਲ ਹੀ ਵਿੱਚ 10 ਮਾਰਚ ਨੂੰ ਚਾਰ ਗੈਰ-ਯੂਰਪੀਅਨ ਦੇਸ਼ਾਂ ਨਾਲ ਮੁਕਤ ਵਪਾਰ ਗੱਲਬਾਤ ਚੱਲ ਰਹੀ ਹੈ। ਅਤੇ ਭਾਰਤ ਨੇ ਆਪਣੇ ਆਪ ਨੂੰ ਇੱਕ ਗਲੋਬਲ ਲੀਡਰ ਵਜੋਂ ਸਥਾਪਿਤ ਕੀਤਾ ਹੈ।

### 'ਰਾਹੁਲ ਗਾਂਧੀ ਨੇ ਵਿਸ਼ਵਾਸ ਗੁਆ ਦਿੱਤਾ ਹੈ'

ਦਾ ਇਕਨਾਮਿਸਟ ਲੇਖ ਵਿੱਚ ਕਿਹਾ ਗਿਆ ਹੈ, "ਜ਼ਿਆਦਾਤਰ ਕੁਲੀਨ ਵਰਗ ਕਾਂਗਰਸ ਅਤੇ ਇਸ ਦੇ ਨੇਤਾ ਰਾਹੁਲ ਗਾਂਧੀ ਤੋਂ ਭਰੋਸਾ ਗੁਆ ਚੁੱਕੇ ਹਨ ਅਤੇ ਇਹ ਵਰਗ ਉਨ੍ਹਾਂ ਨੂੰ ਵੰਸ਼ਵਾਦੀ, ਪਰਿਵਾਰਵਾਦੀ ਸਮਝਦਾ ਹੈ। ਹਾਲਾਂਕਿ, ਕੁਲੀਨ ਵਰਗ ਇੱਕ ਮਜ਼ਬੂਤ ਵਿਰੋਧੀ ਧਿਰ ਚਾਹੁੰਦਾ ਹੈ, ਜੋ ਪ੍ਰਧਾਨ ਮੰਤਰੀ ਮੋਦੀ ਨੂੰ ਪਿੱਛੇ ਛੱਡ ਸਕਦਾ ਹੋਵੇ, ਪਰ ਫਿਲਹਾਲ ਅਜਿਹਾ ਕੋਈ ਨੇਤਾ ਨਜ਼ਰ ਨਹੀਂ ਆ ਰਿਹਾ ਹੈ।"

ਤੁਹਾਨੂੰ ਦੱਸ ਦੇਈਏ ਕਿ ਇਸ ਚੋਣ ਵਿੱਚ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਐਨਡੀਏ ਨੇ 400 ਸੀਟਾਂ ਹਾਸਲ ਕਰਨ ਦਾ ਟੀਚਾ ਰੱਖਿਆ ਹੈ ਅਤੇ ਨਵੀਂ ਲੋਕ ਸਭਾ ਲਈ ਭਾਰਤ ਵਿੱਚ 19 ਅਪ੍ਰੈਲ ਤੋਂ 1 ਜੂਨ ਦੇ ਵਿਚਕਾਰ ਸੱਤ ਪੜਾਵਾਂ ਵਿੱਚ ਚੋਣਾਂ ਹੋਣਗੀਆਂ। ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ।

# ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਵਲੋਂ ਦਰਬਾਰ ਸਾਹਿਬ ਵਿਖੇ ਸੋਨੇ ਦੀ ਧੁਆਈ ਸੇਵਾ ਸ਼ੁਰੂ ਪ੍ਰਦੂਸ਼ਣ ਕਾਰਣ ਦਰਬਾਰ ਸਾਹਿਬ ਦੇ ਸੋਨੇ ਦੀ ਚਮਕ ਘਟੀ

ਅੰਮ੍ਰਿਤਸਰ-ਦਰਬਾਰ ਸਾਹਿਬ ਵਿਖੇ ਲੱਗੇ ਸੋਨੇ ਦੀ ਧੁਆਈ ਅਤੇ ਸਾਫ-ਸਫਾਈ ਦੀ ਸੇਵਾ ਅਰਦਾਸ ਉਪਰੰਤ ਆਰੰਭ ਕੀਤੀ ਗਈ। ਸ਼੍ਰੋਮਣੀ ਕਮੇਟੀ ਵੱਲੋਂ ਇਹ ਸੇਵਾ ਭਾਈ ਮਹਿੰਦਰ ਸਿੰਘ ਮੁਖੀ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਨੂੰ ਸੌਂਪੀ ਗਈ ਹੈ। ਦਰਬਾਰ ਸਾਹਿਬ ਦੇ ਉਪਰ ਗੁੰਬਦਾਂ 'ਤੇ ਲੱਗੇ ਸੋਨੇ ਦੀ ਧੁਆਈ ਦੇ ਕਾਰਜ ਦੀ ਆਰੰਭਤਾ ਕੀਤੀ ਗਈ। ਇਸ ਮੌਕੇ ਗੁਰਦਿਆਲ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਗੇ ਸੋਨੇ ਦੀ ਸਾਫ-ਸਫਾਈ ਅਤੇ ਸਾਂਭ-ਸੰਭਾਲ ਨੂੰ ਮੁੱਖ ਰੱਖਦਿਆਂ ਸਮੇਂ-ਸਮੇਂ ਇਸ ਦੀ ਧੁਆਈ ਦਾ ਕਾਰਜ ਕੀਤਾ ਜਾਂਦਾ ਹੈ, ਜਿਸ ਦੀ ਸੇਵਾ ਗੁਰੂ ਨਾਨਕ ਨਿਸ਼ਕਾਮ ਸੇਵਾ ਜਥਾ ਬਰਮਿੰਘਮ ਦੇ ਮੁਖੀ ਭਾਈ ਮਹਿੰਦਰ ਸਿੰਘ ਬਰਮਿੰਘਮ ਵਾਲਿਆਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕੀਤੀ ਜਾਂਦੀ ਹੈ।



ਉਨ੍ਹਾਂ ਦੱਸਿਆ ਕਿ ਬਾਰਿਸ਼ ਅਤੇ ਪ੍ਰਦੂਸ਼ਣ ਆਦਿ ਕਰਕੇ ਸੋਨੇ ਦੀ ਚਮਕ ਸਮਾਂ ਪਾ ਕੇ ਘੱਟ ਜਾਂਦੀ ਹੈ, ਜਿਸ ਦੀ ਸਾਫ-ਸਫਾਈ ਜ਼ਰੂਰੀ ਹੋ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਨਿਸ਼ਕਾਮ ਸੇਵਕ ਜਥਾ ਇਹ ਸੇਵਾ ਨਿਸ਼ਕਾਮ ਰੂਪ ਵਿਚ ਕਰਦਾ ਹੈ। ਸੇਵਕ ਜਥੇ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਅੰਦਰਲੇ ਹਿੱਸੇ ਵਿਚ ਲੱਗੇ ਸੁਨਹਿਰੀ ਪੱਤਰਿਆਂ ਅਤੇ ਮੀਨਾਕਾਰੀ ਦੀ ਲੋੜ ਅਨੁਸਾਰ ਮੁਰੰਮਤ ਦਾ ਕਾਰਜ ਵੀ ਆਰੰਭਿਆ ਗਿਆ ਹੈ, ਜੋ ਨਿਰੰਤਰ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜਥੇ ਵੱਲੋਂ ਹਰ ਸਾਲ ਸੋਨੇ ਦੀ ਧੁਆਈ ਦਾ ਕਾਰਜ ਕੀਤਾ ਜਾਂਦਾ ਹੈ। ਇਸੇ ਤਹਿਤ ਹੀ ਇਸ ਵਾਰ ਵੀ ਸੰਗਤਾਂ ਸੋਨੇ ਦੀ ਧੁਆਈ ਦੀ ਸੇਵਾ ਵਾਸਤੇ ਵਿਸ਼ੇਸ਼ ਤੌਰ 'ਤੇ ਆਈਆਂ ਹਨ। ਉਨ੍ਹਾਂ ਦੱਸਿਆ ਕਿ ਇਹ ਸੇਵਾ ਕਰੀਬ 10-12 ਦਿਨ ਜਾਰੀ ਰਹੇਗੀ, ਜਿਸ ਤਹਿਤ ਪਾਵਨ ਅਸਥਾਨ ਦੇ ਬਾਹਰੀ ਹਿੱਸੇ 'ਤੇ ਲੱਗੇ ਸੋਨੇ ਦੀ ਧੁਆਈ ਕੁਦਰਤੀ ਢੰਗ ਨਾਲ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਸੋਨੇ ਦੀ ਧੁਆਈ ਲਈ ਰੀਠੇ ਨੂੰ ਉਬਾਲ ਕੇ ਉਸ ਦਾ ਪਾਣੀ ਅਤੇ ਨਿੰਬੂ ਦਾ ਰਸ ਵਰਤਿਆ ਜਾਂਦਾ ਹੈ।

ਇਹ ਬਿਲਕੁਲ ਕੁਦਰਤੀ ਤਰੀਕਾ ਹੈ ਅਤੇ ਇਸ ਵਿਚ ਕਿਸੇ ਵੀ ਰਸਾਇਣ ਦੀ ਵਰਤੋਂ ਨਹੀਂ ਕੀਤੀ ਜਾਂਦੀ। ਸੇਵਾ ਆਰੰਭ ਕਰਨ ਮੌਕੇ ਸ਼੍ਰੋਮਣੀ ਕਮੇਟੀ ਦੇ ਨਿਸ਼ਕਾਮ ਸੇਵਕ ਜਥੇ ਵੱਲੋਂ ਭਾਈ ਇੰਦਰਜੀਤ ਸਿੰਘ, ਭਾਈ ਗੁਰਦਿਆਲ ਸਿੰਘ, ਭਾਈ ਸੁਖਬੀਰ ਸਿੰਘ, ਭਾਈ ਇਕਬਾਲ ਸਿੰਘ ਸਮੇਤ ਸੰਗਤਾਂ ਮੌਜੂਦ ਸਨ।

ਕਰਾਈਮ ਨਿਊਜ਼

## ਜ਼ਮੀਨ ਵੇਚਣ ਨੂੰ ਲੈ ਕੇ ਨਸ਼ੇੜੀ ਪੁੱਤ ਨੇ ਗੋਲੀ ਮਾਰ ਕੇ ਆਪਣੀ ਮਾਂ ਦਾ ਕੀਤਾ ਕਤਲ

ਫਿਰੋਜ਼ਪੁਰ-ਫਿਰੋਜ਼ਪੁਰ ਦੀ ਸਬ-ਡਵੀਜ਼ਨ ਜ਼ੀਰਾ ਅਧੀਨ ਪੈਂਦੇ ਪਿੰਡ ਕੀਮਾਂ ਵਾਲੀ ਵਿਚ



ਨਸ਼ੇੜੀ ਪੁੱਤਰ ਨੇ ਨਸ਼ੇ ਵਿਚ ਟੱਲੀ ਹੋ ਕੇ ਆਪਣੀ ਮਾਂ ਨੂੰ 12 ਬੋਰ ਦੀ ਰਾਈਫਲ ਨਾਲ ਗੋਲੀ ਮਾਰ ਦਿੱਤੀ ਅਤੇ ਫਰਾਰ ਹੋ ਗਿਆ। ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਪਾਲ ਕੌਰ ਦੇ ਛੋਟੇ ਪੁੱਤਰ ਗੁਰਮੀਤ ਸਿੰਘ ਦੱਸਿਆ ਕਿ ਉਸ ਦਾ ਵੱਡਾ ਭਰਾ ਮਨਜੀਤ ਸਿੰਘ ਜੋ ਕਿ ਨਸ਼ੇ ਦਾ ਆਦੀ ਹੈ, ਹੁਣ ਆਪਣੇ ਨਸ਼ੇ ਦੀ ਪੂਰਤੀ ਲਈ ਵਿਅਕਤੀ ਨੂੰ ਜ਼ਮੀਨ ਵੇਚਣ ਲਈ ਕਹਿ ਰਿਹਾ ਸੀ, ਜਦੋਂ ਮਾਂ ਇਸ ਲਈ ਤਿਆਰ ਨਹੀਂ ਸੀ ਇਸ ਲਈ ਉਹ ਘਰੋਂ ਬਾਹਰ ਚਲਾ ਗਿਆ। ਜਦੋਂ ਉਹ ਕੁਝ ਸਮੇਂ ਬਾਅਦ ਵਾਪਸ ਆਇਆ ਤਾਂ ਉਸ ਦੇ ਹੱਥ ਵਿੱਚ 12 ਬੋਰ ਦੀ ਰਾਈਫਲ ਸੀ। ਉਸ ਨੇ ਆਪਣੀ ਮਾਂ 'ਤੇ ਗੋਲੀ ਚਲਾ ਦਿੱਤੀ, ਜਿਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਈ। ਉਸ ਨੂੰ ਤੁਰੰਤ ਇਲਾਜ ਲਈ ਜ਼ੀਰਾ ਹਸਪਤਾਲ ਲਿਜਾਇਆ ਗਿਆ ਜਿੱਥੇ ਡਾਕਟਰ ਨੇ ਉਸ ਨੂੰ ਮੈਡੀਕਲ ਕਾਲਜ ਫਰੀਦਕੋਟ ਰੈਫਰ ਕਰ ਦਿੱਤਾ। ਮਾਮਲੇ ਸਬੰਧੀ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

# ਬੱਬਰ ਖਾਲਸਾ ਦੇ ਖਾਨਪੁਰੀਆ ਸਮੇਤ ਚਾਰ ਸਿੰਘਾਂ ਨੂੰ ਦੇਸ਼ਧ੍ਰੋਹ ਮਾਮਲੇ ਵਿਚ ਉਮਰ ਕੈਦ

## ✪ ਐਨ ਆਈ ਏ ਕੋਰਟ ਨੇ ਸੁਣਾਈ ਸਜ਼ਾ, ਡੇਰਾ ਸੌਦਾ ਉਸਦੀ ਹਿਟ ਲਿਸਟ ਉਪਰ ਸੀ

ਮੋਹਾਲੀ-ਪੰਜਾਬ ਦੇ ਮੋਹਾਲੀ ਸਥਿਤ ਰਾਸ਼ਟਰੀ ਜਾਂਚ ਏਜੰਸੀ ਦੀ ਵਿਸ਼ੇਸ਼ ਅਦਾਲਤ ਨੇ ਪਾਬੰਦੀਸ਼ੁਦਾ ਸੰਗਠਨ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਖਾੜਕੂ ਕੁਲਵਿੰਦਰਜੀਤ ਸਿੰਘ ਖਾਨਪੁਰੀਆ ਅਤੇ ਉਸਦੇ ਤਿੰਨ ਸਾਥੀਆਂ ਜਗਦੇਵ ਸਿੰਘ, ਰਵਿੰਦਰਪਾਲ ਸਿੰਘ ਮਹਿਣਾ ਅਤੇ ਹਰਚਰਨ ਸਿੰਘ ਦਿੱਲੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਚਾਰਾਂ ਦੋਸ਼ੀਆਂ 'ਤੇ ਦੇਸ਼ਧ੍ਰੋਹ, ਅਪਰਾਧਿਕ ਸਾਜ਼ਿਸ਼ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਵਿਚ ਸ਼ਾਮਲ ਹੋਣ ਦੇ ਦੋਸ਼ ਸਨ।

ਚਾਰਾਂ ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਦੋਸ਼ੀ ਕੁਲਵਿੰਦਰਜੀਤ ਸਿੰਘ ਖਾਨਪੁਰੀਆ ਖਿਲਾਫ ਰਾਸ਼ਟਰੀ ਜਾਂਚ ਏਜੰਸੀ ਵੱਲੋਂ 2019 ਵਿੱਚ ਕੇਸ ਦਰਜ ਕੀਤਾ ਗਿਆ ਸੀ। ਉਸ ਨੂੰ ਬੈਂਕਾਕ ਤੋਂ ਉਤਰਨ ਤੋਂ ਬਾਅਦ 21 ਨਵੰਬਰ 2022 ਨੂੰ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਭਾਰਤੀ ਅਧਿਕਾਰੀਆਂ ਦੁਆਰਾ ਗ੍ਰਿਫਤਾਰ ਕੀਤਾ ਗਿਆ ਸੀ।

### ਕਨਾਟ ਪਲੇਸ ਬੰਬ ਧਮਾਕੇ ਮਾਮਲੇ 'ਚ ਸੀ ਸ਼ਾਮਲ

ਐਨ ਆਈ ਏ ਅਨੁਸਾਰ ਗ੍ਰਿਫਤਾਰ ਖਾੜਕੂ ਪੰਜਾਬ ਵਿਚ ਟਾਰਗੇਟ ਕਿਲਿੰਗ ਨੂੰ



ਅੰਜਾਮ ਦੇਣ ਸਮੇਤ ਕਈ ਹਿੰਸਕ ਮਾਮਲਿਆਂ ਵਿਚ ਲੋੜੀਂਦਾ ਸੀ। ਉਹ ਨੱਬੇ ਦੇ ਦਹਾਕੇ ਵਿੱਚ ਕਨਾਟ ਪਲੇਸ ਨਵੀਂ ਦਿੱਲੀ ਵਿੱਚ ਹੋਏ ਬੰਬ ਧਮਾਕੇ ਅਤੇ ਹੋਰ ਸੂਬਿਆਂ ਵਿੱਚ ਹੋਏ ਗ੍ਰਨੇਡ ਹਮਲਿਆਂ ਵਿੱਚ ਵੀ ਸ਼ਾਮਲ ਸੀ।

### ਖਾੜਕੂ ਹਮਲਿਆਂ ਦਾ ਮਾਸਟਰਮਾਈਂਡ ਵੀ ਸੀ ਖਾਨਪੁਰੀਆ

ਜਾਂਚ ਵਿੱਚ ਖੁਲਾਸਾ ਹੋਇਆ ਸੀ ਕਿ ਖਾਨਪੁਰੀਆ ਪੰਜਾਬ ਵਿੱਚ ਡੇਰਾ ਸੱਚਾ ਸੌਦਾ ਨਾਲ ਸਬੰਧਤ ਅਦਾਰਿਆਂ ਅਤੇ ਪੁਲਿਸ ਅਤੇ ਸੁਰੱਖਿਆ ਕਰਮਚਾਰੀਆਂ ਨੂੰ ਨਿਸ਼ਾਨਾ ਬਣਾ ਕੇ ਭਾਰਤ ਵਿੱਚ ਹਮਲੇ ਕਰਨ ਦੀ ਸਾਜ਼ਿਸ਼ ਦਾ ਮੁੱਖ ਸਾਜ਼ਿਸ਼ਕਰਤਾ ਅਤੇ ਮਾਸਟਰਮਾਈਂਡ ਸੀ। ਇਸ ਤੋਂ ਇਲਾਵਾ ਖਾਨਪੁਰੀਆ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਚੰਡੀਗੜ੍ਹ ਦੇ ਸੀਨੀਅਰ ਅਧਿਕਾਰੀਆਂ ਨੂੰ ਵੀ ਨਿਸ਼ਾਨਾ ਬਣਾ ਰਿਹਾ ਸੀ।

### ਅੰਮ੍ਰਿਤਸਰ ਵਿੱਚ ਦਰਜ ਹੋਇਆ ਸੀ ਪਹਿਲਾ ਮਾਮਲਾ

ਇਹ ਕੇਸ ਪਹਿਲਾਂ 30 ਮਈ, 2019 ਨੂੰ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਅੰਮ੍ਰਿਤਸਰ ਵਿੱਚ ਦਰਜ ਕੀਤਾ ਗਿਆ ਸੀ, ਅਤੇ 27 ਜੂਨ, 2019 ਨੂੰ, ਐਨਆਈਏ ਨੇ ਕੇਸ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਇੱਕ ਨਵੀਂ ਐਫਆਈਆਰ ਦਰਜ ਕੀਤੀ।

ਖਾਨਪੁਰੀਆ ਨੇ ਭਾਰਤ ਅਤੇ ਵੱਖ-ਵੱਖ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਦੇ ਵਿਦੇਸ਼ਾਂ ਵਿੱਚ ਸਥਿਤ ਆਪਣੇ ਹੈਂਡਲਰਾਂ ਅਤੇ ਸਹਿਯੋਗੀਆਂ ਨਾਲ ਮਿਲ ਕੇ ਭਾਰਤ ਵਿੱਚ ਖਾੜਕੂ ਹਮਲਿਆਂ ਨੂੰ ਅੰਜਾਮ ਦੇਣ ਦੀ ਯੋਜਨਾ ਬਣਾਈ ਅਤੇ ਸਾਜ਼ਿਸ਼ ਰਚੀ ਸੀ। ਜਿਸ ਤੋਂ ਬਾਅਦ ਖਾਨਪੁਰੀਆ ਭਾਰਤ ਤੋਂ ਭੱਜਣ 'ਚ ਸਫਲ ਹੋ ਗਿਆ। ਉਹ 2019 ਤੋਂ ਫਰਾਰ ਸੀ। ਐਨ ਆਈ ਏ ਨੇ ਉਸ ਬਾਰੇ ਜਾਣਕਾਰੀ ਦੇਣ ਵਾਲੇ ਨੂੰ 5 ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਸੀ।


# ਕੈਨੇਡਾ ਵਿਖੇ ਨਸ਼ਾ ਤਸਕਰੀ ਕਾਰਣ 3 ਪੰਜਾਬੀ ਗ੍ਰਿਫ਼ਤਾਰ ਤੇ ਇਕ ਫਰਾਰ

## ✪ ਐਡਮਿੰਟਨ ਪੁਲਸ ਅਨੁਸਾਰ ਤਕਰੀਬਨ ਢਾਈ ਲੱਖ ਡਾਲਰ ਦਾ ਨਸ਼ਾ ਬਰਾਮਦ

ਐਡਮਿੰਟਨ-ਕੈਨੇਡਾ ਵਿਚ ਐਡਮਿੰਟਨ ਪੁਲਸ ਨੇ ਤਿੰਨ ਪੰਜਾਬੀਆਂ 22 ਸਾਲ ਦੇ ਹਰਸ਼ਦੀਪ ਸਿੰਘ ਸੋਹਲ, 20 ਸਾਲ ਦੇ ਪ੍ਰਭਜੋਤ ਸਿੰਘ ਅਟਵਾਲ ਅਤੇ 20 ਸਾਲ ਦੇ ਹਰਮਨ ਸੰਧੂ ਨੂੰ ਨਸ਼ਾ ਤਸਕਰੀ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਹੈ ਜਦਕਿ ਚੌਥੇ 36 ਸਾਲ ਦਾ ਜੌਹਨਪ੍ਰੀਤ ਸਿੰਘ ਕੰਗ ਦੀ ਭਾਲ ਕੀਤੀ ਜਾ ਰਹੀ ਹੈ। ਐਡਮਿੰਟਨ ਪੁਲਸ ਨੇ ਦੱਸਿਆ ਕਿ ਇਨ੍ਹਾਂ ਦੋਸ਼ੀਆਂ ਖਿਲਾਫ ਤਕਰੀਬਨ ਢਾਈ ਲੱਖ ਡਾਲਰ ਦਾ ਨਸ਼ਾ ਬਰਾਮਦ ਕਰਦਿਆਂ ਵਿਰੁੱਧ ਵੱਖ-ਵੱਖ ਦੋਸ਼ ਆਇਦ ਕੀਤੇ ਗਏ ਹਨ। ਜਾਂਚਕਰਤਾਵਾਂ ਨੇ 1 ਲੱਖ 76 ਹਜ਼ਾਰ ਡਾਲਰ ਮੁੱਲ ਦੀ ਦੋ ਕਿਲੋ ਤੋਂ ਵੱਧ ਕੋਕੀਨ, 27,500 ਡਾਲਰ ਮੁੱਲ ਦੀ 450 ਗ੍ਰਾਮ ਮੇਥਮਫੈਟਾਮਿਨ ਅਤੇ 13 ਹਜ਼ਾਰ ਡਾਲਰ ਮੁੱਲ ਦੀ 85 ਗ੍ਰਾਮ ਫੈਂਟਾਨਿਲ ਤੋਂ ਇਲਾਵਾ ਸਾਢੇ ਪੰਜ ਹਜ਼ਾਰ ਡਾਲਰ ਮੁੱਲ ਦੀ 65 ਗ੍ਰਾਮ ਕਰੈਕ ਕੋਕੀਨ ਅਤੇ ਇਕ ਹਜ਼ਾਰ ਤੋਂ ਵੱਧ ਨਸ਼ੇ ਦੀਆਂ ਗੋਲੀਆਂ ਬਰਾਮਦ ਕੀਤੀਆਂ, ਜਿਨ੍ਹਾਂ ਦੀ ਅੰਦਾਜ਼ਨ ਕੀਮਤ ਪੰਜ ਹਜ਼ਾਰ ਡਾਲਰ ਬਣਦੀ ਹੈ। ਐਡਮਿੰਟਨ ਪੁਲਸ ਦੀ ਸਾਊਥ ਵੈਸਟ ਬ੍ਰਾਂਚ ਦੀ ਸਪੈਸ਼ਲ ਪ੍ਰੌਜੈਕਟ ਟੀਮ ਦੇ ਸਾਰਜੈਂਟ ਇਆਨ ਵਿਕਰ ਨੇ ਕਿਹਾ ਕਿ ਨਸ਼ਾ ਤਸਕਰੀ ਦਾ ਸਾਡੀ ਕਮਿਊਨਿਟੀ 'ਤੇ ਬੇਹੱਦ ਮਾੜਾ ਅਸਰ ਪੈਂਦਾ ਹੈ। ਨਸ਼ਾ ਵੇਚਣ ਵਾਲੇ ਪੂਰੇ ਸ਼ਹਿਰ ਦਾ ਗੇੜਾ ਲਾਉਂਦੇ ਹਨ ਅਤੇ ਨਸ਼ੇ ਦੇ ਆਦੀ ਲੋਕਾਂ ਨੂੰ ਇਹ ਚੀਜ਼ਾਂ ਵੇਚੀਆਂ ਜਾਂਦੀਆਂ ਹਨ।

### ਦੋਸ਼ੀਆਂ ਵਿਰੁੱਧ ਦੋਸ਼ ਆਇਦ

ਪੁਲਸ ਵੱਲੋਂ ਹਰਸ਼ਦੀਪ ਸਿੰਘ ਸੋਹਲ ਵਿਰੁੱਧ ਤਸਕਰੀ ਦੇ ਮਕਸਦ ਨਾਲ ਨਸ਼ੀਲੇ ਪਦਾਰਥ ਰੱਖਣ ਦੇ 12 ਦੋਸ਼ ਆਇਦ ਕੀਤੇ



ਗਏ ਹਨ ਜਦਕਿ ਪ੍ਰਭਜੋਤ ਅਟਵਾਲ ਵਿਰੁੱਧ ਪਾਬੰਦੀਸ਼ੁਦਾ ਪਦਾਰਥ ਰੱਖਣ ਦੇ ਦੋ ਅਤੇ ਹਥਿਆਰ ਰੱਖਣ ਦਾ ਇਕ ਦੋਸ਼ ਆਇਦ ਕੀਤਾ ਗਿਆ ਹੈ। ਇਸੇ ਤਰ੍ਹਾਂ ਹਰਮਨ ਸੰਧੂ ਵਿਰੁੱਧ ਪਾਬੰਦੀਸ਼ੁਦਾ ਪਦਾਰਥ ਦੀ ਤਸਕਰੀ ਅਤੇ ਤਸਕਰੀ ਦੇ ਮਕਸਦ ਨਾਲ ਨਸ਼ੀਲਾ ਪਦਾਰਥ ਰੱਖਣ ਦੇ ਦੋਸ਼ ਆਇਦ ਕੀਤੇ ਗਏ ਹਨ। ਦੂਜੇ ਪਾਸੇ ਜੌਹਨਪ੍ਰੀਤ ਸਿੰਘ ਕੰਗ ਦੀ ਭਾਲ ਕਰ ਰਹੀ ਪੁਲਸ ਨੇ ਲੋਕਾਂ ਤੋਂ ਮਦਦ ਮੰਗੀ ਹੈ ਜੋ ਹੁਣ ਤੱਕ ਫਰਾਰ ਹੈ।

# ਚਰਿੱਤਰ 'ਤੇ ਸ਼ੱਕ ਕਾਰਨ ਪਤੀ ਵੱਲੋਂ ਪਤਨੀ ਦਾ ਬੇਰਹਿਮੀ ਨਾਲ ਕਤਲ

ਲੁਧਿਆਣਾ-ਥਾਣਾ ਜੋਧੇਵਾਲ ਦੇ ਅਧੀਨ ਆਉਂਦੀ ਏਕਜੋਤ ਨਗਰ ਕਾਲੋਨੀ ਵਿਚ ਇਕ ਪਤੀ ਮੁੰਨਾ (23) ਵੱਲੋਂ ਆਪਣੀ 25 ਸਾਲਾ ਪਤਨੀ ਸਾਲਾ ਆਸ਼ਮਾ ਦਾ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਦਿੰਦੇ ਹੋਏ ਏ. ਸੀ. ਪੀ. ਨਾਰਥ ਜੈਅੰਤ ਪੁਰੀ ਅਤੇ ਥਾਣਾ ਮੁਖੀ



ਗੁਰਦਿਆਲ ਸਿੰਘ ਨੇ ਦੱਸਿਆ ਕਿ ਕਿ ਮ੍ਰਿਤਕ ਆਸ਼ਮਾ ਅਤੇ ਮੁੰਨਾ ਦੀ ਲਵ ਮੈਰਿਜ 5 ਸਾਲ ਪਹਿਲਾਂ ਹੋਈ ਸੀ। ਉਨ੍ਹਾਂ ਦੇ ਢਾਈ ਸਾਲ ਦਾ ਇਕ ਮੁੰਡਾ ਅਤੇ 9 ਮਹੀਨੇ ਦੀ ਇਕ ਕੁੜੀ ਹੈ। ਮੁਲਜ਼ਮ ਮੁੰਨਾ ਆਪਣੀ ਪਤਨੀ ਆਸ਼ਮਾ 'ਤੇ ਸ਼ੱਕ ਕਰਦਾ ਸੀ ਕਿ ਉਸ ਦੇ ਨਾਜਾਇਜ਼ ਸਬੰਧ ਬਾਹਰ ਕਿਸੇ ਦੇ ਨਾਲ ਹਨ, ਜਿਸ ਕਾਰਨ ਪਤਨੀ ਦੇ ਨਾਲ ਲੜਾਈ-ਝਗੜਾ ਰਹਿੰਦਾ ਸੀ। ਬੀਤੀ ਸਵੇਰੇ ਮੁੰਨਾ ਤੇ ਆਸ਼ਮਾ 'ਚ ਲੜਾਈ ਹੋ ਗਈ ਅਤੇ ਇਸੇ ਦੌਰਾਨ ਘਰ ਵਿਚ ਸਬਜ਼ੀ ਕੱਟਣ ਵਾਲੇ ਚਾਕੂ ਨਾਲ ਮੁੰਨਾ ਨੇ ਆਸ਼ਮਾ 'ਤੇ ਹਮਲਾ ਕਰ ਦਿੱਤਾ ਅਤੇ ਚਾਕੂ ਸਿੱਧਾ ਪੇਟ ਵਿਚ ਲੱਗਾ, ਜਿਸ ਦੌਰਾਨ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ।ਥਾਣਾ ਮੁਖੀ ਨੇ ਦੱਸਿਆ ਕਿ ਕਤਲ ਤੋਂ ਬਾਅਦ ਮੁਲਜ਼ਮ ਮੁੰਨਾ ਉਥੋਂ ਫਰਾਰ ਹੋ ਗਿਆ, ਜਿਸ ਤੋਂ ਬਾਅਦ ਮ੍ਰਿਤਕ ਆਸ਼ਮਾ ਦਾ ਭਰਾ ਮੁਹੰਮਦ ਸ਼ੋਇਬ ਅਖ਼ਤਰ ਘਰ ਆਇਆ, ਜਿਸ ਨੇ ਦੇਖਿਆ ਕਿ ਉਸ ਦੀ ਭੈਣ ਆਸ਼ਮਾ ਜ਼ਮੀਨ 'ਤੇ ਮ੍ਰਿਤਕ ਹਾਲਤ ਪਈ ਸੀ। ਉਸ ਨੇ ਤੁਰੰਤ ਪੁਲਸ ਨੂੰ ਸੂਚਿਤ ਕੀਤਾ। ਪੁਲਸ ਨੇ ਮ੍ਰਿਤਕਾ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ 'ਚ ਭੇਜ ਦਿੱਤਾ ਅਤੇ ਮੁਹੰਮਦ ਸ਼ੋਇਬ ਅਖ਼ਤਰ ਦੇ ਬਿਆਨਾਂ 'ਤੇ ਮੁਲਜ਼ਮ ਮੁੰਨਾ ਖਿਲਾਫ ਕਤਲ ਦਾ ਮੁਕੱਦਮਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਦੋਸ਼ੀ ਫਾਰਚੂਨਰ ਕਾਰ, ਪਿਸਤੌਲ, ਕਾਰਤੂਸ ਤੇ 260 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ

ਲੁਧਿਆਣਾ-ਲੁਧਿਆਣਾ ਦੇ ਕ੍ਰਾਈਮ ਬ੍ਰਾਂਚ 3 ਦੀ ਟੀਮ ਨੇ ਫਾਰਚੂਨਰ ਕਾਰ ਸਵਾਰ ਨੂੰ ਗ੍ਰਿਫਤਾਰ ਕਰਕੇ ਉਸਦੇ ਕਬਜ਼ੇ ਵਿਚੋਂ ਇੱਕ 32 ਬੋਰ ਦੀ ਪਿਸਤੌਲ,ਦੋ ਜਿੰਦਾ ਕਾਰਤੂਸ ਅਤੇ 260 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪੁਲਿਸ ਦੇ ਮੁਤਾਬਿਕ ਗ੍ਰਿਫਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਪਿੰਡ ਧੌਲਾ ਦੇ ਰਹਿਣ ਵਾਲੇ ਅੰਮ੍ਰਿਤਰਾਜ ਸਿੰਘ ਵੱਜੋਂ ਹੋਈ ਹੈ। ਪੁਲਿਸ ਨੇ ਕਾਰ ਚਾਲਕ ਨੂੰ ਹਿਰਾਸਤ ਵਿੱਚ ਲੈ ਕੇ ਉਸਦੇ ਖ਼ਿਲਾਫ਼ ਐੱਨਡੀਪੀਐੱਸ ਅਤੇ ਅਸਲਾ ਐਕਟ ਦੀਆਂ ਧਾਰਾਵਾਂ ਤਹਿਤ ਮੁਕਦਮਾ ਦਰਜ ਕਰ ਲਿਆ ਹੈ।

# ਭਾਰਤ ਵਿਚ ਕੈਂਸਰ ਦੀਆਂ ਦਵਾਈਆਂ ਨਕਲੀ ਮਿਲਣ ਲੱਗੀਆਂ

ਵਿਸ਼ੇਸ਼ ਰਿਪੋਟ

## ✪ ਦਿਲੀ ਪੁਲੀਸ ਨੇ ਵੱਡਾ ਗਿਰੋਹ ਫੜਿਆ ✪ ਨਕਲੀ ਦਵਾਈਆਂ ਦਾ ਕਾਰੋਬਾਰ ਭਾਰਤ ਵਿਚ ਸੰਗਠਿਤ ਅਪਰਾਧ ਬਣਿਆ



ਬੀਤੇ ਦਿਨੀਂ ਦਿੱਲੀ ਪੁਲਿਸ ਨੇ ਨਕਲੀ ਦਵਾਈਆਂ ਦੇ ਇਕ ਵੱਡੇ ਗਿਰੋਹ ਨੂੰ ਫੜਿਆ ਸੀ। ਪੁਲਿਸ ਨੇ ਨਕਲੀ ਕੀਮੋਥੈਰੇਪੀ ਦਵਾਈਆਂ ਦੇ ਸੌਦੇ ਦੇ ਦੋਸ਼ ਵਿੱਚ ਬਿਹਾਰ ਦੇ ਮੁਜ਼ੱਫਰਪੁਰ ਤੋਂ ਇੱਕ ਹੋਰ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਸੀ। ਪੁਲਿਸ ਪਹਿਲਾਂ ਹੀ ਸੱਤ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਸੀ। ਅੱਠਵੇਂ ਮੁਲਜ਼ਮ ਦੀ ਪਛਾਣ ਬਿਹਾਰ ਦੇ ਮੁਜ਼ੱਫਰਪੁਰ ਦੇ ਰਹਿਣ ਵਾਲੇ ਆਦਿਤਿਆ ਕ੍ਰਿਸ਼ਨ ਵਜੋਂ ਹੋਈ ਸੀ। ਉਸ ਨੂੰ ਦਿੱਲੀ ਲਿਆਂਦਾ ਗਿਆ ਸੀ।

ਆਦਿਤਿਆ ਕ੍ਰਿਸ਼ਨਾ ਨੀਰਜ ਚੌਹਾਨ ਤੋਂ ਦਵਾਈਆਂ ਖਰੀਦ ਕੇ ਪੁਣੇ ਅਤੇ ਐਨਸੀਆਰ ਵਿੱਚ ਸਪਲਾਈ ਕਰਦਾ ਸੀ। ਉਹ ਮੁਜ਼ੱਫਰਪੁਰ ਵਿੱਚ ਦਵਾਈਆਂ ਦੀ ਦੁਕਾਨ ਚਲਾਉਂਦਾ ਸੀ। ਉਸਨੇ ਆਈ ਆਈ ਟੀ ਬੀਐਚਯੂ ਤੋਂ ਕੀਤੀ ਹੈ। ਫੜਿਆ ਗਿਆ ਕਥਿਤ ਦੋਸ਼ੀ ਬਿਨਾਂ ਕਿਸੇ ਐਕਟਿਵ ਇੰਡੀਰਿਟੈਂਟ ਦੇ ਨਕਲੀ ਦਵਾਈਆਂ ਦੇ ਕੇ ਮਰੀਜਾਂ ਦੀਆਂ ਕੀਮਤੀ ਜਾਨਾਂ ਨਾਲ ਖਿਲਵਾੜ ਕਰ ਰਿਹਾ ਸੀ। ਦਿੱਲੀ ਦੇ ਮੋਤੀ ਨਗਰ ਵਿੱਚ ਨਕਲੀ ਦਵਾਈਆਂ ਬਣਾਈਆਂ ਜਾਂਦੀਆਂ ਸਨ। ਮੁਲਜ਼ਮਾਂ ਦੇ ਇਸ਼ਾਰੇ 'ਤੇ ਸੱਤ ਅੰਤਰਰਾਸ਼ਟਰੀ ਅਤੇ ਦੋ ਭਾਰਤੀ ਬਰਾਂਡਾਂ ਦੀਆਂ 4 ਕਰੋੜ ਰੁਪਏ ਦੀਆਂ ਨਕਲੀ ਕੈਂਸਰ ਦਵਾਈਆਂ ਬਰਾਮਦ ਕੀਤੀਆਂ ਗਈਆਂ ਹਨ।

ਪੁਲਿਸ ਨੇ ਮੁਲਜ਼ਮਾਂ ਕੋਲੋਂ ਕੈਂਸਰ ਦੀਆਂ ਅਲੱਗ-ਅਲੱਗ ਬ੍ਰਾਂਡਾਂ ਦੀਆਂ ਨਕਲੀ ਦਵਾਈਆਂ ਬਰਾਮਦ ਕੀਤੀਆਂ। ਇਨ੍ਹਾਂ ਵਿਚ ਸੱਤ ਦਵਾਈਆਂ ਵਿਦੇਸ਼ੀ ਅਤੇ ਦੋ ਭਾਰਤੀ ਬ੍ਰਾਂਡਾਂ ਦੀਆਂ ਹਨ। ਮੁਲਜ਼ਮ ਕੀਮੋਥੈਰੇਪੀ ਦੇ ਇੰਜੈਕਸ਼ਨ ਵਿਚ ਪੰਜਾਹ ਤੋਂ ਸੌ ਰੁਪਏ ਦੀ ਐਂਟੀ ਫੰਗਲ ਦਵਾਈ ਭਰ ਕੇ ਇਕ ਤੋਂ ਸਵਾ ਲੱਖ ਰੁਪਏ ਵਿਚ ਵੇਚ ਰਹੇ ਸਨ। ਕੁਝ ਦਿਨ ਪਹਿਲਾਂ ਹੀ ਤੇਲੰਗਾਨਾ ਵਿਚ ਡਰੱਗ ਕੰਟਰੋਲਰ ਪ੍ਰਸ਼ਾਸਕ ਨੇ ਚਾਕ ਪਾਊਡਰ ਨਾਲ ਭਰੀਆਂ ਡੰਮੀ ਗੋਲ਼ੀਆਂ ਬਰਾਮਦ ਕੀਤੀਆਂ ਸਨ। ਇਸੇ ਤਰ੍ਹਾਂ ਗਾਜ਼ੀਆਬਾਦ ਵਿਚ ਨਕਲੀ ਦਵਾ ਬਣਾਉਣ ਵਾਲੀ ਫੈਕਟਰੀ ਫੜੀ ਗਈ ਸੀ।

ਪਿਛਲੇ ਸਾਲ, ਹਰਿਆਣਾ ਆਧਾਰਿਤ ਕੰਪਨੀ 'ਮੇਡਨ ਫਾਰਮਾਸਿਊਟੀਕਲਜ' ਦੁਆਰਾ ਭਾਰਤ ਵਿੱਚ ਬਣਾਈਆਂ ਜਾਣ ਵਾਲ਼ੀਆਂ ਖੰਘ ਦੀਆਂ ਦਵਾਈਆਂ ਦੇ ਚਾਰ ਬ੍ਰਾਂਡਾਂ 'ਤੇ ਹਾਨੀਕਾਰਕ ਮਿਲਾਵਟੀ ਰਸਾਇਣਕ ਤੱਤਾਂ ਡਾਇਥਾਈਲੀਨ ਗਲਾਈਕੋਲ (ਡੀਈਜੀ) ਅਤੇ ਐਥੀਲੀਨ ਗਲਾਈਕੋਲ (ਈਜੀ) ਦੀ ਮੌਜੂਦਗੀ ਦਾ ਦੋਸ਼ ਲਗਾਇਆ ਗਿਆ ਸੀ, ਇਸ ਮਿਲਾਵਟ ਨਾਲ ਗੈਂਬੀਆ ਵਿੱਚ ਲਗਭਗ 70 ਬੱਚਿਆਂ ਦੀ ਮੌਤ ਹੋ ਗਈ ਸੀ। ਅਜਿਹੇ ਵੇਲ਼ੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਅਤੇ ਇਸ ਦੁਖਾਂਤ ਨੂੰ ਅੰਜਾਮ ਦੇਣ ਵਾਲ਼ੀ ਘਟਨਾ ਦੇ ਮੂਲ ਕਾਰਨਾਂ ਦੀ ਪਛਾਣ ਕਰਨ ਦੀ ਬਜਾਏ, ਭਾਰਤ ਸਰਕਾਰ ਭਾਰਤੀ ਦਵਾਈ ਸਨਅਤ ਦੀ ਸਾਖ ਬਚਾਉਣ ਲਈ ਪੱਬਾਂ ਭਰ ਹੋ ਗਈ ਸੀ।

ਇਸਦੇ ਥੋੜੇ ਸਮੇਂ ਬਾਅਦ ਹੀ ਉਜ਼ਬੇਕਿਸਤਾਨ ਵਿੱਚ ਅਜਿਹਾ ਹੀ ਇੱਕ ਮਾਮਲਾ ਸਾਹਮਣੇ ਆਇਆ ਜਿਸ ਵਿੱਚ ਮਿਲਾਵਟੀ ਦਵਾਈਆਂ ਕਰਕੇ 18 ਬੱਚਿਆਂ ਦੀ ਮੌਤ ਹੋ ਗਈ ਸੀ। ਪਿਛਲੇ ਸਮੇਂ ਵਿੱਚ ਸਬ-ਸਟੈਂਡਰਡ ਦਵਾਈਆਂ ਕਾਰਨ ਹੋਣ ਵਾਲ਼ੀਆਂ ਮੌਤਾਂ ਦੇ ਅਜਿਹੇ ਕਈ ਮਾਮਲੇ ਸਾਡੇ ਸਾਹਮਣੇ ਆਏ ਸਨ।

ਅਜੋਕੇ ਸਮੇਂ ਵਿੱਚ ਭਾਰਤ ਪੂਰੀ ਦੁਨੀਆ ਵਿੱਚ ਜੈਨਰਿਕ ਦਵਾਈਆਂ ਦਾ ਸਭ ਤੋਂ ਵੱਡਾ ਵਿਕਰੇਤਾ ਹੈ, ਜੋ ਕਿ ਵੱਖ-ਵੱਖ ਟੀਕਿਆਂ/ਵੈਕਸੀਨ ਦੀ ਸੰਸਾਰਵਿਆਪੀ ਮੰਗ ਦੇ 50% ਤੋਂ ਵੱਧ ਦੀ ਪੂਰਤੀ ਕਰਦਾ ਹੈ, ਸੰਯੁਕਤ ਰਾਜ ਅਮਰੀਕਾ ਵਿੱਚ ਲਗਭਗ 40% ਜੈਨਰਿਕ ਮੰਗ ਅਤੇ ਬਰਤਾਨੀਆਂ ਵਿੱਚ ਸਾਰੀਆਂ ਦਵਾਈਆਂ ਦੀ ਲਗਭਗ 25% ਮੰਗ ਦੀ ਪੂਰਤੀ ਕਰਦਾ ਹੈ। ਪਰ ਹਾਲ ਇਹ ਨੇ ਕਿ ਜੈਨਰਿਕ ਦਵਾਈਆਂ ਦੇ ਨਾਲ਼-ਨਾਲ਼ ਨਕਲੀ ਦਵਾਈਆਂ ਦਾ ਕਾਰੋਬਾਰ ਵੀ ਸਭ ਤੋਂ ਜਿਆਦਾ ਭਾਰਤ ਵਿੱਚ ਹੀ ਹੁੰਦਾ ਹੈ।

ਨਕਲੀ ਤੇ ਮਿਲਾਵਟੀ ਦਵਾਈਆਂ ਜਿੱਥੇ ਬਿਮਾਰੀ ਨਾਲ ਲੜਨ ਵਿਚ ਅਸਰਦਾਰ ਨਹੀਂ ਹੁੰਦੀਆਂ ਹਨ, ਓਥੇ ਹੀ ਉਹ ਦੂਜੇ ਰੋਗਾਂ ਦੀਆਂ ਕਾਰਕ ਵੀ ਬਣਦੀਆਂ ਹਨ। ਇਨ੍ਹਾਂ ਦਾ ਸੇਵਨ ਗੁਰਦੇ, ਜਿਗਰ, ਦਿਲ ਅਤੇ ਨਾੜੀ ਤੰਤਰ ਨੂੰ ਪ੍ਰਭਾਵਿਤ ਕਰਦਾ ਹੈ। ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੀਆਂ ਇਹ ਸਰਗਰਮੀਆਂ ਹੁਣ ਭਾਰਤ ਵਿਚ ਸੰਗਠਿਤ ਅਪਰਾਧ ਦੀ ਸ਼ਕਲ ਲੈ ਚੁੱਕੀਆਂ ਹਨ।

### ਕੀ ਇਸ ਦਾ ਕੋਈ ਹਲ ਹੈ ?

ਸਰਕਾਰ ਵੀ ਇਨ੍ਹਾਂ ਕੰਪਨੀਆਂ ਦਾ ਪੱਖ ਪੂਰਦੀ ਆਈ ਹੈ। ਅੰਕੜਿਆਂ ਨੂੰ ਤੋੜਨਾ-ਮਰੋੜਨਾ, ਸਮੱਸਿਆ ਨੂੰ ਘਟਾ ਕੇ ਪੇਸ਼ ਕਰਨਾ ਅਤੇ ਜਦੋਂ ਉੱਕਾ ਹੀ ਮਾਮਲਾ ਵਿਗੜਦਾ ਦਿਖੇ ਤਾਂ ਸ਼ਰੇਆਮ ਕੰਪਨੀਆਂ ਦਾ ਪੱਖ ਪੂਰਨਾ, ਇਹੀ ਹੈ ਜੋ ਸਰਕਾਰਾਂ ਕਰਦੀਆਂ ਆਈਆਂ ਹਨ। ਇਹ ਗੱਲ ਜੱਗ ਜਾਹਿਰ ਹੈ ਕਿ ਕਨੂੰਨ ਬਣਾਉਣ ਤੋਂ ਲੈਕੇ ਲਾਗੂ ਕਰਵਾਉਣ ਵਾਲ਼ੀਆਂ ਸਰਕਾਰਾਂ ਇਨ੍ਹਾਂ ਕੰਪਨੀਆਂ ਤੋਂ ਹੀ ਚੋਣਾਂ ਸਮੇਂ ਭਾਰੀ ਫੰਡ ਹਾਸਲ ਕਰਦੀਆਂ ਹਨ। ਇਸ ਲਈ ਇਹ ਸਰਕਾਰਾਂ ਲੋੜ ਪੈਣ 'ਤੇ ਇਨ੍ਹਾਂ ਸਰਮਾਏਦਾਰਾਂ ਦਾ ਪੱਖ ਹੀ ਪੂਰਦੀਆਂ ਹਨ। ਇਨ੍ਹਾਂ ਫਾਰਮਾ ਕੰਪਨੀਆਂ ਦਾ ਇਹ ਲੋਟੂ ਧੰਦਾ ਸਰਕਾਰ ਅਤੇ ਕੰਟਰੋਲ ਸੰਸਥਾਵਾਂ ਦੀ ਮਿਲ਼ੀ ਭੁਗਤ ਨਾਲ਼ ਹੀ ਚਲਦਾ ਹੈ।

### ਕੀ ਹੈ ਕਨੂੰਨ

ਭਾਰਤ ਵਿਚ ਨਕਲੀ ਤੇ ਮਿਲਾਵਟੀ ਦਵਾਈਆਂ 'ਤੇ ਰੋਕ ਲਗਾਉਣ ਲਈ ਦਵਾਈ ਅਤੇ ਪ੍ਰਸਾਧਨ ਸਮੱਗਰੀ ਐਕਟ, 1940 ਵਿਚ ਸਜ਼ਾ ਅਤੇ ਜੁਰਮਾਨੇ ਦੀ ਵਿਵਸਥਾ ਹੈ। ਇਸ ਤਹਿਤ ਨਕਲੀ ਦਵਾਈਆਂ ਕਾਰਨ ਰੋਗੀ ਦੀ ਮੌਤ ਜਾਂ ਗੰਭੀਰ ਨੁਕਸਾਨ 'ਤੇ ਉਮਰ ਕੈਦ ਦੀ ਵਿਵਸਥਾ ਹੈ। ਮਿਲਾਵਟੀ ਜਾਂ ਬਿਨਾਂ ਲਾਇਸੈਂਸ ਦਵਾ ਬਣਾਉਣ 'ਤੇ ਪੰਜ ਸਾਲਾਂ ਦੀ ਸਜ਼ਾ ਦੀ ਵਿਵਸਥਾ ਹੈ। ਇਸ ਐਕਟ ਤਹਿਤ ਸਥਾਪਤ ਕੇਂਦਰੀ ਔਸ਼ਧੀ ਮਾਨਕ ਨਿਯੰਤਰਣ ਸੰਗਠਨ ਦਵਾਈਆਂ, ਸੁੰਦਰਤਾ ਸਮੱਗਰੀ ਅਤੇ ਡਾਕਟਰੀ ਸਾਜ਼ੋ-ਸਾਮਾਨਾਂ ਦਾ ਕੌਮੀ ਰੈਗੂਲੇਟਰ ਹੈ।

ਭਾਰਤ ਦਾ ਔਸ਼ਧੀ ਮਹਾ-ਨਿਯੰਤਰਕ ਦਵਾਈਆਂ ਦੇ ਨਿਰਮਾਣ, ਵਿਕਰੀ, ਦਰਾਮਦ ਤੇ ਡਿਸਟ੍ਰੀਬਿਊਸ਼ਨ ਨਾਲ ਜੁੜੇ ਮਾਪਦੰਡ ਨਿਰਧਾਰਤ ਕਰਦਾ ਹੈ। ਇਹ ਸੂਬਿਆਂ ਦੇ ਖੁਰਾਕ ਅਤੇ ਡਰੱਗਜ਼ ਰੈਗੂਲੇਟਰ ਅਥਾਰਟੀਜ਼ ਨਾਲ ਤਾਲਮੇਲ ਵੀ ਸਥਾਪਤ ਕਰਦਾ ਹੈ। ਸੂਬਾ ਪੱਧਰ 'ਤੇ ਔਸ਼ਧੀ ਨਿਯੰਤਰਕ ਤੇ ਜ਼ਿਲ੍ਹਿਆਂ ਵਿਚ ਡਰੱਗਜ਼ ਇੰਸਪੈਕਟਰ ਦਵਾਈਆਂ ਦੀ ਗੁਣਵੱਤਾ ਨਿਰਧਾਰਤ ਕਰਨ ਵਾਲੀਆਂ ਸਭ ਤੋਂ ਅਹਿਮ ਕੜੀਆਂ ਹਨ। ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ 29 ਦਵਾ ਪ੍ਰੀਖਣ ਲੈਬਜ਼ ਹਨ। ਇਸ ਤੋਂ ਇਲਾਵਾ ਅੱਠ ਕੇਂਦਰੀ ਲੈਬਜ਼ ਵੀ ਹਨ। ਮਿਲਾਵਟੀ ਦਵਾਈਆਂ 'ਤੇ ਰੋਕ ਲਗਾਉਣ ਲਈ ਸੋਮਿਆਂ ਦੀ ਕਮੀ ਨਹੀਂ ਹੈ। ਅਜਿਹੇ ਮਾਮਲਿਆਂ ਵਿਚ ਰਾਜਨੀਤਕ ਦਬਾਅ ਤੋਂ ਮੁਕਤ ਹੋ ਕੇ ਰੈਗੂਲੇਟਰ ਏਜੰਸੀਆਂ ਦੁਆਰਾ ਕਾਰਵਾਈ ਕੀਤੇ ਜਾਣ ਦੀ ਲੋੜ ਹੈ।


ਪਿਛਲੇ ਸਾਲ ਦਵਾਈਆਂ ਵਿਚ ਕਿਊਆਰ ਕੋਡ ਲਗਾਏ ਜਾਣ ਦੀ ਪਹਿਲ ਸ਼ੁਰੂ ਹੋਈ ਹੈ। ਇਹ ਸਾਰੀਆਂ ਦਵਾਈਆਂ ਵਿਚ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਦਵਾਈਆਂ ਦੀ ਕਾਲਾਬਾਜ਼ਾਰੀ ਰੋਕਣ ਵਿਚ ਮਦਦ ਮਿਲੇਗੀ। ਅਕਾਲ ਆਈ ਹਸਪਤਾਲ ਦੇ ਮੁਖ ਡਾਕਟਰ ਬਲਬੀਰ ਸਿੰਘ ਭੌਰਾ ਦਾ ਕਹਿਣਾ ਹੈ ਕਿ ਆਲਮੀ ਪੱਧਰ 'ਤੇ 20 ਪ੍ਰਤੀਸ਼ਤ ਜੈਨੇਰਿਕ ਦਵਾਈਆਂ ਦੀ ਸਪਲਾਈ ਭਾਰਤ ਕਰਦਾ ਹੈ।

ਇਕ ਅਨੁਮਾਨ ਮੁਤਾਬਕ ਜਲਦ ਹੀ ਭਾਰਤੀ ਦਵਾ ਬਾਜ਼ਾਰ 60.9 ਅਰਬ ਡਾਲਰ ਦੇ ਪੱਧਰ ਨੂੰ ਪਾਰ ਕਰ ਜਾਵੇਗਾ। ਅਜਿਹੇ ਵਿਚ ਆਪਣੇ ਮੁਨਾਫ਼ੇ ਲਈ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ 'ਤੇ ਸਮਾਂ ਰਹਿੰਦੇ ਸਖ਼ਤ ਕਾਰਵਾਈ ਕਰਨੀ ਹੋਵੇਗੀ।

ਨਕਲੀ ਦਵਾਈਆਂ ਨੂੰ ਜਿਥੇ ਬਣਾਉਣਾ-ਵੇਚਣਾ ਭ੍ਰਿਸ਼ਟਾਚਾਰ ਹੈ, ਉਥੇ ਮਨੁੱਖੀ ਸਿਹਤ ਲਈ ਇਕ ਵੱਡਾ ਖ਼ਤਰਾ ਵੀ ਹੈ। ਅਜਿਹੇ ਵਿਚ ਰੈਗੂਲੇਟਰੀ ਵਿਵਸਥਾ ਨੂੰ ਮਜ਼ਬੂਤ ਬਣਾਉ ਦੀ ਲੋੜ ਹੈ ਤਾਂ ਜੋ ਨਕਲੀ ਅਤੇ ਮਿਲਾਵਟੀ ਦਵਾਈਆਂ ਤੋਂ ਛੁਟਕਾਰਾ ਮਿਲ ਸਕੇ।

# ਅਮਰੀਕਾ ਨੇ ਕੇਜਰੀਵਾਲ ਦੇ ਮਾਮਲੇ ਵਿਚ ਨਿਆਂਪੂਰਨ, ਪਾਰਦਰਸ਼ੀ ਤੇ ਸਮਾਂਬੱਧ ਕਾਨੂੰਨੀ ਪ੍ਰਕ੍ਰਿਆ ਦੀ ਗਲ ਦੁਹਰਾਈ

## ✪ ਕਾਂਗਰਸ ਦੇ ਖਾਤੇ ਜਾਮ ਕਰਨ ਦਾ ਮੁੱਦਾ ਵੀ ਉਠਾਇਆ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕੀ ਵਿਦੇਸ਼ ਵਿਭਾਗ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਮੁੱਦੇ 'ਤੇ ਨਵੀਂ ਦਿੱਲੀ ਵਿਚਲੇ ਆਪਣੇ ਕਾਰਜਕਾਰੀ ਡਿਪਟੀ ਚੀਫ ਆਫ ਮਿਸ਼ਨ ਗਲੋਰੀਆ ਬਰਬੇਨਾ ਨੂੰ ਭਾਰਤ ਸਰਕਾਰ ਵੱਲੋਂ ਤਲਬ ਕਰਨ ਦੇ ਇਕ ਦਿਨ ਬਾਅਦ ਆਪਣਾ ਪੱਖ ਮੁੜ ਦੁਹਰਾਇਆ ਹੈ। ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਉਹ ਅਰਵਿੰਦ ਕੇਜਰੀਵਾਲ ਦੇ ਮਾਮਲੇ ਵਿਚ ਨਿਆਂਪੂਰਨ, ਪਾਰਦਰਸ਼ੀ ਤੇ ਸਮੇ ਸਿਰ ਕਾਨੂੰਨੀ ਪ੍ਰਕ੍ਰਿਆ ਉਪਰ ਜੋਰ ਦਿੰਦੇ ਰਹਿਣਗੇ। ਵਿਦੇਸ਼ ਵਿਭਾਗ ਦੇ ਬੁਲਾਰੇ ਮੈਥੀਊ ਮਿਲਰ ਨੂੰ ਜਦੋਂ ਮੁੱਖ ਮੰਤਰੀ ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਇਕ ਅਮਰੀਕੀ ਅਧਿਕਾਰੀ ਦੁਆਰਾ ਟਿੱਪਣੀ ਕਰਨ ਸਬੰਧੀ ਭਾਰਤ ਵੱਲੋਂ ਅਮਰੀਕੀ ਡਿਪਲੋਮੈਟ ਬਰਬੇਨਾ ਨੂੰ ਤਲਬ ਕਰਨ ਤੇ ਕਾਂਗਰਸ ਪਾਰਟੀ ਦੇ ਬੈਂਕ ਖਾਤੇ ਸੀਲ ਕਰਨ ਬਾਰੇ ਪੁੱਛਿਆ ਗਿਆ ਤਾਂ ਉਨਾਂ ਕਿਹਾ " ਅਸੀਂ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੀ ਗ੍ਰਿਫਤਾਰੀ ਸਮੇਤ ਇਨਾਂ ਮੁੱਦਿਆਂ 'ਤੇ ਕੰਮ ਕਰਦੇ ਰਹਾਂਗੇ।

ਅਸੀਂ ਕਾਂਗਰਸ ਪਾਰਟੀ ਵੱਲੋਂ ਲਾਏ ਗਏ ਦੋਸ਼ ਕਿ ਉਸ ਦੇ ਟੈਕਸ ਅਧਿਕਾਰੀਆਂ ਦੁਆਰਾ ਕੁਝ ਬੈਂਕ ਖਾਤੇ ਜਾਮ ਕਰ ਦਿੱਤੇ ਗਏ ਹਨ ਜਿਸ ਕਾਰਨ ਚੋਣ ਪ੍ਰਚਾਰ ਕਰਨਾ ਇਕ ਚੁਣੌਤੀ ਹੋਵੇਗੀ, ਬਾਰੇ ਵੀ ਜਾਣਦੇ ਹਾਂ।" ਮਿਲਰ ਨੇ ਜੋਰ ਦੇ ਕੇ ਕਿਹਾ ਕਿ ਅਸੀਂ ਇਨਾਂ ਵਿਚੋਂ ਹਰੇਕ ਮਾਮਲੇ ਵਿੱਚ ਨਿਆਂਪੂਰਨ, ਪਾਰਦਰਸ਼ੀ ਤੇ ਸਮੇ ਸਿਰ ਕਾਨੂੰਨੀ ਪ੍ਰਕ੍ਰਿਆ ਉਪਰ ਜੋਰ ਦਿੰਦੇ ਹਾਂ ਤੇ ਅਸੀਂ ਨਹੀਂ ਸੋਚਦੇ ਕਿ ਇਸ ਉਪਰ ਕਿਸੇ ਨੂੰ ਇਤਰਾਜ ਹੋਵੇਗਾ।

ਖਾਸ ਖਬਰ

# ਲੋਕ ਸਭਾ ਚੋਣਾਂ 2024 ਵਿਚ ਹੋਵੇਗੀ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ

## ✪ ਕਾਂਗਰਸ ਤੇ ਭਾਜਪਾ ਵੋਟਰਾਂ ਨੂੰ ਲੁਭਾਉਣ ਲਈ ਪਾਰਟੀ ਦੇ ਕੁਝ ਮਰ ਚੁੱਕੇ ਨੇਤਾਵਾਂ ਨੂੰ ਮੁੜ ਸੁਰਜੀਤ ਕਰੇਗੀ ✪ ਭਾਰਤੀ ਜਨਤਾ ਪਾਰਟੀ ਬਾਕੀ ਪਾਰਟੀਆਂ ਨਾਲੋਂ ਮੋਹਰੀ




ਵਰਤਮਾਨ ਸਮੇਂ ਵਿਚ ਭਾਰਤੀ ਸਿਆਸਤ ਇੱਕ ਵੱਡੀ ਤਬਦੀਲੀ ਵੱਲ ਵਧ ਰਹੀ ਹੈ ਜਿੱਥੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਚੋਣ ਮੁਹਿੰਮਾਂ ਵਿੱਚ ਵਰਤੋਂ ਕੀਤੀ ਜਾ ਰਹੀ ਹੈ। ਨਵੀਂ ਤਕਨੀਕ ਅਨੁਸਾਰ ਭਾਜਪਾ ਅਤੇ ਇਸ ਦੇ ਆਗੂ ਅੱਗੇ ਵੱਧ ਰਹੇ ਹਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਇਸ ਵਿੱਚ ਮੋਹਰੀ ਹਨ। ਭਾਜਪਾ ਨੇ ਮੋਦੀ ਜੀ ਦੇ ਭਾਸ਼ਣਾਂ ਦਾ ਵੱਖ-ਵੱਖ ਭਾਸ਼ਾਵਾਂ ਵਿੱਚ ਅਨੁਵਾਦ ਕਰਨ ਲਈ ਏਆਈ ਦੀ ਵਰਤੋਂ ਕੀਤੀ ਹੈ, ਜੋ ਕਿ ਚੋਣ ਪ੍ਰਚਾਰ ਵਿੱਚ ਇੱਕ ਨਵਾਂ ਮੋੜ ਹੈ। ਪੀਐਮ ਮੋਦੀ ਦਾ ਭਾਸ਼ਣ ਸੋਸ਼ਲ ਮੀਡੀਆ 'ਤੇ ਬੰਗਾਲੀ, ਕੰਨੜ, ਤਾਮਿਲ, ਤੇਲਗੂ, ਪੰਜਾਬੀ, ਮਰਾਠੀ, ਉੜੀਆ ਅਤੇ ਮਲਿਆਲਮ ਭਾਸ਼ਾਵਾਂ ਵਿੱਚ ਵੀ ਸੁਣਿਆ ਜਾ ਸਕਦਾ ਹੈ।

ਦਸੰਬਰ 2023 ਵਿੱਚ ਉੱਤਰ ਪ੍ਰਦੇਸ਼ ਵਿੱਚ ਇੱਕ ਸਮਾਗਮ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਿੰਦੀ ਭਾਸ਼ਣ ਦਾ ਤਾਮਿਲ ਵਿੱਚ ਅਨੁਵਾਦ ਕਰਨ ਲਈ ਇੱਕ ਵਿਸ਼ੇਸ਼ ਆਰਟੀਫੀਸ਼ੀਅਲ ਇੰਟੈਲੀਜੈਂਸ ਟੂਲ ਦੀ ਵਰਤੋਂ ਕੀਤੀ ਗਈ ਸੀ। ਇਹ ਟੂਲ ਰੀਅਲ ਟਾਈਮ ਵਿੱਚ ਕੰਮ ਕਰਦਾ ਹੈ, ਯਾਨੀ ਕਿ ਇਹ ਭਾਸ਼ਣ ਕਰਦੇ ਹੋਏ ਹੀ ਅਨੁਵਾਦ ਵੀ ਕਰ ਦਿੰਦਾ ਹੈ।

ਹਾਲ ਹੀ ਵਿਚ ਇਕ ਖਬਰ ਆਈ ਹੈ, ਕਿ ਦੇਸ਼ ਦੀਆਂ ਦੋ ਵੱਡੀਆਂ ਪਾਰਟੀਆਂ ਕਾਂਗਰਸ ਤੇ ਭਾਜਪਾ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਆਰਟੀਫਿਸ਼ੀਅਲ ਇੰਟੈਲੀਜੈਂਸ ਤਕਨੀਕ ਰਾਹੀਂ ਆਪਣੇ ਵੋਟਰਾਂ ਨੂੰ ਲੁਭਾਉਣ ਲਈ ਪਾਰਟੀ ਦੇ ਕੁਝ ਮਰ ਚੁੱਕੇ ਨੇਤਾਵਾਂ ਨੂੰ ਮੁੜ ਸੁਰਜੀਤ ਕਰੇਗੀ, ਜੋ ਆਪਣੇ ਜੀਵਨ ਕਾਲ ਦੌਰਾਨ ਵੋਟਰਾਂ ਵਿਚ ਬਹੁਤ ਮਸ਼ਹੂਰ ਸਨ। ਇਨ੍ਹਾਂ ਵਿੱਚ ਭਾਜਪਾ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ, ਅਰੁਣ ਜੇਤਲੀ, ਸੁਸ਼ਮਾ ਸਵਰਾਜ ਆਦਿ ਦੇ ਏਆਈ ਅਵਤਾਰਾਂ ਰਾਹੀਂ ਆਪਣੀਆਂ ਪ੍ਰਾਪਤੀਆਂ ਗਿਣਾਏਗੀ। ਇਸ ਦੇ ਨਾਲ ਹੀ ਕਾਂਗਰਸ ਮਹਾਤਮਾ ਗਾਂਧੀ, ਨਹਿਰੂ ਅਤੇ ਸਰਦਾਰ ਪਟੇਲ ਦੇ ਅਵਤਾਰਾਂ ਦੀ ਮਦਦ ਨਾਲ ਕਾਂਗਰਸ ਸਰਕਾਰਾਂ ਵਿਰੁੱਧ ਭਾਜਪਾ ਦੀ ਮੁਹਿੰਮ ਦਾ ਮੁਕਾਬਲਾ ਕਰੇਗੀ। ਇਸ ਨਵੀਂ ਤਕਨੀਕ ਦੀ ਵਰਤੋਂ ਨਾਲ ਚੋਣ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾ ਸਕੇਗਾ ।

### ਪਾਕਿਸਤਾਨ ਦੀਆਂ ਆਮ ਚੋਣਾਂ ਵਿਚ ਵਿੱਚ ਹੋਇਆ ਏ.ਆਈ. ਦਾ ਇਸਤੇਮਾਲ

ਹਾਲ ਹੀ ਵਿਚ ਪਾਕਿਸਤਾਨ ਦੀਆਂ ਆਮ ਚੋਣਾਂ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਦੇਖਣ ਨੂੰ ਮਿਲੀ ਸੀ। ਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਨੇ ਉਨ੍ਹਾਂ ਦੇ ਨਵੇਂ ਭਾਸ਼ਣਾਂ ਵਿੱਚ ਉਨ੍ਹਾਂ ਦੀ ਆਵਾਜ਼ ਦੀ ਨਕਲ ਕਰਨ ਲਈ ਏਆਈ ਦੀ ਵਰਤੋਂ ਕੀਤੀ ਜਦੋਂ ਇਮਰਾਨ ਖ਼ਾਨ ਖ਼ੁਦ ਜੇਲ੍ਹ ਵਿੱਚ ਸਨ। ਇਸ ਸਾਲ ਜਨਵਰੀ ਵਿੱਚ ਬੰਗਲਾਦੇਸ਼ ਦੀਆਂ ਚੋਣਾਂ ਵਿੱਚ ਉਲਟਾ ਹੋਇਆ। ਉੱਥੇ ਵਿਰੋਧੀ ਪਾਰਟੀਆਂ ਨੇ ਦੋਸ਼ ਲਾਇਆ ਕਿ ਸਰਕਾਰ ਸਮਰਥਕਾਂ ਨੇ ਗਲਤ ਕੰਮਾਂ ਲਈ ਏ.ਆਈ. ਦੀ ਵਰਤੋਂ ਕੀਤੀ। ਇੱਥੋਂ ਤੱਕ ਕਿ ਵਿਰੋਧੀ ਧਿਰ ਨੂੰ ਜ਼ਲੀਲ ਕਰਨ ਲਈ ਫਰਜ਼ੀ ਵੀਡੀਓ (ਡੀਪ ਫੇਕ) ਵੀ ਬਣਾਏ ਗਏ। ਚੀਨ ਅਤੇ ਰੂਸ 'ਤੇ ਇਹ ਦੋਸ਼ ਹਨ ਕਿ ਉਹ ਦੂਜੇ ਦੇਸ਼ਾਂ ਦੀਆਂ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਏ.ਆਈ. ਦਾ ਇਸਤੇਮਾਲ ਕਰਦੇ ਹਨ ਖ਼ਾਸਕਰਕੇ ਤਾਈਵਾਨ ਵਿਚ।

### ਝੂਠੀਆਂ ਖਬਰਾਂ ਵਿਰੁੱਧ ਭਾਰਤ ਵਿੱਚ ਕੋਈ ਖਾਸ ਕਾਨੂੰਨ ਨਹੀ

ਅਜੇ ਤੱਕ, ਭਾਰਤ ਵਿੱਚ ਕੋਈ ਖਾਸ ਕਾਨੂੰਨ ਨਹੀਂ ਹੈ ਜੋ ਸਿਰਫ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਡੀਪਫੇਕ ਤਕਨਾਲੋਜੀ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਹੋਵੇ ਅਤੇ ਜੋ ਅਜਿਹੇ ਫਰਜ਼ੀ ਵੀਡੀਓ ਬਣਾਉਣ ਵਾਲੇ ਵਿਅਕਤੀ ਨੂੰ ਸਿੱਧੇ ਤੌਰ 'ਤੇ ਸਜ਼ਾ ਦੇ ਸਕਦਾ ਹੋਵੇ। ਮੌਜੂਦਾ ਕਾਨੂੰਨ ਅਨੁਸਾਰ ਕਿਸੇ ਵਿਅਕਤੀ ਵਿਰੁੱਧ ਉਦੋਂ ਤੱਕ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ ਜਦੋਂ ਤੱਕ ਗਲਤ ਸੂਚਨਾ ਦੇਸ਼ ਦੀ ਸੁਰੱਖਿਆ, ਏਕਤਾ ਜਾਂ ਅਖੰਡਤਾ ਨੂੰ ਖਤਰਾ ਨਾ ਪਵੇ ਜਾਂ ਕਿਸੇ ਨੂੰ ਬਦਨਾਮ ਨਾ ਕਰੇ। ਜੇਕਰ ਕੋਈ ਵਿਅਕਤੀ ਕਿਸੇ ਨੇਤਾ ਦੀ ਜਾਅਲੀ ਆਵਾਜ਼ ਜਾਂ ਵੀਡੀਓ ਬਣਾ ਕੇ ਝੂਠੀ ਖ਼ਬਰ ਫੈਲਾਉਂਦਾ ਹੈ, ਤਾਂ ਉਸ ਨੂੰ ਪੁਰਾਣੇ ਭਾਰਤੀ ਕਾਨੂੰਨਾਂ ਦੇ ਤਹਿਤ ਸਜ਼ਾ ਦਿੱਤੀ ਜਾਵੇਗੀ।

### ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਦੁਰਵਰਤੋਂ ਦਾ ਖਤਰਾ

ਹਾਲਾਂਕਿ, ਇਸ ਤਕਨੀਕ ਦੀ ਦੁਰਵਰਤੋਂ ਦਾ ਵੀ ਖਤਰਾ ਹੈ, ਜਿਵੇਂ ਕਿ ਜਾਅਲੀ ਖਬਰਾਂ ਫੈਲਾਉਣਾ। ਇਸ ਲਈ, ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਅਜਿਹੀ ਗਲਤ ਜਾਣਕਾਰੀ ਨੂੰ ਰੋਕਣ ਲਈ ਸਖਤ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਇਹ ਫੇਕ ਨਿਊਜ਼ ਲੋਕਾਂ ਨੂੰ ਆਪਸ ਵਿੱਚ ਲੜਾ ਸਕਦੀਆਂ ਹਨ। ਕਈ ਵੱਡੇ ਲੋਕ ਵੀ ਇਸ ਤਕਨੀਕ ਨੂੰ ਲੈ ਕੇ ਚਿੰਤਤ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪਹਿਲਾਂ ਅਸੀਂ ਅਖਬਾਰਾਂ ਅਤੇ ਟੀ.ਵੀ. ਤੋਂ ਖਬਰਾਂ ਪੜ੍ਹਦੇ ਅਤੇ ਦੇਖਦੇ ਸੀ। ਹੁਣ ਫੇਸਬੁੱਕ, ਗੂਗਲ, ਇੰਸਟਾਗ੍ਰਾਮ ਅਤੇ ਵਟਸਐਪ ਵਰਗੀਆਂ ਚੀਜ਼ਾਂ 'ਤੇ ਬਹੁਤ ਭਰੋਸਾ ਕੀਤਾ ਜਾਂਦਾ ਹੈ।

ਇਨ੍ਹਾਂ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਜਾਅਲੀ ਖ਼ਬਰਾਂ ਬਹੁਤ ਤੇਜ਼ੀ ਅਤੇ ਆਸਾਨੀ ਨਾਲ ਫੈਲ ਜਾਂਦੀਆਂ ਹਨ। ਇੱਕ ਸਰਵੇਖਣ ਵਿੱਚ, 87 ਪ੍ਰਤੀਸ਼ਤ ਲੋਕਾਂ ਨੇ ਸਹਿਮਤੀ ਦਿੱਤੀ ਕਿ ਜਾਅਲੀ ਖ਼ਬਰਾਂ ਚੋਣਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦੀਆਂ ਹਨ। ਇਹ ਨਵੀਂ ਤਕਨੀਕ ਸਾਡੀ ਪਸੰਦ-ਨਾਪਸੰਦ ਨੂੰ ਸਮਝ ਸਕਦੀ ਹੈ ਅਤੇ ਅਜਿਹੀਆਂ ਖ਼ਬਰਾਂ ਦਿਖਾ ਸਕਦੀ ਹੈ ਜਿਸ ਨੂੰ ਅਸੀਂ ਸੱਚ ਮੰਨ ਲਵਾਂਗੇ। ਇਸ ਦੀ ਵਰਤੋਂ ਨੇਤਾ ਦੇ ਅਕਸ ਨੂੰ ਖਰਾਬ ਕਰਨ ਲਈ ਵੀ ਕੀਤੀ ਜਾ ਸਕਦੀ ਹੈ। ਉਨ੍ਹਾਂ ਦੇ ਬਿਆਨ ਮਨਘੜਤ ਹੋ ਸਕਦੇ ਹਨ ਜਾਂ ਉਨ੍ਹਾਂ ਦੇ ਵਿਚਾਰਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਜਾ ਸਕਦਾ ਹੈ।

ਇਹ ਫਰਜ਼ੀ ਖਬਰ ਸਿਰਫ ਲਿਖਤੀ ਰੂਪ ਵਿੱਚ ਹੀ ਨਹੀਂ, ਸਗੋਂ ਵੀਡੀਓ ਅਤੇ ਆਵਾਜ਼ ਵਿੱਚ ਵੀ ਹੋ ਸਕਦੀ ਹੈ, ਜਿਸ ਦੀ ਅਸਲੀਅਤ ਨੂੰ ਸਮਝਣਾ ਬਹੁਤ ਮੁਸ਼ਕਲ ਹੈ। ਚੋਣਾਂ ਵਿਚ ਉਮੀਦਵਾਰ ਦੀ ਜਿੱਤ ਜਾਂ ਹਾਰ ਦਾ ਨਤੀਜਿਆਂ 'ਤੇ ਵੱਡਾ ਅਸਰ ਪੈ ਸਕਦਾ ਹੈ। ਅਜੇ ਤੱਕ ਅਜਿਹਾ ਨਹੀਂ ਹੋਇਆ ਹੈ, ਪਰ ਚਿੰਤਾ ਹੈ ਕਿ ਭਵਿੱਖ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਵੋਟਾਂ ਦੀ ਗਿਣਤੀ ਵਿੱਚ ਬੇਨਿਯਮੀਆਂ ਕਰਨ ਲਈ ਵੀ ਕੀਤੀ ਜਾ ਸਕਦੀ ਹੈ। ਅਜਿਹੇ ਵਿੱਚ ਸਵਾਲ ਇਹ ਉੱਠਦਾ ਹੈ ਕਿ ਕੀ ਨਿਰਪੱਖ ਚੋਣਾਂ ਕਰਵਾਉਣਾ ਸੰਭਵ ਹੋਵੇਗਾ? ਇਹ ਆਰਟੀਫੀਸ਼ੀਅਲ ਇੰਟੈਲੀਜੈਂਸ ਟੂਲ ਇੰਨੇ ਵਧੀਆ ਹਨ ਕਿ ਇਹ ਪਤਾ ਲਗਾਉਣਾ ਮੁਸ਼ਕਲ ਹੋ ਜਾਂਦਾ ਹੈ ਕਿ ਅਸਲ ਵਿੱਚ ਗਲਤ ਕੰਮ ਕਿਸ ਨੇ ਕੀਤਾ।



### ਚੋਣ ਕਮਿਸ਼ਨ ਦਾ ਗੂਗਲ ਨਾਲ ਭਾਈਵਾਲੀ ਕਰਨ ਦਾ ਫੈਸਲਾ

ਚੋਣ ਕਮਿਸ਼ਨ ਦਾ ਗੂਗਲ ਨਾਲ ਭਾਈਵਾਲੀ ਕਰਨ ਦਾ ਫੈਸਲਾ ਇਕ ਸਕਾਰਾਤਮਕ ਕਦਮ ਹੈ, ਜਿਸ ਨਾਲ ਲੋਕਾਂ ਨੂੰ ਸਹੀ ਅਤੇ ਜ਼ਰੂਰੀ ਜਾਣਕਾਰੀ ਮਿਲ ਸਕੇ। ਅਜਿਹੀਆਂ ਪਹਿਲਕਦਮੀਆਂ ਨਾਲ ਨਿਰਪੱਖ ਚੋਣਾਂ ਦੀ ਸੰਭਾਵਿਤ ਉਮੀਦ ਹੈ। ਪਰ, ਇਸ ਨਵੀਂ ਤਕਨੀਕ ਦੀ ਦੁਰਵਰਤੋਂ ਨਾਲ ਜੁੜੀਆਂ ਚੁਣੌਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਨੂੰ ਸਹੀ ਢੰਗ ਨਾਲ ਕੰਟਰੋਲ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਇਹ ਚੋਣ ਪ੍ਰਕਿਰਿਆ ਨੂੰ ਗਲਤ ਦਿਸ਼ਾ ਨਾ ਦੇਣ। ਹੁਣ ਚੋਣਾਂ ਨਾਲ ਜੁੜੀ ਮਹੱਤਵਪੂਰਨ ਜਾਣਕਾਰੀ (ਜਿਵੇਂ ਕਿ ਵੋਟਰ ਰਜਿਸਟ੍ਰੇਸ਼ਨ ਅਤੇ ਵੋਟ ਪਾਉਣ ਦਾ ਤਰੀਕਾ) ਯੂਟਿਊਬ ਅਤੇ ਗੂਗਲ ਸਰਚ 'ਤੇ ਆਸਾਨੀ ਨਾਲ ਉਪਲਬਧ ਹੋਵੇਗੀ। ਨਾਲ ਹੀ, ਗੂਗਲ ਗਲਤ ਜਾਣਕਾਰੀ ਦੇ ਫੈਲਣ ਨੂੰ ਰੋਕਣ ਲਈ ਵਿਸ਼ੇਸ਼ ਤਕਨੀਕ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰ ਰਿਹਾ ਹੈ। ਇਸ ਤੋਂ ਇਲਾਵਾ ਗੂਗਲ ਚੋਣ ਸੰਬੰਧੀ ਇਸ਼ਤਿਹਾਰ ਦਿਖਾਉਣ ਲਈ ਵੀ ਸਖਤ ਨਿਯਮ ਲਾਗੂ ਕਰ ਰਿਹਾ ਹੈ।

### ਗੂਗਲ ਫਰਜ਼ੀ ਖ਼ਬਰਾਂ ਨੂੰ ਕਿਵੇਂ ਰੋਕੇਗਾ?

ਚੋਣਾਂ ਵਿੱਚ ਫਰਜ਼ੀ ਖ਼ਬਰਾਂ ਦੇ ਪ੍ਰਸਾਰ ਨੂੰ ਰੋਕਣ ਲਈ ਗੂਗਲ ਇੱਕ ਨਵੇਂ ਗੱਠਜੋੜ ਵਿੱਚ ਸ਼ਾਮਲ ਹੋ ਗਿਆ ਹੈ। ਇਸ ਸਮੂਹ ਦਾ ਨਾਮ ਕੋਲੀਏਸ਼ਨ ਫਾਰ ਕੰਟੈਂਟ ਪ੍ਰੋਵੇਨੈਂਸ ਐਂਡ ਅਥੈਂਟੀਸਿਟੀ ਹੈ। ਇਸ ਤੋਂ ਪਹਿਲਾਂ ਵੀ ਗੂਗਲ ਨੇ 'ਗੂਗਲ ਨਿਊਜ਼ ਇਨੀਸ਼ੀਏਟਿਵ ਟਰੇਨਿੰਗ ਨੈੱਟਵਰਕ' ਅਤੇ 'ਫੈਕਟ ਚੈੱਕ ਐਕਸਪਲੋਰਰ ਟੂਲ' ਵਰਗੀਆਂ ਚੀਜ਼ਾਂ ਸ਼ੁਰੂ ਕੀਤੀਆਂ ਸਨ, ਤਾਂ ਜੋ ਪੱਤਰਕਾਰ ਸੱਚੀਆਂ ਖਬਰਾਂ ਲੋਕਾਂ ਤੱਕ ਪਹੁੰਚਾ ਸਕਣ ਅਤੇ ਝੂਠੀਆਂ ਖਬਰਾਂ ਦਾ ਪਰਦਾਫਾਸ਼ ਕਰ ਸਕਣ। ਜਲਦੀ ਹੀ ਯੂਟਿਊਬ 'ਤੇ ਵੀਡੀਓ ਬਣਾਉਣ ਵਾਲੇ ਲੋਕਾਂ ਲਈ ਇਹ ਦੱਸਣਾ ਜ਼ਰੂਰੀ ਹੋਵੇਗਾ ਕਿ ਉਨ੍ਹਾਂ ਨੇ ਜੋ ਵੀਡੀਓ ਬਣਾਈ ਹੈ, ਉਹ ਅਸਲੀ ਹੈ ਜਾਂ ਨਹੀਂ। ਇਸ ਦੇ ਨਾਲ ਹੀ ਯੂਜ਼ਰਜ਼ ਨੂੰ ਇਹ ਵੀ ਪਤਾ ਲਗ ਸਕੇਗਾ ਕਿ ਇਹ ਅਸਲੀ ਨਹੀਂ ਹੈ ਕਿਉਂਕਿ ਯੂਟਿਊਬ ਖ਼ੁਦ ਹੀ ਵੀਡੀਓ ਉੱਤੇ ਲੇਬਲ ਲਗਾਏਗਾ।

# ਫਾਇਰਿੰਗ ਫਾਰ ਪੰਥ, ਪੰਜਾਬ, ਦਲਿਤ ਕਾਜ਼ਿਜ ਇਨ ਪਾਲਿਟਿਕਸ

## ✪ ਲੋਕ ਸਭਾ ਵਿਚ ਸਿਰਦਾਰ ਕਪੂਰ ਸਿੰਘ, ਹੁਕਮ ਸਿੰਘ ਤੇ ਲਾਖਾ ਵਰਗੇ ਬੁਲਾਰਿਆਂ ਦੀ ਲੋੜ
## ✪ ਅਕਾਲੀ ਦਲ ਪੰਥਕ ਗੱਠਜੋੜ ਬਣਾਵੇ ਤੇ ਬੁਧੀਜੀਵੀਆਂ ਨੂੰ ਲੋਕ ਸਭਾ ਲਈ ਉਮੀਦਵਾਰ ਬਣਾਵੇ


ਸਿਰਦਾਰ ਕਪੂਰ ਸਿੰਘ


ਹੁਕਮ ਸਿੰਘ


ਹਰਭਜਨ ਸਿੰਘ ਲਾਖਾ


ਗੁਰਤੇਜ ਸਿੰਘ ਆਈ.ਏ.ਐਸ.


ਜਸਪਾਲ ਸਿੰਘ ਸਿੱਧੂ

ਅੱਜ ਤਕ ਪੰਥਕ ਧਿਰਾਂ ਤੇ ਸ਼੍ਰੋਮਣੀ ਅਕਾਲੀ ਦਲ ਨੇ ਤਿੰਨ ਯੋਗ ਪਾਰਲੀਮੈਂਟ ਮੈਂਬਰ ਸਰਦਾਰ ਹੁਕਮ ਸਿੰਘ, ਸਿਰਦਾਰ ਕਪੂਰ ਸਿੰਘ, ਹਰਿਭਜਨ ਸਿੰਘ ਲਾਖਾ ਬਸਪਾ ਭੇਜੇ ਹਨ ਜਿਹਨਾਂ ਪੰਥ ਤੇ ਪੰਜਾਬ ਮਕਸਦ ਲਈ ਅਵਾਜ਼ ਬੁਲੰਦ ਕੀਤੀ ਹੈ। ਇਸ ਤੋਂ ਬਾਅਦ ਸਿਮਰਨਜੀਤ ਸਿੰਘ ਮਾਨ ਕੁਝ ਪੰਜਾਬ ਤੇ ਪੰਥਕ ਮਸਲਿਆਂ ਬਾਰੇ ਅਵਾਜ਼ ਚੁਕਦੇ ਰਹੇ ਹਨ। ਆਜ਼ਾਦੀ ਦੇ 76-77 ਸਾਲਾਂ ਵਿਚ ਪੰਜਾਬ ਤੋਂ ਸੈਂਕੜੇ ਲੋਕ ਸਭਾ ਤੇ ਰਾਜ ਸਭਾ ਮੈਂਬਰ ਚੁਣੇ ਗਏ ਤੇ ਇਨ੍ਹਾਂ ਚਾਰਾਂ ਨੂੰ ਛੱਡ ਕੇ ਕੋਈ ਵੀ ਆਪਣੀ ਛਾਪ ਨਹੀਂ ਛੱਡ ਸਕਿਆ?

ਅਜਿਹਾ ਇਸ ਲਈ ਹੋਇਆ ਕਿਉਂਕਿ ਅਕਾਲੀ ਦਲ ਸਹੀ ਨੁਮਾਇੰਦੇ ਚੁਣਦਾ ਨਹੀਂ ਰਿਹਾ। ਅਕਾਲੀ ਦਲ ਨੂੰ ਕਾਬਲ ਤੇ ਦੂਰਦਰਸ਼ੀ ਨਹੀਂ, ਸਗੋਂ ਜੇਤੂ ਅਤੇ ਵਫ਼ਾਦਾਰ ਉਮੀਦਵਾਰ ਚਾਹੀਦੇ ਹਨ। ਇਹਨਾਂ ਲੋਕ ਸਭਾ ਤੇ ਰਾਜ ਸਭਾ ਮੈਂਬਰਾਂ ਨੂੰ ਨਾ ਤਾਂ ਕੌਮ ਪ੍ਰਤੀ ਤੇ ਨਾ ਹੀ ਪੰਜਾਬ ਪ੍ਰਤੀ ਕੋਈ ਹਮਦਰਦੀ ਸੀ। ਬੀਤੇ ਸਮੇਂ ਦੀ ਗੱਲ ਕਰੀਏ ਤਾਂ ਰਾਜ ਸਭਾ ਵਿਚ ਤਾਂ ਹਾਲਤ ਇਹ ਸੀ ਕਿ ਸੰਤ ਫਤਹਿ ਸਿੰਘ ਨੇ ਸਿਰਦਾਰ ਕਪੂਰ ਸਿੰਘ ਵਰਗੇ ਰੋਸ਼ਨ ਦਿਮਾਗ ਦੀ ਥਾਂ ਆਪਣੇ ਵਿਸ਼ਵਾਸ ਪਾਤਰ ਡਰਾਈਵਰ ਕਿੱਕਰ ਸਿੰਘ ਨੂੰ ਹੀ ਰਾਜ ਸਭਾ ਮੈਂਬਰ ਬਣਾ ਦਿੱਤਾ ਸੀ। ਜਥੇਦਾਰ ਟੌਹੜਾ ਨੇ ਵੀ ਕੁਝ ਅਜਿਹੇ ਬੰਦੇ ਮੈਂਬਰ ਬਣਵਾਏ, ਜਿਨ੍ਹਾਂ ਵਿਚ ਇਕ ਤਾਂ ਸਿਰਫ ਇਸ ਲਈ ਮੈਂਬਰ ਬਣਾ ਲਿਆ ਗਿਆ ਕਿ ਉਸ ਨੇ ਕਿਹਾ ਸੀ ਕਿ ਟੌਹੜਾ ਸਾਹਿਬ ਰਾਜ ਸਭਾ ਵਿਚ ਤੁਹਾਡਾ ਬਸਤਾ ਚੁੱਕਣ ਵਾਲਾ ਵੀ ਤਾਂ ਕੋਈ ਹੋਣਾ ਚਾਹੀਦਾ ਹੈ।

ਸੱਚ ਇਹ ਵੀ ਹੈ ਕਿ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਸਿਰਫ਼ ਰਾਜਨੀਤੀਵਾਨਾਂ ਨੂੰ ਹੀ ਉਮੀਦਵਾਰ ਬਣਾ ਰਹੀਆਂ ਹਨ। ਇਸ ਲਈ ਸਾਰੇ ਹੀ ਦੋਸ਼ੀ ਹਨ, ਚਾਹੇ ਉਹ ਕਾਂਗਰਸ ਹੈ, ਅਕਾਲੀ ਦਲ ਹੈ, ਭਾਜਪਾ ਹੈ ਜਾਂ 'ਆਪ'। ਆਮ ਆਦਮੀ ਪਾਰਟੀ ਨੇ ਤਾਂ ਹੱਦ ਹੀ ਕਰ ਦਿੱਤੀ ਸੀ, ਜਦੋਂ ਪੰਜਾਬ ਤੋਂ ਭੇਜੇ ਰਾਜ ਸਭਾ ਮੈਂਬਰਾਂ ਵਿਚੋਂ 4 ਤਾਂ ਉਹ ਸਨ, ਜੋ ਪੰਜਾਬ ਵਿਚ ਰਹਿੰਦੇ ਹੀ ਨਹੀਂ ਸਨ। ਇਕ ਤਾਂ ਪੰਜਾਬੀ ਵੀ ਨਹੀਂ, ਜਦੋਂ ਕਿ ਬਾਕੀ 3 ਵਿਚੋਂ 2 ਦੀਆਂ ਹੋਰ ਖੂਬੀਆਂ ਦੇ ਨਾਲ-ਨਾਲ ਸਭ ਤੋਂ ਵੱਡੀ ਖੂਬੀ ਉਨ੍ਹਾਂ ਦਾ ਅਥਾਹ ਅਮੀਰ ਹੋਣਾ ਹੀ ਦੱਸਿਆ ਜਾਂਦਾ ਹੈ।

**ਪੰਜਾਬ ਟਾਈਮਜ਼ ਅਨੁਸਾਰ ਪੰਜਾਬ ਤੇ ਸਿਖ ਸੰਕਟ ਦਾ ਰਾਜਨੀਤਕ ਹੱਲ ਕੁਲੈਕਟਿਵ ਲੀਡਰਸ਼ਿਪ ਹੈ ਜੋ ਸਿਖ ਬੁਧੀਜੀਵੀਆਂ ਨਾਲ ਤਾਲਮੇਲ ਕਰਕੇ ਅਗੇ ਤੁਰ ਸਕੇ। ਪੰਜਾਬ ਵਿਚ 117 ਦੇ ਹਾਊਸ ਵਿਚ 76 ਹਲਕੇ ਸਿੱਖ ਬਹੁਗਿਣਤੀ ਵਾਲੇ ਹਨ। ਜੇ ਅਕਾਲੀ ਲੀਡਰਸ਼ਿਪ ਦੀ ਸੋਚ ਸਿੱਖੀ ਵਾਲੀ ਹੈ ਤੇ ਕਿਰਦਾਰ 'ਸਿੱਖ' ਵਾਲਾ ਹੈ ਤਾਂ ਯਕੀਨਨ, ਅਕਾਲੀ ਦਲ ਨੂੰ ਪੰਜਾਬ ਵਿਚੋਂ ਕੋਈ ਹਰਾ ਹੀ ਨਹੀਂ ਸਕਦਾ। ਫਿਰ ਅਕਾਲੀ ਦਲ ਵਲ ਵੇਖਣਗੀਆਂ ਵੱਡੀਆਂ ਪਾਰਟੀਆਂ, ਨਾ ਕਿ ਅਕਾਲੀ ਲੀਡਰਸ਼ਿਪ ਨੂੰ ਉਨ੍ਹਾਂ ਦਾ ਪਿਛਲੱਗ ਬਣਨਾ ਪਵੇਗਾ।**

ਹੁਣੇ ਜਿਹੇ ਈ.ਡੀ. ਵਲੋਂ 'ਆਪ' ਮੁਖੀ ਕੇਜਰੀਵਾਲ ਦੀ ਸ਼ਰਾਬ ਘੁਟਾਲੇ ਵਿਚ ਹੋਈ ਗ੍ਰਿਫ਼ਤਾਰੀ ਬਾਰੇ ਪੰਜਾਬ ਦੀ ਆਪ ਪਾਰਟੀ ਦਿੱਲੀ ਵਿਚ ਦਿੱਲੀ ਵਾਲਿਆਂ ਨਾਲੋਂ ਕਿਤੇ ਵੱਧ ਵਿਰੋਧ ਕਰਦੀ ਦਿਖਾਈ ਦਿੱਤੀ। ਇਸ ਵਿਰੋਧ ਮਾਰਚ ਵਿਚ ਸਭ ਤੋਂ ਵਧੇਰੇ ਜ਼ੋਰਦਾਰ ਭੂਮਿਕਾ ਪੰਜਾਬ 'ਆਪ' ਦੇ ਪਹਿਲੇ ਕਨਵੀਨਰ ਤੇ ਪੰਜਾਬ ਵਿਚ ਪਾਰਟੀ ਖੜ੍ਹੀ ਕਰਨ ਵਾਲੇ ਪੰਜਾਬ ਦੇ ਮੰਤਰੀ ਹਰਜੋਤ ਸਿੰਘ ਬੈਂਸ ਤੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨਿਭਾਉਂਦੇ ਦਿਖਾਈ ਦਿੱਤੇ, ਪਰ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਦੇ ਸੱਤਾਂ ਰਾਜ ਸਭਾ ਮੈਂਬਰਾਂ ਵਿਚੋਂ ਕੋਈ ਵੀ ਇਸ ਮੁਜ਼ਾਹਰੇ ਵਿਚ ਨਜ਼ਰ ਨਹੀਂ ਆਇਆ। ਸਵਾਲ ਤਾਂ ਉਠਦਾ ਹੈ ਕਿ ਜਿਹੜੇ ਲੋਕ ਆਪਣੇ ਸਭ ਤੋਂ ਵੱਡੇ ਨੇਤਾ ਦੇ ਹੱਕ ਵਿਚ ਵੱਖ-ਵੱਖ ਕਾਰਨਾਂ ਕਰਕੇ ਨਹੀਂ ਬੋਲ ਸਕਦੇ, ਉਹ ਪੰਜਾਬ ਦੇ ਹੱਕ ਵਿਚ ਕੀ ਬੋਲਣਗੇ?

ਇਸ ਲਈ ਜ਼ਰੂਰੀ ਹੈ ਕਿ ਹੁਣ ਲੋਕ ਸਭਾ ਚੋਣਾਂ ਵਿਚ ਪੰਜਾਬ ਦੇ ਲੋਕ ਪਾਰਟੀ ਲਾਈਨਾਂ ਤੋਂ ਉਪਰ ਉਠ ਕੇ, ਪੰਜਾਬ ਪੱਖੀ ਸੋਚ, ਪੰਜਾਬ ਪੱਖੀ ਸਟੈਂਡ ਲੈਣ ਦੇ ਸਮਰੱਥ ਅਜਿਹੇ ਲੋਕਾਂ ਨੂੰ ਚੁਣਨ ਜੋ ਕੇਂਦਰੀ ਜਾਂ ਸਟੇਟ ਏਜੰਸੀਆਂ ਦੇ ਚੱਕਰਵਿਊ ਵਿਚ ਨਾ ਫਸਣ ਇਮਾਨਦਾਰ ਹੋਣ। ਪੰਜਾਬ ਦੀਆਂ ਰਾਜਸੀ ਪਾਰਟੀਆਂ ਦੇ ਮੁਖੀਆਂ ਨੂੰ ਚਾਹੀਦਾ ਹੈ ਕਿ ਉਹ ਵਾਰ-ਵਾਰ ਅਜ਼ਮਾਏ ਹੋਏ ਤੇ ਵਿਧਾਨ ਸਭਾ, ਰਾਜ ਸਭਾ ਤੇ ਲੋਕ ਸਭਾ ਵਿਚ ਪੰਜਾਬ ਦੀ ਗੱਲ ਉਠਾਉਣ ਵਿਚ ਫੇਲ੍ਹ ਹੋਏ ਵਿਅਕਤੀਆਂ ਨੂੰ ਹੀ ਟਿਕਟਾਂ ਨਾ ਦੇਣ ਨਹੀਂ ਤਾਂ 2027 ਵਿਚ ਫਿਰ ਲੋਕ ਇਨ੍ਹਾਂ ਪਾਰਟੀਆਂ ਨੂੰ ਨਕਾਰ ਕੇ ਫਿਰ ਕੋਈ ਨਵਾਂ ਬਦਲ ਲੱਭਣ ਲਈ ਮਜਬੂਰ ਹੋ ਜਾਣਗੇ, ਨਤੀਜਾ ਭਾਵੇਂ ਉਸ ਦਾ ਵੀ ਸਾਰਥਕ ਨਿਕਲੇ ਜਾਂ ਨਾ। ਸ਼੍ਰੋਮਣੀ ਅਕਾਲੀ ਦਲ ਨੂੰ ਚਾਹੀਦਾ ਹੈ ਕਿ ਉਹ ਲੋਕ ਸਭਾ ਚੋਣਾਂ ਦੌਰਾਨ ਪੰਥਕ ਨੀਤੀ, ਪੰਥਕ ਗਠਜੋੜ ਉਸਾਰੇ। ਬੀਬੀ ਪਰਮਜੀਤ ਕੌਰ ਖਾਲੜਾ, ਸਿਰਦਾਰ ਕਪੂਰ ਸਿੰਘ ਦੇ ਵਿਦਿਆਰਥੀ ਸਰਦਾਰ ਗੁਰਤੇਜ ਸਿੰਘ ਆਈਏਐਸ, ਸੰਗਰੂਰ ਤੋਂ ਸਿਮਰਨਜੀਤ ਸਿੰਘ ਮਾਨ, ਜਸਪਾਲ ਸਿੰਘ ਸਿਧੂ ਸਾਬਕਾ ਪੱਤਰਕਾਰ ਯੂਐਨਆਈ ਨੂੰ ਅਜ਼ਾਦ ਉਮੀਦਵਾਰ ਵਜੋਂ ਹਮਾਇਤ ਕਰੇ, ਬਸਪਾ ਨੂੰ ਜਲੰਧਰ, ਹੁਸ਼ਿਆਰਪੁਰ ਤੋਂ ਹਮਾਇਤ ਕਰਕੇ ਖਾਲਸਾ ਪੰਥ ਤੇ ਦਲਿਤ ਸਾਂਝਾ ਦੀਆਂ ਜੜਾਂ ਮਜਬੂਤ ਕਰੇ। ਬਾਕੀ ਸੀਟਾਂ ਉਪਰ ਵਿਦਿਅਕ, ਖੇਤੀ ਮਾਹਿਰ, ਆਰਥਿਕ ਮਾਹਿਰ ਬੁਧੀਜੀਵੀ ਖੜੇ ਕਰਨੇ ਚਾਹੀਦੇ ਹਨ ਤੇ ਆਪਣੇ ਪੁਰਾਣੀਆਂ ਰਾਜਨੀਤਕ ਤੋਪਾਂ ਬੀੜਨੀਆਂ ਨਹੀਂ ਚਾਹੀਦੀਆਂ। ਜੇਕਰ ਅਕਾਲੀ ਦਲ ਪੰਥਕ ਗਠਜੋੜ ਨਾ ਸਿਰਜ ਸਕਿਆ ਤਾਂ ਹਾਰ ਯਕੀਨੀ ਹੋਵੇਗੀ ਅਤੇ ਪੰਥ ਤੇ ਪੰਜਾਬੀਆਂ ਵਿਚ ਅਕਾਲੀ ਦਲ ਦਾ ਵਿਸ਼ਵਾਸ ਬਹਾਲ ਨਹੀਂ ਹੋ ਸਕੇਗਾ। ਪੰਥਕ ਪ੍ਰਸਤਾਂ ਨੂੰ ਇਸ ਗਠਜੋੜ ਵਲ ਵਧਣਾ ਚਾਹੀਦਾ ਹੈ।ਅਜੋਕੀ ਪੰਜਾਬ ਤੇ ਪੰਥ ਦੀ ਘੇਰਾਬੰਦੀ ਵਾਲੀ ਸਿਆਸਤ ਅਠਾਰਵੀਂ ਸਦੀ ਦੀ ਸਿਖ ਰਾਜਨੀਤੀ ਦੀ ਰਾਮ ਰੌਣੀ ਦੇ ਕਿਲੇ ਦੀ ਮੁਗਲ ਘੇਰਾਬੰਦੀ ਵਰਗੀ ਹੈ ਜਦੋਂ ਬਾਬਾ ਜਸਾ ਸਿੰਘ ਰਾਮਗੜ੍ਹੀਆ ਪੰਥ ਨਾਲ ਸਭ ਮਤਭੇਦ ਭੁਲਾਕੇ ਪੰਥ ਦੀ ਘੇਰਾਬੰਦੀ ਤੋੜਦੇ ਹੋਏ ਮੁਗਲ ਸਮਰਾਜ ਨੂੰ ਚੁਣੌਤੀ ਦਿੰਦੇ ਹਨ।ਇਹ ਪੰਥਕ ਤੇ ਬਹੁਜਨ ਗਠਜੋੜ ਪੰਜਾਬ ਦੀ ਘੇਰਬੰਦੀ ਤੋੜ ਸਕਦਾ ਹੈ, ਸ਼੍ਰੋਮਣੀ ਅਕਾਲੀ ਦਲ ਦੇ ਵਾਜੂਦ ਨੂੰ ਬਹਾਲ ਕਰ ਸਕਦਾ ਹੈ ਤੇ ਰਾਜਨੀਤੀ ਬਦਲ ਸਕਦਾ ਹੈ। ਇਹ ਸਭ ਅਕਾਲੀ ਦਲ ਦੇ ਮਹਾਂਰਥੀਆਂ ਦੀ ਸੂਝ ਬੂਝ ਉਪਰ ਆਧਾਰਿਤ ਹੈ। ਜੇਕਰ ਇਹ ਉਮੀਦਵਾਰ ਜਿਤਕੇ ਲੋਕ ਸਭਾ ਵਿਚ ਜਾਣਗੇ ਤਾਂ ਪੰਜਾਬ ਪੰਥ ਦੇ ਮਸਲੇ ਦੇਸ ਵਿਚ ਉਭਰਨਗੇ। ਅਕਾਲੀ ਦਲ ਦੀ ਸ਼ਾਨ ਬਹਾਲ ਹੋਵੇਗੀ ਤੇ ਪੰਥਕ ਜਜ਼ਬਾ ਜਾਗਿਬ ਹੋਵੇਗਾ। ਅਜਿਹਾ ਨਾ ਹੋਇਆ ਸਿਖ ਪੰਜਾਬ ਦੀ ਰਾਜਨੀਤੀ ਵਿਚੋਂ ਮਨਫੀ ਹੋ ਸਕਦੇ ਹਨ।

# ਬਿਹਾਰ ਵਿਚ ਆਰਜੇਡੀ, ਕਾਂਗਰਸ ਤੇ ਖੱਬੇ-ਪੱਖੀ ਪਾਰਟੀਆਂ ਵਿਚਾਲੇ ਚੋਣ ਸਮਝੌਤਾ

**○ 26 ਸੀਟਾਂ ਆਰਜੇਡੀ, ਕਾਂਗਰਸ 9 ਸੀਟਾਂ ਤੇ ਖੱਬੇ-ਪੱਖੀ ਪਾਰਟੀਆਂ ਨੂੰ ਪੰਜ ਸੀਟਾਂ ਮਿਲੀਆਂ**

ਪਟਨਾ-ਆਰਜੇਡੀ, ਕਾਂਗਰਸ ਤੇ ਖੱਬੇ-ਪੱਖੀ ਪਾਰਟੀਆਂ ਦੇ ਸਹਿਯੋਗ ਨਾਲ ਬਣੇ ਮਹਾਗੱਠਜੋੜ ਵਿਚ ਲੋਕ ਸਭਾ ਸੀਟਾਂ ਦੀ ਵੰਡ ਹੋ ਗਈ। ਸੀਟਾਂ ਦੀ ਵੰਡ ਵਿਚ ਪੂਰੀ ਤਰ੍ਹਾਂ ਰਾਸ਼ਟਰੀ ਜਨਤਾ ਦਲ ਦੀ ਚੱਲੀ।



ਕਾਂਗਰਸ ਜਿਨ੍ਹਾਂ ਦੋ ਸੀਟਾਂ ਔਰੰਗਾਬਾਦ ਤੇ ਪੂਰਨੀਆ 'ਤੇ ਅੜੀ ਸੀ, ਉਹ ਉਸ ਨੂੰ ਨਹੀਂ ਮਿਲੀਆਂ। ਇਨ੍ਹਾਂ ਸੀਟਾਂ 'ਤੇ ਆਰਜੇਡੀ ਦੇ ਉਮੀਦਵਾਰ ਹੀ ਮੈਦਾਨ ਵਿਚ ਉਤਰਨਗੇ। ਵਿਕਾਸਸ਼ੀਲ ਇਨਸਾਨ ਪਾਰਟੀ ਨੂੰ ਲੈ ਕੇ ਵੀ ਖ਼ਦਸ਼ਾ ਬਰਕਰਾਰ ਹੈ।ਆਰਜੇਡੀ ਦੇ ਰਾਸ਼ਟਰੀ ਮੀਤ ਪ੍ਰਧਾਨ ਅਬਦੁੱਲਬਾਰੀ ਸਦੀਕੀ ਨੇ ਕਿਹਾ ਕਿ ਮਹਾਗੱਠਜੋੜ ਦਾ ਪ੍ਰਮੁੱਖ ਦਲ ਆਰਜੇਡੀ 26 ਸੀਟਾਂ 'ਤੇ ਚੋਣ ਲੜੇਗਾ। ਸਹਿਯੋਗੀ ਕਾਂਗਰਸ ਨੂੰ ਉਸ ਦੀ ਮੰਗ ਮੁਤਾਬਕ 9 ਸੀਟਾਂ ਦਿੱਤੀਆਂ ਗਈਆਂ ਹਨ ਜਦਕਿ ਖੱਬੇ-ਪੱਖੀ ਪਾਰਟੀਆਂ ਦੇ ਹਿੱਸੇ ਪੰਜ ਸੀਟਾਂ ਆਈਆਂ ਹਨ।

# ਅਮਰੀਕਾ ਵਿੱਚ ਵਧ ਰਹੀ ਹਿੰਦੂਤਵੀ ਵਿਚਾਰਧਾਰਾ ਬਾਰੇ ਸੌ ਤੋਂ ਵੱਧ ਸਿਵਲ ਸੁਸਾਇਟੀ ਸਮੂਹਾਂ ਵਲੋਂ ਚਿੰਤਾ ਜ਼ਾਹਿਰ

## ✪ ਲੋਕਤੰਤਰ, ਬਹੁਲਵਾਦ ਅਤੇ ਨਿਆਂ ਦੀਆਂ ਸਾਡੀਆਂ ਮੂਲ ਕਦਰਾਂ-ਕੀਮਤਾਂ ਲਈ ਖਤਰਾ ਵਧਿਆ

## ✪ ਹਿੰਦੂਜ਼ ਫਾਰ ਹਿਊਮਨ ਰਾਈਟਸ, ਅਮਰੀਕਨ ਸਿੱਖ ਕੌਂਸਲ ਸਮੇਤ 109 ਸੰਸਥਾਵਾਂ ਨੇ ਦਸਤਖਤ ਕੀਤੇ

ਅਮਰੀਕਾ ਵਿੱਚ ਵਧ ਰਹੀ ਫਾਸ਼ੀਵਾਦੀ ਹਿੰਦੂਤਵ ਵਿਚਾਰਧਾਰਾ ਬਾਰੇ ਚਿੰਤਾ ਜ਼ਾਹਰ ਕਰਦੇ ਹੋਏ ਸੌ ਤੋਂ ਵੱਧ ਸਿਵਲ ਸੁਸਾਇਟੀ ਸਮੂਹਾਂ ਨੇ ਇੱਕ ਸਾਂਝੇ ਐਲਾਨਨਾਮੇ ਉੱਤੇ ਦਸਤਖਤ ਕੀਤੇ ਹਨ। ਪੱਤਰ ਵਿੱਚ ਕਿਹਾ ਗਿਆ ਹੈ ਕਿ ਹਿੰਦੂ ਸਰਵਉੱਚਤਾਵਾਦੀ ਅੰਦੋਲਨ ਨਾ ਸਿਰਫ ਭਾਰਤੀ, ਦੱਖਣੀ ਏਸ਼ੀਆਈ ਅਤੇ ਮੁਸਲਿਮ ਅਮਰੀਕੀਆਂ ਲਈ ਨੁਕਸਾਨਦੇਹ ਹੈ, ਬਲਕਿ ਸਮੂਹਿਕ ਮੁਕਤੀ ਦੀਆਂ ਸਾਡੀਆਂ ਕਦਰਾਂ-ਕੀਮਤਾਂ ਦੇ ਵਿਰੁੱਧ ਵੀ ਹੈ।

ਇਸ ਐਲਾਨਨਾਮੇ ਵਿੱਚ, "ਸੰਯੁਕਤ ਰਾਜ ਅਮਰੀਕਾ ਵਿਖੇ ਹਿੰਦੂ ਸਰਵਉੱਚਤਾ, ਜੋ ''ਹਿੰਦੂਤਵ ਜਾਂ ਹਿੰਦੂ ਰਾਸ਼ਟਰਵਾਦ ਵਜੋਂ ਜਾਣੇ ਜਾਂਦੇ ਖਤਰਨਾਕ ਉਭਾਰ ਬਾਰੇ ਸਖ਼ਤ ਚਿੰਤਾਵਾਂ ਪ੍ਰਗਟ ਕੀਤੀਆਂ ਗਈਆਂ ਹਨ।'' 25 ਮਾਰਚ ਨੂੰ, ਭਾਰਤੀ ਅਮਰੀਕੀ ਅਤੇ ਸਾਥੀ ਨਾਗਰਿਕ ਅਧਿਕਾਰ ਸਮੂਹਾਂ ਦੇ ਇੱਕ ਅੰਤਰ-ਧਰਮ, ਬਹੁ-ਜਾਤੀ, ਨਸਲਵਾਦ ਵਿਰੋਧੀ ਗੱਠਜੋੜ ਸਵੇਰਾ, ਨੇ, ਇਸ ਖਤਰੇ ਦਾ ਸਾਹਮਣਾ ਕਰਨ ਦਾ ਵਾਅਦਾ ਕੀਤਾ। ਉਸਨੇ ਚੇਤਾਵਨੀ ਦਿੱਤੀ ਕਿ ਹਿੰਦੂ ਫਾਸ਼ੀਵਾਦੀ ਲਹਿਰ ਦੇ ਹੁਣ ਸੰਯੁਕਤ ਰਾਜ ਅਮਰੀਕਾ ਵਿੱਚ ਵੱਖ-ਵੱਖ ਸੱਜੇ-ਪੱਖੀ ਸਮੂਹਾਂ ਨਾਲ ਡੂੰਘੇ ਸਬੰਧ ਹਨ।

ਇਸ ਐਲਾਨਾਮੇ ਉਪਰ ਹਸਤਾਖਰ ਕਰਨ ਵਾਲੇ ਅਮਰੀਕੀ ਸਿਵਲ ਸੁਸਾਇਟੀ ਦੀ ਪ੍ਰਤੀਨਿਧਤਾ ਕਰਦੇ ਹਨ, ਜਿਸ ਵਿੱਚ ਮੂਵਮੈਂਟ ਫਾਰ ਬਲੈਕ ਲਾਈਵਜ਼, ਯਹੂਦੀ ਵਾਇਸ ਫਾਰ ਪੀਸ, ਮੁਸਲਿਮ ਪਬਲਿਕ ਅਫੇਅਰਜ਼ ਕੌਂਸਲ ਅਤੇ ਨੈਸ਼ਨਲ ਲਾਇਰਜ਼ ਗਿਲਡ ਵਰਗੀਆਂ ਸੰਸਥਾਵਾਂ ਸ਼ਾਮਲ ਹਨ। ਇਹ ਬਿਆਨ ਸਵੇਰਾ ਦੀ ਹਾਲੀਆ ਰਿਪੋਰਟ ਤੋਂ ਬਾਅਦ ਆਇਆ ਹੈ, ਜਿਸ ਦਾ ਸਿਰਲੇਖ "ਦ ਗਲੋਬਲ ਵੀਐਚਪੀ ਟ੍ਰੇਲ ਆਫ਼ ਵਾਇਲੈਂਸ" ਹੈ, ਜਿਸ ਵਿੱਚ ਜਿਥੇ ਅਮਰੀਕਾ ਸਥਿਤ ਕੱਟੜਪੰਥੀ ਹਿੰਦੂਤਵੀ ਸੰਗਠਨਾਂ ਦੇ ਖਤਰਨਾਕ ਪ੍ਰਭਾਵ ਦਰਸਾਇਆ ਗਿਆ, ਉਥੇ ਅਮਰੀਕਾ-ਅਧਾਰਿਤ ਫਾਸ਼ੀਵਾਦੀ ਹਿੰਦੂ ਸੰਗਠਨਾਂ ਦਾ ਭਾਰਤ ਵਿਚ ਹਿੰਸਾ ਫੈਲਾਉਣ ਵਾਲੇ ਭਾਰਤੀ ਕੱਟੜਵਾਦੀ ਹਿੰਦੂ ਸੰਗਠਨਾਂ ਦੇ ਨਾਲ ਸੰਬੰਧਾਂ ਦਾ ਪਰਦਾਫਾਸ਼ ਕੀਤਾ।

ਇੰਡੀਆ ਸਿਵਲ ਵਾਚ ਇੰਟਰਨੈਸ਼ਨਲ ਦੀ ਪ੍ਰਾਚੀ ਪਾਟਣਕਰ ਨੇ ਕਿਹਾ, "ਹਿੰਦੂ ਫਾਸ਼ੀਵਾਦ ਹੁਣ ਅਮਰੀਕੀ ਸੱਜੇ ਪੱਖੀ ਦਾ ਮੁੱਖ ਧੁਰਾ ਬਣ ਗਈ ਹੈ ਅਤੇ ਅਮਰੀਕੀ ਲੋਕਤੰਤਰ ਲਈ ਖ਼ਤਰਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਿੰਦੂ ਫਾਸ਼ੀਵਾਦ ਸਾਡੇ ਭਾਈਚਾਰਿਆਂ 'ਤੇ ਸਿੱਧੇ ਤੌਰ 'ਤੇ ਪ੍ਰਭਾਵ ਪਾਉਂਦਾ ਹੈ, ਜੋ ਕਿ ਬਹੁ-ਨਸਲੀ ਖ਼ਤਰੇ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਸਾਡੀ ਏਕਤਾ ਦਾ ਇਹ ਜ਼ਬਰਦਸਤ ਪ੍ਰਦਰਸ਼ਨ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਸਾਨੂੰ ਇਨ੍ਹਾਂ ਸਰਵ ਵਿਆਪਕ ਤਾਨਾਸ਼ਾਹੀ ਖਤਰਿਆਂ ਦਾ ਸਾਹਮਣਾ ਕਰਨ ਲਈ ਮਿਲ ਕੇ ਕਿਵੇਂ ਕੰਮ ਕਰਨਾ ਚਾਹੀਦਾ ਹੈ।




ਜਸਟਿਸ ਫਾਰ ਰੇਸ਼ੀਅਲ ਐਂਡ ਇਕਨਾਮਿਕ ਜਸਟਿਸ ਦੀ ਸੋਫੀ ਏਲਮਨ-ਗੋਲਨ ਨੇ ਕਿਹਾ ਕਿ ਆਰਥਿਕ ਪਤਨ, ਜਲਵਾਯੂ ਸੰਕਟ ਅਤੇ ਯੁੱਧ ਦੇ ਕਾਰਨ ਦੁਨੀਆ ਭਰ ਵਿੱਚ ਨਸਲੀ ਰਾਸ਼ਟਰਵਾਦ ਵਧ ਰਿਹਾ ਹੈ, ਜਿਸ ਨਾਲ ਭਾਈਚਾਰਿਆਂ ਵਿਚ ਫੁਟ ਪੈ ਰਹੀ ਹੈ ਅਤੇ ਲੱਖਾਂ ਲੋਕ ਬੇਘਰ ਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਅਸੀਂ ਸਾਰੇ ਭਾਰਤ ਅਤੇ ਇਜ਼ਰਾਈਲ ਤੋਂ ਲੈ ਕੇ ਰੂਸ, ਹੰਗਰੀ, ਸੰਯੁਕਤ ਰਾਜ ਅਤੇ ਇਸ ਤੋਂ ਬਾਹਰ ਤੱਕ, ਸਰਵਉੱਚਤਾਵਾਦੀ, ਤਾਨਾਸ਼ਾਹੀ ਰਾਜਨੀਤਿਕ ਅੰਦੋਲਨਾਂ ਅਤੇ ਨੇਤਾਵਾਂ ਦੇ ਗਲੋਬਲ ਗੱਠਜੋੜ ਦੇ ਵਿਰੁੱਧ ਹਾਂ। ਇਸ ਫਾਸ਼ੀਵਾਦ ਦਾ ਮੁਕਾਬਲਾ ਕਰਨ ਲਈ ਪਹਿਲਾਂ ਨਾਲੋਂ ਕਿਤੇ ਵੱਧ, ਸਾਨੂੰ ਸ਼ਕਤੀਸ਼ਾਲੀ ਬਹੁ-ਜਾਤੀ, ਅੰਤਰ-ਧਾਰਮਿਕ ਏਕਤਾ ਬਣਾਉਣ ਦੀ ਲੋੜ ਹੈ।

ਸੰਯੁਕਤ ਰਾਜ ਅਮਰੀਕਾ ਵਿੱਚ ਦਲਿਤ ਸਾਲਿਡੇਰਿਟੀ ਫੋਰਮ ਦੀ ਪ੍ਰਧਾਨ ਰੋਜ਼ਾ ਸਿੰਘ ਨੇ ਕਿਹਾ, "ਸਵੇਰਾ ਭਾਰਤੀ ਪ੍ਰਵਾਸੀਆਂ ਦੀ ਬਹੁਗਿਣਤੀ ਆਬਾਦੀ ਦੀ ਬੁਲਾਰਾ ਬਣ ਰਹੀ ਹੈ ਜੋ ਹਿੰਦੂ ਫਾਸ਼ੀਵਾਦ ਦਾ ਵਿਰੋਧ ਕਰਦੇ ਹਨ। ਹਾਲਾਂਕਿ, ਸਾਡੇ ਲੋਕਤੰਤਰ ਨੂੰ ਸੱਜੇ-ਪੱਖੀ ਹਮਲਿਆਂ ਤੋਂ ਬਚਾਉਣਾ ਬਹੁਤ ਵੱਡੀ ਲੜਾਈ ਹੈ, ਅਤੇ ਇਹ ਵੀ ਬਰਾਬਰ ਮਹੱਤਵਪੂਰਨ ਹੈ ਕਿ ਹੋਰ ਭਾਈਚਾਰੇ ਵੀ ਹਿੰਦੂ ਸਰਵਉੱਚਤਾ ਦੇ ਵਿਰੁੱਧ ਖੜ੍ਹੇ ਹੋਣ।"

ਐਲਾਨਨਾਮੇ ਦਾ ਪਾਠ: ਅਸੀਂ, ਸਾਰੇ ਸੰਗਠਨ ਅਤੇ ਵਿਅਕਤੀ ਸੰਯੁਕਤ ਰਾਜ ਅਮਰੀਕਾ ਵਿੱਚ ਹਿੰਦੂ ਫਾਸ਼ੀਵਾਦ, ਜਿਸਨੂੰ ਹਿੰਦੂਤਵ ਜਾਂ ਹਿੰਦੂ ਰਾਸ਼ਟਰਵਾਦ ਵੀ ਕਿਹਾ ਜਾਂਦਾ ਹੈ, ਦੇ ਪਰੇਸ਼ਾਨ ਕਰਨ ਵਾਲੇ ਉਭਾਰ ਬਾਰੇ ਆਪਣੀ ਡੂੰਘੀ ਚਿੰਤਾ ਪ੍ਰਗਟ ਕਰਦੇ ਹਾਂ। ਇਹ ਰਾਜਨੀਤਿਕ ਵਿਚਾਰਧਾਰਾ, ਪਹਿਲੀ ਵਾਰ 20ਵੀਂ ਸਦੀ ਦੇ ਅਰੰਭ ਵਿੱਚ ਨਾਜ਼ੀਵਾਦ, ਫਾਸ਼ੀਵਾਦ ਅਤੇ ਨਸਲਵਾਦ ਦੇ ਪ੍ਰਭਾਵ ਅਧੀਨ ਸਿੱਧੀ ਪ੍ਰੇਰਨਾ ਲੈ ਕੇ ਪ੍ਰਗਟ ਕੀਤੀ ਗਈ ਸੀ, ਹੁਣ ਇਹ ਅਮਰੀਕੀ ਸੱਜੇ ਪੱਖੀਆਂ ਨਾਲ ਗੱਠਜੋੜ ਵਿੱਚ ਆਪਣੀ ਹੋਂਦ ਸਥਾਪਤ ਕਰ ਰਹੀ ਹੈ। ਹਿੰਦੂ ਸਰਵਉੱਚਤਾ ਭਾਰਤ ਅਤੇ ਇੱਥੇ ਸੰਯੁਕਤ ਰਾਜ ਅਮਰੀਕਾ ਵਿੱਚ ਲੋਕਤੰਤਰ, ਬਹੁਲਵਾਦ ਅਤੇ ਨਿਆਂ ਦੀਆਂ ਸਾਡੀਆਂ ਮੂਲ ਕਦਰਾਂ-ਕੀਮਤਾਂ ਲਈ ਇੱਕ ਵਧਦਾ ਖ਼ਤਰਾ ਹੈ।

ਅਸੀਂ 'ਸਵੇਰਾ' ਦੇ ਨਾਲ ਇੱਕਮੁੱਠਤਾ ਵਿੱਚ ਮਜ਼ਬੂਤੀ ਨਾਲ ਖੜ੍ਹੇ ਹਾਂ, ਇਹ ਇੱਕ ਨਵਾਂ ਸੰਯੁਕਤ ਮੋਰਚਾ ਹੈ ਜੋ ਸਚੇ ਭਾਰਤੀ-ਅਮਰੀਕੀ ਬਹੁਮਤ ਦੀ ਨੁਮਾਇੰਦਗੀ ਕਰਦਾ ਹੈ, ਅਤੇ ਜਿਸ ਨੇ ਫਾਸ਼ੀਵਾਦੀ ਰਾਜਨੀਤੀ ਦੇ ਸਾਰੇ ਰੂਪਾਂ ਦਾ ਵਿਰੋਧ ਕਰਨ ਲਈ ਸੰਗਠਨਾਂ ਅਤੇ ਕਾਰਕੁਨਾਂ ਦੇ ਇੱਕ ਅੰਤਰ-ਧਰਮ, ਬਹੁ-ਜਾਤੀ ਗੱਠਜੋੜ ਨੂੰ ਇਕੱਠਾ ਕੀਤਾ ਹੈ।

ਹਿੰਦੂ ਫਾਸ਼ੀਵਾਦੀ ਸੰਗਠਨ ਬਹੁ-ਸੱਭਿਆਚਾਰਵਾਦ ਅਤੇ ਵਿਭਿੰਨਤਾ ਦੇ ਨਕਾਬ ਦੇ ਪਿੱਛੇ ਛੁਪ ਸਕਦੇ ਹਨ, ਪਰ ਅਭਿਆਸ ਵਿੱਚ ਉਹਨਾਂ ਨੇ ਭਾਈਚਾਰਿਆਂ ਵਿਚਕਾਰ ਏਕਤਾ ਦੇ ਬੰਧਨ ਨੂੰ ਤੋੜਨ ਅਤੇ 'ਵੰਨ ਸਵੰਨੇ' ਭਾਈਚਾਰਿਆਂ ਦੇ ਅੰਦਰ ਸੱਜੇ-ਪੱਖੀ ਰਾਜਨੀਤੀ ਨੂੰ ਜਾਇਜ਼ ਬਣਾਉਣ ਦਾ ਕੰਮ ਕੀਤਾ ਹੈ - ਜਿਸ ਵਿੱਚ ਨਾਗਰਿਕ ਅਧਿਕਾਰ ਸਮੂਹਾਂ 'ਤੇ ਹਮਲਾ ਕਰਨਾ ਵੀ ਸ਼ਾਮਲ ਹੈ।

ਸੱਜੇ ਪਖੀਆਂ ਨਾਲ ਸਹਿਯੋਗ ਕਰਨਾ, ਮੁਸਲਿਮ ਵਿਰੋਧੀ ਪ੍ਰਚਾਰ ਫੈਲਾਉਣਾ, ਹਾਸ਼ੀਏ 'ਤੇ ਰਹਿ ਗਏ ਦਬੇ ਕੁਚਲੇ ਭਾਈਚਾਰਿਆਂ ਦੀ ਜਾਤੀ ਸੁਰੱਖਿਆ ਅਤੇ ਉਨ੍ਹਾਂ ਦੇ ਹੱਕ ਵਿਚ ਚੁੱਕੇ ਗਏ ਸਕਾਰਾਤਮਕ ਕਦਮਾਂ ਅਤੇ ਬੋਲਣ ਦੀ ਆਜ਼ਾਦੀ ਅਤੇ ਅਕਾਦਮਿਕ ਆਜ਼ਾਦੀ 'ਤੇ ਰੋਕ ਲਗਾਉਣਾ ਉਨ੍ਹਾਂ ਦੀ ਪਛਾਣ ਹੈ।

ਹਿੰਦੂ ਸਰਵਉੱਚਤਾ ਦਾ ਖਤਰਨਾਕ ਮੁਸਲਿਮ ਵਿਰੋਧੀ ਪ੍ਰੋਜੈਕਟ ਇੱਕ ਪ੍ਰਭਾਵਸ਼ਾਲੀ ਜਾਤੀ ਪ੍ਰੋਜੈਕਟ ਦੇ ਰੂਪ ਵਿੱਚ ਸ਼ੁਰੂ ਹੋਇਆ ਅਤੇ ਜਾਰੀ ਹੈ। ਹਿੰਦੂ ਫਾਸ਼ੀਵਾਦ ਦਾ ਇਤਿਹਾਸ ਮੁਸਲਮਾਨਾਂ ਅਤੇ ਹੋਰ ਧਾਰਮਿਕ ਘੱਟ ਗਿਣਤੀਆਂ, ਜਾਤੀ-ਪੀੜਤ ਸਮੂਹਾਂ ਅਤੇ ਆਦਿਵਾਸੀ ਲੋਕਾਂ ਵਿਰੁੱਧ ਹਿੰਸਾ ਦੀਆਂ ਉਦਾਹਰਣਾਂ ਨਾਲ ਭਰਿਆ ਹੋਇਆ ਹੈ।

ਹਿੰਦੂ ਸਰਵਉੱਚਤਾਵਾਦੀ ਲਹਿਰ ਨਾ ਸਿਰਫ਼ ਭਾਰਤੀਆਂ, ਦੱਖਣੀ ਏਸ਼ੀਆਈਆਂ ਅਤੇ ਮੁਸਲਿਮ ਅਮਰੀਕੀਆਂ ਲਈ ਨੁਕਸਾਨਦੇਹ ਹਨ, ਸਗੋਂ ਸਾਡੀ ਸਮੂਹਿਕ ਮੁਕਤੀ ਦੀਆਂ ਕਦਰਾਂ-ਕੀਮਤਾਂ ਦੇ ਵੀ ਉਲਟ ਹੈ। ਇਹ ਸਾਡੀ ਸਾਂਝੀ ਜ਼ਿੰਮੇਵਾਰੀ ਹੈ ਕਿ ਅਸੀਂ ਉਹਨਾਂ ਲੋਕਾਂ ਦੇ ਨਾਲ ਇੱਕਮੁੱਠ ਹੋਈਏ ਜੋ ਦਲੇਰੀ ਨਾਲ ਫਾਸ਼ੀਵਾਦੀ ਤੇ ਨਸਲਵਾਦੀ ਰਾਜਨੀਤੀ ਦਾ ਵਿਰੋਧ ਕਰਦੇ ਹਨ ਅਤੇ ਇੱਕ ਸੱਚੇ ਬਹੁ-ਜਾਤੀ ਲੋਕਤੰਤਰ ਲਈ ਲੜ ਰਹੇ ਹਨ। ਹਿੰਦੂ ਫਾਸ਼ੀਵਾਦ ਸਾਡੇ ਸਾਰਿਆਂ ਲਈ ਡੂੰਘੀ ਚਿੰਤਾ ਦਾ ਕਾਰਣ ਹੈ, ਅਤੇ ਅਸੀਂ ਇਸ ਦਾ ਮੁਕਾਬਲਾ ਕਰਨ ਲਈ ਵਚਨਬੱਧ ਹਾਂ। ਇਸ ਲਈ, ਅਸੀਂ ਇਕੱਠੇ ਸਹੁੰ ਚੁੱਕਦੇ ਹਾਂ:

ਹਿੰਦੂ ਸਰਵਉੱਚਤਾ ਸਮੇਤ ਹਰ ਕਿਸਮ ਦੀ ਨਫ਼ਰਤ ਅਤੇ ਸਰਵਉੱਚਤਾਵਾਦੀ ਰਾਜਨੀਤੀ ਨੂੰ ਰੱਦ ਕਰਨਾ, ਇਸਲਾਮੋ ਫੋਬੀਆ ਅਤੇ ਨਸਲਵਾਦ ਨੂੰ ਖਤਮ ਕਰਨ ਲਈ ਗਲੋਬਲ ਸੰਘਰਸ਼ ਦੇ ਨਾਲ ਦ੍ਰਿੜ ਏਕਤਾ ਨਾਲ ਖੜ੍ਹੇ ਹੋਣਾ, ਖਾਸ ਕਰਕੇ ਸੰਯੁਕਤ ਰਾਜ ਅਮਰੀਕਾ ਵਿੱਚ ਮੁਸਲਿਮ-ਵਿਰੋਧੀ ਨਫ਼ਰਤ ਦਾ ਮੁਕਾਬਲਾ ਕਰਨ ਅਤੇ ਨਸਲੀ ਵਿਤਕਰੇ 'ਤੇ ਪਾਬੰਦੀ ਲਗਾਉਣ ਲਈ ਅੰਦੋਲਨਾਂ ਦਾ ਸਮਰਥਨ ਕਰਨਾ ਅਤੇ ਆਪਣੇ ਆਪ ਨੂੰ ਹਿੰਦੂ ਸਰਵਉੱਚਤਾਵਾਦੀ ਲਹਿਰ ਦੀ ਵਿਚਾਰਧਾਰਾ ਅਤੇ ਵਿਸ਼ਵਵਿਆਪੀ ਮੌਜੂਦਗੀ ਬਾਰੇ ਲੋਕਾਂ ਨੂੰ ਸਿੱਖਿਅਤ ਕਰਨਾ ਸਾਡਾ ਉਦੇਸ਼ ਤੇ ਕਰਮ ਹੈ। ਮੋਦੀ ਸ਼ਾਸਨ ਦੇ ਨਾਲ ਆਪਣੀ ਸਾਂਝ ਦੌਰਾਨ ਮਨੁੱਖੀ ਅਧਿਕਾਰਾਂ ਅਤੇ ਜਮਹੂਰੀਅਤ ਨੂੰ ਕੇਂਦਰ ਵਿੱਚ ਰਖਣ ਦੇ ਲਈ ਸੰਯੁਕਤ ਰਾਜ ਸਰਕਾਰ ਦੇ ਸੱਦੇ ਦਾ ਸਮਰਥਨ ਕਰਨਾ ਅਤੇ ਭਾਰਤੀ-ਅਮਰੀਕੀ ਪਛਾਣ ਦੇ ਵਿਭਿੰਨ, ਸੰਮਲਿਤ ਅਤੇ ਸੁਤੰਤਰ ਦ੍ਰਿਸ਼ਟੀਕੋਣ ਨੂੰ ਸਪਸ਼ਟ ਕਰਨ ਲਈ ਕੰਮ ਕਰ ਰਹੇ ਕਾਰਕੁਨਾਂ ਅਤੇ ਸੰਗਠਨਾਂ ਦੇ ਨਾਲ ਖੜ੍ਹੇ ਹੋਣਾ ਸਾਡੀ ਨੀਤੀ ਹੈ।"

ਇਸ ਐਲਾਨਨਾਮੇ ਪੱਤਰ 'ਤੇ ਦਸਤਖਤ ਕਰਨ ਵਾਲਿਆਂ ਵਿਚ ਅੰਬੇਡਕਰ ਇੰਟਰਨੈਸ਼ਨਲ ਸੈਂਟਰ, ਇੰਡੀਅਨ ਅਮਰੀਕਨ ਮੁਸਲਿਮ ਕੌਂਸਲ, ਏਸ਼ੀਅਨ ਅਮਰੀਕਨ ਐਡਵੋਕੇਸੀ ਫੰਡ, ਸ਼ਿਕਾਗੋ ਕੋਲੀਸ਼ਨ ਫਾਰ ਹਿਊਮਨ ਰਾਈਟਸ ਇਨ ਇੰਡੀਆ, ਹਿੰਦੂਜ਼ ਫਾਰ ਹਿਊਮਨ ਰਾਈਟਸ, ਅਮਰੀਕਨ ਸਿੱਖ ਕੌਂਸਲ ਸਮੇਤ 109 ਸੰਸਥਾਵਾਂ ਨੇ ਦਸਤਖਤ ਕੀਤੇ ਸਨ।

ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਵੱਡਾ ਝੂਠ ਬੋਲ ਕੇ ਲੋਕਾਂ ਪਾਸੋਂ ਵੋਟਾਂ ਹਾਸਲ ਕੀਤੀਆਂ ਸਨ, ਕਿ ਉਹਨਾਂ ਦੀ ਸਰਕਾਰ ਵੇਲੇ ਹਰ ਭਾਰਤੀ ਬਸ਼ਿੰਦੇ ਨੂੰ 15 ਲੱਖ ਰੁਪਿਆ ਮਿਲੇਗਾ ਉਨ੍ਹਾਂ ਕਿਹਾ ਸੀ ਕਿ ਜਿਹੜੇ ਲੋਕ ਦੇਸ਼ ਵਿੱਚੋਂ ਘਪਲਾ ਕਰਕੇ ਅਰਬਾਂ ਰੁਪਿਆ ਵਿਦੇਸ਼ਾਂ ਵਿੱਚ ਲੈ ਗਏ ਹਨ ਉਹ ਸਾਰਾ ਵਾਪਸ ਲਿਆਉਣਗੇ ਤੇ ਆਮ ਲੋਕਾਂ ਨੂੰ ਦੇਣਗੇ। ਉਹ ਕਦੇ ਵੀ ਸੱਚ ਨਾ ਹੋਇਆ ਤੇ ਨਾ ਹੋਣਾ ਹੈ।

# ਇਸ ਵਾਰ ਪੰਜਾਬ ਦੀ ਸਿਆਸੀ ਤਸਵੀਰ ਪਿੱਛਲੀਆਂ ਲੋਕ ਸਭਾ ਚੋਣਾਂ ਨਾਲ਼ੋਂ ਵੱਖਰੀ



ਪੁਰੇਵਾਲ ਸ਼ੰਕਰ-ਲੋਕ ਸਭਾ ਦੀਆਂ ਚੋਣਾਂ ਜਿਵੇਂ ਜਿਵੇਂ ਨੇੜੇ ਆ ਰਹੀਆਂ ਹਨ ਤਿਉਂ ਤਿਉਂ ਸਿਆਸੀ ਸਮੀਕਰਨ ਤੇਜ ਹੋ ਰਹੇ ਹਨ। ਇਸ ਵਾਰ ਜੇ ਪੰਜਾਬ ਦੇ ਸਿਆਸੀ ਗਲਿਆਰੇ ਦੀ ਗੱਲ ਕਰੀਏ ਤਾਂ ਪਿੱਛਲੀਆਂ ਲੋਕਾਂ ਸਭਾ ਦੀਆਂ ਚੋਣਾਂ ਨਾਲ਼ੋਂ ਬਿਲਕੁਲ ਵੱਖਰੀ ਤਸਵੀਰ ਨਜ਼ਰ ਆ ਰਹੀ ਹੈ। ਜੇ ਸਿਆਸੀ ਪਾਰਟੀਆਂ ਦੀ ਗੱਲ ਕਰੀਏ ਤਾਂ ਅਕਾਲੀਦਲ ਬਾਦਲ ਤੇ ਬੀਜੇਪੀ ਕਈ ਸਾਲਾਂ ਬਾਅਦ ਪੰਜਾਬ ਵਿੱਚ ਵੱਖ ਵੱਖ ਹੋ ਕਿ ਚੋਣ ਲੜ ਰਹੇ ਹਨ ਇਹਨਾ ਦੋਨਾ ਪਾਰਟੀਆਂ ਦੇ ਗੱਠ ਜੋੜ ਸੰਬੰਧੀ ਪਿਛਲੇ ਕਈ ਦਿਨਾਂ ਤੋਂ ਜੱਦੋ ਜਹਿਦ ਚੱਲ ਰਹੀ ਸੀ ਕਈ ਮੀਟਿੰਗਾਂ ਵੀ ਹੋਈਆਂ ਪਰ ਸਹਿਮਤੀ ਨਹੀਂ ਬਣੀ ਤੇ ਵੱਖ ਵੱਖ ਹੋ ਕਿ ਦੋਹਾ ਪਾਰਟੀਆਂ ਨੇ ਪੰਜਾਬ ਵਿੱਚ ਚੋਣ ਲੜਨ ਦਾ ਇਲਾਨ ਕਰ ਦਿੱਤਾ ਹੈ।

ਜੇ ਕਾਂਗਰਸ ਪਾਰਟੀ ਦੀ ਪੰਜਾਬ ਵਿੱਚ ਗੱਲ ਕਰੀਏ ਤਾਂ ਇਸ ਵਾਰੀ ਪਿੱਛਲੀਆਂ ਲੋਕਾਂ ਸਭਾ ਚੋਣਾਂ ਦੇ ਮੁਕਾਬਲੇ ਸਥਿੱਤੀ ਬਿਲਕੁਲ ਵੱਖ ਨਜ਼ਰ ਆ ਰਹੀ ਹੈ ਕਿਉਕਿ ਕਾਂਗਰਸ ਦੇ ਬਹੁਤ ਗਿੱਣਤੀ ਦਿੰਗਜ ਨੇਤਾ ਕਾਂਗਰਸ ਛੱਡ ਦੂਸਰੀਆਂ ਪਰਟੀਆਂ ਵਿੱਚ ਜਾ ਚੁੱਕੇ ਹਨ ਜ਼ਿਹਨਾਂ ਵਿੱਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ ਜੋ ਮੌਜੂਦਾ ਬੀਜੇਪੀ ਦੇ ਪੰਜਾਬ ਪ੍ਰਧਾਨ ਹਨ,ਚੋਣ ਦੇ ਬਿਲਕੁਲ ਨਜ਼ਦੀਕ ਲੁਧਿਆਣਾ ਤੋਂ ਐੱਮਪੀ ਰਵਨੀਤ ਬਿੱਟੂ ਦਾ ਤੇ ਕੁੱਝ ਹੋਰ ਆਗੂਆਂ ਦਾ ਪਾਰਟੀ ਛੱਡ ਕੇ ਜਾਣਾ ਸਿਆਸੀ ਗਲਿਆਰਿਆਂ ਤੇ ਆਮ ਲੋਕਾਂ ਵਿੱਚ ਨਵੀਂ ਚਰਚਾ ਛੇੜ ਗਿਆ ਹੈ।

ਦੂਜੇ ਪਾਸੇ ਕਾਂਗਰਸ ਦੀ ਨੈਸ਼ਨਲ ਲੈਵਲ ਤੇ ਆਪ ਨਾਲ ਗੰਠਜੋੜ ਵਿੱਚ ਸ਼ਾਮਿਲ ਹੋਣਾ ਤੇ ਪੰਜਾਬ ਵਿੱਚ ਵੱਖ ਚੋਣ ਲੜਨਾ ਵੀ ਪਾਰਟੀ ਲਈ ਵੱਖਰੀ ਸਥਿੱਤੀ ਪੈਦਾ ਕਰਦਾ ਹੈ। ਜੇ ਪੰਜਾਬ ਦੀ ਸਤਧਾਰੀ ਪਾਰਟੀ ਆਮ ਆਦਮੀ ਪਾਰਟੀ ਦੀ ਗੱਲ ਕਰੀਏ ਤਾਂ ਫ਼ਿਲਹਾਲ ਵਿਧਾਨ ਸਭਾ ਦੀਆਂ ਚੌਣਾ ਵਾਲੀ ਸਥਿੱਤੀ ਨਜ਼ਰ ਨਹੀਂ ਆ ਰਹੀ ਖਾਸ ਕਰਕੇ ਜਲੰਧਰ ਦੀ ਜਿਮਨੀ ਚੋਣ ਸਮੇਂ ਕਾਂਗਰਸ ਵਿੱਚੋਂ ਆ ਕੇ ਆਪ ਪਾਰਟੀ ਵਿੱਚ ਸ਼ਾਮਿਲ ਹੋਏ ਸੁਸ਼ੀਲ ਕੁਮਾਰ ਰਿਕੂ ਝਾੜੂ ਦੇ ਨਿਸ਼ਾਨ ਤੇ ਚੋਣ ਜਿੱਤ ਕੇ ਐੱਮਪੀ ਬਣੇ ਇਸ ਬਾਰ ਵੀ ਆਮ ਆਦਮੀ ਪਾਰਟੀ ਵੱਲੋਂ ਜਲੰਧਰ ਤੋਂ ਫਿਰ ਉਮੀਦਵਾਰ ਐਲਾਨਣ ਦੇ ਬਾਵਜੂਦ ਆਪ ਛੱਡ ਬੀਜੇਪੀ ਵਿੱਚ ਚਲੇ ਗਏ ਤੇ ਉਹਨਾ ਦੇ ਨਾਲ ਆਪ ਦੇ ਇੱਕ ਵਿਧਾਇਕ ਨੇ ਵੀ ਬੀਜੇਪੀ ਦਾ ਪੱਲਾ ਫੜ ਲਿਆ ਹੈ ਜਿਸ ਨਾਲ ਪਾਰਟੀ ਦੀ ਚਿੰਤਾ ਵਧੀ ਨਜ਼ਰ ਆ ਰਹੀ ਹੈ। ਪੂਰੇ ਪੰਜਾਬ ਭਰ ਵਿੱਚ ਇਸ ਪਾਰਟੀ ਦੇ ਵੀ ਸਿਆਸੀ ਸਮੀਕਰ ਬਿਲਕੁਲ ਬਦਲੇ ਨਜ਼ਰ ਆ ਰਹੇ ਹਨ।

ਸ਼੍ਰੋਮਣੀ ਅਕਾਲੀਦਲ (ਅੰਮ੍ਰਿਤਸਰ ) ਦਾ ਵੀ ਸੰਗਰੂਰ ਲੋਕ ਸਭਾ ਸੀਟ ਤੇ ਕਬਜਾ ਹੈ ਦੇਖਣਾ ਇਹ ਹੋਵੇਗਾ ਕਿ ਇਸ ਵਾਰ ਵੀ ਸਿਮਰਨਜੀਤ ਸਿੰਘ ਮਾਨ ਸੰਗਰੂਰ ਸੀਟ ਤੇ ਮੁੜ ਜਿੱਤ ਪ੍ਰਪਤ ਕਰਦੇ ਜਾ ਇਸ ਸੀਟ ਤੇ ਵੀ ਸਮੀਕਰਨ ਬਦਲਣਗੇ। ਬੀ ਐੱਸ ਪੀ ਵੀ ਪੰਜਾਬ ਦੀਆਂ ਕੁੱਝ ਸੀਟਾਂ ਤੇ ਪ੍ਰਭਾਵ ਰੱਖਦੀ ਹੈ ਇਸ ਬਾਰੇ ਲੋਕਾਂ ਵਿੱਚ ਚਰਚਾ ਇਹ ਵੀ ਹੋ ਰਹੀ ਹੈ ਕਿ ਬੀ ਐੱਸ ਪੀ ਕਿਸੇ ਪਾਰਟੀ ਨਾਲ ਰਲ ਕੇ ਚੋਣ ਲੜੇਗੀ ਜਾ ਇਕੱਲੀ।ਪੰਜਾਬ ਵਿੱਚ ਭਾਵੇ ਸਾਰੀਆਂ ਸਿਆਸੀ ਪਾਰਟੀਆਂ ਅਪਣੀ ਜਿੱਤ ਦੇ ਦਾਅਵੇ ਠੋਕ ਰਹੀਆਂ ਹਨ ਪਰ ਇਸ ਵਾਰ ਪੰਜਾਬ ਦੀ ਸਿਆਸੀ ਤਸਵੀਰ ਪਹਿਲਾਂ ਨਾਲ਼ੋਂ ਵੱਖਰੀ ਲੱਗ ਰਹੀ ਹੈ। ਜੇ ਚੌਣਾਂ ਤੇ ਪ੍ਰਭਾਵ ਪਾਉਣ ਵਾਲੇ ਹੋਰ ਮੁੱਦਿਆਂ ਦੀ ਗੱਲ ਕਰੀਆਂ ਤਾਂ ਪੰਜਾਬ ਵਿੱਚ ਕਿਸਾਨੀ ਮੁੱਦਾ ਵੀ ਕਾਫ਼ੀ ਪ੍ਰਭਾਵ ਪਾਵੇਗੀ ਕਿਉਂਕਿ ਪਿਛਲੇ ਪੰਜਾ ਸਾਲਾਂ ਵਿੱਚ ਕਿਸਾਨੀ ਅੰਦੋਲਨ ਵੱਡੇ ਪੱਧਰ ਤੇ ਚੱਲ ਰਿਹਾ ਹੈ ਕਿਸਾਨੀ ਅੰਦੋਲਨ ਦਾ ਕਿਸ ਪਾਰਟੀ ਨੂੰ ਫ਼ਾਇਦਾ ਮਿੱਲਦਾ ਤੇ ਕਿਸ ਨੂੰ ਨੁਕਾਸਾਨ ਹੁੰਦਾ ਹੈ ਇਹ ਤਾਂ 4 ਜੂਨ ਨੂੰ ਹੀ ਪਤਾ ਲੱਗੇਗਾ ਪਾਰ ਆਮ ਲੋਕਾਂ ਵਿੱਚ ਇਸ ਗੱਲ ਦੀ ਚਰਚਾ ਜ਼ਰੂਰ ਹੈ।

ਮੀਡੀਆ ਦੇ ਮਾਲਕ ਲੋਕਾਂ ਵਿੱਚ ਅੰਧ–ਵਿਸ਼ਵਾਸ ਫੈਲਾਉਣ ਵਾਲੇ ਅਖੌਤੀ ਨਜੂਮੀਆਂ ਤੇ ਬਾਬਿਆਂ ਦੇ ਇਸ਼ਤਿਹਾਰ ਨਾ ਲਾਉਣ। ਅੱਜਕਲ੍ਹ ਬਹੁਤੇ ਯੂ ਟਿਊਬ ਚੈਨਲ ਤੇ ਬਾਬਿਆਂ ਨੂੰ ਪ੍ਰਮੋਟ ਕਰਕੇ ਅੰਧ ਵਿਸ਼ਵਾਸ ਫੈਲਾ ਰਹੇ ਹਨ। ਇਨ੍ਹਾਂ ਚੈਨਲਾਂ ਨੂੰ ਸਬਸਕ੍ਰਾਈਬ ਨਾ ਕਰੋ ਅਤੇ ਨਾ ਹੀ ਇਹਨਾਂ ਦੀਆਂ ਖ਼ਬਰਾਂ ਦੂਜਿਆਂ ਨਾਲ ਸਾਂਝੀਆਂ ਕਰੋ।

## ਹਿੰਸਾ ਗ੍ਰਸਤ ਹੈਤੀ ਤੋਂ 21 ਅਮਰੀਕੀਆਂ ਨੂੰ ਲੈ ਕੇ ਇਕ ਹੋਰ ਜਹਾਜ਼ ਫਲੋਰਿਡਾ ਪੁੱਜਾ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਗਿਰੋਹ ਹਿੰਸਾ ਤੇ ਰਾਜਸੀ ਅਸਥਿੱਰਤਾ ਕਾਰਨ ਮਚੀ ਅਫਰਾ ਤਫਰੀ ਦੇ ਦਰਮਿਆਨ ਹੈਤੀ ਤੋਂ ਇਕ ਜਹਾਜ 21 ਅਮਰੀਕੀਆਂ ਨੂੰ ਲੈ ਕੇ ਓਰਲੈਂਡੋ (ਫਲੋਰਿਡਾ) ਪੁੱਜਾ। ਫਲੋਰਿਡਾ ਡਵੀਜਨ ਆਫ ਐਮਰਜੈਂਸੀ ਮੈਨਜਮੈਂਟ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਹੁਣ ਤੱਕ 35 ਅਮਰੀਕੀਆਂ ਨੂੰ ਹੈਤੀ ਵਿਚੋਂ ਸੁਰੱਖਿਅਤ ਕੱਢ ਲਿਆ ਗਿਆ ਹੈ। ਏਜੰਸੀ ਅਨੁਸਾਰ ਕੈਰੀਬੀਅਨ ਦੇਸ਼ ਹੈਤੀ ਤੋਂ ਓਰਲੈਂਡੋ ਲਿਆਂਦੇ ਅਮਰੀਕੀਆਂ ਨੂੰ ਖਾਣ-ਪਾਈ, ਰਿਹਾਇਸ਼, ਆਵਾਜਾਈ, ਸਿਹਤ ਤੇ ਫੋਨ ਸਮੇਤ ਕਈ ਸਹੂਲਤਾਂ ਦਿੱਤੀਆਂ ਗਈਆਂ ਹਨ।

ਕਾਰਜਕਾਰੀ ਡਾਇਰੈਕਟਰ ਕੈਵਿਨ ਗੁਥਰੀ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਡਵੀਜ਼ਨ ਅਮਰੀਕੀ ਨਾਗਰਿਕਾਂ ਨੂੰ ਹੈਤੀ ਵਿਚੋਂ ਲਿਆਉਣ ਲਈ 24 ਘੰਟੇ ਕੰਮ ਕਰ ਰਹੀ ਹੈ ਤੇ ਹਰ ਉਸ ਅਮਰੀਕੀ ਨੂੰ ਸੁਰੱਖਿਅਤ ਕੱਢਕੇ ਲਿਆਂਦਾ ਜਾਵੇਗਾ ਜੋ ਉਥੋਂ ਆਉਣਾ ਚਹੁੰਦਾ ਹੈ। ਉਨਾਂ ਕਿਹਾ ਕਿ ਗਵਰਨਰ ਦਾ ਆਦੇਸ਼ ਹੈ ਕਿ ਹੈਤੀ ਤੋਂ ਅਮਰੀਕੀਆਂ ਨੂੰ ਲਿਆਉਣ ਲਈ ਹਰੇਕ ਚੁਣੌਤੀ ਨਾਲ ਨਜਿੱਠਿਆ ਜਾਵੇ ਤੇ ਮਿਸ਼ਨ ਮੁਕੰਮਲ ਹੋਣ ਤੱਕ ਕੋਸ਼ਿਸ਼ਾਂ ਜਾਰੀ ਰਖੀਆਂ ਜਾਣ। ਇਥੇ ਜਿਕਰਯੋਗ ਹੈ ਕਿ ਹੈਤੀ ਵਿਚ ਫੱਸੇ ਫਲੋਰਿਡਾ ਦੇ ਵਿਅਕਤੀਆਂ ਵੱਲੋਂ ਕੀਤੀਆਂ ਅਨੇਕਾਂ ਬੇਨਤੀਆਂ ਉਪਰੰਤ ਗਵਰਨਰ ਨੇ 15 ਮਾਰਚ ਨੂੰ ਹੰਗਾਮੀ ਸਥਿੱਤੀ ਦਾ ਐਲਾਨ ਕੀਤਾ ਸੀ ਤੇ ਆਦੇਸ਼ ਦਿੱਤਾ ਸੀ ਕਿ ਅਮਰੀਕੀਆਂ ਨੂੰ ਹੈਤੀ ਵਿਚੋਂ ਕੱਢਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ।

ਪਹਿਲਾ ਜਹਾਜ਼ ਪਿਛਲੇ ਹਫਤੇ 14 ਅਮਰੀਕੀਆਂ ਨੂੰ ਲੈ ਕੇ ਓਰਲੈਂਡੋ ਸੈਨਫੋਰਡ ਇੰਟਰਨੈਸ਼ਨਲ ਏਅਰਪੋਰਟ 'ਤੇ ਪੁੱਜਾ ਸੀ।

## ਕੈਲੀਫੋਰਨੀਆ ਵਿਚ ਸ਼ੇਰ ਦੇ ਹਮਲੇ ਵਿਚ ਇਕ ਵਿਅਕਤੀ ਦੀ ਮੌਤ ਤੇ ਇਕ ਜ਼ਖਮੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੈਲੀਫੋਰਨੀਆ ਵਿਚ ਪਿਛਲੇ 20 ਸਾਲਾਂ ਦੌਰਾਨ ਵਾਪਰੀ ਪਹਿਲੀ ਘਟਨਾ ਵਿਚ ਇਕ ਜੰਗਲੀ ਸ਼ੇਰ ਵੱਲੋਂ ਕੀਤੇ ਹਮਲੇ ਵਿਚ ਇਕ ਵਿਅਕਤੀ ਦੀ ਮੌਤ ਹੋਣ ਤੇ ਇਕ ਹੋਰ ਦੇ ਜ਼ਖਮੀ ਹੋਣ ਦੀ ਖਬਰ ਹੈ। ਐਲ ਡੋਰਾਡੋ ਕਾਊਂਟੀ ਸ਼ੈਰਿਫ ਦਫਤਰ ਵੱਲੋਂ ਜਾਰੀ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਸ਼ਨੀਵਾਰ ਨੂੰ ਸਥਾਨਕ ਸਮੇ ਅਨੁਸਾਰ ਦੁਪਹਿਰ 1.13 ਵਜੇ ਇਕ 18 ਸਾਲਾ ਵਿਅਕਤੀ ਨੇ ਫੋਨ ਕੀਤਾ ਕਿ ਇਕ ਸ਼ੇਰ ਵੱਲੋਂ ਮੇਰੇ ਤੇ ਮੇਰੇ 21 ਸਾਲਾ ਭਰਾ ਉਪਰ ਹਮਲਾ ਕੀਤਾ ਗਿਆ ਹੈ। ਬਿਆਨ ਅਨੁਸਾਰ ਸ਼ੇਰ ਦੇ ਹਮਲੇ ਦੌਰਾਨ ਫੋਨ ਕਰਨ ਵਾਲਾ ਵਿਅਕਤੀ ਆਪਣੇ ਭਰਾ ਤੋਂ ਵਿਛੜ ਗਿਆ ਸੀ ਜੋ ਬਾਅਦ ਵਿਚ ਜ਼ਖਮੀ ਹਾਲਤ ਵਿਚ ਮਿਲਿਆ। ਉਸ ਨੂੰ ਇਲਾਜ਼ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਅਫਸਰਾਂ ਵੱਲੋਂ ਉਸ ਦੇ ਭਰਾ ਦੀ ਲਾਸ਼ ਜੰਗਲ ਵਿਚੋਂ ਬਰਾਮਦ ਕਰ ਲਈ ਗਈ ਹੈ।

## ਡੀ.ਏ.ਵੀ. ਕਾਲਜ ਨਕੋਦਰ ਵਿਖੇ ਨਾਟਕ 'ਜਾਗਦੇ ਰਹੋ' ਦੀ ਸਫ਼ਲ ਪੇਸ਼ਕਾਰੀ ਲੋਕਾਂ ਨੂੰ ਆਪਣੇ ਹੱਕਾ ਪ੍ਰਤੀ ਜਾਗਰੂਕ ਹੋਣਾ ਜ਼ਰੂਰੀ-ਸੜਕਨਾਮਾ



ਪੁਰੇਵਾਲ ਨਕੋਦਰ-ਕੇ.ਆਰ.ਐਮ. ਡੀ.ਏ.ਵੀ. ਕਾਲਜ, ਨਕੋਦਰ ਵਿਖੇ ਪ੍ਰਿੰਸੀਪਲ ਡਾ. ਅਨੂਪ ਕੁਮਾਰ ਦੀ ਪ੍ਰਧਾਨਗੀ ਹੇਠ ਪੰਜਾਬੀ ਵਿਭਾਗ ਵਲੋਂ ਪ੍ਰੋ. (ਡਾ.) ਤੇਜਿੰਦਰ ਵਿਰਲੀ ਦੀ ਦੇਖ-ਰੇਖ ਹੇਠ ਵਰਲਡ ਥੀਏਟਰ ਡੇਅ ਨੂੰ ਸਮਰਪਿਤ ਬਲਦੇਵ ਸਿੰਘ ਸੜਕਨਾਮਾ ਦਾ ਲਿਖਿਆ ਸੋਲੋ ਨਾਟਕ 'ਜਾਗਦੇ ਰਹੋ' ਕਰਵਾਇਆ ਗਿਆ। ਨਿਰਦੇਸ਼ਕ ਕੀਰਤੀ ਕਿਰਪਾਲ ਦੇ ਸਹਿਯੋਗ ਨਾਲ ਨਾਟਿਅਮ ਗਰੁੱਪ ਦੀ ਟੀਮ ਵਲੋਂ ਨਾਟਕ ਪੇਸ਼ ਕੀਤਾ ਗਿਆ। ਇਸ ਦੇ ਐਕਟਰ ਰੰਗ ਹਰਜਿੰਦਰ ਸਿੰਘ ਸੀ। ਨਾਟਕ ਦਾ ਪਹਿਲਾ ਮੰਚਨ ਕੇ.ਆਰ.ਐਮ. ਡੀ.ਏ.ਵੀ. ਕਾਲਜ, ਨਕੋਦਰ ਵਿੱਚ ਹੋਇਆ। ਇਸ ਦੌਰਾਨ ਨਾਟਕ ਟੀਮ ਵਲੋਂ ਭਾਰਤੀ ਲੋਕਾਂ ਨੂੰ ਲੋਕਤੰਤਰ ਬਾਰੇ ਸੁਚੇਤ ਕੀਤਾ ਗਿਆ।

ਇਸ ਮੌਕੇ ਨਾਟਕਕਾਰ ਬਲਦੇਵ ਸਿੰਘ ਸੜਕਨਾਮਾ ਤੇ ਪ੍ਰਿੰਸੀਪਲ ਜਗਰੂਪ ਸਿੰਘ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਪ੍ਰਿੰਸੀਪਲ ਡਾ. ਅਨੂਪ ਕੁਮਾਰ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਉਹਨਾਂ ਨੂੰ ਕਾਲਜ ਦੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ। ਪ੍ਰਿੰਸੀਪਲ ਡਾ. ਅਨੂਪ ਕੁਮਾਰ ਨੇ ਕਿਹਾ ਕਿ ਲੋਕਤੰਤਰ ਦੀ ਕਾਮਯਾਬੀ ਲਈ ਲੋਕਾਂ ਦਾ ਸੁਚੇਤ ਹੋਣਾ ਜ਼ਰੂਰੀ ਹੈ। ਮੁੱਖ ਮਹਿਮਾਨ ਬਲਦੇਵ ਸਿੰਘ ਸੜਕਨਾਮਾ ਨੇ ਨਾਟਕ ਰਾਹੀਂ ਲੋਕਾਂ ਵਿਚ ਸਮਾਜਿਕ ਬੁਰਾਈਆਂ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੂਕਤਾ ਲਿਆਉਣ ਦੀ ਗੱਲ ਕੀਤੀ। ਇਸ ਨਾਟਕ ਦਾ ਵਿਦਿਆਰਥੀਆਂ ਨੇ ਖੂਬ ਆਨੰਦ ਮਾਣਿਆ। ਮੰਚ ਸੰਚਾਲਨ ਦੀ ਜਿੰਮੇਵਾਰੀ ਪ੍ਰੋ. (ਡਾ.) ਤੇਜਿੰਦਰ ਵਿਰਲੀ ਵੱਲੋਂ ਬਾਖੂਬੀ ਨਿਭਾਉਂਦਿਆਂ ਅਖੀਰ ਵਿਚ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੋ. (ਡਾ.) ਕਮਲਜੀਤ ਸਿੰਘ, ਪ੍ਰੋ. ਮਾਧਵੀ ਸ਼ਰਮਾ, ਪ੍ਰੋ. ਸੋਨੀਆ ਅਰੋੜਾ, ਪ੍ਰੋ. ਪੰਕਜ ਵਰਮਾ, ਪ੍ਰੋ. ਦਵਿੰਦਰ ਦੀਪ ਸਿੰਘ, ਪ੍ਰੋ. ਸਮੀਰ ਸਭਰਵਾਲ, ਪ੍ਰੋ. ਸੁਪਰੀਆ, ਪ੍ਰੋ. ਸੀਮਾ ਕੌਸ਼ਲ ਆਦਿ ਹਾਜ਼ਰ ਸਨ।

# ਕਿਸਮਤ ਦੇ ਸਿਤਾਰੇ

## ਵੀਰਵਾਰ 4 ਅਪ੍ਰੈਲ ਤੋਂ ਬੁੱਧਵਾਰ 11 ਅਪ੍ਰੈਲ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। –ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਆਰਥਿਕ ਅਤੇ ਘਰੇਲੂ ਉਲਝਣਾਂ ਦੇ ਕਾਰਨ ਗੁਪਤ ਪ੍ਰੇਸ਼ਾਨੀ ਰਹੇਗੀ। ਇਸ ਹਫ਼ਤੇ ਕਿਸੇ 'ਤੇ ਵੀ ਜ਼ਿਆਦਾ ਭਰੋਸਾ ਨਾ ਕਰੋ। ਇਸ ਸਮੇਂ ਦੌਰਾਨ ਸੱਟ-ਚੋਟ ਦਾ ਵੀ ਡਰ ਰਹੇਗਾ। ਆਪਣੇ ਵੀ ਪਰਾਇਆਂ ਜਿਹਾ ਵਿਹਾਰ ਕਰਨਗੇ। ਅਚਾਨਕ ਕਿਸੇ ਸੂਚਨਾ ਕਾਰਨ ਖੁਸ਼ੀ ਮਿਲੇਗੀ। ਨਸ਼ਿਆਂ ਤੋ ਆਪਣੇ ਆਪ ਨੂੰ ਦੂਰ ਰੱਖੋ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਵਪਾਰ ਵਿੱਚ ਮਿਹਨਤ ਕਰਨ ਦੇ ਬਾਅਦ ਲਾਭ ਦੀ ਸੰਭਾਵਨਾ ਵਧੇਗੀ। ਵਿਲਾਸ ਆਦਿ ਕੰਮਾਂ 'ਤੇ ਖਰਚ ਜ਼ਿਆਦਾ ਹੋਵੇਗਾ। ਪਰਿਵਾਰ ਵਿੱਚ ਧਾਰਮਿਕ ਉਤਸਵ ਅਤੇ ਕੰਮ ਹੋਣਗੇ। ਜ਼ਮੀਨ ਅਤੇ ਵਾਹਨ ਆਦਿ ਦਾ ਲੈਣ-ਦੇਣ ਕਰਨ ਦੀ ਯੋਜਨਾ ਬਣੇਗੀ। ਆਪਣੇ ਬੱਚਿਆਂ ਨਾਲ ਪਰਿਵਾਰ ਦੀਆਂ ਗੱਲਾਂ ਬਾਤਾਂ ਕਰੋ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਹਫਤੇ ਦੇ ਸ਼ੁਰੂ ਵਿੱਚ ਧਨ ਲਾਭ ਅਤੇ ਤਰੱਕੀ ਦੇ ਮੌਕੇ ਮਿਲਣਗੇ, ਪਰ ਬਹੁਤ ਲਾਭ ਨਹੀਂ ਹੋਵੇਗਾ। ਵਿਗੜੇ ਕੰਮਾਂ ਵਿੱਚ ਸੁਧਾਰ ਹੋਵੇਗਾ। ਸਮਾਜ ਵਿੱਚ ਮਾਣ-ਇੱਜ਼ਤ ਵਧੇਗੀ। ਪਰਿਵਾਰਕ ਮਾਹੌਲ ਕੁਝ ਠੀਕ ਹੋਵੇਗਾ। ਗੁਜ਼ਾਰੇ ਲਾਇਕ ਧਨ ਦੀ ਪ੍ਰਾਪਤੀ ਹੁੰਦੀ ਰਹੇਗੀ। ਆਪਣੇ ਕੰਮ 'ਤੇ ਜਾਂ ਬਾਹਰ ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਸਿਹਤ ਪੱਖੋਂ ਸਾਵਧਾਨੀ ਵਰਤਣ ਦੀ ਲੋੜ ਹੈ। ਸਿਹਤ ਢਿੱਲੀ ਰਹਿਣ ਦੀ ਸੰਭਾਵਨਾ ਹੈ। ਘਰੇਲੂ ਪ੍ਰੇਸ਼ਾਨੀਆਂ ਵੀ ਦਸਤਕ ਦਿੰਦੀਆਂ ਰਹਿਣਗੀਆਂ। ਸੁੱਖ-ਸਾਧਨਾਂ 'ਤੇ ਖਰਚ ਹੋਵੇਗਾ। ਰੋਜ਼ਾਨਾ ਕਾਰਜਾਂ ਵਿੱਚ ਮਸ਼ਰੂਫ ਰਹੋਗੇ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਇਹ ਵੱਡੇ ਠੱਗ ਹੁੰਦੇ ਹਨ,

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਵਪਾਰ ਵਿੱਚ ਲਾਭ/ਤਰੱਕੀ ਦੇ ਮੌਕੇ ਮਿਲਣਗੇ। ਅਹੁਦੇ ਵਿੱਚ ਤਰੱਕੀ ਅਤੇ ਧਨ ਲਾਭ ਦੇ ਯੋਗ ਹਨ। ਇਸਤਰੀ ਅਤੇ ਸੰਤਾਨ ਸੁੱਖ ਮਿਲੇਗਾ। ਫਜ਼ੂਲ ਦੇ ਵਾਦ-ਵਿਵਾਦ ਅਤੇ ਤਕਰਾਰ ਦੀ ਸੰਭਾਵਨਾ ਹੈ। ਸ਼ੱਤਰੂ ਕਿਸੇ ਤਰ੍ਹਾਂ ਦਾ ਨੁਕਸਾਨ ਦੇ ਸਕਦਾ ਹੈ। ਸਿਹਤ ਸਬੰਧੀ ਵੀ ਧਿਆਨ ਰੱਖਣ ਦੀ ਲੋੜ ਹੈ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਹਫਤੇ ਦੇ ਸ਼ੁਰੂ ਵਿੱਚ ਆਮਦਨ ਘੱਟ ਅਤੇ ਖਰਚ ਜ਼ਿਆਦਾ ਹੋਵੇਗਾ। ਸਿਹਤ ਵੀ ਕੁਝ ਢਿੱਲੀ ਰਹੇਗੀ। ਕਾਰੋਬਾਰ ਸਬੰਧੀ ਕੋਈ ਨਵੀਂ ਯੋਜਨਾ ਬਣੇਗੀ। ਕਾਰੋਬਾਰ ਵਿੱਚ ਅਚਾਨਕ ਧਨ ਖਰਚ ਜ਼ਿਆਦਾ ਹੋਣ ਦੀ ਸੰਭਾਵਨਾ ਹੈ। ਦੂਜੇ ਪਾਸੇ ਸਰੀਰਕ ਪੀੜ੍ਹਾ ਦੇ ਵੀ ਯੋਗ ਹਨ। ਮਾਤਾ ਪਿਤਾ ਬੱਚਿਆਂ ਨੂੰ ਗੁਰੂ ਘਰ ਜਰੂਰ ਲਿਜਾਉ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਇਸ ਹਫਤੇ ਗੁੱਸਾ ਅਤੇ ਉਤੇਜਨਾ ਜ਼ਿਆਦਾ ਰਹੇਗੀ। ਪਰਿਵਾਰ ਵਿੱਚ ਮਨ-ਮੁਟਾਵ ਹੋਣ ਦੇ ਯੋਗ ਹਨ। ਉੱਚ ਪੱਧਰੀ ਲੋਕਾਂ ਨਾਲ ਮੇਲ-ਜੋਲ ਵਧੇਗਾ। ਕਿਸੇ ਨਵੇਂ ਕੰਮ ਦੀ ਯੋਜਨਾ ਬਣੇਗੀ। ਪਰਿ-ਵਾਰਕ ਮਾਹੌਲ ਵਿੱਚ ਪ੍ਰੇਮ ਅਤੇ ਸਦਭਾਵਨਾ ਵਧੇਗੀ। ਧਾਰਮਿਕ ਕੰਮਾਂ ਵਿੱਚ ਆਪਣਾ ਯੋਗਦਾਨ ਪਾਉ ਅਤੇ ਕਿਸੇ ਦਾ ਜਾਣ-ਬੁੱਝ ਕੇ ਦਿਲ ਨਾ ਦੁਖਾਉ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਕੁਝ ਰੁਕੇ ਹੋਏ ਕੰਮ ਵਿੱਚ ਉਨਤੀ ਹੋਵੇਗੀ। ਮਿੱਤਰਾਂ/ਰਿਸ਼ਤੇਦਾਰਾਂ ਦੀ ਮਦਦ ਨਾਲ ਆਰਥਿਕ ਮਦਦ ਮਿਲਣ ਦੇ ਯੋਗ ਹਨ। ਪਰਿਵਾਰ ਵਿੱਚ ਮੰਗਲ ਅਤੇ ਧਾਰਮਿਕ ਕੰਮਾਂ 'ਤੇ ਖਰਚ ਹੋਵੇਗਾ। ਫਜ਼ੂਲ ਦਾ ਮਾਨਸਿਕ ਤਣਾਅ ਰਹੇਗਾ। ਕਿਸੇ ਦੀ ਨਿੰਦਾ-ਚੁਗਲੀ ਤੋਂ ਆਪਣੇ ਆਪ ਨੂੰ ਦੂਰ ਰੱਖੋ, ਹਮੇਸ਼ਾ ਆਪਣੇ ਕੰਮ ਨਾਲ ਮਤਲਬ ਰੱਖੋ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਰੋਜ਼ਗਾਰ ਲਈ ਭੱਜ-ਦੌੜ ਕਰਨੀ ਪਵੇਗੀ। ਰੁਜ਼ਗਾਰ ਸੰਬੰਧਿਤ ਕੰਮਾਂ ਵਿੱਚ ਰੁਕਾਵਟਾਂ ਆਉਣਗੀਆਂ। ਉੱਚ ਵਰਗ ਦੇ ਲੋਕਾਂ ਨਾਲ ਮੇਲ-ਜੋਲ ਹੋਵੇਗਾ, ਪਰ ਲੈਣ-ਦੇਣ ਵਿੱਚ ਧੋਖਾ ਹੋ ਸਕਦਾ ਹੈ। ਆਮਦਨ ਦੇ ਸਾਧਨ ਸੀਮਿਤ ਰਹਿਣਗੇ। ਗੁਰੂ ਘਰ ਬੱਚਿਆਂ ਸਮੇਤ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਇਸ ਹਫਤੇ ਕਿਸੇ ਪਿਆਰੇ ਬੰਧੂਆਂ ਨਾਲ ਮੇਲ-ਜੋਲ ਹੋਵੇਗਾ। ਅਚਾਨਕ ਧਾਰਮਿਕ ਸਥਾਨ ਦੀ ਸ਼ੁੱਭ ਯਾਤਰਾ ਹੋਵੇਗੀ। ਪਰਿ-ਵਾਰਕ ਮਾਹੌਲ ਸੁਖਾਵਾਂ ਅਤੇ ਸ਼ੁੱਭ ਕੰਮ ਹੋਣਗੇ। ਇਸ ਸਮੇਂ ਦੌਰਾਨ ਹਾਲਾਤ ਵਿੱਚ ਖਾਸ ਤੌਰ 'ਤੇ ਉਤਾਰ-ਚੜ੍ਹਾਅ ਪੈਦਾ ਹੋਣਗੇ। ਆਪਣੇ ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਕਾਰੋਬਾਰ ਮੱਧਮ ਰਹੇਗਾ। ਅੜਚਨਾਂ ਦੇ ਬਾਵਜੂਦ ਧਨ ਪ੍ਰਾਪਤੀ ਹੋਵੇਗੀ। ਕਿਸੇ ਉੱਚ ਅਫਸਰ ਦੇ ਸੰਪਰਕ ਨਾਲ ਕੋਈ ਮੁਸ਼ਕਿਲ ਕੰਮ ਠੀਕ ਹੋਣ ਦੇ ਯੋਗ ਹਨ। ਸ਼ੁੱਭ ਮੰਗਲ ਕਾਰਜਾਂ 'ਤੇ ਖਰਚ ਅਤੇ ਪਰਿਵਾਰ ਵਿੱਚ ਖੁਸ਼ੀ ਦਾ ਮਾਹੌਲ ਬਣੇਗਾ। ਇਸ ਹਫਤੇ ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਘਰ ਵਿੱਚ ਸ਼ਾਤੀ ਆਵੇਗੀ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਦੌੜ-ਭੱਜ ਜ਼ਿਆਦਾ, ਚਿੰਤਾ ਵਿੱਚ ਵਾਧਾ ਅਤੇ ਫਜ਼ੂਲ ਖਰਚੀ ਵਧੇਗੀ। ਅਚਾਨਕ ਯਾਤਰਾ ਦੇ ਯੋਗ ਹਨ। ਕਿਸੇ ਨਜ਼ਦੀਕੀ ਰਿਸ਼ਤੇਦਾਰ ਨਾਲ ਮਨ-ਮੁਟਾਵ ਹੋਵੇਗਾ। ਧਨ ਲਾਭ ਦੇ ਮੌਕੇ ਮਿਲਣਗੇ। ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਹੋਣ ਦੇ ਯੋਗ ਹਨ। ਕਿਸੇ ਨਾਲ ਨਾ ਬੋਲੋ, ਮਨ ਅੰਦਰ ਸਿਰਫ਼ ਪ੍ਰਮਾਤਮਾ ਦਾ ਸਿਮਰਨ ਕਰੋ।

## ਹਾਸੇ ਦੀ ਪਟਾਰੀ

**ਪਾਰੁਲ,** ਭਰਾ ਉੱਪਰ ਵਾਲਾ ਅੱਜ ਕੱਲ੍ਹ ਮੇਰੇ 'ਤੇ ਬੜਾ ਮਿਹਰਬਾਨ ਹੈ।

ਸੰਤੋਸ਼, ਕਿਵੇਂ ਭਾਅ ਜੀ?

ਪਾਰੁਲ, ਰਾਤ ਨੂੰ ਮੈਂ ਭਗਵਾਨ ਨੂੰ ਕਿਹਾ ਸੀ ਕਿ ਮੇਰੀ ਕਿਸੇ ਲੜਕੀ ਨਾਲ ਸੈਟਿੰਗ ਕਰਾ ਦਿਉ।

ਸੰਤੋਸ਼, ਫਿਰ ਕੀ ਹੋਇਆ ਛੇਤੀ ਦੱਸ?

ਪਾਰੁਲ, ਤੁਰੰਤ ਮੇਰੇ ਮੋਬਾਈਲ 'ਤੇ ਮੈਸੇਜ ਆਇਆ, ਰੂਪਾਲੀ ਨਾਲ ਗੱਲ ਕਰੋ, ਡਾਇਲ ਕਰੋ 5555 ਕਾਲ ਰੇਟ 5 ਰੁਪਏ/ਮਿੰਟ।

ਸੰਤੋਸ਼, ਸੁਣ ਤਾਂ ਲਈ ਉੱਪਰ ਵਾਲੇ ਨੇ, ਪਰ ਥੋੜ੍ਹੀ ਮਹਿੰਗੀ ਸੁਣੀ।

*---*---*

**ਇਕ** ਬੱਚੇ ਨੇ ਕਿਹਾ, ਮੈਂ ਤੁਹਾਡੀ ਲਿਖੀ ਪੁਸਤਕ ਪੜ੍ਹੀ ਹੈ। ਤੁਸੀਂ ਤਾਂ ਬਿਲਕੁੱਲ ਅਕਬਰ ਬਾਦਸ਼ਾਹ ਵਾਂਗ ਲਿਖਦੇ ਹੋ।

ਆਦਮੀ, ਪਰ ਅਕਬਰ ਬਾਦਸ਼ਾਹ ਨੂੰ ਤਾਂ ਲਿਖਣਾ ਨਹੀਂ ਆਉਂਦਾ ਸੀ।

ਬੱਚਾ, ਤਾਂ ਹੀ ਤਾਂ ਮੈਂ ਕਿਹਾ ਹੈ।

*---*---*

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.................................................................................
ADDRESS...........................................................................
..............................................POST CODE..............................
TEL....................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
www.panjabtimes.uk Email: Panjabtimes@aol.com

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੂਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਡੇਰਾ ਬਾਬਾ ਗਾਂਧਾ ਸਿੰਘ ਵਾਲੀ ਜਾਇਦਾਦ ਨੂੰ ਨਿੱਜੀ ਹੱਥਾਂ ਵਿੱਚ ਦੇਣਾ ਸ਼੍ਰੋਮਣੀ ਕਮੇਟੀ ਪ੍ਰਬੰਧਕਾਂ ਦਾ ਪੰਥ ਅਤੇ ਆਪਾ ਵਿਰੋਧੀ ਫੈਸਲਾ

## ✪ 200 ਏਕੜ ਜਮੀਨ, 60 ਦੁਕਾਨਾਂ ਸਮੇਤ ਵੱਡੇ ਵਿਦਿਅਕ ਅਦਾਰੇ "ਚੋਰੀ ਦਾ ਮਾਲ ਡਾਂਗਾਂ ਦੇ ਗਜ" ਬਣਾਕੇ ਲੁਟਾਏ

ਬਘੇਲ ਸਿੰਘ ਧਾਲੀਵਾਲ
99142-58142



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਾ ਵਿਰੋਧੀ ਭਾਵ ਪੰਥ ਵਿਰੋਧੀ ਗਤੀਵਿਧੀਆਂ ਕਰਕੇ ਭਾਵੇਂ ਹਮੇਸ਼ਾ ਹੀ ਚਰਚਾ ਵਿੱਚ ਰਹਿੰਦੀ ਹੈ, ਪ੍ਰੰਤੂ ਹੈਰਾਨੀ ਦੀ ਗੱਲ ਹੈ ਕਿ ਸ੍ਰੋਮਣੀ ਕਮੇਟੀ ਤੇ ਕਾਬਜ਼ ਲੋਕਾਂ ਨੇ ਸਿੱਖਾਂ ਦੇ ਰੋਹ ਦੀ ਕਦੇ ਵੀ ਕੋਈ ਪ੍ਰਵਾਹ ਨਹੀ ਕੀਤੀ। ਉਹ ਰੋਹ ਭਾਵੇਂ ਸ੍ਰੀ ਗੁਰੂ ਗਰੰਥ ਸਾਹਿਬ ਦੇ ਗਾਇਬ ਹੋਏ 328 ਸਰੂਪਾਂ ਦੇ ਸਬੰਧ ਵਿੱਚ ਹੋਵੇ ਜਾਂ ਪੁਰਾਤਨ ਨਿਸ਼ਾਨੀਆਂ ਨੂੰ ਮਲ੍ਹੀਆਮੇਟ ਕਰਨ ਦੇ ਗੁਨਾਹ ਬਾਬਤ ਹੋਵੇ, ਜਾਂ ਫਿਰ ਕੌਡੀਆਂ ਦੇ ਭਾਅ ਲੁਟਾਈ ਜਾ ਰਹੀ ਸ੍ਰੋਮਣੀ ਕਮੇਟੀ ਦੀ ਜਾਇਦਾਦ ਦੇ ਸਬੰਧ ਵਿੱਚ ਹੋਵੇ। ਸਿੱਖਾਂ ਦੀ ਇਸ ਵਾਹਿਦ ਸੰਸਥਾ ਦੇ ਕੋਲ ਆਪਣੀ ਹਜ਼ਾਰਾਂ ਏਕੜ ਜ਼ਮੀਨ ਸੀ ਜਿਸ ਵਿੱਚੋਂ ਬੇਹੱਦ ਮਹਿੰਗੇ ਭਾਅ ਦਾ ਵੱਡਾ ਹਿੱਸਾ ਪਹਿਲਾਂ ਹੀ ਕਾਬਜ ਧਿਰ ਨੇ ਆਪਣੇ ਜਾਂ ਆਪਣੇ ਚਹੇਤਿਆਂ ਨੂੰ ਨਿਯਮਾਂ ਦੀਆਂ ਧੱਜੀਆਂ ਉਡਾ ਕੇ ਦੇ ਦਿੱਤਾ ਹੋਇਆ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪ੍ਰਧਾਨਗੀ ਦੇ ਕਾਰਜਕਾਲ ਦੌਰਾਨ ਮਾਲਵੇ ਵਿਚ ਵੱਡਾ ਅਧਾਰ ਰੱਖਣ ਵਾਲੇ ਡੇਰਾ ਬਾਬਾ ਗਾਂਧਾ ਸਿੰਘ ਬਰਨਾਲਾ ਦੇ ਮਹੰਤ ਬਾਬਾ ਗੁਰਬਚਨ ਸਿੰਘ ਨੇ ਸਰੋਮਣੀ ਕਮੇਟੀ ਨੂੰ ਆਪਣੀ ਸਾਰੀ ਜਾਇਦਾਦ ਦਾਨ ਕਰ ਦਿੱਤੀ ਸੀ, ਪਰੰਤੂ ਜਥੇਦਾਰ ਟੌਹੜਾ ਨੇ ਮਹੰਤ ਬਾਬਾ ਗੁਰਬਚਨ ਸਿੰਘ ਦੇ ਗੁਜਾਰੇ ਲਈ ਤਕਰੀਬਨ 100 ਏਕੜ ਜਮੀਨ ਉਨ੍ਹਾਂ ਨੂੰ ਛੱਡ ਦਿੱਤੀ ਸੀ। ਇਸ ਜਮੀਨ ਵਿੱਚੋਂ ਬਹੁਤੀ ਜਾਇਦਾਦ ਬਰਨਾਲਾ ਜਾਂ ਇਸ ਦੇ ਆਸਪਾਸ ਹੈ। ਤਕਰੀਬਨ 1500 ਏਕੜ ਵਾਹੀ ਯੋਗ ਜ਼ਮੀਨ ਤੋਂ ਇਲਾਵਾ ਬਰਨਾਲਾ ਸ਼ਹਿਰ ਦੇ ਅੰਦਰ ਵੀ ਵੇਸ ਕੀਮਤੀ ਕਮੱਰਸ਼ੀਅਲ ਜਾਇਦਾਦ ਨੂੰ ਸ੍ਰੋਮਣੀ ਕਮੇਟੀ ਮੈਂਬਰ ਤੇ ਅਧਿਕਾਰੀ ਆਪਣੀ ਮਿਲੀ ਭੁਗਤ ਨਾਲ ਭਾਰੀ ਰਿਸ਼ਵਤਾਂ ਲੈਕੇ ਲੁਟਾਈ ਜਾ ਰਹੇ ਹਨ। ਪਾਠਕਾਂ ਨੂੰ ਇਹ ਜਾਣ ਕੇ ਹੋਰ ਵੀ ਹੈਰਾਨੀ ਹੋਵੇਗੀ ਕਿ ਇਸ ਜਾਇਦਾਦ ਵਿੱਚੋਂ ਸਹਿਰ ਦੇ ਵਿਚਕਾਰ ਪਈ ਕਰੋੜਾਂ ਰੁਪਏ ਦੀ ਜ਼ਮੀਨ ਸਿੱਖ ਵਿਰੋਧੀ ਸੰਸਥਾ ਵੱਲੋਂ ਚਲਾਏ ਜਾ ਰਹੇ ਸਕੂਲ ਨੂੰ ਕੌਡੀਆਂ ਤੋ ਵੀ ਸਸਤੇ ਮੁੱਲ ਵਿੱਚ ਦਿੱਤੀ ਹੋਈ ਹੈ। ਸ੍ਰੋਮਣੀ ਕਮੇਟੀ ਉਕਤ ਸੰਸਥਾ ਤੋਂ ਹੁਣ ਕੋਈ ਕਿਰਾਇਆ ਵੀ ਨਹੀ ਵਸੂਲਿਆ। ਸਮੇਂ ਸਮੇਂ ਇਸ ਜਾਇਦਾਦ ਨੂੰ ਲੈ ਕੇ ਵਿਵਾਦ ਵੀ ਉੱਠਦੇ ਰਹੇ ਹਨ, ਪਰ ਜਿਹਾ ਕਿ ਪਹਿਲਾਂ ਹੀ ਲਿਖਿਆ ਜਾ ਚੁੱਕਾ ਹੈ ਕਿ ਸ੍ਰੋਮਣੀ ਕਮੇਟੀ ਦੇ ਪ੍ਰਧਾਨ/ਸਕੱਤਰ ਸਮੇਤ ਮੈਬਰਾਂ ਅਤੇ ਸਬੰਧਤ ਅਧਿਕਾਰੀਆਂ ਦੇ ਕੰਨ ਉਪਰ ਕਦੇ ਵੀ ਜੂੰ ਨਹੀ ਸਰਕਦੀ।

ਇਹੋ ਕਾਰਨ ਹੈ ਕਿ ਗੁਰਦੁਆਰਾ ਬਾਬਾ ਗਾਂਧਾ ਸਿੰਘ ਦੀ ਮੈਨੇਜਰੀ ਲੈਣ ਲਈ ਅਕਸਰ ਹੀ ਖਿੱਚੋਤਾਣ ਚੱਲਦੀ ਰਹਿੰਦੀ ਹੈ ਅਤੇ ਜਿਸ ਮੈਨੇਜਰ ਤੇ ਕਮੇਟੀ ਮੈਂਬਰਾਂ ਦੀ ਸਵੱਲੀ ਨਜ਼ਰ ਟਿਕ ਜਾਂਦੀ ਹੈ, ਉਹ ਇਸ ਗੁਰਦੁਆਰਾ ਸਾਹਿਬ ਦਾ ਮੈਨੇਜਰ ਬਣ ਕੇ ਕਮੇਟੀ ਮੈਂਬਰਾਂ ਅਤੇ ਉੱਚ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਇਸ ਜਾਇਦਾਦ ਨੂੰ "ਚੋਰੀ ਦਾ ਮਾਲ ਡਾਂਗਾਂ ਦੇ ਗਜ" ਬਣਾ ਕੇ ਖੂਬ ਹੱਥ ਰੰਗਦਾ ਹੈ।





ਅਨੇਕਾਂ ਵਿਵਾਦਾਂ ਵਿੱਚ ਘਿਰੇ ਹੋਣ ਦੇ ਬਾਵਜੂਦ ਹੁਣ ਗੁਰਦੁਆਰਾ ਬਾਬਾ ਗਾਂਧਾ ਸਿੰਘ ਨਾਲ ਜੁੜੀ ਇੱਕ ਹੋਰ ਵੱਡੀ ਧਾਂਦਲੀ ਸਾਹਮਣੇ ਆਈ ਹੈ। ਆਰ ਟੀ ਆਈ ਅਤੇ ਕੁੱਝ ਬੇਹੱਦ ਭਰੋਸੇਯੋਗ ਸੂਤਰਾਂ ਤੋ ਮਿਲੇ ਪੁਖਤਾਂ ਸਬੂਤਾਂ (ਮਤਿਆਂ ਦੀਆਂ ਨਕਲਾਂ) ਅਨੁਸਾਰ ਸ੍ਰੋਮਣੀ ਕਮੇਟੀ ਨੇ ਆਪਣ ਮਤਾ ਨੰਬਰ 474 ਮਿਤੀ 5 ਜੁਲਾਈ 1975 ਰਾਹੀ ਕੀਤੇ ਸਮਝੌਤੇ ਨੂੰ ਦਰਕਿਨਾਰ ਕਰਦਿਆਂ ਆਪਣੇ ਚਹੇਤੇ ਲੋਕਾਂ ਨੂੰ ਗੁਰਦੁਆਰਾ ਸਾਹਿਬ ਦੀ ਜਾਇਦਾਦ ਨੂੰ ਲੁਟਾਉਣ ਲਈ ਨਿਯਮਾਂ ਅਤੇ ਕਨੂੰਨ ਨੂੰ ਛਿੱਕੇ ਟੰਗ ਕੇ ਇੱਕ ਟਰਸਟ ਬਣਾ ਕੇ ਉਸ ਟਰੱਸਟ ਦੇ ਨਾਮ 200 ਏਕੜ ਦੇ ਲੱਗਭੱਗ ਜਮੀਨ, 60 ਦੇ ਕਰੀਬ ਦੁਕਾਨਾਂ ਉਕਤ ਟਰੱਸਟ ਦੇ ਸਪੁੱਰਦ ਕਰ ਦਿੱਤੀਆਂ ਹਨ।

ਹੈਰਾਨੀ ਦੀ ਗੱਲ ਹੈ ਕਿ ਡੇਰਾ ਬਾਬਾ ਗਾਂਧਾ ਸਿੰਘ ਨਿਰਮਲ ਭੇਖ ਟਰੱਸਟ ਦੇ ਨਾਲ ਸਮਝੌਤਾ 20/9/22 ਨੂੰ ਹੋ ਰਿਹਾ ਹੈ ਅਤੇ ਉਸ ਦਿਨ ਹੀ ਅੰਤਰਿੰਗ ਕਮੇਟੀ ਦੀ ਮੀਟਿੰਗ ਵਿੱਚ ਇਸ ਨੂੰ ਮਤਾ ਨੰਬਰ 703 ਮਿਤੀ 20/9/2022 ਰਾਹੀ ਪ੍ਰਵਾਨ ਕਰ ਲਿਆ ਜਾਂਦਾ ਹੈ, ਜਦੋਂਕਿ ਇਹ ਟਰੱਸਟ ਰਜਿਸਟਰ 24/5/2023 ਨੂੰ ਹੁੰਦਾ ਹੈ। ਜਿੱਥੇ ਸਾਰੇ ਘਾਲੇ ਮਾਲੇ ਦੀ ਪੋਲ ਖੁੱਲਦੀ ਹੈ, ਕਿਉਂਕਿ ਟਰਸੱਟ 9 ਮਹੀਨੇ ਬਾਅਦ ਰਜਿਸਟਰ ਹੁੰਦਾ ਹੈ, ਜਦੋਕਿ ਸ੍ਰੋਮਣੀ ਕਮੇਟੀ ਟਰੱਸਟ ਦੇ ਕਨੂੰਨੀ ਤੌਰ ਤੇ ਹੋਂਦ ਵਿੱਚ ਆਉਣ ਤੋ ਨੌ ਮਹੀਨੇ ਪਹਿਲਾਂ ਹੀ ਉਕਤ ਟਰੱਸਟ ਨਾਲ ਸਮਝੌਤਾ ਕਰ ਲੈਂਦੀ ਹੈ। ਵਰਨਣਯੋਗ ਹੈ ਕਿ ਜਿਸ ਸਮੇ 1975 ਵਿੱਚ ਮਹੰਤ ਗੁਰਬਚਨ ਸਿੰਘ ਨੇ ਸ੍ਰੋਮਣੀ ਕਮੇਟੀ ਨੂੰ ਜ਼ਮੀਨ ਜਾਇਦਾਦ ਦੇਣ ਦਾ ਇਹ ਸਮਝੌਤਾ ਕੀਤਾ ਸੀ, ਤਾਂ ਇਸ ਇਲਾਕੇ ਲਈ ਉਹਨਾਂ ਨੇ ਸ੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਟੌਹੜਾ ਸਾਹਿਬ ਪਾਸੋਂ ਬਰਨਾਲਾ ਇਲਾਕੇ ਲਈ ਇੱਕ ਵੱਡਾ ਸਕੂਲ ਬਨਾਉਣ ਦੀ ਇਹ ਵੱਡੀ ਮੰਗ ਰੱਖੀ ਸੀ ਅਤੇ ਮਹੰਤ ਗੁਰਬਚਨ ਸਿੰਘ ਨੇ ਸਕੂਲ ਬਨਾਉਣ ਲਈ ਜਾਇਦਾਦ ਤੋਂ ਇਲਾਵਾ ਦੋ ਲੱਖ ਰੁਪਏ ਨਗਦ ਵੀ ਦਿੱਤੇ ਸਨ। ਜਿਸ ਦੇ ਸੰਦਰਭ ਵਿੱਚ ਹੀ ਇਹ ਵੱਡਾ ਸਕੂਲ ਹੋਂਦ ਵਿੱਚ ਆਇਆ। ਮਤਾ ਨੰਬਰ 474 ਮਿਤੀ 5/7/1975 ਦੇ ਪਹਿਰਾ ਨੰਬਰ 5 ਅਨੁਸਾਰ :- "ਸ੍ਰੋਮਣੀ ਕਮੇਟੀ ਦਾ ਇਹ ਫਰਜ ਹੋਵੇਗਾ ਕਿ ਬਰਨਾਲਾ ਸਹਿਰ ਵਿਖੇ ਇੱਕ ਹਾਇਰ ਸਕੰਡਰੀ ਪਬਲਿਕ ਸਕੂਲ ਨਵੀਨ ਵਿਦਿਅਕ ਢੰਗ ਦਾ ਖੋਲੇਗੀ ਅਤੇ ਸਦੀਵੀ ਤੌਰ ਉਪਰ ਸਕੂਲ ਨੂੰ ਉੱਨਤ ਅਤੇ ਕਾਇਮ ਰੱਖੇਗੀ। ਇਸ ਸਕੂਲ ਦੀ ਕਮੇਟੀ ਬਨਾਉਣ ਦਾ ਹੱਕ ਕੇਵਲ ਸ੍ਰੋਮਣੀ ਕਮੇਟੀ ਨੂੰ ਹੋਵੇਗਾ, ਉਹ ਜਿਤਨੇ ਮੈਂਬਰਾਂ ਦੀ ਕਮੇਟੀ ਚਾਹੇ ਬਣਾ ਸਕਦੀ ਹੈ। ਇਸ ਸਕੂਲ ਦੇ ਪ੍ਰਬੰਧ ਲਈ ਜੋ ਕਮੇਟੀ ਬਣਾਈ ਜਾਵੇਗੀ, ਉਸ ਵਿੱਚ ਮਹੰਤ ਗੁਰਬਚਨ ਸਿੰਘ ਲਾਈਫ ਮੈਂਬਰ ਹੋਣਗੇ ਅਤੇ ਇੱਕ ਹੋਰ ਮੈਂਬਰ ਨਾਮਜਦ ਕਰਨ ਦਾ ਇਹਨਾਂ ਨੂੰ ਅਧਿਕਾਰ ਹੋਵੇਗਾ। ਇਸ ਸਕੂਲ ਵਿੱਚ ਸਿੱਖ ਮੱਤ ਦੇ ਪ੍ਰਚਾਰ ਵਜੋਂ ਸਿੱਖ ਧਾਰਮਿਕ ਵਿੱਦਿਆ ਦੇਣੀ ਲਾਜਮੀ ਹੋਵੇਗੀ।

ਮਹੰਤ ਗੁਰਬਚਨ ਸਿੰਘ ਜੀ ਅਤੇ ਉਹਨਾਂ ਦੇ ਜਾਨਸ਼ੀਨ ਨੂੰ ਇਹ ਹੱਕ ਹੋਵੇਗਾ ਕਿ ਉਹ ਪੰਜ ਵਿਦਿਆਰਥੀ ਸਕੂਲ ਵਿੱਚ ਜਿਸ ਕਲਾਸ ਦੇ ਉਹ ਚਾਹੁਣ ਮੁਫਤ ਵਿੱਦਿਆ ਪ੍ਰਾਪਤ ਕਰਨ ਲਈ ਦਾਖਲ ਕਰਵਾ ਸਕਣਗੇ। ਇਸ ਸਕੂਲ ਦੀ ਇਮਾਰਤ ਦੇ ਬਨਾਉਣ ਵਾਸਤੇ ਮਹੰਤ ਗੁਰਬਚਨ ਸਿੰਘ ਜੀ ਦੋ ਲੱਖ ਰੁਪਏ ਅਤੇ ਸ੍ਰੋਮਣੀ ਕਮੇਟੀ ਤਿੰਨ ਲੱਖ ਆਪਣੇ ਵੱਲੋਂ ਖਰਚ ਕਰੇਗੀ"। ਪਰੰਤੂ ਅੱਜ ਇਹ ਸਕੂਲ ਡੇਰਾ ਬਾਬਾ ਗਾਂਧਾ ਸਿੰਘ ਜਾਂ ਸ੍ਰੋਮਣੀ ਕਮੇਟੀ ਦੀ ਮਲਕੀਅਤ ਨਾ ਹੋਕੇ ਇੱਕ ਨਿੱਜੀ ਟਰੱਸਟ ਦੀ ਮਲਕੀਅਤ ਬਣ ਕੇ ਰਹਿ ਗਈ ਹੈ। ਇਕੱਤਰ ਕੀਤੇ ਤੱਥਾਂ ਅਨੁਸਾਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਤਾ ਨੰਬਰ 566 ਅਨੁਸਾਰ:- "ਮਨੇਜਰ ਗੁਰਦੁਆਰਾ ਬਾਬਾ ਗਾਂਧਾ ਸਿੰਘ ਜੀ ਬਰਨਾਲਾ ਦੀ ਪੱਤਰਿਕਾ ਨੰਬਰ 358 ਮਿਤੀ 15/03/2023, ਰਾਹੀਂ ਕੀਤੀ ਮੰਗ ਤੇ ਡੇਰਾ ਬਾਬਾ ਗਾਂਧਾ ਸਿੰਘ ਨਿਰਮਲ ਭੇਖ ਪ੍ਰਬੰਧਕ ਕਮੇਟੀ ਨਾਲ ਮਿਤੀ 20/09/2022 ਮੁਤਾਬਿਕ ਹੋਏ ਸਮਝੌਤੇ ਤੇ ਵੰਡ ਅਨੁਸਾਰ ਗੁਰਦੁਆਰਾ ਸਾਹਿਬ ਦੇ ਕਬਜੇ ਵਾਲੀ ਸਰਕੜਾ ਫਾਰਮ ਜਮੀਨ ਰਕਬਾ 113 ਏਕੜ 04 ਕਨਾਲ 15 ਮਰਲੇ ਦੀ 40,000/ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਬਣਦੀ ਰਕਮ 45,43,750/ ਰੁਪਏ, ਖੁੱਡੀ ਫਾਰਮ ਵਾਲੀ ਰਕਬਾ 43 ਏਕੜ 02 ਕਨਾਲ 14 ਮਰਲੇ ਦੀ 55,000/- ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਬਣਦੀ ਰਕਮ 23,83,562/- ਰੁਪਏ ਅਤੇ ਬਰਨਾਲਾ ਫਾਰਮ ਦੀ ਠੇਕੇ ਪੁਰ ਦਿੱਤੀ ਜਮੀਨ ਵਿੱਚ ਜਮਾਂ ਹੋਈ ਅੱਧੀ ਰਕਮ 9,35,967/- ਰੁਪਏ ਜੋ ਗੁਰਦੁਆਰਾ ਸਾਹਿਬ ਦੇ ਫੰਡਾਂ ਵਿੱਚ ਜਮਾਂ ਹਨ ਇਹਨਾਂ ਰਕਮਾਂ ਨੂੰ ਡੇਰਾ ਬਾਬਾ ਗਾਂਧਾ ਸਿੰਘ (ਨਿਰਮਲ ਭੇਖ ਪ੍ਰਬੰਧਕ ਕਮੇਟੀ) ਨੂੰ ਪ੍ਰਬੰਧਕ ਕਮੇਟੀ ਦੀ ਪ੍ਰਵਾਨਗੀ ਦੀ ਆਸਪੁਰ ਮਾਣਯੋਗ ਪ੍ਰਧਾਨ ਸਾਹਿਬ ਵੱਲੋਂ ਅਦਾ ਕਰਨ ਦੀ ਕੀਤੀ ਆਗਿਆ ਤੇ ਦਫਤਰ ਵੱਲੋਂ ਜਾਰੀ ਪੱਤਰਿਕਾ ਨੰਬਰ 2191 ਮਿਤੀ 31/05/2023, ਮਾਣਯੋਗ ਪ੍ਰਧਾਨ ਸਾਹਿਬ ਦੀ ਆਗਿਆ ਅਤੇ ਇਕੱਤਰਤਾ ਵਿੱਚ ਹਾਜਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਹਵਾਲੇ ਵਾਲੀ ਭੇਜੀ ਪੱਤਰਿਕਾ ਦੀ ਪੁਸ਼ਟੀ ਕੀਤੀ ਜਾਂਦੀ ਹੈ। ਰਿਕਾਰਡ ਅਨੁਸਾ੍ਰ ਜਮੀਨ ਦੇ ਰਕਬੇ ਦਾ ਅਤੇ ਦਿੱਤੀ ਰਕਮ ਦੇ ਮਿਲਾਨ ਕਰਨ ਦੀ ਜਿੰਮੇਵਾਰੀ ਮੈਨੇਜਰ, ਗੁਰਦੁਆਰਾ ਬਾਬਾ ਗਾਂਧਾ ਸਿੰਘ ਜੀ, ਬਰਨਾਲਾ ਦੀ ਹੋਵੇਗੀ"।

ਜ਼ਿਕਰਯੋਗ ਇਹ ਵੀ ਹੈ ਕਿ ਉਪਰੋਕਤ ਡੇਰਿਆਂ ਵਿੱਚ ਮਹੰਤੀ ਦੀ ਪ੍ਰਥਾ ਹੈ ਓਥੇ ਕੋਈ ਪ੍ਰਬੰਧਕ ਕਮੇਟੀ ਦੀ ਪ੍ਰਥਾ ਨਹੀ ਹੈ, ਇਸ ਲਈ ਇਹ ਸਮਝੌਤਾ ਕਿਸੇ ਭੇਖ ਦੀ ਅਜਿਹੀ ਅਣਅਧਿਕਾਰਿਤ ਪ੍ਰਬੰਧਕ ਕਮੇਟੀ ਨਾਲ ਕਰਨਾ, ਡੇਰੇ ਦੀ ਪ੍ਰਥਾ ਅਤੇ ਸਰੋਮਣੀ ਕਮੇਟੀ ਦੇ ਪਹਿਲਾਂ ਹੀ ਮਹੰਤ ਗੁਰਬਚਨ ਸਿੰਘ ਨਾਲ ਹੋਏ ਫੈਸਲਿਆਂ ਦੀ ਰੌਸ਼ਨੀ ਵਿੱਚ ਸਰਕਾਰੀ ਨਿਯਮਾਂ ਦੇ ਵੀ ਖਿਲਾਫ ਹੈ। ਏਸੇ ਤਰਾਂ ਡੇਰੇ ਦੀ ਮਹੰਤੀ ਨੂੰ ਲੈ ਕੇ ਪਹਿਲਾਂ ਹੀ ਸੁਪਰੀਮ ਕੋਰਟ ਵਿੱਚ ਕੇਸ ਚੱਲ ਰਿਹਾ ਹੈ ਅਤੇ ਸੁਪਰੀਮ ਕੋਰਟ ਨੇ ਇਸ ਫੈਸਲੇ ਨੂੰ ਜਿਉਂ ਦਾ ਤਿਉਂ (ਸਟੇਟਸ ਕੋਅ) ਰੱਖਿਆ ਹੋਇਆ ਹੈ, ਇਸ ਵਰਤਾਰੇ ਦੇ ਮੱਦੇਨਜ਼ਰ ਸਵਾਲ ਉੱਠਦਾ ਹੈ ਕਿ ਸ੍ਰੋਮਣੀ ਕਮੇਟੀ ਦੀ ਅਜਿਹੀ ਕੀ ਮਜਬੂਰੀ ਰਹੀ ਹੋਵੇਗੀ, ਜਿਹੜਾ ਉਹਨਾਂ ਨੂੰ ਸੁਪਰੀਮ ਕੋਰਟ ਦੇ ਹੁਕਮਾਂ ਦੀ ਬਗੈਰ ਪ੍ਰਵਾਹ ਕੀਤਿਆਂ ਅਤੇ ਨਿਰਮਲ ਭੇਖ ਪਰਬੰਧਕ ਕਮੇਟੀ ਦੇ ਰਜਿਸਟਰ ਹੋਣ ਤੋ ਪਹਿਲਾਂ ਹੀ ਐਨੀ ਕਾਹਲ ਵਿੱਚ ਅਜਿਹੇ ਪੰਥਕ ਘਾਟੇ ਵਾਲੇ ਸਮਝੌਤੇ ਕਰਨ ਲਈ ਮਜਬੂਰ ਹੋਣਾ ਪਿਆ ?


ਉਪਰੋਕਤ ਸਾਰੇ ਵਰਤਾਰੇ ਲਈ ਭਾਵੇਂ ਹੁਣ ਸਮੀਕਰਣ ਕੁੱਝ ਹੋਰ ਹਨ, ਪਰ ਇਹ ਸਚਾਈ ਤੋਂ ਵੀ ਮੁਨਕਰ ਨਹੀ ਹੋਇਆ ਜਾ ਸਕਦਾ ਕਿ ਇਹ ਜਾਇਦਾਦ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਪਹਿਲ ਸਭ ਤੋ ਪਹਿਲਾਂ ਸੁਖਦੇਵ ਸਿੰਘ ਢੀਡਸਾ ਵੱਲੋਂ ਕੀਤੀ ਗਈ, ਜਿਸ ਨੇ ਅਕਾਲੀ ਦਲ ਦੀ ਸਰਕਾਰ ਸਮੇ ਆਪਣੇ ਰਾਜਨੀਤਕ ਪ੍ਰਭਾਵ ਦੀ ਦੁਰਵਰਤੋਂ ਕਰਦਿਆਂ ਨਿੱਜੀ ਲੋਭ ਲਾਲਚ ਵੱਸ ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਤੇ ਕਬਜਾ ਕਰਨ ਦੀ ਪਿਰਤ ਪਾਈ ਅਤੇ ਇਹ ਕਬਜ਼ਾ ਆਪਣੇ ਹਿਤਾਂ ਦੇ ਅਨੁਕੂਲ ਵਾਰ ਵਾਰ ਖੋਹ ਕੇ ਬਦਲਿਆ ਵੀ ਜਾਂਦਾ ਰਿਹਾ। ਸੋ ਉਪਰੋਕਤ ਸਾਰੇ ਵਰਤਾਰੇ ਨੇ ਅਕਾਲੀ ਲੀਡਰਸ਼ਿੱਪ, ਸਮੁੱਚੇ ਸਰੋਮਣੀ ਕਮੇਟੀ ਮੈਂਬਰਾਂ ਅਤੇ ਕਮੇਟੀ ਦੇ ਅਧਿਕਾਰੀਆਂ ਦੇ ਗੁਰਸਿੱਖੀ ਜੀਵਨ ਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ।

ਅਫਸੋਸ ! ਕਿ ਅੱਜਕੱਲ ਜਿੰਨਾਂ ਨੇ ਸਿੱਖੀ ਨੂੰ, ਸਿੱਖੀ ਸਿਧਾਂਤਾਂ ਨੂੰ, ਸਿੱਖ ਵਿਰਸੇ ਨੂੰ ਅਤੇ ਪੰਥਕ ਜਾਇਦਾਦ 'ਤੇ ਉਸਰੇ ਵਿਦਿਅਕ ਅਦਾਰਿਆਂ ਰਾਹੀ ਗੁਰ ਸਿੱਖੀ ਵਿਚਾਰਧਾਰਾ ਦੀ ਰੌਸ਼ਨੀ ਵਿੱਚ ਕੌਮ ਦੇ ਭਵਿੱਖ ਨੂੰ ਨਵੀਂ ਦਿਸ਼ਾ ਅਤੇ ਦਸ਼ਾ ਪ੍ਰਦਾਨ ਕਰਨੀ ਸੀ, ਉਹ ਰਾਖੇ ਹੀ ਵਾੜ ਦੇ ਵੈਰੀ ਬਣ ਕੇ ਸਿੱਖੀ ਦੀ ਭਰੀ ਫਸਲ ਉਜਾੜਨ ਦੇ ਗੁਨਾਹਗਾਰ ਬਣ ਰਹੇ ਹਨ। ਪੰਥਕ ਅਖਵਾਉਣ ਵਾਲਿਆਂ ਵੱਖ ਵੱਖ ਧਿਰਾਂ ਦੀ ਚੁੱਪੀ ਵੀ ਸ਼ੰਕਿਆਂ ਨੂੰ ਜਨਮ ਦਿੰਦੀ। ਸੋ ਹੁਣ ਦੇਖਣਾ ਇਹ ਹੋਵੇਗਾ ਕਿ ਸਿੱਖ ਪੰਥ ਅਜਿਹੇ ਪੰਥ ਵਿਰੋਧੀ ਫੈਸਲਿਆਂ ਨੂੰ ਰੱਦ ਕਰਵਾਉਣ ਲਈ ਕਿੰਨਾ ਕੁ ਸੰਜੀਦਾ ਹੋਵੇਗਾ।

# ਫਲਸਤੀਨ ਆਜ਼ਾਦ ਹੋ ਕੇ ਰਹੇਗਾ



ਅਰੁੰਧਤੀ ਰਾਇ



ਪੱਛਮੀ ਸੰਸਾਰ ਦੇ ਸਭ ਤੋਂ ਅਮੀਰ, ਸਭ ਤੋਂ ਸ਼ਕਤੀਸ਼ਾਲੀ ਦੇਸ਼, ਜੋ ਆਪਣੇ ਆਪ ਨੂੰ ਆਧੁਨਿਕ ਸੰਸਾਰ ਦੀ ਜਮਹੂਰੀਅਤ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਵਚਨਬੱਧਤਾ ਦੀ ਜੋਤਿ ਜਗਾਉਣ ਵਾਲੇ ਮੰਨਦੇ ਹਨ, ਗਾਜ਼ਾ ਵਿੱਚ ਇਜ਼ਰਾਈਲ ਦੀ ਨਸਲਕੁਸ਼ੀ ਨੂੰ ਖੁੱਲ੍ਹੇਆਮ ਉਤਸ਼ਾਹਿਤ ਕਰਕੇ ਭੂਤ ਡਾਂਸ ਕਰ ਰਹੇ ਹਨ। ਗਾਜ਼ਾ ਪੱਟੀ ਇੱਕ ਤਸੀਹੇ ਦੇ ਕੈਂਪ ਵਿੱਚ ਬਦਲ ਗਈ ਹੈ। ਜਿਹੜੇ ਅਜੇ ਤੱਕ ਨਹੀਂ ਮਾਰੇ ਗਏ ਉਹ ਭੁੱਖੇ ਮਰ ਰਹੇ ਹਨ। ਉਨ੍ਹਾਂ ਦੇ ਘਰ, ਹਸਪਤਾਲ, ਯੂਨੀਵਰਸਿਟੀਆਂ, ਅਜਾਇਬ ਘਰ, ਹਰ ਤਰ੍ਹਾਂ ਦਾ ਬੁਨਿਆਦੀ ਢਾਂਚਾ ਮਲਬੇ ਵਿੱਚ ਸਿਮਟ ਕੇ ਰਹਿ ਗਏ ਹਨ। ਫਿਲਸਤੀਨੀਆਂ ਦਾ ਅਤੀਤ ਖਤਮ ਹੋ ਗਿਆ ਹੈ। ਉਨ੍ਹਾਂ ਨੂੰ ਭਵਿੱਖ ਨਜ਼ਰ ਨਹੀਂ ਆ ਰਿਹਾ। ਕੀ ਗਾਜ਼ਾ ਵਿਚ ਫਿਲਸਤੀਨੀਆਂ ਦੀ ਮੌਤਾਂ ਦੀ ਗਿਣਤੀ ਨੂੰ 60000 ਤੋਂ ਪਾਰ ਜਾਣਾ ਪਏਗਾ? ਤੇ ਸੰਸਾਰ ਬੁਤ ਬਣਕੇ ਬੈਠਾ ਰਹੇਗਾ ਤੇ ਘਿਸੇ-ਪਿਟੇ ਵਿਚਾਰਾਂ ਨੂੰ ਦੁਹਰਾਉਂਦਾ ਰਹੇਗਾ ਅਤੇ ਇਸ ਦੌਰਾਨ ਗਾਜ਼ਾ ਵਿਚ ਬੱਚੇ ਭੁੱਖ ਤੇ ਬਿਮਾਰੀਆਂ ਨਾਲ ਮਰਦੇ ਰਹਿਣਗੇ।

ਹਾਲਾਂਕਿ ਵਿਸ਼ਵ ਦੀ ਸਰਵਉੱਚ ਅਦਾਲਤ ਇਹ ਮੰਨਦੀ ਹੈ ਕਿ ਲਗਭਗ ਇਜਰਾਈਲ ਵਲੋਂ ਹਰ ਸੰਕੇਤ ਨਸਲਕੁਸ਼ੀ ਦੀ ਕਾਨੂੰਨੀ ਪਰਿਭਾਸ਼ਾ ਉਪਰ ਖਰਾ ਉਤਰਦਾ ਦਿਖ ਰਿਹਾ ਹੈ। ਇਜਰਾਈਲ ਡੀਫੈਂਸ ਫੋਰਸ ਦੇ ਸਿਪਾਹੀ ਫਿਲਸਤੀਨੀਆਂ ਨੂੰ ਪਰੇਸ਼ਾਨ ਕਰਨ ਵਾਲੇ "ਜਿੱਤ ਦੇ ਜਸ਼ਨ ਬਾਰੇ ਵੀਡੀਓਜ਼" ਨੂੰ ਜਾਰੀ ਕਰਦੇ ਰਹਿੰਦੇ ਹਨ ਜੋ ਕਿ ਵਹਿਸ਼ੀਪੁਣਾ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਦੁਨੀਆ ਦੀ ਕੋਈ ਵੀ ਤਾਕਤ ਨਹੀਂ ਹੈ ਜੋ ਉਨ੍ਹਾਂ ਨੂੰ ਜਵਾਬਦੇਹ ਠਹਿਰਾ ਸਕੇ। ਪਰ ਉਹ ਗਲਤ ਹਨ। ਉਹ ਜੋ ਕਰ ਰਹੇ ਹਨ,ਉਹ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਪਰੇਸ਼ਾਨ ਕਰਦਾ ਰਹੇਗਾ। ਉਨ੍ਹਾਂ ਨੂੰ ਦੁਨੀਆ ਦੀ ਨਫ਼ਰਤ ਨਾਲ ਰਹਿਣਾ ਪਵੇਗਾ। ਅਤੇ ਉਮੀਦ ਹੈ ਕਿ ਇੱਕ ਦਿਨ - ਇਸ ਸੰਘਰਸ਼ ਦੇ ਸਾਰੇ ਸਿਰੇ 'ਤੇ - ਜਿਨ੍ਹਾਂ ਲੋਕਾਂ ਨੇ ਜੰਗੀ ਅਪਰਾਧ ਕੀਤੇ ਹਨ, ਉਨ੍ਹਾਂ 'ਤੇ ਮੁਕੱਦਮਾ ਚਲਾਇਆ ਜਾਵੇਗਾ ਅਤੇ ਸਜ਼ਾ ਦਿੱਤੀ ਜਾਵੇਗੀ। ਜਦੋਂ ਤੋਂ ਇਜ਼ਰਾਈਲ ਹੋਂਦ ਵਿੱਚ ਆਇਆ ਹੈ, ਇਜ਼ਰਾਈਲੀ ਰਾਜ ਦੇ ਉੱਚ ਅਧਿਕਾਰੀਆਂ ਦੀ ਬਿਆਨਬਾਜ਼ੀ ਤੇ ਨੈਰੇਟਿਵ ਨੇ ਫਿਲਸਤੀਨੀਆਂ ਨੂੰ ਅਣਮਨੁੱਖੀ ਬਣਾ ਦਿੱਤਾ ਹੈ, ਉਨ੍ਹਾਂ ਦੀ ਤੁਲਨਾ ਦਰਿੰਦਿਆਂ ਨਾਲ ਕੀਤੀ ਹੈ, ਜਿਵੇਂ ਕਿ ਨਾਜ਼ੀਆਂ ਨੇ ਯਹੂਦੀਆਂ ਨੂੰ ਅਣਮਨੁੱਖੀ ਬਣਾਇਆ ਹੈ। ਇੰਜ ਜਾਪਦਾ ਹੈ ਜਿਵੇਂ ਮਾੜਾ ਸੀਰਮ ਕਿਤੇ ਨਹੀਂ ਗਿਆ ਅਤੇ ਹੁਣ ਮੁੜ ਵਹਿ ਰਿਹਾ ਹੈ। ਸ਼ਕਤੀਸ਼ਾਲੀ ਨਾਅਰੇ "ਕਦੇ ਵੀ ਨਹੀਂ", "ਫਿਰ ਕਦੇ ਨਹੀਂ" ਕਟ ਦਿਤਾ ਗਿਆ ਹੈ। ਅਤੇ ਅਸੀਂ ਕੇਵਲ "ਫਿਰ" ਦੇ ਨਾਲ ਰਹਿ ਗਏ ਹਾਂ ।

### ਅਮਰੀਕਾ ਤੇ ਭਾਰਤ ਸਰਕਾਰ ਦੀ ਦੋਗਲੀ ਨੀਤੀ

ਦੁਨੀਆ ਦੇ ਸਭ ਤੋਂ ਤਾਕਤਵਰ ਦੇਸ਼ ਅਮਰੀਕਾ ਦਾ ਰਾਸ਼ਟਰਪਤੀ ਜੋ ਬਿਡੇਨ ਇਜ਼ਰਾਈਲ ਦੇ ਸਾਹਮਣੇ ਬੇਵੱਸ ਹੈ, ਜਦੋਂ ਕਿ ਅਮਰੀਕੀ ਫੰਡਿੰਗ ਤੋਂ ਬਿਨਾਂ ਇਜ਼ਰਾਈਲ ਦੀ ਹੋਂਦ ਨਹੀਂ ਹੋਣੀ ਸੀ। ਇਉਂ ਜਾਪਦਾ ਹੈ ਜਿਵੇਂ ਨਿਰਭਰ ਦਾਨੀ ਉੱਤੇ ਹਾਵੀ ਹੋ ਗਿਆ ਹੋਵੇ। ਇਹ ਇਸ ਤਰ੍ਹਾਂ ਦਿਖਾਈ ਦਿੰਦਾ ਹੈ ਕਿ ਜਿਵੇਂ ਜੋ ਬਿਡੇਨ ਇੱਕ ਬੁੱਢੇ ਬੱਚੇ ਦੀ ਤਰ੍ਹਾਂ ਕੈਮਰੇ 'ਤੇ ਆਈਸਕ੍ਰੀਮ ਕੋਨ ਨੂੰ ਚੱਟਦੇ ਹੋਏ ਅਤੇ ਜੰਗਬੰਦੀ ਬਾਰੇ ਕੁਝ ਕਹਿੰਦੇ ਹੋਏ ਦਿਖਾਈ ਦੇ ਰਹੇ ਹਨ, ਜਦੋਂ ਕਿ ਇਜ਼ਰਾਈਲੀ ਸਰਕਾਰ ਅਤੇ ਫੌਜੀ ਅਧਿਕਾਰੀ ਖੁੱਲ੍ਹੇਆਮ ਉਸ ਦੇ ਖਿਲਾਫ ਜਾਂਦੇ ਹਨ ਅਤੇ ਸੁਨੇਹਾ ਦੇ ਰਹੇ ਹਨ ਕਿ ਜੋ ਉਨ੍ਹਾਂ ਨੇ ਸ਼ੁਰੂ ਕੀਤਾ ਹੈ ਉਸਨੂੰ ਖਤਮ ਕਰਕੇ ਸਾਹ ਲੈਣਗੇ।

ਨਸਲਕੁਸ਼ੀ ਦੇ ਵਿਰੁੱਧ ਲੱਖਾਂ ਅਮਰੀਕੀ ਨੌਜਵਾਨ ਸਰਗਰਮ ਹਨ। ਅਮਰੀਕੀਆਂ ਦੀਆਂ ਵੋਟਾਂ ਨੂੰ ਖਿਸਕਣ ਤੋਂ ਬਚਾਉਣ ਲਈ ਉਪ-ਰਾਸ਼ਟਰਪਤੀ ਕਮਲ ਹੈਰਿਸ ਨੂੰ ਇਸ ਜੰਗਬੰਦੀ ਦੀ ਸਦਾ ਦੇਣ ਦਾ ਕੰਮ ਸੌਂਪਿਆ ਗਿਆ ਹੈ, ਜਦੋਂ ਕਿ ਨਸਲਕੁਸ਼ੀ ਨੂੰ ਜਾਰੀ ਰੱਖਣ ਲਈ ਅਮਰੀਕੀ ਡਾਲਰਾਂ ਦਾ ਖਰਚਾ ਜਾਰੀ ਹੈ।

ਇਹ ਸਭ ਜਾਣਦੇ ਹਨ ਕਿ ਸਾਡੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਕਰੀਬੀ ਦੋਸਤ ਹਨ ਅਤੇ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹ ਕਿਸ ਨਾਲ ਹਮਦਰਦੀ ਰੱਖਦੇ ਹਨ। ਭਾਰਤ ਹੁਣ ਫਲਸਤੀਨ ਦਾ ਮਿੱਤਰ ਨਹੀਂ ਰਿਹਾ। ਜਦੋਂ ਬੰਬਾਰੀ ਸ਼ੁਰੂ ਹੋਈ ਤਾਂ ਮੋਦੀ ਦੇ ਹਜ਼ਾਰਾਂ ਸਮਰਥਕਾਂ ਨੇ ਆਪਣੇ ਸੋਸ਼ਲ ਮੀਡੀਆ 'ਤੇ ਆਪਣੀ ਡਿਸਪਲੇ ਤਸਵੀਰ ਵਜੋਂ ਇਜ਼ਰਾਈਲੀ ਝੰਡੇ ਦੀ ਤਸਵੀਰ ਪਾ ਦਿੱਤੀ। ਉਸਨੇ ਇਜ਼ਰਾਈਲ ਅਤੇ ਇਜਰਾਈਲ ਡੀਫੈਂਸ ਫੋਰਸ ਵਲੋਂ ਗੁੰਮਰਾਹਕੁੰਨ, ਗਲਤ ਜਾਣਕਾਰੀ ਫੈਲਾਉਣ ਵਿੱਚ ਮਦਦ ਕੀਤੀ। ਹਾਲਾਂਕਿ ਭਾਰਤ ਸਰਕਾਰ ਹੁਣ ਇੱਕ ਹੋਰ ਨਿਰਪੱਖ ਭੂਮਿਕਾ ਵੱਲ ਮੁੜ ਗਈ ਹੈ - ਸਾਡੀ ਵਿਦੇਸ਼ ਨੀਤੀ ਦੀ ਜਿੱਤ ਹੈ ਕਿ ਅਸੀਂ ਨਸਲਕੁਸ਼ੀ ਦੇ ਵਿਰੁੱਧ ਅਤੇ ਦੋਵਾਂ ਲਈ ਇੱਕੋ ਸਮੇਂ ਸਾਰੇ ਪਾਸੇ ਹਾਂ - ਪਰ ਸਰਕਾਰ ਨੇ ਸਪੱਸ਼ਟ ਤੌਰ 'ਤੇ ਸੰਕੇਤ ਦਿੱਤਾ ਹੈ ਕਿ ਉਹ ਫਿਲਸਤੀਨ ਪੱਖੀ ਪ੍ਰਦਰਸ਼ਨਾਂ ਦੇ ਖਿਲਾਫ. ਕਾਰਵਾਈ ਕਰੇਗੀ ਅਤੇ ਹੁਣ, ਜਦੋਂ ਇਜ਼ਰਾਈਲੀ ਨਸਲਕੁਸ਼ੀ ਦਾ ਸਮਰਥਨ ਕਰਨ ਲਈ ਅਮਰੀਕਾ ਹਥਿਆਰ ਅਤੇ ਪੈਸਾ ਭੇਜ ਰਿਹਾ ਹੈ, ਜੋ ਉਸ ਕੋਲ ਬਹੁਤਾਤ ਵਿੱਚ ਹੈ, ਭਾਰਤ ਵੀ ਬੇਰੁਜ਼ਗਾਰ ਗਰੀਬਾਂ ਨੂੰ ਭੇਜ ਰਿਹਾ ਹੈ, ਜੋ ਕਿ ਇਸ ਕੋਲ ਬਹੁਤਾਤ ਵਿੱਚ ਹੈ। ਇਜਰਾਈਲ ਵਿਚ ਫਲਸਤੀਨੀ ਮਜ਼ਦੂਰਾਂ ਦੀ ਥਾਂ ਲੈਣ ਲਈ ਭਾਰਤੀਆਂ ਨੂੰ ਕੰਮ ਕਰਨ ਲਈ ਪਰਮਿਟ ਨਹੀਂ ਦਿੱਤੇ ਜਾਣਗੇ। ਮੈਂ ਅੰਦਾਜ਼ਾ ਲਗਾ ਸਕਦੀ ਹਾਂ ਕਿ ਨਵੀਆਂ ਭਰਤੀਆਂ ਵਿਚ ਮੁਸਲਮਾਨ ਨਹੀਂ ਹੋਣਗੇ। ਇਹ ਬੇਰੁਜ਼ਗਾਰ ਗਰੀਬ ਭਾਰਤੀ ਲੋਕ ਇੰਨੇ ਨਿਰਾਸ਼ ਹਨ ਕਿ ਉਹ ਯੁੱਧ ਖੇਤਰ ਵਿਚ ਆਪਣੀ ਜਾਨ ਜੋਖਮ ਵਿਚ ਪਾਉਣ ਲਈ ਤਿਆਰ ਹਨ। ਉਹ ਇੰਨੇ ਨਿਰਾਸ਼ ਹਨ ਕਿ ਉਹ ਭਾਰਤੀਆਂ ਵਿਰੁੱਧ ਇਜ਼ਰਾਈਲੀ ਨਸਲਵਾਦ ਨੂੰ ਬਰਦਾਸ਼ਤ ਕਰਨ ਲਈ ਵੀ ਤਿਆਰ ਹਨ। ਜੇਕਰ ਤੁਸੀਂ ਚਾਹੋ ਤਾਂ ਇਸਨੂੰ ਸੋਸ਼ਲ ਮੀਡੀਆ 'ਤੇ ਦੇਖ ਸਕਦੇ ਹੋ। ਕਿੰਨੀ ਭਿਆਨਕ, ਕਲਪਨਾਯੋਗ ਸ਼ਰਮਨਾਕ ਗੱਲ ਹੈ ਕਿ ਅਮਰੀਕੀ ਪੈਸਾ ਅਤੇ ਭਾਰਤੀ ਗਰੀਬੀ ਇਜ਼ਰਾਈਲ ਦੀ ਨਸਲਕੁਸ਼ੀ ਦੀ ਲੜਾਈ ਉਪਰ ਪਟਰੋਲ ਛਿੜਕ ਰਹੀ ਹੈ।

### ਫਿਲਸਤੀਨੀਆਂ ਦੇ ਹੱਕ ਵਿਚ ਉਠੀ ਅਵਾਜ਼

ਦੁਨੀਆ ਦੇ ਸਭ ਤੋਂ ਤਾਕਤਵਰ ਤੇ ਸਹਿਯੋਗੀ ਦੇਸ਼ਾਂ ਨੇ ਗਾਜਾ ਵਿਚ ਮੁਸੀਬਤਾਂ ਝਲਣ ਲਈ ਫਲਸਤੀਨੀਆਂ ਨੂੰ ਇਕੱਲਾ ਛੱਡ ਦਿਤਾ ਹੈ, ਪਰ ਫਲਸਤੀਨੀਆਂ ਨੇ ਇਹ ਜੰਗ ਜਿੱਤੀ ਹੈ। ਉਨ੍ਹਾਂ ਦੇ ਪੱਤਰਕਾਰਾਂ, ਡਾਕਟਰਾਂ, ਕਵੀਆਂ, ਸਿੱਖਿਆ ਸ਼ਾਸਤਰੀਆਂ, ਬੁਲਾਰਿਆਂ ਅਤੇ ਇੱਥੋਂ ਤੱਕ ਕਿ ਬੱਚਿਆਂ ਨੇ ਜੋ ਸਾਹਸ ਦਾ ਗਰਮਜੋਸ਼ੀ ਨਾਲ ਪ੍ਰਦਰਸ਼ਨ ਕੀਤਾ ਹੈ, ਉਸ ਨੇ ਬਾਕੀ ਦੁਨੀਆਂ ਨੂੰ ਪ੍ਰੇਰਿਤ ਕੀਤਾ ਹੈ। ਗਾਜ਼ਾ ਮੁੱਦੇ 'ਤੇ ਇਜ਼ਰਾਈਲ ਨੂੰ ਪਰਦੇ ਪਿੱਛਿਓਂ ਮਿਲ ਰਹੇ ਅਮਰੀਕੀ ਸਮਰਥਨ ਤੋਂ ਅਮਰੀਕਾ ਦਾ ਵੱਡਾ ਵਰਗ ਨਿਰਾਸ਼ ਹੈ ਤੇ ਇਸ ਦਾ ਗੰਭੀਰ ਰੂਪ ਉਸ ਵੇਲੇ ਦੇਖਣ ਨੂੰ ਮਿਲਿਆ ਜਦ ਅਮਰੀਕੀ ਹਵਾਈ ਸੈਨਾ ਦੇ ਇਕ ਜਵਾਨ ਨੇ 25 ਫਰਵਰੀ ਨੂੰ ਆਤਮ-ਦਾਹ ਕਰ ਲਿਆ। ਸੀਨੀਅਰ ਏਅਰਮੈਨ ਆਰੋਨ ਬੁਸ਼ਨੈੱਲ (25) ਨੇ ਵਾਸ਼ਿੰਗਟਨ ਡੀਸੀ ਵਿੱਚ ਇਜ਼ਰਾਇਲੀ ਦੂਤਾਵਾਸ ਦੇ ਸਾਹਮਣੇ ਆਪਣੇ 'ਤੇ ਕੋਈ ਜਲਣਸ਼ੀਲ ਪਦਾਰਥ ਛਿੜਕ ਕੇ ਅੱਗ ਲਾ ਲਈ। ਮਰਨ ਵੇਲੇ ਉਸ ਦਾ ਬਿਆਨ ਸੀ, "ਮੈਂ ਇਸ ਨਸਲਕੁਸ਼ੀ ਦਾ (ਗਾਜ਼ਾ ਵਿਚ) ਹਿੱਸਾ ਨਹੀਂ ਬਣ ਸਕਦਾ। ਮੈਂ ਰੋਸ ਵਜੋਂ ਅਤਿ ਗੰਭੀਰ ਕਦਮ ਚੁੱਕਣ ਜਾ ਰਿਹਾ ਹਾਂ।" ਮੌਕੇ ਦੇ ਗਵਾਹਾਂ ਮੁਤਾਬਕ ਬੁਸ਼ਨੈੱਲ ਨੇ ਆਪਣੇ ਆਪ ਨੂੰ ਅੱਗ ਲਾਉਣ ਤੋਂ ਪਹਿਲਾਂ 'ਫ਼ਲਸਤੀਨ ਨੂੰ ਆਜ਼ਾਦ ਕਰੋ' ਦੇ ਨਾਅਰੇ ਲਾਏ। ਪਰ ਇਜ਼ਰਾਈਲ ਪੱਖੀ ਮੁੱਖ ਧਾਰਾ ਦਾ ਅਮਰੀਕੀ ਮੀਡੀਆ ਬੁਸ਼ਨੈੱਲ ਨੂੰ ਅਰਾਜਕਤਾਵਾਦੀ ਤੇ ਮਾਨਸਿਕ ਰੂਪ ਵਿਚ ਬਿਮਾਰ ਦੱਸ ਰਿਹਾ ਹੈ। ਜਦ ਕਿ ਉਦਾਰਵਾਦੀ ਤੇ ਗਾਜ਼ਾ ਵਿਚ ਜੰਗ ਦਾ ਵਿਰੋਧ ਕਰਨ ਵਾਲੇ ਉਸ ਨੂੰ ਰੌਸ਼ਨ ਜ਼ਮੀਰ ਵਾਲਾ ਕਹਿ ਕੇ ਵਡਿਆ ਰਹੇ ਹਨ। ਬੁਸ਼ਨੈੱਲ ਦੇ ਦੋਸਤਾਂ ਮੁਤਾਬਕ, ਉਹ ਦੂਜਿਆਂ ਦਾ ਫ਼ਿਕਰ ਕਰਨ ਵਾਲਾ ਇਨਸਾਨ ਸੀ, ਤੇ ਗਾਜ਼ਾ ਵਿਚ ਅਮਰੀਕਾ ਦੀਆਂ ਨੀਤੀਆਂ ਤੋਂ ਨਿਰਾਸ਼ ਹੋ ਕੇ ਉਸ ਨੇ ਰੋਸ ਵਿਚ ਇਹ ਕਦਮ ਚੁੱਕਿਆ ਹੈ।

ਕਰਨਲ ਐੱਨ ਰਾਈਟ (ਸੇਵਾਮੁਕਤ) ਨੇ ਹਮਦਰਦੀ ਵਾਲੇ ਲਹਿਜੇ ਵਿਚ ਕਿਹਾ, "ਅਮਰੀਕਾ ਦੀਆਂ ਨੀਤੀਆਂ ਵੱਲ ਧਿਆਨ ਦਿਵਾਉਣ ਲਈ ਇਹ ਹਿੰਮਤੀ ਕੰਮ ਸੀ, ਬਹਾਦਰੀ ਵਾਲਾ ਕਦਮ ਸੀ।" ਅਜਿਹਾ ਕਦਮ ਭਾਵੇਂ ਕੁਝ ਸਮੇਂ ਲਈ ਅਮਰੀਕੀ ਨੀਤੀਆਂ ਵੱਲ ਧਿਆਨ ਖਿੱਚੇਗਾ ਪਰ ਇਸ ਦੇ ਬਾਵਜੂਦ ਬੁਨਿਆਦੀ ਨੀਤੀਆਂ 'ਚ ਤਬਦੀਲੀ ਦੀ ਸੰਭਾਵਨਾ ਬਹੁਤ ਮੱਧਮ ਹੈ।

ਪੱਛਮੀ ਸੰਸਾਰ ਦੀ ਨੌਜਵਾਨ ਪੀੜ੍ਹੀ, ਖਾਸ ਕਰਕੇ ਅਮਰੀਕਾ ਵਿੱਚ ਨੌਜਵਾਨ ਯਹੂਦੀ ਲੋਕਾਂ ਨੇ ਇਜਰਾਈਲ ਦੇ ਝੂਠੇ ਨੈਰੇਟਿਵ ਅਤੇ ਘਟੀਆ ਪ੍ਰਚਾਰ ਨੂੰ ਸਮਝ ਚੁੱਕੇ ਹਨ ਅਤੇ ਜਾਣਦੇ ਹਨ ਕਿ ਨਸਲਵਾਦ ਅਤੇ ਨਸਲਕੁਸ਼ੀ ਕੀ ਹੈ। ਇੱਕ ਵਾਰ ਫਿਰ ਪੱਛਮੀ ਦੁਨੀਆ ਦੇ ਸਭ ਤੋਂ ਤਾਕਤਵਰ ਦੇਸ਼ਾਂ ਦੀਆਂ ਸਰਕਾਰਾਂ ਨੇ ਆਪਣੀ ਇੱਜ਼ਤ ਗੁਆ ਦਿੱਤੀ ਹੈ। ਪਰ ਯੂਰਪ ਅਤੇ ਅਮਰੀਕਾ ਦੀਆਂ ਸੜਕਾਂ 'ਤੇ ਫਿਲਸਤੀਨੀਆਂ ਦੇ ਹੱਕ ਵਿਚ ਲੱਖਾਂ ਪ੍ਰਦਰਸ਼ਨਕਾਰੀ ਦੁਨੀਆ ਦੇ ਭਵਿੱਖ ਲਈ ਉਮੀਦ ਬਣ ਕੇ ਉੱਭਰੇ ਹਨ।

**ਲੇਖਕਾਂ ਨੂੰ ਬੇਨਤੀ ਹੈ ਕਿ ਅਜਿਹੇ ਲੇਖ ਲਿਖੋ, ਤੇ ਸਾਹਿਤ ਰਚੋ, ਜਿਹਨਾਂ ਦੇ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਆਂ ਦੀ ਸਰਬ–ਪੱਖੀ ਉਨਤੀ, ਤਰੱਕੀ ਹੋਵੇ ਅਤੇ ਲੋਕਾਂ ਦਾ ਬੌਧਿਕ ਵਿਕਾਸ ਹੋਵੇ । ਕੇਵਲ ਨਿੰਦਿਆ ਕਰਨ ਵਾਲੀ ਨੀਤੀ ਤੋਂ ਗੁਰੇਜ਼ ਕੀਤਾ ਜਾਵੇ । ਜੇ ਕਿਸੇ ਵਿਅਕਤੀ ਵਿਸ਼ੇਸ਼ ਦੇ ਗਲਤ ਜਾਂ ਸਮਾਜ ਵਿਰੋਧੀ ਕੰਮਾਂ ਦੀ ਵਿਆਖਿਆ ਕਰਨੀ ਬਹੁਤ ਜ਼ਰੂਰੀ ਹੋਵੇ ਤਾਂ ਉਹ ਤੱਥਾਂ ਅਤੇ ਸਬੂਤਾਂ 'ਤੇ ਅਧਾਰਿਤ ਹੋਵੇ।**

# ਸਿਆਸੀ ਦਲ, ਆਰਥਿਕ ਸੁਪਨੇ ਅਤੇ ਚੋਣਾਂ

ਗੁਰਮੀਤ ਸਿੰਘ ਪਲਾਹੀ
9815802070



ਭਾਰਤੀ ਲੋਕਤੰਤਰ ਵਿੱਚ ਸਿਆਸੀ ਪਾਰਟੀਆਂ ਵਲੋਂ ਲਗਾਤਾਰ ਵੋਟਰਾਂ ਨੂੰ ਭਰਮਾਉਣ ਲਈ ਦਿਲਖਿਚਵੇਂ ਆਰਥਿਕ ਸੁਪਨੇ ਵਿਖਾਏ ਜਾਂਦੇ ਹਨ। ਬਿਜਲੀ ਦੇ ਬਿੱਲ ਮੁਆਫ਼ ਕਰਨਾ, ਸਬਸਿਡੀਆਂ ਦੇਣਾ ਆਦਿ ਇਹਨਾ ਸੁਪਨਿਆਂ 'ਚ ਸ਼ਾਮਲ ਹੈ। ਚੋਣਾਂ ਸਮੇਂ ਖ਼ਾਸ ਕਰਕੇ ਦੇਸ਼ ਦੀਆਂ ਮੁੱਖ ਲੋਕ ਸਭਾ ਚੋਣਾਂ ਸਮੇਂ ਤਾਂ ਇਹਨਾ ਦੀ ਭਰਮਾਰ ਹੀ ਹੋ ਜਾਂਦੀ ਹੈ। ਦੇਸ਼ ਦੀ ਹਾਕਮ ਧਿਰ ਧੜਾ-ਧੜ ਨਵੇਂ-ਨਵੇਂ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਦੀ ਹੈ, ਕਈ ਪੂਰੇ ਹੋਏ ਪ੍ਰਾਜੈਕਟਾਂ ਦਾ ਉਦਘਾਟਨ ਕਰਦੀ ਹੈ, ਪਰ ਕੀ ਇਹ ਪ੍ਰਾਜੈਕਟ ਪੂਰੇ ਹੁੰਦੇ ਹਨ ਜਾਂ ਇਹ ਸਿਰਫ਼ ਵੋਟਾਂ ਉਪਰੰਤ ਸੁਪਨਿਆਂ ਦਾ ਸ਼ਿੰਗਾਰ ਬਣਕੇ ਹੀ ਰਹਿ ਜਾਂਦੇ ਹਨ?

ਦੇਸ਼ ਦੇ ਆਰਥਿਕ ਵਿਕਾਸ ਦੀ ਜ਼ੁੰਮੇਵਾਰੀ ਸਰਕਾਰਾਂ ਦੇ ਮੋਢਿਆਂ 'ਤੇ ਹੁੰਦੀ ਹੈ। ਹਰ ਵਰ੍ਹੇ ਸਰਕਾਰ ਆਰਥਿਕ ਵਿਕਾਸ ਨੂੰ ਤਿੰਨ ਤਰੀਕਿਆਂ ਦੇ ਅੰਕੜਿਆਂ ਨਾਲ ਲੋਕ-ਕਚਿਹਰੀ 'ਚ ਪੇਸ਼ ਕਰਦੀ ਹੈ। ਪਹਿਲਾਂ ਬਜ਼ਟ, ਫਿਰ ਸੋਧਿਆ ਬਜ਼ਟ ਅਤੇ ਉਸ ਤੋਂ ਬਾਅਦ ਅਸਲ ਬਜ਼ਟ। ਇਹ ਅੰਕੜਿਆਂ ਦੀ ਜਾਦੂਗਰੀ ਹੁੰਦੀ ਹੈ, ਜਿਸ ਨਾਲ ਲੋਕਾਂ/ਵੋਟਰਾਂ ਨੂੰ ਗੁੰਮਰਾਹ ਕਰਨ ਦਾ ਯਤਨ ਸਰਕਾਰਾਂ ਕਰਦੀਆਂ ਹਨ।

ਸਭ ਤੋਂ ਪਹਿਲਾਂ ਬਜ਼ਟ ਪੇਸ਼ ਕਰਨ ਲੱਗਿਆਂ ਲੋਕਾਂ ਨੂੰ ਸੁਪਨੇ ਦਿਖਾਏ ਜਾਂਦੇ ਹਨ। ਸੋਧੇ ਹੋਏ ਬਜ਼ਟ ਵਿੱਚ ਬੀਤੇ ਹੋਏ ਅੱਠ ਜਾਂ ਨੌਂ ਮਹੀਨਿਆਂ ਦੀ ਕਾਰਗੁਜ਼ਾਰੀ ਦੇ ਅਧਾਰ 'ਤੇ ਸੁਪਨਿਆਂ 'ਚ ਤਬਦੀਲੀ ਕੀਤੀ ਜਾਂਦੀ ਹੈ ਅਤੇ ਨਵਾਂ ਵਿੱਤੀ ਸਾਲ ਸ਼ੁਰੂ ਹੋਣ ਦੇ ਬਾਅਦ ਪਿਛਲੇ ਸਾਲ ਦੇ ਮੁਕਾਬਲਤਨ ਅਧਿਐਨ ਨਾਲ ਅਸਲ ਹਾਲਤ ਦਰਸਾਈ ਜਾਂਦੀ ਹੈ। ਉਸ ਵੇਲੇ ਹੀ ਹਾਕਮਾਂ ਦੀ ਅਸਲੀਅਤ ਸਾਹਮਣੇ ਆਉਂਦੀ ਹੈ, ਕਿਉਂਕਿ ਆਮ ਲੋਕ ਮਹਿਸੂਸ ਕਰਦੇ ਹਨ ਕਿ ਉਹਨਾ ਦੇ ਸੁਪਨੇ ਤਾਂ ਪੂਰੇ ਹੀ ਨਹੀਂ ਹੋਏ, ਉਹਨਾ ਨੂੰ ਤਾਂ ਠਗਿਆ ਗਿਆ ਹੈ। ਬਾਵਜੂਦ ਇਸ ਸਭ ਕੁਝ ਦੇ ਇਹ ਵਿਡੰਬਨਾ ਹੈ ਕਿ ਸਰਕਾਰਾਂ ਤੋਂ ਇਸ ਜਾਦੂਗਰੀ ਦਾ ਜਵਾਬ ਨਹੀਂ ਮੰਗਿਆ ਜਾਂਦਾ ਕਿ ਬਜ਼ਟ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਰੱਖੀ ਰਕਮ ਅਸਲ ਵਿੱਚ ਬਹੁਤ ਘੱਟ ਕਿਉਂ ਰਹਿ ਜਾਂਦੀ ਹੈ ਅਤੇ ਇਹ ਦੂਜੀਆਂ ਮੱਦਾਂ ਉਤੇ ਕਿਵੇਂ ਤੇ ਕਿਉਂ ਖ਼ਰਚ ਕਰ ਦਿੱਤੀ ਜਾਂਦੀ ਹੈ।

ਆਮ ਲੋਕ ਆਰਥਿਕ ਵਿਕਾਸ ਦੀਆਂ ਚਰਚਾਵਾਂ ਵਿੱਚ ਬਹੁਤਾ ਸ਼ਾਮਿਲ ਨਹੀਂ ਹੁੰਦੇ। ਮੋਟੇ ਤੌਰ 'ਤੇ ਤਾਂ ਉਹਨਾ ਨੂੰ ਤਨਖ਼ਾਹ ਵਿੱਚ ਨਿਯਮਤ ਵਾਧਾ ਹੀ ਆਰਥਿਕ ਵਿਕਾਸ ਦੇ ਮੱਦੇਨਜ਼ਰ ਸਭ ਤੋਂ ਵੱਧ ਦਿਲਖਿਚਵਾਂ ਲਗਦਾ ਹੈ। ਬਾਕੀ ਸਾਰੇ ਮਾਮਲਿਆਂ ਵਿੱਚ ਤਾਂ ਉਹ ਤਦੇ ਪ੍ਰਭਾਵਿਤ ਹੁੰਦੇ ਹਨ, ਜਦੋਂ ਉਸਦਾ ਉਲਟ ਅਸਰ ਉਹਨਾ ਦੀ ਰੋਜ਼ਾਨਾ ਨਿੱਜੀ ਜ਼ਿੰਦਗੀ 'ਤੇ ਪੈਂਦਾ ਹੈ। ਆਮ ਆਦਮੀ ਤਾਂ ਉਸ ਵੇਲੇ ਪ੍ਰਭਾਵਿਤ ਹੁੰਦਾ ਹੈ , ਜਦੋਂ ਰੋਜ਼ਾਨਾ ਜ਼ਿੰਦਗੀ 'ਚ ਉਸ ਵਲੋਂ ਵਰਤੀਆਂ ਜਾਂਦੀਆਂ ਚੀਜ਼ਾਂ ਦੇ ਭਾਅ ਵਧਦੇ ਹਨ ਅਤੇ ਉਸਨੂੰ ਇਹ ਚੀਜ਼ਾਂ ਖ਼ਰੀਦਣ ਲਈ ਹੱਥ ਘੁੱਟਣੇ ਪੈਂਦੇ ਹਨ। ਵੈਸੇ ਆਮ ਮਹਿੰਗਾਈ ਨੂੰ ਤਾਂ ਉਹ ਆਰਥਿਕ ਚੱਕਰ ਦਾ ਇਕ ਹਿੱਸਾ ਸਮਝਦਾ ਹੈ। ਉਦਾਹਰਨ ਵਜੋਂ ਕਦੇ ਪਿਆਜ ਦੀ ਕੀਮਤ 20 ਰੁਪਏ ਕਿਲੋ ਹੋ ਜਾਂਦੀ ਹੈ ਅਤੇ ਫਿਰ 100 ਰੁਪਏ ਕਿਲੋ ਤੇ ਮੁੜ ਫਿਰ 30 ਰੁਪਏ ਕਿਲੋ। ਚੋਣਾਂ ਸਮੇਂ ਦਿੱਤੀਆਂ ਆਰਥਿਕ ਗਰੰਟੀਆਂ ਲੋਕਾਂ ਨੂੰ ਸੁਪਨੇ ਦਿਖਾਉਂਦੀਆਂ ਹਨ। ਇਹਨਾ ਗਰੰਟੀਆਂ ਦਾ ਪ੍ਰਚਾਰ ਵੋਟਾਂ ਇਕੱਠੀਆਂ ਕਰਨ ਲਈ ਲਗਾਤਾਰ ਕੀਤਾ ਜਾਂਦਾ ਹੈ। ਲਗਭਗ ਸਾਰੀਆਂ ਪਾਰਟੀਆਂ ਚੋਣਾਂ ਤੋਂ ਪਹਿਲਾਂ ਜ਼ਮ੍ਹਾਂ ਜ਼ਬਾਨੀ ਖ਼ਰਚ ਕਰਦੀਆਂ ਹਨ।

ਮੋਦੀ ਸਰਕਾਰ ਦੀਆਂ ਦਿੱਤੀਆਂ ਦਸ ਗਰੰਟੀਆਂ ਵਿੱਚ ਭਾਰਤ ਦੇ ਵਿਕਾਸ ਅਤੇ ਆਰਥਿਕ ਵਿਕਾਸ ਦੀ ਗਰੰਟੀ ਨੂੰ ਪਹਿਲ ਹੈ। ਇਹਨਾ ਵਿੱਚ ਨੌਜਵਾਨਾਂ ਲਈ ਰੁਜ਼ਗਾਰ, ਔਰਤਾਂ ਦਾ ਸ਼ਸ਼ਕਤੀਕਰਨ, ਕਿਸਾਨਾਂ ਦੀ ਭਲਾਈ ਮੁੱਖ ਹਨ। ਇਹ ਸਾਰੇ ਮਾਮਲੇ ਦੇਸ਼ ਦੀ ਆਰਥਿਕਤਾ ਨਾਲ ਜੁੜੇ ਹਨ।

ਮੋਦੀ ਸਰਕਾਰ ਦਾ ਕਹਿਣਾ ਹੈ ਕਿ ਭਾਰਤੀ ਲੋਕ ਦਹਾਕਿਆਂ ਤੋਂ ਨਪੀੜੇ ਰਹੇ ਹਨ। ਉਹਨਾ ਦੀ ਹਾਲਤ ਸੁਧਾਰਨ ਲਈ ਉਹਨਾ ਗਰੰਟੀਆਂ ਦਿੱਤੀਆਂ ਹਨ। ਇਹਨਾ ਗਰੰਟੀਆਂ ਵਿੱਚ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ, ਪਿੰਡਾਂ ਦਾ 100 ਫੀਸਦੀ ਬਿਜਲੀਕਰਨ, 14 ਕਰੋੜ ਪੇਂਡੂਆਂ ਲਈ ਮਕਾਨ, 28 ਕਰੋੜ ਔਰਤਾਂ ਦੇ ਬੈਂਕ ਅਕਾਊਂਟ ਖੋਲਣ, ਇੱਕ ਕਰੋੜ ਔਰਤਾਂ ਦੇ ਕਾਰੋਬਾਰ ਖੁਲਵਾਕੇ ਉਹਨਾ ਨੂੰ ਲੱਖਪਤੀ ਦੀਦੀ ਬਨਾਉਣਾ ਸ਼ਾਮਲ ਹੈ।

ਇਹ ਸਭ ਕੁਝ ਚੋਣਾਂ ਦੇ ਦਿਨਾਂ 'ਚ ਨਵੇਂ ਸੁਪਨੇ ਸਿਰਜਨ ਜਿਹਾ ਹੈ। ਪਰ ਮੋਦੀ ਸਰਕਾਰ ਦਾ ਕਥਨ ਕਿ 2047 ਤੱਕ ਭਾਰਤ ਵਿਕਸਤ ਦੇਸ਼ ਬਣੇਗਾ ਅਤੇ ਉਸਦਾ ਇਹ ਕਹਿਣਾ "ਮੋਦੀ ਦੀ ਗਰੰਟੀ ਜਾਣੀ ਹਰ ਗਰੰਟੀ ਪੂਰੀ ਹੋਣ ਦੀ ਗਰੰਟੀ" ਨੂੰ ਕਿਵੇਂ ਸਹੀ ਮੰਨਿਆ ਜਾਏਗਾ, ਜਦ ਉਸ ਦੇ ਸੈਂਕੜੇ ਤੋਂ ਵੱਧ ਪ੍ਰਾਜੈਕਟ ਸ਼ੁਰੂ ਹੋਣ ਵੇਲੇ ਹੀ ਜ਼ਮੀਨ 'ਚ ਦਬੇ ਗਏ, "ਜਨ ਧਨ ਯੋਜਨਾ", ਕਾਲੇ ਧਨ ਨੂੰ ਚਿੱਟਾ ਕਰਕੇ ਹਰ ਨਾਗਰਿਕ ਦੇ ਖਾਤੇ 15 ਲੱਖ ਅਤੇ ਹਰ ਵਰ੍ਹੇ 2 ਕਰੋੜ ਨੌਕਰੀਆਂ ਵੀ ਤਾਂ ਉਸਦੇ ਵਾਇਦੇ ਸਨ, ਜੋ ਕਦੇ ਵੀ ਪੂਰੇ ਨਹੀਂ ਹੋ ਸਕੇ। ਇਹ ਚੋਣ ਆਰਥਿਕ ਵਾਇਦੇ ਲੋਕਾਂ ਦੇ ਸੁਪਨਿਆਂ ਦੇ ਕਤਲ ਸਮਾਨ ਗਿਣੇ ਜਾ ਰਹੇ ਹਨ। ਉਂਜ ਵੀ ਵੱਡੇ ਪ੍ਰਾਜੈਕਟ ਜਦੋਂ ਅਰਬਾਂ ਦੇ ਕਰਜ਼ੇ ਲੈ ਕੇ ਕੀਤੇ ਜਾਂਦੇ ਹਨ ਤਾਂ ਇਹ ਪਹਿਲਾਂ ਹੀ ਬੇਰੁਜ਼ਗਾਰੀ, ਭੁੱਖਮਰੀ, ਗਰੀਬੀ ਨਾਲ ਨਪੀੜੇ ਜਾ ਰਹੇ ਲੋਕਾਂ ਉਤੇ ਹੋਰ ਕਹਿਰ ਵਰਤਾਉਣ ਵਾਂਗਰ ਹੈ।

ਜ਼ਰਾ ਕੁ ਗੌਰ ਤਾਂ ਕਰੋ ਭਾਰਤ ਉਤੇ ਕਰਜ਼ਾ ਸਤੰਬਰ 2023 ਤੱਕ 205 ਲੱਖ ਕਰੋੜ ਹੈ, ਜਿਹੜਾ ਜੂਨ 2023 ਵਿੱਚ 200 ਲੱਖ ਕਰੋੜ ਸੀ। ਭਾਵ ਤਿੰਨ ਮਹੀਨਿਆਂ 'ਚ 5 ਲੱਖ ਕਰੋੜ ਕਰਜ਼ਾ ਵਧਿਆ ਅਤੇ ਇਹ ਸਮਝਿਆ ਜਾ ਰਿਹਾ ਹੈ ਕਿ ਚੋਣਾਂ ਦੇ ਸਮੇਂ ਹਾਕਮਾਂ ਵਲੋਂ ਗਰੰਟੀਆਂ ਦੀ ਹੋੜ 'ਚ ਇਹ ਵਾਧਾ ਕਰਜ਼-ਦਰ-ਕਰਜ਼ ਲੈ ਕੇ ਹੋਇਆ ਹੈ। ਪਰ ਇਥੇ ਸਵਾਲ ਇਹ ਉੱਠਦਾ ਹੈ ਕਿ ਕਰਜ਼ ਲੈ ਕੇ ਕੀਤਾ ਵਿਕਾਸ ਕਿੰਨਾ ਕੁ ਸਹੀ ਹੈ? ਕੀ ਕਰਜ਼ ਲੈ ਕੇ ਉਸਾਰੇ ਮਹਿਲ ਦੇਸ਼ ਦੇ ਅਰਥਚਾਰੇ ਨੂੰ ਸੁਖਾਵਾਂ ਰੱਖ ਸਕਦੇ ਜਾਂ ਬਣਾ ਸਕਦੇ ਹਨ। ਕੀ ਇਹ ਆਮ ਲੋਕਾਂ ਦੇ ਆਰਥਿਕ ਸੁਧਾਰ ਲਈ ਹਨ ਜਾਂ ਧਨ ਕੁਬੇਰਾਂ ਨੂੰ ਲਾਭ ਦੇਣ ਲਈ ਹਨ।

ਆਮ ਤੌਰ 'ਤੇ ਕੇਂਦਰ ਅਤੇ ਸੂਬਾ ਸਰਕਾਰ ਸਾਲ ਦੇ ਬਜ਼ਟ ਵਿੱਚ ਆਪਣੇ ਵਿੱਤੀ ਘਾਟੇ ਨੂੰ ਘੱਟੋ-ਘੱਟ ਵਿਖਾਉਂਦੀਆਂ ਹਨ। ਕਈ ਸਰਕਾਰਾਂ ਤਾਂ ਘਾਟੇ ਦਾ ਬਜ਼ਟ ਪੇਸ਼ ਹੀ ਨਹੀਂ ਕਰਦੀਆਂ। ਵਿੱਤੀ ਘਾਟੇ ਨੂੰ ਰੋਕਣ ਲਈ ਉਹ ਪੂੰਜੀਗਤ ਖ਼ਰਚਿਆਂ ਲਈ ਰੱਖੀ ਰਕਮ ਜੋ ਪ੍ਰਾਜੈਕਟਾਂ ਤੇ ਖ਼ਰਚ ਨਹੀਂ ਹੁੰਦੀ ਜਾਂ ਵੰਡੀ ਨਹੀਂ ਜਾਂਦੀ, ਉਸ ਤੇ ਕੈਂਚੀ ਚਲਾਕੇ ਬਚੀ ਰਕਮ ਦੇ ਜ਼ਰੀਏ ਵਿੱਤੀ ਘਾਟੇ ਨੂੰ ਘਟਾਉਣ ਦਾ ਯਤਨ ਕਰਦੀਆਂ ਹਨ।

ਉਦਾਹਰਨ ਦੇ ਤੌਰ 'ਤੇ ਬਿਹਾਰ ਦੇ ਬਜ਼ਟ ਵਿੱਚ ਵਿੱਤੀ ਘਾਟਾ ਜੀਡੀਪੀ ਦਾ ਅੰਦਾਜ਼ਨ ਤਿੰਨ ਫ਼ੀਸਦੀ ਹੈ, ਲੇਕਿਨ ਪਿਛਲੇ ਦਿਨਾਂ 'ਚ ਪੇਸ਼ ਬਜ਼ਟ ਵਿੱਚ ਇਹ ਵਿੱਤੀ ਘਾਟਾ ਅਨੁਮਾਨਤ 8.9 ਫੀਸਦੀ ਕੀਤਾ ਗਿਆ। ਇਹ ਅਸਲ ਵਿੱਚ ਬਿਹਾਰ ਦੀ ਆਰਥਿਕ ਨੀਤੀਆਂ ਦੀ ਦੁਰਦਸ਼ਾ ਕਾਰਨ ਹੈ। ਇਹ ਤੱਥ ਜੱਗ ਜ਼ਾਹਰ ਹੈ ਕਿ ਬਿਹਾਰ, ਕੇਂਦਰ ਤੋਂ 73 ਫੀਸਦੀ ਸਹਾਇਤਾ ਪ੍ਰਾਪਤ ਕਰਦਾ ਹੈ, ਇਹ ਸਹਾਇਤਾ ਬਿਹਾਰ ਦੇ ਰਾਜਕੀ ਘਾਟੇ ਦੀ ਪੂਰਤੀ ਲਈ ਨਹੀਂ ਸਗੋਂ ਬਿਹਾਰ ਵਲੋਂ ਕੇਂਦਰ ਦੇ ਸਾਹਮਣੇ ਰੱਖੇ ਗਏ ਕੁਝ ਪ੍ਰਸਤਾਵਾਂ ਲਈ ਸ਼ਰਤਾਂ ਸਹਿਤ ਸਹਾਇਤਾ ਹੈ।

ਬਿਹਾਰ ਵਲੋਂ ਚਾਲੂ ਵਿੱਤੀ ਵਰ੍ਹੇ 'ਚ 50,000 ਕਰੋੜ ਦੀ ਕੇਂਦਰੀ ਸਹਾਇਤਾ ਦਾ ਪ੍ਰਸਤਾਵ ਰੱਖਿਆ ਗਿਆ, ਪਰ ਉਸਨੂੰ ਸਿਰਫ਼ 16000 ਕਰੋੜ ਮਿਲਿਆ, ਕਿਉਂਕਿ ਬਿਹਾਰ ਨੇ ਕੇਂਦਰ ਸਰਕਾਰ ਦੀ ਪ੍ਰਾਜੈਕਟ ਪੂਰਤੀ ਦੀਆਂ ਸ਼ਰਤਾਂ ਨਹੀਂ ਮੰਨੀਆਂ। ਜਿਸ ਨਾਲ ਬਿਹਾਰ ਦਾ ਰਾਜਸੀ ਘਾਟਾ ਤਿੰਨ ਗੁਣਾ ਵਧ ਗਿਆ। ਇਹ ਅੰਕੜਿਆਂ ਦੀ ਜਾਦੂਗਰੀ ਹੈ ਕਿ ਅਗਲੇ ਵਰ੍ਹੇ ਵਿੱਤੀ ਘਾਟਾ 4 ਜਾਂ 5 ਫੀਸਦੀ ਵਿਖਾਇਆ ਜਾਏਗਾ। ਨੇਤਾਵਾਂ/ਸਰਕਾਰਾਂ ਵਲੋਂ ਇਹ ਵੀ ਦਿਖਾਇਆ ਜਾਏਗਾ ਕਿ ਲੋਕਾਂ ਨਾਲ ਕੀਤੇ ਵਾਇਦੇ ਪੂਰੇ ਕਰਨ ਲਈ ਵੱਡੀਆਂ ਰਕਮਾਂ ਕੇਂਦਰ ਤੋਂ ਪ੍ਰਾਪਤ ਕੀਤੀਆਂ ਤੇ ਖ਼ਰਚੀਆਂ। ਪਰ ਜ਼ਮੀਨੀ ਪੱਧਰ 'ਤੇ ਸੱਚ ਹੋਰ ਹੈ। ਅਸਲ 'ਚ ਤਾਂ ਲੋਕਾਂ ਦੇ ਆਰਥਿਕ ਸੁਪਨਿਆਂ ਦਾ ਸੌਦਾ ਕੀਤਾ ਜਾਂਦਾ ਹੈ।

ਪੰਜਾਬ ਨੂੰ ਭਾਰਤ ਵਿੱਚ ਇੱਕ ਵਿਕਸਤ ਸੂਬਾ ਮੰਨਿਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਥੇ ਪ੍ਰਤੀ ਜੀਅ ਆਮਦਨ ਬਹੁਤ ਜ਼ਿਆਦਾ ਹੈ। ਇਥੋਂ ਦੀ ਪੇਂਡੂ ਅਰਥ ਵਿਵਸਥਾ ਸਭ ਤੋਂ ਜਿਆਦਾ ਵਿਕਸਤ ਹੈ। ਭਾਰਤ ਵਿੱਚ ਸਭ ਤੋਂ ਵੱਧ ਮਹਿੰਗੀਆਂ ਕਾਰਾਂ ਦੀ ਵਿਕਰੀ ਮੁੰਬਈ, ਦਿੱਲੀ ਅਤੇ ਚੰਡੀਗੜ੍ਹ ਤੋਂ ਬਾਅਦ ਪੰਜਾਬ ਦੇ ਲੁਧਿਆਣਾ 'ਚ ਹੁੰਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਭਾਰਤ ਵਿੱਚ ਗੁਜਰਾਤ ਦੇ ਨਾਲ-ਨਾਲ ਪੰਜਾਬ ਹੀ ਇਹੋ ਜਿਹਾ ਸੂਬਾ ਹੈ, ਜਿਥੇ ਐਨ.ਆਰ.ਆਈਜ਼ ਤੋਂ ਸਭ ਤੋਂ ਵੱਧ ਵਿਦੇਸ਼ੀ ਮੁਦਰਾ ਪ੍ਰਾਪਤ ਹੁੰਦੀ ਹੈ, ਇਹ ਚਾਹੇ ਕੈਨੇਡਾ ਹੋਵੇ ਜਾਂ ਫਿਰ ਅਸਟ੍ਰੇਲੀਆ ਅਤੇ ਅਮਰੀਕਾ ਤੋਂ। ਪਰ ਪੰਜਾਬ ਦੀ ਅਰਥਵਿਵਥਾ ਦੇ ਅੰਕੜੇ ਕੁਝ ਹੋਰ ਹੀ ਕਹਿੰਦੇ ਹਨ। ਇਥੇ ਮੌਜੂਦਾ ਸਮੇਂ ਰਾਜ ਦੇ ਖਜ਼ਾਨੇ ਦਾ ਘਾਟਾ 5 ਫੀਸਦੀ ਦੇ ਆਸ ਪਾਸ ਚਲ ਰਿਹਾ ਹੈ। ਬਜ਼ਟ ਘਾਟਾ ਵੀ ਚਲ ਰਿਹਾ ਹੈ, ਜੋ ਜੀਡੀਪੀ ਦਾ 2.8 ਫੀਸਦੀ ਹੈ। ਇਸ ਕਰਕੇ ਹੁਣ ਪੰਜਾਬ ਭਾਰਤ ਦੇ ਉਹਨਾ 17 ਰਾਜਾਂ ਵਿੱਚ ਸ਼ਾਮਲ ਹੈ, ਜਿਸਨੂੰ ਕੇਂਦਰ ਵਲੋਂ ਆਰਥਿਕ ਸਹਾਇਤਾ ਉਸਦੀਆਂ ਸ਼ਰਤਾਂ ਤੇ ਲੈਣੀ ਪੈਂਦੀ ਹੈ।

ਪੰਜਾਬ ਦੇ ਖਜ਼ਾਨੇ ਦੇ ਘਾਟੇ ਦਾ ਮੁੱਖ ਕਾਰਨ ਤਨਖਾਹ, ਪੈਨਸ਼ਨ ਅਤੇ ਰਾਜ ਲਈ ਲਏ ਕਰਜ਼ੇ ਉਤੇ ਵਿਆਜ ਉਤੇ ਹੀ 76 ਫੀਸਦੀ ਖ਼ਰਚ ਹੋ ਜਾਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਸ ਵਰ੍ਹੇ ਤਨਖਾਹ ਦਾ ਹਿੱਸਾ 30 ਫੀਸਦੀ ਸੀ, ਜਦਕਿ ਪੰਜਾਬ ਉਤਰਪ੍ਰਦੇਸ਼ ਅਤੇ ਬਿਹਾਰ ਦੇ ਮੁਕਾਬਲੇ ਇਹ ਘੱਟ ਆਬਾਦੀ ਵਾਲਾ ਸੂਬਾ ਹੈ। ਬਾਕੀ ਸੂਬਿਆਂ ਵਾਂਗਰ ਪੰਜਾਬ ਵਿੱਚ ਵੀ ਜ਼ੋਰਾਂ-ਸ਼ੋਰਾਂ ਨਾਲ ਲੋਕਾਂ ਨੂੰ ਆਰਥਿਕ ਸੁਪਨੇ ਵਿਖਾਏ ਜਾ ਰਹੇ ਹਨ। ਮੌਜੂਦਾ ਸਮੇਂ ਵੰਡੀ ਜਾ ਰਹੀ ਮੁਫ਼ਤ ਬਿਜਲੀ ਦਾ ਖ਼ਰਚਾ ਹੀ ਵੀਹ ਹਜ਼ਾਰ ਕਰੋੜ ਰੁਪਏ ਦੇ ਬਰਾਬਰ ਹੈ, ਜੋ ਪੰਜਾਬ ਦੀ ਕੁੱਲ ਆਮਦਨ ਦਾ 19 ਫੀਸਦੀ ਹੈ। ਜੇਕਰ 76 ਫੀਸਦੀ ਤਨਖਾਹ, ਪੈਨਸ਼ਨ ਅਤੇ ਕਰਜ਼ੇ 'ਤੇ ਵਿਆਜ ਦੇ ਖ਼ਰਚੇ ਇਸ ਵਿੱਚ ਜੋੜ ਦਿੱਤੇ ਜਾਣ ਤਾਂ ਪੰਜਾਬ ਕੋਲ ਆਮਦਨ ਦਾ ਸਿਰਫ਼ ਪੰਜ ਫੀਸਦੀ ਹੀ ਬਾਕੀ ਰਹਿੰਦਾ ਹੈ। ਇਸੇ ਲਈ ਪੰਜਾਬ ਵੀ ਕੇਂਦਰ ਦੀਆਂ ਸ਼ਰਤਾਂ ਮੰਨਣ ਲਈ ਆਰਥਿਕ ਤੌਰ 'ਤੇ ਪੂਰੀ ਤਰ੍ਹਾਂ ਨਿਰਭਰ ਹੈ। ਆਰਥਿਕ ਕਮਜ਼ੋਰੀ ਕਾਰਨ ਸੂਬਾ ਲੋਕ-ਲੁਭਾਊ ਨੀਤੀਆਂ ਲਾਗੂ ਕਰਨ ਲਈ ਕਰਜ਼ੇ ਦੀ ਨਿਰ-ਸੰਕੋਚ ਵਰਤੋਂ ਕਰ ਰਿਹਾ ਹੈ। ਕੀ ਇਹ ਲੋਕ ਹਿਤੈਸ਼ੀ ਹੈ?

ਸਾਲ 1991 ਵਿੱਚ ਦੇਸ਼ ਦੀ ਜਨ ਸੰਖਿਆ 84 ਕਰੋੜ ਸੀ ਜੋ ਹੁਣ 141 ਕਰੋੜ ਦੀ ਸੀਮਾ ਪੂਰੀ ਕਰ ਚੁੱਕੀ ਹੈ ਅਤੇ 2040 ਤੱਕ ਇਹ 157 ਕਰੋੜ ਹੋਣ ਦਾ ਅੰਦਾਜ਼ਾ ਹੈ। ਇਸ ਸਥਿਤੀ 'ਚ ਲੋਕਾਂ ਦੀ ਭੁੱਖ ਦੂਰ ਕਰਨ, ਬੇਰੁਜ਼ਗਾਰੀ ਖ਼ਤਮ ਕਰਨ, ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਦੇਸ਼ ਦੀ ਆਰਥਿਕਤਾ ਮਜ਼ਬੂਤ ਕਰਨ ਦੀ ਲੋੜ ਹੈ, ਜੋ ਸਿਰਫ਼ ਸਿਆਸੀ ਦਲਾਂ ਦੇ ਨਾਹਰਿਆਂ, ਦਿੱਤੀਆਂ ਗੱਲੀਂ-ਬਾਤੀਂ ਗਰੰਟੀਆਂ ਨਾਲ ਕੀ ਪੂਰੀ ਹੋ ਸਕਦੀ ਹੈ? ਭਾਰਤ ਦੇਸ਼, ਦੁਨੀਆ ਭਰ 'ਚ ਸਭ ਤੋਂ ਵੱਧ ਅੰਨ ਪੈਦਾ ਕਰਦਾ ਹੈ। 2023 ਵਿੱਚ ਦੇਸ਼ ਦਾ ਅੰਨ ਉਤਪਾਦਨ 31.1 ਕਰੋੜ ਟਨ ਤੱਕ ਪੁੱਜ ਗਿਆ ਹੈ। ਪਰ ਇਸ ਦੇ ਬਾਵਜੂਦ ਦੇਸ਼ 'ਚ ਭੁੱਖਮਰੀ ਅਤੇ ਗਰੀਬੀ ਹੈ। 24 ਕਰੋੜ ਲੋਕਾਂ ਨੂੰ ਮਸਾਂ ਇੱਕ ਡੰਗ ਦੀ ਰੋਟੀ ਨਸੀਬ ਹੁੰਦੀ ਹੈ। (ਰਿਪੋਰਟ ਐਸ ਓ ਐਫ ਆਈ-2023) ਭੁੱਖਮਰੀ ਦੇ ਮਾਮਲੇ 'ਚ 125 ਦੇਸ਼ਾਂ ਵਿੱਚ ਭਾਰਤ ਦਾ ਸਥਾਨ 111 ਵਾਂ ਹੈ (ਰਿਪੋਰਟ ਗਲੋਬਲ ਹੰਗਰ ਇੰਡੈਕਸ-2023)

ਕੀ ਸਿਆਸੀ ਦਲਾਂ ਵਲੋਂ, ਭੁੱਖੇ ਮਰ ਰਹੇ ਤੇ ਗਰੀਬੀ ਨਾਲ ਨਪੀੜੇ ਜਾ ਰਹੇ ਲੋਕਾਂ ਨੂੰ ਵਿਖਾਏ ਜਾ ਰਹੇ ਆਰਥਿਕ ਸੁਪਨੇ, ਉਹਨਾ ਦੇ ਕਿਸੇ ਕੰਮ ਆ ਸਕਣਗੇ ਜਾਂ ਫਿਰ ਇਹ ਚੋਣ ਜੁਮਲੇ ਸਾਬਤ ਹੋਣਗੇ।

## ਹਾਸ ਵਿਅੰਗ

**ਤਰਸੇਮ ਸਿੰਘ ਭੰਗੂ**

# ਵੱਖਰੀ ਪਛਾਣ ਦੀ ਪੂਛ...



ਜੀਵ ਵਿਗਿਆਨੀਆਂ ਅਨੁਸਾਰ ਮਨੁੱਖ ਵਰਤਮਾਨ ਰੂਪ ਵਿਚ ਆਉਣ ਤੋਂ ਪਹਿਲਾਂ ਜਦੋਂ ਜੰਗਲਾਂ ਦਾ ਵਾਸੀ ਸੀ ਜਾਂ ਇਸ ਦੇ ਵਿਕਾਸ ਦਾ ਮੁੱਢ ਬੱਝਾ ਸੀ ਤਾਂ ਪੂਛ ਵਾਲਾ ਹੀ ਸੀ। ਇਸ ਰੂਪ ਵਿਚ ਪਹੁੰਚਣ ਲਈ ਇਸ ਨੂੰ ਲੱਖਾਂ ਸਾਲ ਲੱਗੇ ਹਨ। ਹੋਰ ਪੂਛਲਾਂ ਵਾਲੇ ਪ੍ਰਾਣੀਆਂ ਦੀਆਂ ਤਾਂ ਪੂਛਲਾਂ ਨਾਲ ਹੀ ਹਨ ਪਰ ਮਨੁੱਖ ਦੀ ਪੂਛ ਗਾਇਬ ਹੋ ਗਈ। ਜਦੋਂ ਮਨੁੱਖ ਥੋੜ੍ਹਾ ਸਿਆਣਾ ਹੋਇਆ ਤਾਂ ਉਸ ਨੂੰ ਮਹਿਸੂਸ ਹੋਣ ਲੱਗਾ ਕਿ ਪੂਛ ਤਾਂ ਮੇਰੀ ਪਛਾਣ ਸੀ! ਪੂਛੋਂ ਬਗੈਰ ਤਾਂ ਮੈਂ ਅਧੂਰਾ ਹਾਂ। ਇਸ ਲਈ ਹੀ ਆਪਣੀ ਸਿਆਣਪ ਵਰਤ ਕੇ ਮਨੁੱਖ ਨੇ ਵੱਖਰੀ ਪੂਛ ਜੋੜਨੀ ਸ਼ੁਰੂ ਕਰ ਦਿੱਤੀ, ਕਹਿਣ ਤੋਂ ਭਾਵ, ਵੱਖਰੀ ਪਛਾਣ ਦੀ ਪੂਛ। ਜਿਵੇਂ: ਤਖੱਲਸ, ਉੱਚੀ ਜਾਤ ਜਾਂ ਰੁਤਬੇ ਦੀ ਪੂਛ ਦੇ ਰੂਪ ਵਿਚ।

ਪੂਛਲਾਂ ਵਾਲੇ ਅਨੇਕ ਪ੍ਰਾਣੀ ਹਨ ਪਰ ਸਭ ਤੋਂ ਵਿਸ਼ੇਸ਼ ਦਰਜਾ ਕੁੱਤੇ ਦੀ ਪੂਛ ਨੂੰ ਹਾਸਲ ਹੈ। ਕੁੱਤੇ ਦੀ ਪੂਛ ਕੱਟਣ ਤੋਂ ਬਾਅਦ ਵੀ ਅਮਰ ਹੈ। ਕਿਉਂਕਿ ਕਦੀ ਕਿਸੇ ਨੇ ਇਹ ਨਹੀਂ ਕਿਹਾ ਕਿ ਫਲਾਣਾ ਬੰਦਾ ਬੜਾ ਸੰਢੇ ਦੀ ਪੂਛ, ਸ਼ੇਰ ਦੀ ਪੂਛ ਜਾਂ ਕਿਸੇ ਹੋਰ ਦੀ ਪੂਛ ਹੈ। ਕੁੱਤੇ ਦੀ ਮਾਰਫ਼ਤ ਇਹ ਮਾਣ-ਸਨਮਾਨ ਮਨੁੱਖ ਨੇ ਹੀ ਮਨੁੱਖ ਨੂੰ ਦਿੱਤਾ ਹੈ। ਕੁੱਤਾ ਮਨੁੱਖ ਦਾ ਸਭ ਤੋਂ ਵੱਧ ਨੇੜਲਾ ਅਤੇ ਵਫ਼ਾਦਾਰ ਪ੍ਰਾਣੀ ਮੰਨਿਆ ਗਿਆ ਹੈ। ਮਨੁੱਖੀ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ਸਭ ਤੋਂ ਵੱਧ ਨੇੜਲਿਆਂ ਨੂੰ ਹੀ ਭੰਡਦਾ ਹੈ, ਆਪਣੇ ਨੇੜਲਿਆਂ ਵਿਚ ਹੀ ਇਸ ਨੂੰ ਸਭ ਤੋਂ ਵੱਧ ਔਗੁਣ ਨਜ਼ਰ ਆਉਂਦੇ ਹਨ। ਪਰ ਆਪਣੇ ਔਗੁਣ ਇਹ ਵੇਖਦਾ ਹੀ ਨਹੀਂ। ਇਸ ਕਰਕੇ ਹੀ ਕਹੇਗਾ, 'ਫਲਾਣਾ ਬੜਾ ਕੁੱਤੇ ਦੀ ਪੂਛ' ਹੈ। ਭਾਵ ਬੜਾ ਕੁੱਤਾ ਬੰਦਾ ਹੈ। ਹੁਣ ਮਨੁੱਖ ਨੇ ਸ਼ਾਇਦ ਇਹ ਮੁਹਾਵਰਾ ਬਦਲਣ ਲਈ ਪਾਲਤੂ ਕੁੱਤਿਆਂ ਦੀਆਂ ਪੂਛਲਾਂ ਵੱਢਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਮਾਮਲੇ 'ਚ ਕੁੱਤੇ ਬਹੁਤ ਖੁਸ਼ ਹਨ। ਕਮ-ਸੇ-ਕਮ ਉਹ ਇਸ ਮਿਹਣੇ ਤੋਂ ਮੁਕਤ ਹੋ ਜਾਣਗੇ ਕਿ 'ਐਨਾ ਚਿਰ ਕੁੱਤੇ ਦੀ ਪੂਛ ਵੰਝਲੀ ਵਿਚ ਪਾ ਛੱਡੀ, ਬਾਹਰ ਕੱਢੀ ਫਿਰ ਵਿੰਗੀ ਦੀ ਵਿੰਗੀ', ਇਥੇ ਵੀ ਮਨੁੱਖ ਦਾ ਸੁਆਰਥ ਹੈ। ਕਿਉਂਕਿ ਕੁੱਤੇ ਵਲੋਂ ਆਪਣੇ ਮਾਲਕ ਨੂੰ ਮਿਲਣ ਆਉਣ ਵਾਲੇ ਦਾ ਵੀ ਪੂਛ ਹਿਲਾ ਕੇ ਸੁਆਗਤ ਕੀਤਾ ਜਾਂਦਾ ਹੈ। ਪੂਛ ਹਿਲਾਉਂਦਿਆਂ ਵਫ਼ਾਦਾਰੀ ਸਿੱਧ ਹੁੰਦੀ ਹੈ। ਪਰ ਕੁੱਤੇ ਦੀ ਲੰਡੀ ਪੂਛ ਹਿਲਦੀ ਇੰਜ ਲਗਦੀ ਹੈ ਜਿਵੇਂ ਕੁੱਤਾ ਨਹੀਂ, ਕੁੱਤੇ ਦਾ ਮਾਲਕ ਕੁੱਤੇ ਦੀ ਮਾਰਫ਼ਤ ਆਉਣ ਵਾਲੇ ਨੂੰ ਅੰਗੂਠਾ ਵਿਖਾ ਰਿਹਾ ਹੋਵੇ। ਵੈਸੇ ਤਾਂ ਪੂਛ ਪਛਾਣ ਹੈ ਤੇ ਜੇ ਪੂਛ ਕੱਟ ਦਿੱਤੀ ਜਾਵੇ ਜਾਂ ਆਪਣੇ-ਆਪ ਝੜ ਜਾਵੇ ਤਾਂ ਲੰਡਾ ਜਾਂ ਲੰਡੀ ਦੀ ਪਛਾਣ ਆਪਣੇ-ਆਪ ਹੀ ਜੁੜ ਜਾਂਦੀ ਹੈ। ਜਿਵੇਂ ਇਕ ਅੱਖੋਂ ਹੀਣਾ ਭਾਵੇਂ ਚੰਗਾ ਹੀ ਹੋਵੇ ਤਾਂ ਵੀ ਕਈ ਕਹਿ ਦੇਂਦੇ ਹਨ, 'ਕਾਣੇ ਦੀ ਤਾਂ ਰਗ ਹੀ ਵੱਖਰੀ ਹੈ।' ਖ਼ੈਰ, ਜਾਨਵਰਾਂ ਦੀ ਗੱਲ ਛੱਡ ਕੇ ਇਨਸਾਨ ਦੀ ਗੱਲ ਕਰੀਏ।

ਹਰੇਕ ਜਾਨਦਾਰ ਪ੍ਰਾਣੀ ਦੇ ਵੱਗ ਜਾਂ ਡਾਰ ਵਿਚ ਇਕ ਮੁਖੀ ਹੁੰਦਾ ਹੈ। ਉਸ ਦੀ ਅਗਵਾਈ ਵਿਚ ਸਾਰੇ ਹੀ ਚਲਦੇ ਹਨ। ਕੋਈ ਸਮਾਂ ਹੋਵੇਗਾ ਜਦੋਂ ਮਨੁੱਖੀ ਵੱਗ ਦੀ ਅਗਵਾਈ ਕਿਸੇ ਸਿਆਣੇ ਨੇ ਕੀਤੀ ਹੋਵੇਗੀ ਤੇ ਮਨੁੱਖ ਜੰਗਲਾਂ 'ਚੋਂ ਬਾਹਰ ਆ ਗਿਆ। ਪਰ ਵਰਤਮਾਨ ਵਿਚ ਇਸ ਵੱਗ 'ਚ ਵਿਚਰਨ ਵਾਲਾ ਹਰੇਕ ਈ ਆਪਣੇ-ਆਪ ਨੂੰ ਸਭ ਤੋਂ ਸਿਆਣਾ ਤੇ ਉੱਤਮ ਸਮਝਦਾ ਹੈ ਅਤੇ ਬਾਕੀਆਂ ਦੀ ਅਗਵਾਈ ਕਰਨਾ ਚਾਹੁੰਦਾ ਹੈ। ਇਸ ਕਰਕੇ ਹੀ ਵੱਖਰੀ ਪਛਾਣ ਲਈ ਪੂਛ ਲਾਉਣ ਦੀ ਲੋੜ ਪਈ। ਇਸ ਪੂਛ ਨੂੰ ਅਸੀਂ ਹਉਮੈ ਦੀ ਪੂਛ ਵੀ ਕਹਿ ਸਕਦੇ ਹਾਂ। ਮਨੁੱਖੀ ਸਮਾਜ ਵਿਚ ਰੁਤਬੇ ਲਈ ਉੱਚੀ ਜਾਤ ਤੋਂ ਇਲਾਵਾ ਸਕੱਤਰੀ, ਚੇਅਰਮੈਨੀ, ਸਰਪ੍ਰਸਤੀ ਆਦਿ ਕਈ ਪੂਛਾਂ ਹਨ। ਪਰ ਸਭ ਤੋਂ ਉੱਤਮ ਹੈ, 'ਪ੍ਰਧਾਨਗੀ ਦੀ ਪੂਛ।' ਇਸ ਪੂਛ ਅੱਗੇ ਸਾਰੇ ਹੀ ਪੂਛਾਂ ਹਿਲਾਉਣ ਲੱਗ ਪੈਂਦੇ ਹਨ। ਇਹ ਵੱਖਰੀ ਗੱਲ ਹੈ ਕਿ ਪੂਛ ਲੱਗਣ ਤੋਂ ਬਾਅਦ ਪ੍ਰਧਾਨ ਦੀ ਅੱਖ ਸਭ ਨੂੰ ਲੰਡੇ ਹੀ ਵੇਖਣ ਲੱਗ ਪੈਂਦੀ ਹੈ। ਜਿਸ ਦੀ ਪ੍ਰਤੱਖ ਉਦਾਹਰਨ ਅਸੀਂ ਰਾਜਨੀਤੀ ਵਿਚ ਵਿਚਰਦੇ ਪ੍ਰਧਾਨਾਂ ਦੀ ਵੇਖ ਸਕਦੇ ਹਾਂ। ਪੂਛ ਲਵਾਉਣ ਖ਼ਾਤਰ ਕਈ ਜੋੜ-ਤੋੜ, ਤਿਕੜਮਬਾਜ਼ੀਆਂ, ਅੱਖਾਂ 'ਚ ਹੰਝੂਆਂ ਦੇ ਨਾਟਕ, ਜੋਸ਼ੀਲੇ ਭਾਸ਼ਨ, ਗੱਲ-ਗੱਲ 'ਤੇ ਬੇਮਤਲਬ ਭਾਵੁਕਤਾ ਜਿਵੇਂ ਦੁਨੀਆ ਭਰ ਦੇ ਦੁੱਖਾਂ ਨਾਲ ਮਨ ਭਰਿਆ ਹੋਵੇ, ਕਿੰਨਿਆਂ ਨੂੰ ਹੀ ਪੂਛ ਲਈ ਤਰਸਦਿਆਂ ਨੂੰ ਨੁੱਕਰੇ ਲਾਇਆ ਜਾਂਦਾ ਹੈ, ਜੋ ਸਿਰਫ਼ ਗੋਡੀਂ ਹੱਥ ਲਵਾਉਣ ਜੋਗੇ ਹੀ ਰਹਿ ਜਾਂਦੇ ਹਨ। ਵੈਸੇ ਪੂਛ ਨਾਲ ਸਾਬਕਾ ਲੱਗਣ ਨਾਲ ਤਾਂ ਤਾਉਮਰ ਲਈ ਪੂਛ ਲੱਗ ਜਾਂਦੀ ਹੈ। ਪ੍ਰਧਾਨਗੀ ਦੀ ਪੂਛ ਦੇ ਫ਼ਾਇਦੇ ਬਹੁਤ ਹਨ। ਜਣਾ-ਖਣਾ, ਲੰਡੀ-ਬੁੱਚੀ, ਐਰਾ-ਗੈਰਾ, ਨੱਥੂ-ਖੈਰਾ 'ਪ੍ਰਧਾਨ ਜੀ' ਜਾਂ 'ਪ੍ਰਧਾਨ ਸਾਹਿਬ' ਕਹਿ ਕੇ ਬੁਲਾਉਂਦਾ ਹੈ।

ਪ੍ਰਧਾਨ ਬਣ ਕੇ ਤੁਸੀਂ ਕੁਝ ਵੀ ਕਰੀ ਜਾਓ, ਸਾਰਾ ਕੁਝ ਮੁਆਫ ਹੁੰਦਾ ਹੈ। ਕੁੱਤੇ ਕੰਮ ਕਰਦਿਆਂ ਬੇਸ਼ੱਕ ਤੁਸੀਂ ਆਪਣੀ ਉਮਰ ਦਾ ਵੀ ਖਿਆਲ ਨਾ ਰੱਖੋ। ਹਾਂ, ਤੁਹਾਡੇ ਹੱਕ 'ਚ ਭੁਗਤਣ ਵਾਲੇ ਤੇ ਨਾਅਰੇ ਲਾ ਕੇ ਤੁਹਾਨੂੰ ਸੱਚਾ-ਸੁੱਚਾ ਸਿੱਧ ਕਰਨ ਲਈ ਪੂਛਾਂ ਵਾਲੇ ਚਮਚੇ ਜ਼ਰੂਰ ਰੱਖਣੇ ਪੈਣਗੇ। ਫਿਰ ਤੁਹਾਡੀ ਪੂਛ ਨੂੰ ਕੋਈ ਖ਼ਤਰਾ ਨਹੀਂ। ਕਿਧਰੇ ਵੀ ਬੁਲਾਵੇ 'ਤੇ ਜਾਂਦੇ ਹੋ, ਪ੍ਰਧਾਨਗੀ ਮੰਡਲ ਵਿਚ ਤੁਹਾਡੀ ਸੀਟ ਰਾਖਵੀਂ ਹੈ। ਤੁਸੀ ਐਂਟਰੀ ਕੀਤੀ ਤੇ ਸਟੇਜ ਸਕੱਤਰ ਨੇ ਅਨਾਊਂਸ ਕੀਤਾ ਕਿ, 'ਫਲਾਣੀ ਸਭਾ, ਸੁਸਾਇਟੀ, ਵਰਕਰ ਯੂਨੀਅਨ, ਧਾਰਮਿਕ ਜਥੇਬੰਦੀ, ਮਿਸ਼ਨ ਜਾਂ ਵਿਸ਼ੇਸ਼ ਜਾਤੀ ਦੇ ਪ੍ਰਧਾਨ ਪਹੁੰਚੇ ਹਨ, ਉਨ੍ਹਾਂ ਦਾ ਸਵਾਗਤ ਹੈ, ਕਿਰਪਾ ਕਰਕੇ ਉਹ ਪ੍ਰਧਾਨਗੀ ਮੰਡਲ ਵਿਚ ਆ ਜਾਣ।' ਉਸ ਵਕਤ ਆਪੂੰ ਬਣੇ ਜਾਂ ਅਖੌਤੀ ਪ੍ਰਧਾਨ ਦੀ ਇੱਜ਼ਤ ਦਾ ਮਜ਼ਾ ਤਾਂ ਉਹੀ ਮਹਿਸੂਸ ਕਰ ਸਕਦਾ ਹੈ, ਜਿਸ ਦੇ ਪ੍ਰਧਾਨਗੀ ਦੀ ਪੂਛ ਲੱਗੀ ਹੋਵੇ। ਪ੍ਰਧਾਨਗੀ ਦੀ ਪੂਛ ਦਾ ਅਨੰਦ ਹੀ ਵੱਖਰਾ ਹੈ। ਵੱਡੇ-ਵੱਡੇ ਅਫ਼ਸਰ ਤੁਹਾਡੇ ਅੱਗੇ ਸਿਰ ਝੁਕਾ ਹੱਥ ਜੋੜ-ਜੋੜ ਪੂਛਲਾਂ ਹਿਲਾਉਂਦੇ ਫਿਰਦੇ ਹਨ ਕਿ ਪ੍ਰਧਾਨ ਸਾਹਿਬ ਦੀ ਸਵੱਲੀ ਨਿਗ੍ਹਾ ਸਾਡੇ 'ਤੇ ਮਿਹਰਬਾਨ ਹੋ ਜਾਵੇ। ਮਿਹਰਬਾਨ ਪੂਛ ਕਰਕੇ ਕਈ ਨਿਕੰਮੇ ਕੰਮ 'ਤੇ ਲੱਗ ਜਾਂਦੇ ਹਨ ਤੇ ਪ੍ਰਧਾਨਗੀ ਦੀ ਪੂਛ ਲਈ ਸਾਰੀ ਉਮਰ ਪੂਛਾਂ ਹਿਲਾਉਂਦੇ ਰਹਿੰਦੇ ਹਨ। ਇਸ ਰੁਤਬੇ ਦੀ ਜਾਣ-ਪਛਾਣ ਕਰਵਾਉਣ ਵਾਲਾ ਕਹੇਗਾ, 'ਸਰ ਇਹ ਨੇ ਫਲਾਣੀ ਸਤਿਸੰਗ ਕਮੇਟੀ, ਗਊ ਸ਼ਾਲਾ ਕਮੇਟੀ, ਸੇਵਾ ਸੰਮਤੀ, ਢਿਮਕੜਾ ਸੇਵਾ ਦਲ, ਹੱਡਾ ਰੋੜੀ, ਕੁੱਤਾ ਬਚਾਓ ਕਮੇਟੀ, ਫਲਾਂ ਸਭਾ ਦੇ ਪ੍ਰਧਾਨ।' ਉਸ ਵੇਲੇ ਪੂਛ ਆਕੜ ਕੇ ਕੰਡ ਨਾਲ ਲੱਗ ਜਾਂਦੀ ਹੈ।

ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੋਈ ਅਦਾਰਾ ਜਾਂ ਸੰਸਥਾ ਮੁਖੀ ਤੋਂ ਬਿਨਾਂ ਨਹੀਂ ਚਲਦੀ ਪਰ ਤੁਹਾਨੂੰ ਆਲੇ-ਦੁਆਲੇ ਸਮਾਜ ਵਿਚ ਐਸੇ ਲੋਕ ਮਿਲ ਜਾਣਗੇ ਜਿਨ੍ਹਾਂ ਕੋਲ ਕੇਵਲ ਤੇ ਕੇਵਲ ਪ੍ਰਧਾਨਗੀ ਦੀ ਪੂਛ ਤਾਂ ਹੁੰਦੀ ਹੈ ਪਰ ਹੋਰ ਕੁਝ ਨਹੀਂ ਹੁੰਦਾ। ਤੁਸੀਂ ਰਾਜਨੀਤੀ ਵਿਚ ਵੇਖਿਆ ਹੋਵੇਗਾ ਕਿ ਪ੍ਰਧਾਨਗੀ ਦੀ ਪੂਛ ਖ਼ਾਤਰ ਆਪਣੇ ਬੱਚਿਆਂ ਦੀ ਉਮਰ ਦੇ ਪ੍ਰਧਾਨਾਂ ਦੀ ਚਾਪਲੂਸੀ ਕਰਦਿਆਂ ਉਨ੍ਹਾਂ ਅੱਗੇ ਪੂਛ ਹਿਲਉਂਦਿਆਂ, ਉਸ ਦੀ ਵੱਡੀ ਪ੍ਰਧਾਨਗੀ ਦੀ ਕਾਮਨਾ ਕਰਦਿਆਂ ਹੀ ਉਮਰ ਬੀਤ ਜਾਂਦੀ ਹੈ। ਕਿਉਂਕਿ ਉਨ੍ਹਾਂ ਦੁਆਵਾਂ ਵਿਚ ਹੀ ਖੁਦ ਦੀ ਪ੍ਰਧਾਨਗੀ ਦੀ ਪੂਛ ਛੁਪੀ ਹੁੰਦੀ ਹੈ। ਇਹ ਤਾਂ ਸਾਰੇ ਜਾਣਦੇ ਹੀ ਹਨ ਕਿ ਪੂਛ ਬੈਠਣ ਲੱਗਿਆਂ ਥਾਂ ਸਾਫ਼ ਕਰਨ ਦੇ ਕੰਮ ਵੀ ਆਉਂਦੀ ਹੈ ਪਰ ਅਜਿਹੀਆਂ ਪੂਛਲਾਂ ਤਾਂ ਲੋਕਾਂ ਦੇ ਬੋਝੇ ਹੀ ਸਾਫ਼ ਕਰਦੀਆਂ ਹਨ।

ਲਓ ਜੀ, ਅਸੀਂ ਵੀ ਅੱਧੀ ਕੁ ਉਮਰ ਦੂਜਿਆਂ ਦੇ ਅੱਗੇ-ਪਿੱਛੇ ਪੂਛ ਹਿਲਾਉਂਦੇ ਪ੍ਰਧਾਨਗੀ ਦੀ ਪੂਛ ਲਵਾਉਣ 'ਚ ਕਾਮਯਾਬ ਹੋ ਹੀ ਗਏ। ਸਾਡੀ ਪ੍ਰਧਾਨਗੀ ਦੀ ਖ਼ਬਰ ਜਿਉਂ ਹੀ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣੀ ਤਾਂ ਫੋਨ ਸਾਹ ਨਾ ਲੈਣ ਦੇਵੇ। ਮੁਕਤਸਰੋਂ ਆਜ਼ਾਦ, 'ਭੰਗੂ ਸਾਹਬ ਪ੍ਰਧਾਨਗੀ ਦੀਆਂ ਮੁਬਾਰਕਾਂ', ਫਿਰੋਜ਼ਪੁਰੋਂ ਐੱਮ ਕੇ ਰਾਹੀ ਗਿਲਾ ਕਰੀ ਜਾਵੇ, 'ਯਾਰ ਪ੍ਰਧਾਨ ਕਾਹਦਾ ਬਣਿਆਂ ਮਾੜੇ ਬੰਦੇ ਦਾ ਫੋਨ ਈ ਨਹੀਂ ਚੱਕਦਾ! ਸਾਡੇ ਗੁਰੂ ਨੂਰ ਸੰਤੋਖਪੁਰੀ ਜੀ ਦਾ ਕਾਫ਼ੀ ਉਤਸ਼ਾਹ ਭਰਿਆ ਫੋਨ ਸੀ, 'ਅਖੇ ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ' ਯਾਰ ਚੰਗਾ ਛੜੱਪਾ ਮਾਰਿਆ ਈ, ਮੇਰੀ ਅੱਧੀ ਉਮਰ ਲੰਘ ਗਈ ਆ, ਪ੍ਰਧਾਨਗੀ ਦਾ ਜੁਗਾੜ ਕਿਵੇਂ ਬਣਾ ਲਿਆ?', ਹਾਲੇ ਗੱਲ ਚੱਲ ਹੀ ਰਹੀ ਸੀ, ਵਿਚੇ ਹੀ ਸੂਬੇਦਾਰ ਪਤੰਗ ਮੋਗੇ ਆਲੇ ਦਾ ਫੋਨ ਆ ਗਿਆ, 'ਭੰਗੂ ਮੈਨੂੰ ਪਤਾ ਆ ਤੇ ਤੂੰ ਵੀ ਜਾਣਦੈਂ, ਫ਼ੌਜ ਵਿਚ ਜਦੋਂ ਕੋਈ ਕਿਸੇ ਨੂੰ ਪੂਛ ਨਾ ਫੜਾਉਂਦਾ ਹੋਵੇ ਤਾਂ ਉਸ ਨੂੰ ਪ੍ਰਮੋਸ਼ਨ ਦੀ ਪੂਛ ਲਾ ਕੇ ਕਾਬੂ ਕੀਤਾ ਜਾਂਦਾ ਹੈ, ਹੁਣ ਡਟ ਕੇ ਜਵਾਨਾਂ ਵਾਂਗੂ ਪੂਛ ਦੀ ਲਾਜ ਰੱਖੀਂ, ਕਿਤੇ ਚੱਡਿਆਂ 'ਚ ਲੈ ਕੇ ਈ ਤੁਰਿਆ ਫਿਰੇਂ। ਮਹੱਤਵਪੂਰਨ ਪੂਛ ਲੈਣੀ ਕੋਈ ਖਾਲਾ ਜੀ ਦਾ ਵਾੜਾ ਨਹੀਂ।'

ਅਸੀਂ ਬੜੇ ਖੁਸ਼ ਸਾਂ ਮਿੱਤਰ ਪਿਆਰਿਆਂ ਦੇ ਫੋਨ ਸੁਣ ਕੇ। ਪ੍ਰਧਾਨਗੀ ਦਾ ਜਸ਼ਨ ਨਾ ਹੋਵੇ ਇਹ ਕਿਵੇਂ ਹੋ ਸਕਦਾ ਸੀ? ਪਹਿਲੇ ਦਿਨ ਹੀ ਪੈਂਤੀ ਸੌ ਨੂੰ ਬੁੱਕ ਲੱਗਾ, ਬੇਸ਼ੱਕ ਸਾਡੇ ਹਿੱਸੇ ਦੋ ਪੈੱਗ ਵਿਸਕੀ ਤੇ ਇਕ ਖਾਰੇ ਦੀ ਬੋਤਲ ਹੀ ਆਈ ਬਾਕੀ ਸਭ ਕੁਝ ਸਾਡੇ ਪਿੱਛੇ ਪੂਛਾਂ ਹਿਲਾਉਣ ਵਾਲੇ ਜਾਣਨ। ਅਸੀਂ ਗੁਲਾਬੀ ਜਿਹੇ ਹੋਏ ਆਪਣੇ ਖ਼ਾਸ ਮਿੱਤਰ 'ਤੇਜਾ ਤਿਕੜਮਬਾਜ਼' ਜੋ ਸਾਡੇ ਤੋਂ ਬਾਅਦ ਪ੍ਰਧਾਨਗੀ ਦੀ ਪੂਛ ਦਾ ਆਪਣੇ-ਆਪ ਨੂੰ ਦਾਅਵੇਦਾਰ ਸਮਝਦਾ ਸੀ, ਉਹਦੇ ਉੱਤੇ ਤੇ ਘਰ ਪਰਿਵਾਰ 'ਤੇ ਪ੍ਰਧਾਨਗੀ ਦਾ ਰੋਅਬ ਜਿਹਾ ਪਾਉਣ ਲਈ ਆਪਣੇ ਨਾਲ ਹੀ ਲੈ ਆਏ ਸਾਂ। ਕਾਫ਼ੀ ਲੇਟ ਜਿਉਂ ਹੀ ਘਰ ਦੀ ਡੋਰ ਬੈੱਲ ਦੇ ਬਟਨ 'ਤੇ ਹੱਥ ਰੱਖਣ ਹੀ ਲੱਗੇ ਸਾਂ ਕਿ ਅੰਦਰੋਂ ਸ੍ਰੀਮਤੀ ਉਰਫ਼ ਵੇਲਣਾ ਸਰਕਾਰ ਦੀ ਕੜਕਵੀਂ ਆਵਾਜ਼ ਕੰਨੀਂ ਪਈ, 'ਅੱਜ ਆ ਲੈਣ ਦੇ ਵੱਡੇ ਲਿਖਾਰੀ ਨੂੰ, ਅਖੇ ਮੈਂ ਪ੍ਰਧਾਨਗੀ ਦੀ ਪਾਰਟੀ ਦੇਣ ਜਾਣਾ ਆ, ਇਹਨੂੰ ਇਹ ਪਤਾ ਨਹੀਂ ਕਿ ਘਰ 'ਚ ਵੀ ਕਿਸੇ ਨੇ ਢਿੱਡ ਨੂੰ ਝੁਲਕਾ ਦੇਣਾ ਆ।'

ਬਸ ਫਿਰ ਕੀ ਸੀ, ਸਾਡੀ ਪ੍ਰਧਾਨਗੀ ਦੀ ਆਕੜੀ ਪੂਛ ਲੱਕ ਨਾਲ ਲੱਗੀ ਝੱਟ ਦੇਣੇ ਚੱਡਿਆਂ 'ਚ ਸੀ। ਤੇ ਪਤੰਗ ਦੇ ਬੋਲ ਕੰਨਾਂ 'ਚ ਗੂੰਜ ਰਹੇ ਸਨ। ਅਸੀਂ ਪਿੱਛੇ ਭਉਂ ਕੇ ਵੇਖਿਆ ਨਾਲ ਵਾਲੇ ਖ਼ਾਸ ਮਿੱਤਰ ਖੋਤੇ ਦੇ ਸਿੰਗਾਂ ਵਾਂਗ ਗਾਇਬ ਸਨ। ਅਸੀਂ ਬੀਬੇ ਰਾਣੇ ਬਣ ਕੇ ਘੰਟੀ ਦਾ ਜਗਦਾ ਬਟਨ ਦੱਬ ਦਿੱਤਾ। ਹੁਣ ਤੁਸੀਂ ਸੋਚ ਰਹੇ ਹੋਵੋਗੇ ਕਿ ਸਾਡੇ ਨਾਲ ਘਰ 'ਚ ਜਿਹੜੀ 'ਉਹ ਖਾਣੀ' ਹੋਈ ਉਹ ਵੀ ਲਿਖਾਂ। 'ਯਾਰ ਜ਼ਿੰਮੇਵਾਰ ਪ੍ਰਧਾਨ ਹਾਂ, ਐਨਾ ਬੇਵਕੂਫ਼ ਨਹੀਂ ਕਿ ਘਰ ਦੀ ਗੱਲ ਬਾਹਰ ਕੱਢਾਂ।' ਪਰ ਪੰਜਾਬੀ ਦੇ ਮੋਢੀ ਵਿਦਵਾਨਾਂ ਵਿਚੋਂ ਡਾ: ਮੋਹਨ ਸਿੰਘ ਦੀਵਾਨਾ ਜੀ ਦੇ ਲਿਖੇ ਬੋਲ ਜ਼ਿਹਨ 'ਚੋਂ ਨਹੀਂ ਵਿਸਰਦੇ, 'ਦੁਨੀਆ ਕੁੱਤੇ ਦੀ ਪੂਛਲ ਹੈ, ਇਸ ਨੇ ਸਿੱਧੀ ਹੋਣਾ ਕੀ!'

# ਪਰਵਾਸੀ ਪੰਜਾਬੀਆਂ ਦਾ ਧਿਆਨ ਪੰਜਾਬ ਵੱਲ ਰਹਿੰਦਾ ਹੈ

ਪ੍ਰੋ. ਕੁਲਬੀਰ ਸਿੰਘ





ਪੰਜਾਬੀ ਮੀਡੀਆ ਵਿਚ ਪਰਵਾਸੀ ਪੰਜਾਬੀਆਂ ਬਾਰੇ ਅਕਸਰ ਗੱਲ ਚੱਲਦੀ ਰਹਿੰਦੀ ਹੈ। ਕਦੇ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਅਤੇ ਕਦੇ ਉਨ੍ਹਾਂ ਦੀਆਂ ਸਮੱਸਿਆਵਾਂ, ਪ੍ਰੇਸ਼ਾਨੀਆਂ ਸੰਬੰਧੀ। ਕਦੇ ਸੱਤ ਸਮੁੰਦਰੋਂ ਪਾਰ ਕੀਤੇ ਉਨ੍ਹਾਂ ਦੇ ਸੰਘਰਸ਼ ਬਾਰੇ ਅਤੇ ਕਦੇ ਆਪਣੀ ਧਰਤੀ, ਅਪਣੇ ਘਰ-ਪਰਿਵਾਰ ਦੇ ਹੇਰਵੇ ਬਾਰੇ। ਕਦੇ ਵਿਦੇਸ਼ਾਂ ਵਿਚ ਉਨ੍ਹਾਂ ਨਲ ਹੁੰਦੇ ਵਿਤਕਰੇ ਦੇ ਪ੍ਰਸੰਗ ਵਿਚ ਅਤੇ ਕਦੇ ਆਰਥਿਕ ਅਸਾਵੇਂਪਨ ਤੇ ਮਹਿੰਗਾਈ ਦੇ ਇਸ ਦੌਰ ਵਿਚ ਜ਼ਿੰਦਗੀ ਦੀ ਤੋਰ ਨੂੰ ਰਵਾਂ ਰੱਖਣ ਵਿਚ ਪੇਸ਼ ਆਉਂਦੀਆਂ ਔਕੜਾਂ ਬਾਰੇ। ਇਨ੍ਹਾਂ ਸੱਭ ਬਾਰੇ ਗੱਲ ਕਰਦਿਆਂ ਪੰਜਾਬ ਦੀ, ਪੰਜਾਬੀ ਬੋਲੀ ਦੀ, ਪੰਜਾਬੀ ਜੀਵਨ ਦੀ, ਪੰਜਾਬੀ ਸਭਿਆਚਾਰ ਦੀ ਗੱਲ ਆਪਣੇ ਆਪ ਵਿਚ ਸ਼ਾਮਲ ਹੋ ਜਾਂਦੀ ਹੈ। ਇੰਝ ਹੀ ਹੋਇਆ ਜਦ ਬੀਤੇ ਦਿਨੀਂ ਡੀ ਡੀ ਪੰਜਾਬੀ ਦੇ ਚਰਚਿਤ ਪ੍ਰੋਗਰਾਮ 'ਗੱਲਾਂ ਤੇ ਗੀਤ' ਵਿਚ ਕੈਨੇਡਾ ਤੋਂ ਆਏ ਸ੍ਰੀ ਸਤਿੰਦਰਪਾਲ ਸਿੰਘ ਸਿਧਵਾਂ ਸ਼ਾਮਲ ਹੋਏ। ਉਹ ਚਰਚਿਤ ਮੀਡੀਆ ਸ਼ਖ਼ਸੀਅਤ ਹਨ ਅਤੇ ਕੈਨੇਡਾ ਦੇ ਸ਼ਹਿਰ ਟਰਾਂਟੋ ਵਿਚ ਲੰਮੇ ਸਮੇਂ ਤੋਂ ਬੇਹੱਦ ਚਰਚਿਤ ਸ਼ੋਅ 'ਪੰਜਾਬੀ ਲਹਿਰਾਂ' ਦਾ ਪ੍ਰਸਾਰਨ ਕਰ ਰਹੇ ਹਨ।

ਸਾਲ 2023 ਦੇ ਅੰਕੜਿਆਂ ਅਨੁਸਾਰ 32285425 ਦੇ ਕਰੀਬ ਭਾਰਤੀ ਵਿਦੇਸ਼ਾਂ ਵਿਚ ਵੱਸੇ ਹੋਏ ਹਨ। ਇਕ ਅਨੁਮਾਨ ਅਨੁਸਾਰ ਇਕ ਕਰੋੜ ਦੇ ਲੱਗ ਭੱਗ ਪੰਜਾਬੀ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿਚ ਜਾ ਵੱਸੇ ਹਨ। ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਯੂਰਪ ਦੇ ਮੁਲਕਾਂ ਵਿਚ ਇਹ ਗਿਣਤੀ ਵਧੇਰੇ ਹੈ।

ਇਸੇ ਪ੍ਰਸੰਗ ਵਿਚ ਸਤਿੰਦਰਪਾਲ ਸਿੰਘ ਸਿਧਵਾਂ ਨੇ ਦੱਸਿਆ ਕਿ ਭਾਵੇਂ ਉਹ ਵਿਦੇਸ਼ਾਂ ਵਿਚ ਜਾ ਵੱਸੇ ਹਨ ਪਰ ਉਨ੍ਹਾਂ ਦਾ ਧਿਆਨ ਪੰਜਾਬ ਵੱਲ ਰਹਿੰਦਾ ਹੈ। ਕਿਉਂ ਕਿ ਇੱਥੇ ਉਹ ਜੰਮੇ ਪਲੇ ਅਤੇ ਆਪਣੇ ਘਰ-ਪਰਿਵਾਰ ਦੇ ਅੰਗ ਸੰਗ ਮਹੱਤਵਪੂਰਨ ਵਰ੍ਹੇ ਬਤੀਤ ਕੀਤੇ। ਪੰਜਾਬ ਪਰਵਾਸੀ ਪੰਜਾਬੀਆਂ ਲਈ ਪੇਕੇ ਘਰ ਵਾਂਗ ਹੈ। ਉਨ੍ਹਾਂ ਦੱਸਿਆ ਕਿ ਕੈਨੇਡਾ ਵਿਚ ਜਿਹੜੇ ਟੈਲੀਵਿਜ਼ਨ, ਰੇਡੀਓ ਪ੍ਰੋਗਰਾਮ ਵਿਚ ਪੰਜਾਬ ਤੇ ਪੰਜਾਬੀ ਦੀ ਵਧੇਰੇ ਗੱਲ ਹੁੰਦੀ ਹੈ ਉਨ੍ਹਾਂ ਨੂੰ ਵਧੇਰੇ ਇਸ਼ਤਿਹਾਰ ਮਿਲਦੇ ਹਨ। ਉਥੇ ਜਿਹੜੇ ਘਰਾਂ ਵਿਚ ਬੱਚਿਆਂ ਨੂੰ ਪੰਜਾਬੀ ਬੋਲਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ ਉਹ ਬੱਚੇ ਅਸਾਨੀ ਨਾਲ ਪੰਜਾਬੀ ਬੋਲਣੀ ਸਿੱਖ ਜਾਂਦੇ ਹਨ। ਕਈ ਸਕੂਲਾਂ ਵਿਚ ਵੀ ਪੰਜਾਬੀ ਪੜ੍ਹਨ ਦੀ ਸਹੂਲਤ ਹੈ ਅਤੇ ਕਈ ਲੋਕਾਂ ਨੇ ਨਿੱਜੀ ਪੱਧਰ 'ਤੇ ਪੰਜਾਬੀ ਸਕੂਲ ਖੋਲ੍ਹੇ ਹੋਏ ਹਨ।

ਕੈਨੇਡਾ ਵਿਚ ਲੇਖਕ ਅਤੇ ਸਾਹਿਤ ਸਭਾਵਾਂ ਬਹੁਤ ਸਰਗਰਮ ਹਨ। ਕੋਈ ਨਾ ਕੋਈ ਪੰਜਾਬੀ ਸਮਾਗਮ-ਸਮਾਰੋਹ ਚੱਲਦਾ ਹੀ ਰਹਿੰਦਾ ਹੈ। ਸੱਭ ਤੋਂ ਵੱਧ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਕੈਨੇਡਾ ਵਿਚ ਹੁੰਦੀਆਂ ਹਨ। ਪ੍ਰੋਗਰਾਮ ਦੌਰਾਨ ਸਤਿੰਦਰਪਾਲ ਸਿੰਘ ਸਿਧਵਾਂ ਨੇ ਪੰਜਾਬੀ ਪਹਿਰਾਵੇ, ਵਿਆਹ-ਸ਼ਾਦੀਆਂ, ਪੰਜਾਬੀ ਰਵਾਇਤਾਂ ਅਤੇ ਕਦਰਾਂ-ਕੀਮਤਾਂ ਦਾ ਵਿਸ਼ੇਸ਼ ਜ਼ਿਕਰ ਕੀਤਾ।

### ਚੋਣ ਕਮਿਸ਼ਨ ਦੀ ਪਹਿਲਕਦਮੀ

ਪੰਜਾਬ ਵਿਚ ਪੇਡ ਨਿਊਜ਼ ਦੇ ਮਾਮਲਿਆਂ 'ਤੇ ਨਿਗਰਾਨੀ ਰੱਖਣ ਲਈ ਚੋਣ ਕਮਿਸ਼ਨ ਨੇ ਜ਼ਿਲ੍ਹਾ ਪੱਧਰ 'ਤੇ ਮੀਡੀਆ ਸਰਟੀਫਿਕੇਸ਼ਨ ਅਤੇ ਮੌਨੀਟਰਿੰਗ ਕਮੇਟੀਆਂ ਬਣਾਈਆਂ ਹਨ। ਸਮਝਿਆ ਜਾ ਰਿਹਾ ਹੈ ਕਿ ਪੇਡ ਨਿਊਜ਼ ਰੋਕਣ ਦੀ ਦਿਸ਼ਾ ਵਿਚ ਇਹ ਇਕ ਚੰਗਾ ਯਤਨ ਹੈ। ਸਖ਼ਤ ਹਦਾਇਤਾਂ ਜਾਰੀ ਕਰਦਿਆਂ ਨੋਡਲ ਅਫ਼ਸਰਾਂ ਨੂੰ ਤੁਰੰਤ ਕਾਰਵਾਈ ਦੇ ਅਧਿਕਾਰ ਦਿੱਤੇ ਗਏ ਹਨ। ਨੋਡਲ ਅਫ਼ਸਰ ਪੇਡ ਨਿਊਜ਼ ਦੀ ਰਿਪੋਰਟ ਕਰਨਗੇ।

ਜਿਵੇਂ ਜਿਵੇਂ ਚੋਣਾਂ ਨੇੜੇ ਆਉਂਦੀਆਂ ਜਾ ਰਹੀਆਂ ਹਨ ਤਿਵੇਂ ਤਿਵੇਂ ਮੀਡੀਆ ਵਿਚ ਚੋਣਾਵੀ ਸਰਗਰਮੀਆਂ ਨੂੰ ਵਧੇਰੇ ਕਵਰੇਜ ਮਿਲਣ ਲੱਗੀ ਹੈ। ਪੇਡ ਨਿਊਜ਼ ਦਾ ਰੁਝਾਨ ਕਾਫ਼ੀ ਪੁਰਾਣਾ ਹੈ ਅਤੇ ਸਮੇਂ ਨਾਲ, ਮੀਡੀਆ ਖੇਤਰ ਵਿਚ ਤੇਜ਼ੀ ਨਾਲ ਆ ਰਹੀਆਂ ਤਬਦੀਲੀਆਂ ਕਾਰਨ ਇਹ ਰੁਝਾਨ ਹੋਰ ਵੱਧਦਾ ਜਾ ਰਿਹਾ ਹੈ। ਪ੍ਰੈਸ ਕੌਂਸਲ ਆਫ਼ ਇੰਡੀਆ ਦੁਆਰਾ 2010 ਵਿਚ ਤਿਆਰ ਕੀਤੀ ਗਈ ਇਕ ਖੋਜ-ਆਧਾਰਿਤ ਰਿਪੋਰਟ ਵਿਚ ਇਸ ਰੁਝਾਨ ਦਾ ਖਲਾਸਾ ਵਿਸਥਾਰ ਵਿਚ ਕੀਤਾ ਗਿਆ ਸੀ।

ਭਾਵੇਂ ਇਸ ਰੁਝਾਨ ਦੀ ਹਰ ਪਾਸੇ ਹਰ ਪੱਧਰ 'ਤੇ ਆਲੋਚਨਾ ਹੁੰਦੀ ਹੈ ਪਰ ਜਿਵੇਂ ਕਿਵੇਂ ਇਹ ਰੁਝਾਨ ਪੂਰੀ ਤਰ੍ਹਾਂ ਰੁਕਿਆ ਨਹੀਂ ਹੈ।

ਮੰਨਿਆ ਜਾ ਰਿਹਾ ਹੈ ਕਿ ਇਸਦੀ ਸ਼ੁਰੂਆਤ 1950 ਦੇ ਇਰਦ ਗਿਰਦ ਹੋਈ। ਜਿਹੜੀ ਸਮੇਂ ਨਾਲ ਵੱਧਦੀ ਚਲੀ ਗਈ। ਮੀਡੀਆ ਦਾ ਇਕ ਹਿੱਸਾ ਹਰੇਕ ਚੋਣਾਂ ਦੌਰਾਨ ਇਸ ਰੁਝਾਨ ਤੋਂ ਵੱਧ ਤੋਂ ਵੱਧ ਲਾਹਾ ਲੈਣ ਦੀ ਕੋਸ਼ਿਸ਼ ਕਰਦਾ ਹੈ।

ਹੁਣ ਇਕ ਪਾਸੇ ਚੋਣ ਕਮਿਸ਼ਨ ਸਖ਼ਤੀ ਵਿਖਾ ਰਿਹਾ ਹੈ ਦੂਸਰੇ ਪਾਸੇ ਸੁਪਰੀਮ ਕੋਰਟ ਦੇ ਸਖ਼ਤ ਫ਼ੈਸਲੇ ਆ ਰਹੇ ਹਨ। ਸਰਕਾਰ ਵੱਲੋਂ ਇੰਟਰਨੈਟ ਮੀਡੀਆ 'ਤੇ ਵਿਸ਼ੇਸ਼ ਨਜ਼ਰ ਰੱਖਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਨ੍ਹਾਂ ਹਦਾਇਤਾਂ ਦਾ ਮਨੋਰਥ ਇਹ ਹੈ ਕਿ ਡਿਜ਼ੀਟਲ ਪਲੇਟਫਾਰਮ ਚੋਣ-ਪ੍ਰਕਿਰਿਆ ਨੂੰ ਪ੍ਰਭਾਵਤ ਨਾ ਕਰ ਸਕਣ। ਸਬੰਧਤ ਮਹਿਕਮੇ ਨੇ ਬੀਤੇ ਦਿਨੀਂ ਇਕ ਉੱਚ-ਪੱਧਰੀ ਮੀਟਿੰਗ ਕਰਨ ਉਪਰੰਤ ਐਕਸ, ਇੰਸਟਾ, ਫੇਸਬੁਕ ਅਤੇ ਵੱਟਸਐਪ ਜਿਹੇ ਮੰਚਾਂ ਨੂੰ ਸਖ਼ਤੀ ਨਾਲ ਕਿਹਾ ਹੈ ਕਿ ਉਹ ਪੱਖਪਾਤੀ ਸਮੱਗਰੀ ਨੂੰ ਰੋਕਣ ਦੇ ਪੁਖ਼ਤਾ ਪ੍ਰਬੰਧ ਕਰਨ। ਅਜਿਹੇ ਮੌਕਿਆਂ 'ਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਵਰਤੋਂ ਦੀਆਂ ਦੁਨੀਆਂ ਭਰ ਵਿਚੋਂ ਅਨੇਕਾਂ ਉਦਾਹਰਨਾਂ ਸਾਹਮਣੇ ਆ ਰਹੀਆਂ ਹਨ।

ਚੋਣਾਂ ਦੌਰਾਨ ਪੇਡ ਨਿਊਜ਼ ਰੋਕਣ ਲਈ ਚੋਣ ਕਮਿਸ਼ਨ ਦੀ ਪਹਿਲਕਦਮੀਂ ਸਰਾਹੁਣਯੋਗ ਹੈ। ਚੋਣ ਅਮਲ ਲੰਮਾ ਚੱਲਣ ਕਾਰਨ ਨੋਡਲ ਅਫ਼ਸਰਾਂ ਨੂੰ ਵਧੇਰੇ ਚੌਕਸ ਰਹਿਣ ਦੀ ਲੋੜ ਹੈ।

ਪੇਡ ਨਿਊਜ਼ ਦਾ ਸਹਾਰਾ ਲੈਣ ਵਾਲੇ ਮੀਡੀਆ ਨੂੰ ਇਸਦੀ ਕੀਮਤ ਤਾਰਨੀ ਪੈਂਦੀ ਹੈ। ਪਾਠਕਾਂ ਅਤੇ ਦਰਸ਼ਕਾਂ ਵਿਚ ਉਸਦੀ ਭਰੋਸੇਯੋਗਤਾ ਅਤੇ ਵਿਸ਼ਵਾਸ ਨੂੰ ਵੱਡਾ ਖੋਰਾ ਲੱਗਦਾ ਹੈ।

## "ਤਬਾਹੀ" ਦੇ ਇੱਕ ਕਲਿਪ ਨੇ ਯੂਟਿਊਬ ਤੇ ਆ ਪੰਜਾਬ ਦੇ ਨੇਤਾ ਫ਼ਿਕਰਾਂ ਵਿੱਚ ਪਾਏ, ਫ਼ਿਲਮ ਅਪ੍ਰੈਲ ਨੂੰ ਆਊ



ਟਰੇਲਰ ਯੂਟਿਊਬ ਤੇ ਅਜੇ ਇੱਕ ਤੇ ਓਹ ਵੀ ਗਾਣੇ ਦਾ ਆਇਆ ਕਿ ਪੰਜਾਬ ਦੇ ਕਈ ਨੇਤਾ ਫ਼ਿਕਰਾਂ ਵਿੱਚ ਹਨ ਕਿ ਓਹਨਾਂ ਦੇ ਕੰਮ ਜਨਤਕ ਕਰੇਗੀ ਇਹ ਫਿਲਮ। ਯੂਟਿਊਬ ਤੇ ਫੇਸਬੁੱਕ ਤੇ ਕੁਮੈਂਟ ਆ ਰਹੇ ਨੇ ਪੰਜਾਬ ਲੁੱਟਿਆ ਇੰਜ ਜਾਂਦਾ ਸੀ,ਹਕੂਮਤ ਵਿਦੇਸ਼ੀਂ ਚਲਵਾ ਰਹੀ ਹੋਏ ਤਾਂ ਬੱਚਿਆਂ ਦੇ ਭਵਿੱਖ ਨੂੰ ਕੌਣ ਪੁੱਛੇਗਾ। ਜਸਪਿੰਦਰ ਨਰੂਲਾ ਦਾ ਨਵੇਂ ਰੂਪ ਵਿਚ ਗਾਣਾ ਡੀ ਜੇ ਨਰਿੰਦਰ ਨੇ ਪਾਇਆ ਏ "ਰਲ ਕਿ ਗੁਜਾਰਾਂਗੇ ਰਾਤ" ਤੇ ਪਾਰਟੀ ਦੇ ਦ੍ਰਿਸ਼ ਨੇ ਰਾਜਨੀਤਕ ਲੋਕਾਂ ਦੇ ਬੁਰੇ ਚਿਹਰੇ ਨੰਗੇ ਕਰਨੇ ਹਨ। ਅਪ੍ਰੈਲ ਦੇ ਪਹਿਲੇ ਹਫਤੇ ਆ ਰਹੀ ਬਲਬੀਰ ਟਾਂਡਾ ਦੀ ਇਹ ਫਿਲਮ ਇਕਬਾਲ ਢਿੱਲੋਂ ਨੇ ਬਣਾਈ ਹੈ। ਪੂਜਾ ਸ਼ਾਰਦਾ ਗਾਬਾ, ਸਵਰਨ ਸਿੰਘ, ਜਰਮਨਜੀਤ ਸਿੰਘ ਤੇ ਦਲੇਰ ਮਹਿਤਾ ਫਿਲਮ ਦੇ ਮੁੱਖ ਸਿਤਾਰੇ ਹਨ। ਫਿਲਮ ਦੇ ਗੀਤ ਖਵਾਜ਼ਾ ਪਰਵੇਜ਼ ਨੇ ਲਿਖੇ ਹਨ ਤੇ ਸੁਰਜੀਤ ਮੁਵੀਜ਼ ਇਸ ਨੂੰ ਦਰਸ਼ਕਾਂ ਤੱਕ ਪਹੁੰਚਦਾ ਕਰ ਰਹੀ ਹੈ। ਫ਼ਿਲਮ ਦੇ ਪੋਸਟਰ ਨੇ ਅਜੇ ਪੂਰੀ ਚਰਚਾ ਲੈਣੀ ਹੈ ਜਿਸ ਤੇ ਸਾਧਾਂ ਦੇ ਰੂਪ ਅੱਯਾਸ਼ ਰਾਜਨੇਤਾ ਦੇ ਰੂਪ ਤੇ ਅੱਜ ਦੇ ਯੁਵਾ ਦਾ ਰੂਪ ਦਿਖਾਇਆ ਗਿਆ ਹੈ ਕਿ ਕਿਵੇ ਓਹ ਰੋਜ਼ਗਾਰ ਲਈ ਤਰਲੇ ਲੈਂਦੇ ਨੇ ਤੇ ਨੌਕਰੀਆਂ ਮੰਤਰੀਆਂ ਦੇ ਰਿਸ਼ਤੇਦਾਰਾਂ ਨੂੰ ,ਖ਼ੈਰ ਦੇਖੋ ਫ਼ਿਲਮ ਕਿਵੇਂ ਇਹਨਾਂ ਦੇ ਪਾਜ ਉਘੇਰਦੀ ਹੈ।

-ਅੰਮ੍ਰਿਤ ਪਵਾਰ

## ਜੰਮ ਕੇ ਵਲੈਤ, ਬੋਲੇ ਫਿਰ ਵੀ ਪੰਜਾਬੀ, ਗਾਏ ਪੰਜਾਬੀ, ਇਹ ਹੈ ਮਾਂ ਦੀ ਬੋਲੀ ਨਾਲ ਸੱਚਾ ਪਿਆਰ ਤੇ ਨਿਭਾ ਰਿਹੈ ਗਾਇਕ, ਸੰਗੀਤਕਾਰ ਸੁਖਸ਼ਿੰਦਰ ਸ਼ਿੰਦਾ



ਦਿੱਗਜ ਸੰਗੀਤਕਾਰ ਹੈ ਸੁਖਸ਼ਿੰਦਰ ਸ਼ਿੰਦਾ ਤੇ ਕਮਾਲ ਦੇਖੋ ਜੰਮਪਲ ਵਿਦੇਸ਼ ਦਾ ਪਰ ਬੋਲੀ ਪੰਜਾਬੀ ਤੇ ਗਾਇਕੀ ਸੰਗੀਤਕਾਰ ਵੀ ਪੰਜਾਬੀ ਇਹ ਸੱਚੀਂ ਹੱਕਦਾਰ ਦੁਆਵਾਂ ਦਾ ਜਿਹੜਾ ਗਾਂਵਦਾ ਪੰਜਾਬੀ ਤੇ ਗੋਰੇ ਵੀ ਨਚਾ ਦਿੰਦਾ ਹੈ। ਅਨੇਕਾਂ ਹਿੱਟ ਗਾਣੇ ਓਸ ਦੇ ਸੰਗੀਤ ਵਿੱਚ ਆਏ ਨੇ ਅਮਰਿੰਦਰ ਗਿੱਲ ਤੋਂ ਮਨਜੀਤ ਪੱਪੂ ਤੱਕ ਮੰਨਦੇ ਨੇ ਕਿ ਜਿਹੜਾ ਗਾਣਾ ਸ਼ਿੰਦਾ ਬਾਈ ਦੇ ਸੰਗੀਤ ਵਿੱਚ ਆਇਆ ਓਹ ਸਦਾਬਹਾਰ ਬਣ ਗਿਆ। ਗੱਲ ਗਾਇਕੀ ਦੀ ਤਾਂ ਬੁੱਲਾਂ ਤੇ ਚੜ੍ਹੇ ਓਸ ਦੇ ਗਾਏ ਗੀਤ ਤੇ ਧਾਰਮਿਕ ਗੀਤ ਆਪਣਾ ਹੀ ਚੰਗਾ ਸਥਾਨ ਰੱਖਦੇ ਹਨ। ਸੁਖਸ਼ਿੰਦਰ ਸ਼ਿੰਦਾ ਅੱਜ ਵੀ ਗਾਇਕ ਤੇ ਸੰਗੀਤਕਾਰ ਵੱਜੋਂ ਸਰਗਰਮ ਹਨ। ਸ਼ਿੰਦਾ ਨਾਲ ਕਾਫੀ ਦੇਰ ਤੋਂ ਕੰਮ ਕਰ ਰਹੇ ਓਹਨਾਂ ਦੀ ਪੰਜਾਬ ਟੀਮ ਦੇ ਖਾਸ ਪ੍ਰਸਿੱਧ ਗੀਤਕਾਰ ਬੱਲੀ ਜੇਠੂਵਾਲ ਆਖਦੇ ਨੇ ਕਿ ਸੁੱਖ ਨਾਲ ਗਾਇਕੀ ਦਾ ਸ਼ਿੰਦਾ ਪੁੱਤ ਅਰਥਾਤ ਲਾਡਲਾ ਸੁਖਸ਼ਿੰਦਰ ਸ਼ਿੰਦਾ ਫ਼ਿਲਮੀ ਸੰਗੀਤਕਾਰ ਵੀ ਨੇ ਤੇ ਓਹਨਾਂ ਦੇ ਪ੍ਰਸੰਸਕ ਚਾਹੁੰਦੇ ਨੇ ਕਿ ਸ਼ਿੰਦਾ ਵੀ ਪੰਜਾਬੀ ਫ਼ਿਲਮਾਂ ਵਿੱਚ ਕੰਮ ਕਰੇ ਤੇ ਬਤੌਰ ਨਾਇਕ ਆ ਕਿ ਆਪਣੀ ਲੋਕਪ੍ਰਿਯਤਾ ਹੋਰ ਜਿਆਦਾ ਬਣਾਏ। ਵਿਦੇਸ਼ੀਂ ਧਰਤੀ ਪਰ ਜਿਸਮ ਵਿੱਚ ਵਾਸ ਪੰਜਾਬੀਅਤ ਦਾ, ਸੁਰ ਰਾਜਾ ਤੇ ਸੰਗੀਤ ਦਾ ਧਨੀ ਸੁਖਸ਼ਿੰਦਰ ਸ਼ਿੰਦਾ ਹੋਰ ਤਰੱਕੀ ਕਰੇ ਸ਼ੁਭ ਕਾਮਨਾਵਾਂ, ਸਾਡੇ ਬੱਚੇ ਘਰੇ ਹਿੰਦੀ ਬੋਲਣ, ਅੰਗਰੇਜ਼ੀ ਬੋਲਣ ਪਰ ਸ਼ਿੰਦੇ ਘਰੇ ਪੰਜਾਬੀ ਚਲਦੀ ਹੋਏਗੀ ਤਾਂ ਹੀ ਅੱਜ ਓਹ ਪੰਜਾਬੀ ਸੋਹਣੀ ਬੋਲ ਲੈਂਦੇ ਹਨ। ਸੁਖਸ਼ਿੰਦਰ ਸ਼ਿੰਦਾ ਦੇ ਧਾਰਮਿਕ ਗਾਣੇ ਅੱਜ ਵੀ ਨਗਰ ਕੀਰਤਨ ਵਕਤ ਵੱਜਦੇ ਹਨ। ਭੰਗੜਾ ਗੀਤ ਡੀ ਜੇ ਦਾ ਸ਼ਿੰਗਾਰ ਬਣਦੇ ਹਨ। ਪੰਜਾਬੀ ਗਾਇਕੀ ਨੂੰ ਬਹੁਤ ਆਸਾਂ ਆਪਣੇ ਇਸ ਪੁੱਤਰ ਤੋਂ ਹਨ। ਨਵੇਂ ਗਾਣੇ ਨਾਲ ਸ਼ਿੰਦਾ ਜਲਦੀ ਹਾਜ਼ਿਰ ਹੋਣ ਵਾਲਾ ਹੈ।

-ਅੰਮ੍ਰਿਤ ਪਵਾਰ

# ਲੋਕ ਘੋਲਾਂ ਅਤੇ ਸਾਹਿਤਕਾਰਾਂ ਦੀ ਧਰਤੀ ਵਜੋਂ ਜਾਣਿਆਂ ਜਾਂਦਾ ਪਿੰਡ ਕੁੱਸਾ ਹੁਣ ਗੈਂਗਸਟਰਾਂ ਦੀ ਭੂਮੀ ਵਜੋਂ ਪ੍ਰਚੱਲਤ ਹੋਣ ਲੱਗਾ


✪ "ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ 'ਕੁੱਸਾ ਪਿੰਡ ਫਿਰ ਆਇਆ ਚਰਚਾ ਵਿੱਚ ✪ "'ਸ਼ਾਰਪ ਛੂਟਰ ਮਾਨੂੰ ਕੁੱਸਾ ਇਸੇ ਪਿੰਡ ਨਾਲ ਸਬੰਧਿਤ
✪ "ਗੈਂਗਸਟਰ ਸੁਖਪ੍ਰੀਤ ਬੁੱਡਾ ਉਡਾ ਚੁੱਕਾ ਹੈ ਕਈ ਸੂਬਿਆਂ ਦੀ ਪੁਲੀਸ ਦੀ ਨੀਂਦ ✪ "ਜੇਲ੍ਹ ਜਾਣ ਤੋਂ ਬਾਅਦ ਹੀ ਗੈਂਗਸਟਰ ਬਣੇ ਤਿੰਨੋਂ ਨੌਜਵਾਨ

ਰਣਜੀਤ ਚੱਕ ਤਾਰੇਵਾਲ
+91 82646 05441



ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਹਲਕੇ ਦੇ ਪਿੰਡ ਕੁੱਸਾ ਦੇ 'ਸ਼ਾਰਪ ਛੂਟਰ ਮਨਪ੍ਰੀਤ ਮਾਨੂੰ ਉਰਫ਼ "ਮਾਨੂੰ ਕੁੱਸਾ" ਦਾ ਨਾਂ ਆਉਣ 'ਤੇ ਪਿੰਡ ਕੁੱਸਾ ਇੱਕ ਵਾਰ ਫਿਰ ਸੰਸਾਰ ਦੇ ਲੋਕਾਂ ਦੀ ਨਜ਼ਰ ਵਿੱਚ ਆ ਗਿਆ ਹੈ। ਇਸ ਤੋਂ ਪਹਿਲਾਂ ਇਸ ਪਿੰਡ ਦੇ ਦਵਿੰਦਰ ਬੰਬੀਹਾ ਗਰੁੱਪ ਦੇ ਗੈਂਗਸਟਰ ਸੁਖਪ੍ਰੀਤ ਬੁੱਡਾ ਨੇ ਵੀ ਕਈ ਸਾਲ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਦੀ ਪੁਲਸ ਦੀ ਨੀਂਦ ਉਡਾਈ ਰੱਖੀ, ਜੋ ਕਿ ਅੱਜ ਕੱਲ੍ਹ ਜੇਲ੍ਹ ਵਿੱਚ ਬੰਦ ਹੈ।

ਪਿੰਡ ਕੁੱਸਾ ਪੰਜਾਬ ਦੇ ਨਕਸ਼ੇ 'ਤੇ ਅੰਕਿਤ ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ ਦਾ ਅਹਿਮ ਪਿੰਡ ਹੈ। ਇਹ ਪਿੰਡ ਸਾਹਿਤਕਾਰਾਂ, ਕਵੀਸ਼ਰਾਂ, ਢਾਡੀਆਂ ਦੇ ਪਿੰਡ ਵਜੋਂ ਦੇਸ਼-ਵਿਦੇਸ਼ ਦੇ ਨਕਸ਼ੇ 'ਤੇ ਅੰਕਿਤ ਹੈ, ਕਿਉਂਕਿ ਇਸ ਪਿੰਡ ਵਿੱਚ ਵਿਸ਼ਵ-ਪ੍ਰਸਿੱਧ ਲੇਖਕ, ਸਾਹਿਤਕਾਰ, ਢਾਡੀ ਅਤੇ ਕਵੀਸ਼ਰ ਪੈਦਾ ਹੋਏ। ਵਿਸ਼ਵ-ਪ੍ਰਸਿੱਧ ਢਾਡੀ, ਮਰਹੂਮ ਗੁਰਬਖਸ਼ ਸਿੰਘ ਅਲਬੇਲਾ, ਅਮਰ ਸਿੰਘ ਸ਼ੌਂਕੀ, ਸੰਸਾਰ-ਪ੍ਰਸਿੱਧ ਨਾਵਲਕਾਰ ਅਤੇ ਫ਼ਿਲਮਕਾਰ ਸ਼ਿਵਚਰਨ ਜੱਗੀ ਕੁੱਸਾ (ਇੰਗਲੈਂਡ), ਕਰਮਜੀਤ ਸਿੰਘ ਕੁੱਸਾ, ਗਾਇਕ ਗੁਰਦੀਪ ਧਾਲੀਵਾਲ, ਗਾਇਕ ਗੁਰਮੀਤ ਕੁੱਸਾ ਕੈਨੇਡਾ, ਕਿੱਸਾਕਾਰ ਛੋਟਾ ਸਿੰਘ ਧਾਲੀਵਾਲ, ਕਵੀਸ਼ਰ ਧਰਮ ਸਿੰਘ ਧਾਲੀਵਾਲ, ਗੀਤਕਾਰ ਸ਼ਿੰਦਰ ਸਿੰਘ ਅਤੇ ਇਨਕਲਾਬੀ ਕਵੀ ਮਰਹੂਮ ਓਮ ਪ੍ਰਕਾਸ਼ ਕੁੱਸਾ.. ਆਦਿ ਉੱਚ-ਕੋਟੀ ਦੇ ਬੰਦੇ ਇਸੇ ਪਿੰਡ ਨੇ ਹੀ ਪੰਜਾਬੀਆਂ ਨੂੰ ਦਿੱਤੇ, ਜਿੰਨ੍ਹਾਂ ਨੇ ਪੰਜਾਬੀ ਮਾਂ-ਬੋਲੀ ਦੀ ਸੇਵਾ ਲਈ ਦਿਨ ਰਾਤ 'ਇੱਕ ਕੀਤਾ। ਇੱਥੇ ਹੀ ਨਹੀਂ, ਪਿੰਡ ਦਾ ਇੱਕ ਨੌਜਵਾਨ ਆਤਮਾ ਸਿੰਘ 1965 ਦੀ ਜੰਗ ਦਾ ਅਮਰ ਸ਼ਹੀਦ ਹੈ, ਜਿਸ ਨੇ ਦੇਸ਼ ਦੀ ਏਕਤਾ ਅਤੇ ਆਖੰਡਤਾ ਲਈ ਆਪਣਾ ਬਲੀਦਾਨ ਦਿੱਤਾ। ਇਹ ਪਿੰਡ 'ਘੋਲਾਂ ਵਜੋਂ ਜਾਣਿਆਂ ਜਾਂਦਾ ਹੈ। ਕਿਸਾਨ-ਮਜਦੂਰ-ਵਿਦਿਆਰਥੀ ਸੰਘਰਸ਼ ਦੇ ਵੱਡੇ ਘੋਲ ਲ਼ਇਸ੍ਰਪੰਡ ਦੀ ਧਰਤੀ ਤੋਂ ਸ਼ੁਰੂ ਹੋਏ ਅਤੇ ਬੜੀ ਸ਼ਿੱਦਤ ਨਾਲ ਲੜੇ ਗਏ। ਇਥੇ ਜ਼ਿਕਰਯੋਗ ਹੈ ਕਿ ਵਿਸ਼ਵ-ਪ੍ਰਸਿੱਧ ਨਾਵਲਕਾਰ ਅਤੇ ਫ਼ਿਲਮ ਮੇਕਰ ਸ਼ਿਵਚਰਨ ਜੱਗੀ ਕੁੱਸਾ ਦਾ ਨਾਂ ਸਿਖ਼ਰ 'ਤੇ ਹੈ, ਜਿਸ ਨੇ ਆਪਣੇ ਨਾਵਲਾਂ ਸਦਕਾ ਆਪਣੇ ਪਿੰਡ ਕੁੱਸਾ ਦਾ ਨਾਂ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਇਆ ਅਤੇ ਬੇਹੱਦ ਪ੍ਰਸਿੱਧੀ ਖੱਟੀ।



ਪ੍ਰਸਿੱਧ ਨਾਵਲਕਾਰ ਅਤੇ ਫ਼ਿਲਮ ਮੇਕਰ ਸ਼ਿਵਚਰਨ ਜੱਗੀ ਕੁੱਸਾ ਨੇ ਪਿੰਡ ਕੁੱਸਾ ਦਾ ਨਾਂ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਇਆ







ਪਰ ਹਰ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਇਸ ਪਿੰਡ ਦੇ ਨੌਜਵਾਨ ਪਿਛਲੇ ਕੁਝ ਸਮੇਂ ਤੋਂ ਆਪਣੇ ਪਿੰਡ ਦਾ ਸ਼ਾਨਾਮੱਤੀ ਇਤਿਹਾਸ ਭੁਲਾ ਕੇ ਅਪਰਾਧ ਦੀ ਦੁਨੀਆਂ ਵਿੱਚ ਸ਼ਾਮਲ ਹੋ ਰਹੇ ਹਨ। ਵਿਸ਼ਵ ਪੱਧਰ 'ਤੇ ਚਰਚਿਤ ਹੋਏ ਸਿੱਧੂ ਮੂਸੇਵਾਲਾ ਕਤਲ ਕਾਂਡ ਦੀ ਤਾਰ ਵੀ ਇਸ ਪਿੰਡ ਦੇ ਨੌਜਵਾਨ ਨਾਲ ਜੁੜਨ ਕਰ ਕੇ ਪਿੰਡ ਇੱਕ ਵਾਰ ਮੁੜ ਸੰਸਾਰ ਪੱਧਰ ਤੇ ਚਰਚਾ ਵਿੱਚ ਆਇਆ। ਦਿੱਲੀ ਪੁਲੀਸ ਵੱਲੋਂ ਕੀਤੇ ਖ਼ੁਲਾਸੇ ਵਿੱਚ ਜਿਸ ਨੌਜਵਾਨ 'ਸ਼ਾਰਪ ਛੂਟਰ ਮਨਪ੍ਰੀਤ ਮਾਨੂੰ ਦਾ ਜ਼ਿਕਰ ਆਇਆ ਹੈ, ਜਿਸ ਨੇ ਸਿੱਧੂ ਮੂਸੇਵਾਲਾ 'ਤੇ ਏ.ਕੇ. 47 ਨਾਲ ਹਮਲਾ ਕਰ ਕੇ ਉਸ ਨੂੰ ਕਤਲ ਕੀਤਾ, ਉਹ ਨੌਜਵਾਨ ਇਸੇ ਪਿੰਡ ਕੁੱਸਾ ਦਾਹੀ ਜੰਮਪਲ ਅਤੇ ਵਸਨੀਕਸੀ।

ਬੀਤੇ ਦਿਨੀ ਪੰਜਾਬੀ ਦੇ ਸੁਪਰ ਸਟਾਰ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਫੜੇ ਗਏ ਮੋਗਾ ਜਿਲ੍ਹੇ ਦੇ ਪਿੰਡ ਕੁੱਸਾ ਦੇ ਗੈਂਗਸਟਰ ਮਨਪ੍ਰੀਤ ਮਾਨੂੰ ਬਾਰੇ ਜਾਣਕਾਰੀ ਇਕੱਤਰ ਕਰਨ 'ਤੇ ਪਤਾ ਲੱਗਿਆ ਹੈ ਕਿ ਮਨਪ੍ਰੀਤ ਮਾਨੂੰ ਪਹਿਲਾਂ ਲੱਕੜ ਦਾ ਮਿਸਤਰੀ ਸੀ ਅਤੇ ਆਪਣੇ ਦੋ ਭਰਾਵਾਂ ਨਾਲ਼ 'ਕਾਰਪੇਂਟਰ ਦੀ ਦੁਕਾਨ ਚਲਾਉਂਦਾ ਸੀ। ਪਿੰਡ 'ਰੰਗੀਆਂ ਦਾ ਇੱਕ ਵਿਅਕਤੀ ਉਸ 'ਤੇ ਹਮਲਾ ਕਰਨ ਦੇ ਇਰਾਦੇ ਨਾਲ ਉਸ ਦੇ ਘਰ ਆਇਆ ਤਾਂ ਮਨਪ੍ਰੀਤ ਮਾਨੂੰ ਤੋਂ ਆਪਣੇ ਬਚਾਓ ਲਈ ਉਸ ਵਿਅਕਤੀ 'ਤੇ ਕੀਤੇ ਗਏ ਵਾਰ ਨਾਲ ਉਸ ਵਿਅਕਤੀ ਦੀ ਮੌਤ ਹੋ ਗਈ। ਕਤਲ ਦੇ ਮੁਕੱਦਮੇ ਵਿੱਚ ਨਾਮਜ਼ਦ ਹੋਣ ਤੋਂ ਬਾਅਦ ਉਹ ਜੇਲ੍ਹ ਚਲਾ ਗਿਆ। ਜੇਲ੍ਹ ਜਾਣ ਤੋਂ ਬਾਅਦ ਮਨਪ੍ਰੀਤ ਮਾਨੂੰ ਲਗਾਤਾਰ ਅਪਰਾਧ ਜਗਤ ਦੀ ਦੁਨੀਆਂ ਵਿੱਚ ਧਸਦਾ ਗਿਆ।

ਜੇਲ੍ਹ ਤੋਂ ਛੁੱਟੀ ਆਉਣ ਉਪਰੰਤ ਮਾਨੂੰ ਨੇ ਆਪਣੇ ਛੋਟੇ ਭਾਈ ਗੁਰਦੀਪ ਸਿੰਘ ਗੋਰਾ ਨਾਲ ਰਲ ਕੇ ਇੱਕ ਨੌਜਵਾਨ ਦਾ ਕਤਲ ਕਰ ਦਿੱਤਾ, ਜਿਸ ਤੋਂ ਬਾਅਦ ਮਨਪ੍ਰੀਤ ਮਾਨੂੰ ਆਪਣੇ ਭਰਾ ਨਾਲ਼ ਜੇਲ੍ਹ ਚਲਾ ਗਿਆ। ਸਮਝਿਆ ਜਾਂਦਾ ਹੈ ਕਿ ਜੇਲ੍ਹ 'ਚੋਂ ਹੀ ਇੰਨ੍ਹਾਂ ਦੋ ਭਰਾਵਾਂ ਦੇ ਸਬੰਧ ਬਿਸ਼ਨੋਈ ਗਰੁੱਪ ਨਾਲ ਬਣੇ। ਜਾਣਕਾਰੀ ਮੁਤਾਬਿਕ ਮਨਪ੍ਰੀਤ ਮਾਨੂੰ 'ਤੇ ਕੁੱਲ 14 ਅਪਰਾਧਿਕ ਮਾਮਲੇ ਦਰਜ਼ ਹਨ, ਜਿੰਨ੍ਹਾਂ ਵਿੱਚ 4 ਕਤਲ ਦੇ ਮਾਮਲੇ ਹਨ। ਥਾਣਾ ਬੱਧਨੀ ਕਲਾਂ ਵਿਖੇ ਮਨਪ੍ਰੀਤ ਮਾਨੂੰ ਉਪਰ 5 ਵੱਖੋ-ਵੱਖਰੇ ਮੁਕੱਦਮੇ ਦਰਜ਼ ਹਨ। ਮਜ੍ਹਬੀ ਸਿੱਖ ਮਜਦੂਰ ਪ੍ਰੀਵਾਰ ਨਾਲ ਸਬੰਧਿਤ ਮਨਪ੍ਰੀਤ ਮਾਨੂੰ ਦਾ ਪਿੰਡ ਕੁੱਸਾ ਵਿਚਲਾ ਘਰ ਬੰਦ ਵੇਖਿਆ ਗਿਆ, ਕਿਉਂਕਿ ਉਸ ਦੇ ਦੂਸਰੇ ਭਰਾ ਗੁਰਦੀਪ ਸਿੰਘ ਗੋਰਾ ਅਤੇ ਸ਼ਮਸ਼ੇਰ ਸਿੰਘ ਵੀ ਫ਼ਰੀਦਕੋਟ ਦੀ ਜੇਲ੍ਹ ਵਿੱਚ ਅਪਰਾਧਿਕ ਮਾਮਲਿਆਂ ਵਿੱਚ ਬੰਦ ਹਨ। ਉਸ ਦੇ ਮਾਤਾ ਪਿਤਾ ਘਰ ਵਿੱਚ ਨਹੀਂ ਸਨ। ਉਸ ਦੇ ਘਰ ਅੱਗੇ ਪੁਲੀਸ ਵੱਲੋਂ ਇੱਕ ਨੋਟਿਸ ਵੀ ਲਗਾਇਆ ਗਿਆ ਸੀ।

ਬਾਅਦ ਵਿੱਚ, 20 ਜੁਲਾਈ 2022 ਨੂੰ ਪਾਕਿਸਤਾਨ ਦੇ ਬਾਰਡਰ ਏਰੀਏ ਦੇ ਪਿੰਡ ਭਕਨਾ, ਜਿਲ੍ਹਾ ਅੰਮ੍ਰਿਤਸਰ ਵਿੱਚ ਮੁਕਾਬਲੇ ਵਿੱਚ ਮਾਰੇ ਗਏ ਮਨਪ੍ਰੀਤ ਮਾਨੂੰ ਨੂੰ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ 'ਮੁੱਖ ਛੂਟਰ ਮੰਨਿਆਂ ਗਿਆ ਸੀ। ਇਸ ਤੋਂ ਪਹਿਲਾਂ ਚਰਚਾ ਵਿੱਚ ਆਏ ਪਿੰਡ ਕੁੱਸਾ ਦੇ ਦਵਿੰਦਰ ਬੰਬੀਹਾ ਗਰੁੱਪ ਦੇ ਗੈਂਗਸਟਰ ਸੁਖਪ੍ਰੀਤ ਬੁੱਡਾ ਵੀ ਇੱਕ ਸ.ਫਲ ਕਿਸਾਨ ਅਤੇ ਗੱਡੀਆਂ ਦਾ ਮਕੈਨਿਕ ਸੀ। ਉਸ ਦੀ ਕਹਾਣੀ ਵੀ ਮਨਪ੍ਰੀਤ ਮਾਨੂੰ ਨਾਲ ਮਿਲਦੀ ਜੁਲਦੀ ਹੈ। ਆਪਣੇ ਦੋਸਤ ਨਾਲ ਹੋਈ ਤਕਰਾਰ ਵਿੱਚ ਸੁਖਪ੍ਰੀਤ ਬੁੱਡਾ ਤੋਂ ਆਪਣੇ ਦੋਸਤ ਦੀ ਮੌਤ ਹੋ ਗਈ, ਜਿਸ ਦੇ ਦੋਸ਼ ਵਿੱਚ ਉਸ ਖ਼ਿਲਾ.ਫ ਕਤਲ ਦਾ ਮੁਕੱਦਮਾਂ ਥਾਣਾ ਬੱਧਨੀ ਕਲਾਂ ਵਿਖੇ ਦਰਜ਼ ਹੋ ਗਿਆ, ਜਿਸ ਵਿੱਚ ਉਸ ਨੂੰ ਉਮਰ ਕੈਦ ਦੀ ਸਜ਼ਾ ਬੋਲ ਗਈ। ਜੇਲ੍ਹ ਵਿੱਚ ਹੀ ਉਸ ਦੇ ਸਬੰਧ ਦਵਿੰਦਰ ਬੰਬੀਹਾ ਦੇ ਗਰੁੱਪ ਨਾਲ ਬਣੇ। ਜੇਲ੍ਹ ਵਿੱਚੋਂ 'ਪੈਰੋਲ 'ਤੇ ਬਾਹਰ ਆਉਣ ਤੋਂ ਬਾਅਦ ਉਹ ਭਗੌੜਾ ਹੋ ਗਿਆ ਅਤੇ ਦਵਿੰਦਰ ਬੰਬੀਹਾ ਦੇ ਗਰੁੱਪ ਵਿੱਚ ਸ਼ਾਮਲ ਹੋ ਗਿਆ। ਇੱਥੇ ਹੀ ਉਸ ਦਾ ਦਹਿਸ਼ਤ ਦੀ ਦੁਨੀਆਂ ਵਿੱਚ ਸ.ਫਰ ਸ਼ੁਰੂ ਹੋ ਗਿਆ। ਉਸ 'ਤੇ ਵੀ ਪੰਜਾਬ ਤੋਂ ਇਲਾਵਾ ਵੱਖ-ਵੱਖ ਸੂਬਿਆਂ ਵਿੱਚ ਕਤਲ ਅਤੇ ਅਪਰਾਧਿਕ ਮਾਮਲੇ ਦਰਜ਼ ਹਨ ਅਤੇ ਉਹ ਵੀ ਇਸ ਸਮੇਂ ਜੇਲ੍ਹ ਵਿੱਚ ਬੰਦ ਹੈ।

ਇਸੇ ਹੀ ਪਿੰਡ ਦਾ ਇੱਕ ਨੌਜਵਾਨ ਹੈ ਪਰਬਤ ਸਿੰਘ ਕੁੱਸਾ। ਇਹ ਮਾੜੀ ਮੁਸਤ.ਫਾ ਪਿੰਡ ਦੇ ਗੈਂਗਸਟਰ ਹਰਜੀਤ ਸਿੰਘ ਪੈਂਟਾ ਨੂੰ ਕਤਲ ਕਰਨ ਦੇ ਜ਼ੁਰਮ ਵਿੱਚ ਜੇਲ੍ਹ ਭੁਗਤ ਰਿਹਾ ਹੈ। ਇਹ ਵੀ ਬਿਸ਼ਨੋਈ ਗਰੁੱਪ ਨਾਲ ਸਬੰਧ ਰੱਖਦਾ ਸੀ ਅਤੇ ਮਾਨੂੰ ਕੁੱਸਾ ਦਾ ਹੀ ਸਾਥੀ ਰਿਹਾ ਹੈ ।ਹੁਣ ਲੋਕ ਸਰਕਾਰ 'ਤੇ ਇਹ ਸੁਆਲ ਉਠਾ ਰਹੇ ਹਨ ਕਿ ਪੰਜਾਬ ਦੀਆਂ ਜੇਲ੍ਹਾਂ'ਸੁਧਾਰ ਘਰ ਹਨ? ਜਾਂ ਨੌਜਵਾਨਾਂ ਨੂੰ ਅਪਰਾਧ ਜਗਤ ਵੱਲ ਧੱਕਣ ਦਾ ਸਥਾਨ? ਕਿਉਂਕਿ ਜੇਲ੍ਹ ਵਿੱਚ ਜਾਣ ਤੋਂ ਬਾਅਦ ਹੀ ਪਿੰਡ ਕੁੱਸਾ ਦੇ ਇਹ ਨੌਜਵਾਨ ਅਪਰਾਧ ਜਗਤ ਵੱਲ ਧੱਕੇ ਗਏ। ਇੱਥੇ ਹੀ ਨਹੀਂ, ਹੋਰ ਨੌਜਵਾਨ ਵੀ ਜੇਲ੍ਹ ਜਾਣ ਤੋਂ ਬਾਅਦ ਚੰਗੇ ਨਾਗਰਿਕ ਬਣਨ ਦੀ ਵਜਾਇ, ਅਪਰਾਧਿਕ ਜ਼ਿੰਦਗੀ ਜਿਉਂ ਰਹੇ ਹਨ, ਜੋ ਕਿ ਸਰਕਾਰਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ 'ਤੇ ਬਹੁਤ ਵੱਡੇ ਪ੍ਰਸ਼ਨ ਚਿੰਨ੍ਹ ਹਨ!

# ਇਸਲਾਮ ਦਾ ਜ਼ਕਾਤ ਅਤੇ ਸਿੱਖ ਧਰਮ ਦਾ ਦਸਵੰਧ ਦੋਹਾਂ ਵਿਚ ਹੈ ਭਲੇ ਦਾ ਸਬੰਧ

## 11 ਅਪ੍ਰੈਲ ਈਦੁਲ-ਫ਼ੀਤਰ

ਰਮੇਸ਼ ਬੱਗਾ ਚੋਹਲਾ
ਮੋਬ : 9463132719



ਇਸਲਾਮ ਦੇ ਪੰਜ ਥੰਮਾਂ (ਬੁਨਿਆਦੀ ਸਿਧਾਤਾਂ) ਵਿਚ ਜ਼ਕਾਤ ਦਾ ਬਹੁਤ ਹੀ ਅਹਿਮਤਰੀਨ ਸਥਾਨ ਹੈ। ਜ਼ਕਾਤ ਤੋਂ ਭਾਵ ਉਸ ਦਾਨ ਤੋਂ ਹੈ ਜਿਹੜਾ ਉਨ੍ਹਾਂ ਪਦਾਰਥਾਂ ਜਾਂ ਧਨ ਵਿਚੋਂ ਦਿੱਤਾ ਜਾਂਦਾ ਹੈ ਜੋ ਇੱਕ ਮੁਸਲਮਾਨ ਕੋਲ ਉਸ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰੀਆਂ ਕਰਨ ਉਪਰੰਤ ਬਚ ਜਾਂਦਾ ਹੈ ਜ਼ਕਾਤ ਦੇਣ ਦਾ ਮੁੱਖ ਮਨੋਰਥ ਮਨੁੱਖਤਾ ਵਿਸ਼ੇਸ਼ ਕਰਕੇ ਗ਼ਰੀਬਾਂ, ਅਨਾਥਾਂ, ਬੀਮਾਰਾਂ ਅਤੇ ਲੋੜਵੰਦਾਂ ਦੀ ਭਲਾਈ ਹੈ।

ਜ਼ਕਾਤ ਦੇਣਾ ਇੱਕ ਸੱਚੇ-ਸੁੱਚੇ ਮੁਸਲਮਾਨ ਦਾ ਫ਼ਰਜ਼ ਹੈ। ਕੁਰਆਨ ਅਤੇ ਹਦੀਸ ਦੀ ਰੋਸ਼ਨੀ ਵਿਚ ਸਮੂਹ ਮੁਸਲਿਮ ਭਾਈਚਾਰਾ ਇਸ ਗੱਲ ਨਾਲ ਇਤਫ਼ਾਕ ਰੱਖਦਾ ਹੈ ਕਿ ਜਿਹੜਾ ਮੁਸਲਮਾਨ ਜ਼ਕਾਤ ਦੇ ਫ਼ਰਜ਼ ਤੋਂ ਇਨਕਾਰੀ ਹੋਵੇਗਾ, ਉਸ ਦਾ ਸ਼ੁਮਾਰ ਕਾਫ਼ਰਾਂ ਵਿਚ ਹੋਵੇਗਾ ਅਤੇ ਆਖ਼ਰਤ ਵੇਲੇ ਸਖ਼ਤ ਸਜ਼ਾਵਾਂ ਦਾ ਭਾਗੀਦਾਰ ਬਣੇਗਾ।

ਅੱਲਾਹ ਤਆਲਾ ਨੇ ਕੁਰਆਨ ਵਿਚ ਇਹ ਵੀ ਫ਼ਰਮਾਇਆ ਹੈ ਕਿ ਜਿਹੜੇ ਧਨ ਪਦਾਰਥਾਂ ਨੂੰ ਜੋੜ ਕੇ ਰੱਖਦੇ ਹਨ ਅਤੇ ਉਸ ਨੂੰ ਅੱਲਾਹ ਦੇ ਰਾਹ ਵਿਚ ਖਰਚ ਨਹੀਂ ਕਰਦੇ ਉਹ ਦੋਜ਼ਖ ਦੀ ਅੱਗ ਦੇ ਸੇਕ ਤੋਂ ਨਹੀਂ ਬਚ ਸਕਦੇ।

ਹਜ਼ੂਰ ਨਬੀ ਕਰੀਮ ਦਾ ਫ਼ਰਮਾਨ ਹੈ ਕਿ 'ਜਦੋਂ ਕਿਸੇ ਮੁਸਲਮਾਨ ਦੇ ਮਾਲ ਵਿਚ ਜ਼ਕਾਤ ਰਲ ਜਾਵੇ ਤਾਂ ਉਹ ਮਾਲ ਉਸ ਲਈ ਹਲਾਕਤ ਦੇ ਸਮਾਨ ਹੈ।'

ਇਸਲਾਮ ਵਿਚ ਜ਼ਕਾਤ ਨੂੰ ਇੱਕ ਇਬਾਦਤ ਕਰਕੇ ਜਾਣਿਆਂ ਜਾਂਦਾ ਹੈ ਅਤੇ ਇਸ ਨੂੰ ਅੱਲਾਹ ਦਾ ਹੁਕਮ ਸਵੀਕਾਰਿਆ ਜਾਂਦਾ ਹੈ।

ਇੱਕ ਮੁਸਲਮਾਨ ਵਲੋਂ ਆਪਣਾ ਪਾਕਿ ਫ਼ਰਜ ਸਮਝ ਕੇ ਅਦਾ ਕੀਤੀ ਜਾਣ ਵਾਲੀ ਜ਼ਕਾਤ ਨੂੰ ਲੈਣ ਦਾ ਅਸਲੀ ਪਾਤਰ/ਹੱਕਦਾਰ ਕੌਣ ਹੈ ਇਸ ਬਾਬਤ ਕੁਰਆਨ ਵਿਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ:-

1. ਫ਼ਕੀਰ ਤੇ ਜ਼ਰੂਰਤਮੰਦ:- ਇਨ੍ਹਾਂ ਵਿਚ ਉਹ ਲੋਕ ਸ਼ਾਮਿਲ ਹਨ ਜਿਨ੍ਹਾਂ ਕੋਲ ਕੁੱਝ ਮਾਇਆ ਤਾਂ ਹੈ ਪਰ ਉਨ੍ਹਾਂ ਦੀਆਂ ਵਾਜ਼ਿਬ ਲੋੜਾਂ ਨੂੰ ਪੂਰਾ ਨਹੀਂ ਕਰਦੀ। ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਵੀ ਇਹ ਲੋਕ ਕਿਸੇ ਅੱਗੇ ਆਪਣੇ ਹੱਥ ਨਹੀਂ ਫੈਲਾਉਂਦੇ।

2. ਮਿਸਕੀਨ ਤੇ ਅਨਾਥ:-ਇਸ ਵਰਗ ਦੇ ਲੋਕਾਂ ਦੀ ਝੋਲੀ ਆਮ ਤੌਰ 'ਤੇ ਸੱਖਣੀ ਹੀ ਰਹਿੰਦੀ ਹੈ ਅਤੇ ਇਹ ਗ਼ਰੀਬਾਂ ਵਾਲੀ ਲਾਈਨ ਤੋਂ ਵੀ ਹੇਠਾਂ ਹੀ ਹੁੰਦੇ ਹਨ। ਇਸ ਵਰਗ ਵਿਚ ਅਨਾਥ, ਮੁਥਾਜ, ਅਪਹਾਜ ਅਤੇ ਵਿਧਵਾ ਔਰਤਾਂ ਸ਼ਾਮਿਲ ਹਨ। ਬੇਰੁਜ਼ਗਾਰ ਭਾਈਚਾਰਾ ਵੀ ਇਸ ਵਿਚ ਹੀ ਸ਼ਾਮਿਲ ਕੀਤਾ ਜਾਂਦਾ ਹੈ।

3. ਆਮਿਲੀਨਾ:-ਇਸ ਸ਼੍ਰੇਣੀ ਵਿਚ ਉਹ ਲੋਕ ਆਉਂਦੇ ਹਨ ਜਿਨ੍ਹਾਂ ਦੇ ਨਾਮ ਹਕੂਮਤ ਵੱਲੋਂ ਜ਼ਕਾਤ ਦੀ ਵਸੂਲੀ ਲਈ ਮੁਕੱਰਰ ਕੀਤੇ ਜਾਂਦੇ ਹਨ ਭਾਵ ਉਨ੍ਹਾਂ ਦੀ ਤਨਖ਼ਾਹ ਜ਼ਕਾਤ ਵਿਚੋਂ ਦਿੱਤੀ ਜਾਂਦੀ ਹੈ।

4. ਮੁਅੱਲਫ਼ਤੁਲ ਕੁਲੂਬ:-ਇਸ ਵਿਚ ਉਹ ਲੋਕ ਆਉਂਦੇ ਹਨ ਜਿਨ੍ਹਾਂ ਨੂੰ ਇਸਲਾਮ ਦਾ ਹਾਮੀ ਬਣਾਈ ਰੱਖਣ ਲਈ ਰੁਪਏ ਦੀ ਲੋੜ ਪੇਸ਼ ਆਵੇ। ਇਸ ਫੰਡ ਨਾਲ ਨਵੇਂ ਬਣੇ ਮੁਸਲਿਮ ਲੋਕਾਂ ਨੂੰ ਵੀ ਸੰਤੁਸ਼ਟ ਕੀਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਦਾ ਮਨ ਇਸਲਾਮ ਵਿਚ ਲੱਗਾ ਰਹੇ।

5. ਫ਼ਿੱਰਿਕਾਬ:-ਜੇ ਕੋਈ ਵਿਅਕਤੀ ਗ਼ੁਲਾਮੀ ਦੀ ਜੰਜੀਰ ਤੋਂ ਛੁਟਕਾਰਾ ਚਾਹੁੰਦਾ ਹੈ ਪਰ ਉਸ ਕੋਲ ਪੈਸੇ ਨਹੀਂ ਹਨ ਤਾਂ ਉਸ ਦੀ ਸਹਾਇਤਾ ਵੀ ਜ਼ਕਾਤ ਦੀ ਰਕਮ ਨਾਲ ਕੀਤੀ ਜਾ ਸਕਦੀ ਹੈ। ਜੇਕਰ ਕੋਈ ਮੁਸਲਿਮ ਕੈਦੀ ਬਿੰਨਾ ਕਿਸੇ ਕਸੂਰ ਤੋਂ ਕੈਦ ਭੁਗਤ ਰਿਹਾ ਹੋਵੇ ਅਤੇ ਕੁੱਝ ਜੁਰਮਾਨਾ ਅਦਾ ਕਰਕੇ ਉਸ ਦਾ ਖਹਿੜਾ ਛੁੱਟ ਜਾਂਦਾ ਹੋਵੇ ਤਾਂ ਉਸ ਜੁਰਮਾਨੇ ਦੀ ਰਾਸ਼ੀ ਵੀ ਜ਼ਕਾਤ ਵਿਚੋਂ ਦਿੱਤੀ ਜਾ ਸਕਦੀ ਹੈ।

6. ਅਲਗਾਰਿਮੀਨ:-ਇਹ ਉਹ ਲੋਕ ਹਨ ਜਿਨ੍ਹਾਂ ਦੇ ਸਿਰ 'ਤੇ ਕਰਜ਼ੇ ਦੀ ਭਾਰੀ ਪੰਡ ਹੋਵੇ ਅਤੇ ਇਸ ਬੋਝ ਕਾਰਨ ਉਨ੍ਹਾਂ ਨੂੰ ਜੀਵਨ ਔਖਿਆਲਾ ਲੱਗਣ ਲੱਗ ਪਏ। ਇਨ੍ਹਾਂ ਦੇ ਜੀਵਨ ਕੁੱਝ ਸੁਖਾਲਾ ਕਰਨ ਹਿੱਤ ਵੀ ਜ਼ਕਾਤ ਦੀ ਲੋੜੀਂਦੀ ਵਰਤੋਂ ਕੀਤੀ ਜਾ ਸਕਦੀ ਹੈ। ਪਰ ਇਸ ਮਦ ਵਿਚ ਕਿਸੇ ਐਸ਼ ਬਿਰਤੀ ਜਾਂ ਫ਼ਜ਼ੂਲ ਖ਼ਰਚੇ ਹਿੱਤ ਲਏ ਕਰਜ਼ੇ ਨੂੰ ਉਤਾਰਨਾ ਸ਼ਾਮਿਲ ਨਹੀਂ ਹੈ।

7. ਫ਼ੀਸਬੀ ਲਿੱਲਾਹ:-ਇਸ ਮਦ ਅਧੀਨ ਹਰੇਕ ਭਾਂਤ ਦੇ ਨੇਕ ਅਤੇ ਸ਼ੁਭ ਕਾਰਜ ਆਉਂਦੇ ਹਨ ਪਰ ਤਰਜੀਹੀ ਰੂਪ ਵਿਚ ਦੀਨ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਕੀਤੇ ਜਾਣ ਵਾਲੇ ਕਾਰਜ ਸ਼ਾਮਿਲ ਹਨ। ਅੱਲਾਹ ਦੁਆਰਾ ਬਣਾਏ ਗਏ ਮਾਨਵ ਹਿੱਤਕਾਰੀ ਕਾਨੂੰਨਾਂ ਨੂੰ ਸੰਸਾਰ ਵਿਚ ਲਾਗੂ ਕਰਨ ਲਈ ਵਰਤੇ ਜਾਂਦੇ ਜਾਇਜ਼ ਢੰਗ-ਤਰੀਕਿਆਂ ਲਈ ਜ਼ਕਾਤ ਦੀ ਵਰਤੋਂ ਕੀਤੀ ਜਾ ਸਕਦੀ ਹੈ।

8. ਇਬਨੁੱਸਬੀਲ (ਮੁਸਾਫ਼ਿਰ):-ਇਸ ਵਿਚ ਉਹ ਮੁਸਾਫ਼ਿਰ ਆਉਂਦੇ ਜਿਹੜੇ ਸਫ਼ਰ ਦੀ ਹਾਲਤ ਵਿਚ ਕਿਰਾਏ-ਭਾੜੇ ਅਤੇ ਹੋਰ ਖ਼ਰਚੇ ਲਈ ਮਜਬੂਰ ਅਤੇ ਆਪਣੀ ਨਿਰਧਾਰਿਤ ਮੰਜ਼ਿਲ ਤੋਂ ਦੂਰ ਹੁੰਦੇ ਹਨ। ਭਾਵੇਂ ਪ੍ਰਚਲਿਤ ਵਿਧਾਨ ਦੇ ਮੁਤਾਬਿਕ ਜ਼ਕਾਤ ਦੀ ਰਕਮ ਨੂੰ ਮਦਰੱਸਿਆਂ ਦੀ ਬੇਹਤਰੀ ਲਈ ਖਰਚ ਕਰਨ ਨੂੰ ਪਹਿਲ ਦਿੱਤੀ ਜਾਂਦੀ ਹੈ ਪਰ ਕੁਰਆਨ ਮਜੀਦ ਵਿਚ ਦਰਸਾਈਆਂ ਉਪਰੋਕਤ ਮੱਦਾਂ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ।

ਦਸਵੰਧ :-ਇਸਲਾਮ ਦੇ ਵਾਂਗ ਸਿੱਖ ਧਰਮ ਵੀ ਸਰਬੱਤ ਦੇ ਭਲੇ ਦਾ ਹਾਮੀ ਹੈ। ਨਿਮਾਣਿਆਂ ਦਾ ਮਾਣ ਅਤੇ ਨਿਆਸਰਿਆਂ ਦਾ ਆਸਰਾ ਬਣਨਾ ਸਿੱਖੀ ਦੀ ਵਿਸ਼ੇਸ਼ ਪਹਿਚਾਣ ਰਹੀ ਹੈ। ਇਸ ਤਹਿਤ ਹੀ 'ਗੁਰੂ ਕੀ ਗੋਲਕ ਨੂੰ ਗ਼ਰੀਬ ਦਾ ਮੂੰਹ' ਕਹਿ ਕੇ ਵਿਚਾਰਿਆ ਅਤੇ ਪ੍ਰਚਾਰਿਆ ਜਾਂਦਾ ਹੈ। ਇਸ ਗੋਲਕ ਦੀ ਭਰਪੂਰਤਾ ਹਿੱਤ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢਣ ਲਈ ਵਿਸ਼ੇਸ਼ ਹੁਕਮ ਦਿੱਤਾ ਹੋਇਆ। ਇਸ ਹੁਕਮ/ਉਪਦੇਸ਼ ਨੂੰ ਕਮਾਉਣ ਵਾਲੇ ਸਿੱਖਾਂ ਦੀ ਕਮਾਈ ਨਾਲ ਹੀ ਬਿਨਾ ਕਿਸੇ ਵੱਖਰੇਵੇਂ ਦੇ ਲੋੜਵੰਦਾਂ ਦੀਆਂ ਲੋੜਾਂ ਨੂੰ ਪੂਰਿਆ ਜਾਂਦਾ ਹੈ।

ਉਪਰੋਕਤ ਵਿਚਾਰ ਤੋਂ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਇਸਲਾਮੀ 'ਜ਼ਕਾਤ' ਅਤੇ ਸਿੱਖੀ ਦੇ 'ਦਸਵੰਧ' ਦੋਵਾਂ ਦਾ ਉਦੇਸ਼ ਕਲਿਆਣਕਾਰੀ ਹੈ, ਪਰ ਇਨ੍ਹਾਂ ਦਾ ਦਾਇਰਾ ਆਪੋ ਆਪਣਾ ਹੈ।

## ਮਿੰਨੀ ਕਹਾਣੀ : ਦੂਰੀ

'ਮਾਸਟਰ ਜੀ ! ਕਿੰਨੇ ਕੁ ਦਿਨ ਚੱਲੂ ਅਜੇ ਹੋਰ ਕਰਫ਼ੂ।'

ਨੰਬਰਦਾਰਾਂ ਦੇ ਸੀਰੀ ਗਿੰਦੇ ਨੇ ਘਰ ਦੇ ਦਰਵਾਜ਼ੇ ਦੇ ਬਾਹਰ ਬੈਠ ਕੇ ਅਖ਼ਬਾਰ ਪੜ੍ਹ ਰਹੇ ਮਾਸਟਰ ਪਰਸਨ ਸਿੰਘ ਨੂੰ ਪੁੱਛਿਆ।

'ਜਦੋਂ ਤੱਕ ਦੇਸ਼ ਪੂਰੀ ਤਰ੍ਹਾਂ ਕੋਰੋਨੇ ਤੋਂ ਮੁਕਤ ਨਹੀਂ ਹੋ ਜਾਂਦਾ, ਗਿੰਦਰ ਸਿੰਹਾਂ।'ਮਾਸਟਰ ਪਰਸਨ ਸਿੰਘ ਨੇ ਅਖ਼ਬਾਰ ਵੱਲੋਂ ਆਪਣਾ ਧਿਆਨ ਹਟਾਉਂਦੇ ਹੋਏ ਕਿਹਾ।

'ਮਾਸਟਰ ਜੀ ! ਮੁਕਤੀ ਭਲਾ ਕਿਵੇਂ ਮਿਲੂ,ਕਹਿੰਦੇ ਨੇ ਇਸ ਬਿਮਾਰੀ 'ਤੇ ਕੋਈ ਦਵਾਈ ਅਸਰ ਹੀ ਨਹੀਂ ਕਰਦੀ।'

ਗਿੰਦਰ ਸੀਰੀ ਨੇ ਲੋਕ ਚਰਚਾ ਨੂੰ ਆਧਾਰ ਬਣਾ ਕੇ ਆਪਣਾ ਪੱਖ ਪੇਸ਼ ਕੀਤਾ।

'ਦਵਾਈ ਤਾਂ ਕੋਈ ਨਹੀਂ ਗਿੰਦਰਾ, ਬੱਸ ਸਮਾਜਿਕ ਦੂਰੀ ਹੀ ਇਸ ਦਾ ਇੱਕੋ ਇੱਕ ਹੱਲ ਹੈ, ਨਾਲੇ ਤੂੰ ਵੀ ਨੰਬਰਦਾਰਨੀ ਤੋਂ ਦੂਰੀ ਬਣਾ ਕੇ ਰੱਖਿਆ ਕਰ ਅੱਜਕੱਲ੍ਹ।

ਮਾਸਟਰ ਪਰਸਨ ਸਿੰਘ ਨੇ ਨੰਬਰਦਾਰਾਂ ਦੇ ਕਾਮੇ ਨੂੰ ਮਖ਼ੌਲ ਕਰਦਿਆਂ ਕਿਹਾ।

'ਸਾਡੀ ਦੂਰੀ ਤਾਂ ਮਾਸਟਰ ਜੀ ਕਈ ਸਾਲਾਂ ਤੋਂ ਪਈ ਆ ਰਹੀ ਹੈ। ਨੰਬਰਦਾਰਾਂ ਦੇ ਘਰ ਅਸੀਂ ਤਿੰਨ ਪੀੜ੍ਹੀਆਂ ਤੋਂ ਸੀਰ ਕਰਦੇ ਆ ਰਹੇ ਹਾਂ। ਪਹਿਲਾਂ ਮੇਰਾ ਬਾਬਾ ਉਨ੍ਹਾਂ ਦੇ ਚੌਂਕੇ ਤੋਂ ਪੰਜ ਫੁੱਟ ਦੂਰ ਭੁੰਜੇ ਬੈਠ ਕੇ ਰੋਟੀ ਖਾਇਆ ਕਰਦਾ ਸੀ, ਉਸ ਤੋਂ ਬਾਅਦ ਬਾਪੂ ਅਤੇ ਹੁਣ ਮੈਂ ਵੀ ਬਾਹਰਲੇ ਬਰਾਂਡੇ ਦੀ ਬੁਰਜੀ ਨਾਲ ਬੈਠ ਕੇ ਖਾਂਦਾ ਹਾਂ। ਕੋਰੋਨੇ ਦੀ ਬਿਮਾਰੀ ਵਾਲੀ ਸਮਾਜਿਕ ਦੂਰੀ ਤਾਂ ਕੁੱਝ ਮਹੀਨਿਆਂ ਬਾਅਦ ਮਿੱਟ ਜਾਵਗੀ ਪਰ ਉਚ-ਨੀਚ ਦੀ ਬਿਮਾਰੀ ਵਾਲੀ ਦੂਰੀ ਸ਼ਾਇਦ ਸਾਡੀ ਅਗਲੀਆਂ ਪੀੜ੍ਹੀਆਂ ਤੱਕ ਵੀ ਇਸ ਤਰ੍ਹਾਂ ਹੀ ਬਣੀ ਰਹੇ।'

ਆਪਣੇ ਅਤੇ ਆਪਣੇ ਪਰਿਵਾਰ ਨਾਲ ਜੁੜੇ ਵਿੱਥਵਾਦੀ ਸੱਚ ਨੂੰ ਬਿਆਨਕੇ ਗਿੰਦਰ ਨੰਬਰਦਾਰਾਂ ਦੀ ਮੋਟਰ ਵੱਲ ਨੂੰ ਰਵਾਨਾ ਹੋ ਗਿਆ।-

-ਰਮੇਸ਼ ਬੱਗਾ ਚੋਹਲਾ ਮੋਬ : 9463132719

ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ

ਲੜੀਵਾਰ ਨਾਵਲ




ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ-45**

# ਕੋਸੀ ਧੁੱਪ ਦਾ ਨਿੱਘ

"ਭਗਵਾਨ ਬੁੱਧ ਦੇ ਕੋਲ ਇੱਕ ਵਾਰ ਇੱਕ ਆਦਮੀ ਨੂੰ ਕੁਛ ਲੋਕ ਲੈ ਆਏ, ਉਹ ਆਦਮੀ ਅੰਨ੍ਹਾਂ ਸੀ, ਉਸ ਦੇ ਕੋਲ ਅੱਖਾਂ ਨਹੀਂ ਸੀ। ਉਸ ਦੇ ਮਿੱਤਰਾਂ ਨੇ ਭਗਵਾਨ ਬੁੱਧ ਨੂੰ ਆ ਕੇ ਕਿਹਾ ਕਿ ਇਹ ਆਦਮੀ ਨੇਤਰਹੀਣ ਹੈ ਅਤੇ ਸਾਡਾ ਮਿੱਤਰ ਐ। ਅਸੀਂ ਇਹਨੂੰ ਸਮਝਾਉਂਦੇ ਹਾਂ ਕਿ ਪ੍ਰਕਾਸ਼ ਹੈ, ਚਾਨਣ ਹੈ, ਅਸੀਂ ਸਮਝਾਉਂਦੇ ਹਾਂ ਕਿ ਸੂਰਜ ਹੈ, ਪਰ ਇਹ ਮੰਨਣ ਨੂੰ ਤਿਆਰ ਨਹੀਂ! ਇਹ ਕਹਿੰਦੈ ਕਿ ਕਿਵੇਂ ਹੋ ਸਕਦੈ...? ਅਸੀਂ ਇਸ ਨੂੰ ਕਹਿੰਦੇ ਹਾਂ ਕਿ, ਹੈ..! ਤਰਕ ਦਿੰਦੇ ਹਾਂ, ਤਾਂ ਇਹ ਕਹਿੰਦਾ ਹੈ ਕਿ ਮੈਂ ਤੁਹਾਡੇ ਪ੍ਰਕਾਸ਼ ਨੂੰ ਹੱਥ ਲਾ ਕੇ ਦੇਖਣਾ ਚਾਹੁੰਦਾ ਹਾਂ। ਜਰਾ ਪ੍ਰਕਾਸ਼ ਨੂੰ ਲੈ ਆਓ, ਮੈਂ ਹੱਥ ਲਾ ਕੇ ਵੇਖ ਲਵਾਂ...। ਚਾਨਣ ਤਾਂ ਅਸੀਂ ਇਹਦੇ ਕੋਲ਼ ਲੈ ਆਉਂਦੇ ਹਾਂ, ਪਰ ਇਹ ਹੱਥ ਨਹੀਂ ਲਾ ਪਾਉਂਦਾ,




## ਕਾਂਡ 18

ਇਸ ਲਈ 1922 ਦੇ ਕੇਰਲਾ ਦੇ ਦੰਗੇ ਮਸ਼ਹੂਰ ਹੋ ਗਏ..!"

-"............।"

-"ਇਹੀ ਦੰਗਿਆਂ ਦੀ ਰਾਜਨੀਤੀ ਐ ਪਿਆਰਿਓ, ਜੋ ਅੱਜ ਵੀ ਬਾਦਸਤੂਰ ਜਾਰੀ ਹੈ..! ਸਥਾਨ ਤੇ ਤਰੀਕੇ ਜ਼ਰੂਰ ਬਦਲ ਜਾਂਦੇ ਨੇ, ਤੇ ਅਸੀਂ ਧਰਮਾਂ ਪਿੱਛੇ ਲੜ ਕੇ ਇਹਨਾਂ ਸਿਆਸਤਦਾਨਾਂ ਦੀ ਇੱਛਾ ਹੀ ਪੂਰੀ ਕਰ ਰਹੇ ਹੁੰਦੇ ਹਾਂ..! ਦੇਸ਼ ਸਿਰਫ਼ ਨਾਅਰਿਆਂ ਨਾਲ਼ ਨਹੀਂ ਚੱਲਦਾ, ਪੇਟ ਸਿਰਫ਼ ਭਾਸ਼ਨਾਂ ਨਾਲ਼ ਨਹੀਂ ਭਰਦਾ..! ਬਾਰਡਰ, ਪਹਾੜ, ਨਦੀਆਂ ਦੇਸ਼ ਨਹੀਂ ਹੁੰਦੀਆਂ, ਦੇਸ਼ ਬਣਦਾ ਹੈ ਉਥੋਂ ਦੇ ਲੋਕਾਂ ਨਾਲ਼..! ਕਿਸੇ ਵੀ ਦੇਸ਼ ਦੀ ਤਰੱਕੀ ਦਾ ਪੈਮਾਨਾ ਉਥੋਂ ਦੇ ਲੋਕਾਂ ਦੇ ਜੀਵਨ ਸਟੈਂਡਰਡ ਤੋਂ ਮਾਪਿਆ ਜਾਂਦਾ ਐ, ਨਾ ਕਿ ਉਸ ਦੇਸ਼ ਦੇ ਝੰਡੇ ਤੋਂ..! ਅਮਰੀਕਾ ਦੇ ਲੋਕ ਆਪਣੇ ਦੇਸ਼ ਦੇ ਝੰਡੇ ਦਾ ਕੱਛਾ ਬਣਾ ਕੇ ਪਾ ਲੈਂਦੇ ਨੇ, ਇਸ ਦਾ ਮਤਲਬ ਇਹ ਨਹੀਂ ਹੁੰਦਾ ਕਿ ਉਹ ਆਪਣੇ ਦੇਸ਼ ਦੇ ਝੰਡੇ ਨੂੰ ਪਿਆਰ ਨਹੀਂ ਕਰਦੇ..! ਰਾਸ਼ਟਰਵਾਦੀ ਹੋਣ ਦਾ ਅਰਥ ਸਿਰਫ਼ ਨਾਅਰੇ ਤੱਕ ਹੀ ਸੀਮਤ ਨਹੀਂ ਹੈ, ਸਗੋਂ ਦੇਸ਼ ਦੀ ਹਰ ਸਮੱਸਿਆ ਨਾਲ਼ ਨਿਪਟਣ ਦਾ ਹੱਲ ਲੱਭਣ ਵਿੱਚ ਹੈ..! ਜਿੰਨਾਂ ਚਿਰ ਸਾਡੀ ਜਨਤਾ ਸਰਕਾਰਾਂ ਦੇ ਇਹਨਾਂ ਧਾਰਮਿਕ ਛੜਯੰਤਰਾਂ ਦੇ ਸ਼ੋਸ਼ਿਆਂ 'ਚੋਂ ਅਜ਼ਾਦ ਹੋ ਕੇ ਇੱਕ ਮੁੱਠ ਨਹੀਂ ਹੋ ਜਾਂਦੀ, ਓਨਾਂ ਚਿਰ ਸਾਡੀ ਜਨਤਾ ਦੀ ਲੁੱਟ ਹੁੰਦੀ ਰਹੂਗੀ, ਤੇ ਲੋਕ ਕੁੱਟੇ ਤੇ ਦਰੜੇ ਜਾਂਦੇ ਰਹਿਣਗੇ...! ਜੇ ਹੁਣ ਵੀ ਨਵੀਂ ਪੀੜ੍ਹੀ ਪੁਰਾਣੀਆਂ ਪੀੜ੍ਹੀਆਂ ਮਗਰ ਅੱਖਾਂ ਮੀਟ ਕੇ ਤੁਰੀ ਗਈ, ਤਾਂ ਇੱਕ ਗੱਲ ਚੇਤੇ ਰੱਖਿਓ, ਨਾ ਤੁਸੀਂ ਆਪ ਰਹੋਂਗੇ, ਤੇ ਨਾ ਹੀ ਥੋਡਾ ਧਰਮ ਬਚੇਗਾ...! ਜੇ ਬੰਦਾ ਹੀ ਨਾ ਰਿਹਾ, ਧਰਮ ਕਿੱਥੋਂ ਰਹੂ..? ਧਰਮ ਵੀ ਬੰਦੇ ਨਾਲ਼ ਹੀ ਜਿਉਂਦਾ ਰਹੂ..? ਜੇ ਅਸੀਂ ਤੁਸੀਂ ਹੁਣ ਵੀ ਨਾ ਸੁਧਰੇ, ਤੇ ਲੀਰ ਦੇ ਫ਼ਕੀਰ ਹੋ ਕੇ ਤੁਰੇ ਗਏ, ਤਾਂ ਅਸੀਂ ਆਉਣ ਵਾਲ਼ੀਆਂ ਪੀੜ੍ਹੀਆਂ ਵਾਸਤੇ ਬੰਜਰ ਤੇ ਝੁਲ਼ਸਿਆ ਹੋਇਆ ਮੁਲਕ ਛੱਡ ਕੇ ਜਾਵਾਂਗੇ..! ਅੱਜ ਲੋੜ ਹੈ ਦੁਨੀਆਂ ਦੇ ਲੋਕਾਂ ਨੂੰ ਆਪਣੇ ਗਿਲੇ-ਸ਼ਿਕਵੇ, ਪਾਰਟੀਬਾਜ਼ੀ, ਧਾਰਮਿਕ ਖਹਿਬਾਜ਼ੀ ਭੁਲਾ ਕੇ ਇੱਕ ਹੋਣ ਦੀ, ਤਾਂ ਕਿ ਇਹਨਾਂ ਗਿੱਦੜਮਾਰ ਸਰਕਾਰਾਂ ਦੇ ਛੜਯੰਤਰਾਂ ਨੂੰ ਤਹਿਸ ਨਹਿਸ ਕੀਤਾ ਜਾ ਸਕੇ, ਤੇ ਪੂੰਜੀਪਤੀਆਂ ਨੂੰ ਨੱਥ ਪਾਈ ਜਾ ਸਕੇ...!"

-"ਪਰ ਕਾਮਰੇਡ, ਸਾਡਾ ਮੀਡੀਆ ਵੀ ਧਨਾਢਾਂ ਦੀ ਰਖੇਲ ਬਣ ਕੇ ਤੁਰਦੈ..!"

-"ਚਾਹੇ ਸਾਰਾ ਮੀਡੀਆ ਇੱਕੋ ਜਿਹਾ ਨਹੀਂ..! ਸਾਰੇ ਮੀਡੀਆ ਨੂੰ ਵੀ ਇੱਕੋ ਰੱਸੇ ਨਰੜਨਾ ਠੀਕ ਨਹੀਂ..! ਪੱਤਰਕਾਰੀ ਓਨਾਂ ਚਿਰ ਪੱਤਰਕਾਰੀ ਰਹਿੰਦੀ ਹੈ, ਜਿੰਨਾਂ ਚਿਰ ਉਹ ਆਪਣੀ ਅਵਾਮ ਦੀ ਸੱਚੀ ਸੁੱਚੀ ਨੁਮਾਇੰਦਗੀ ਕਰੇ..! ਤੇ ਜਦੋਂ ਟੁਕੜੇ ਖਾ ਕੇ ਖ਼ਬਰਾਂ ਲਾਉਣ ਦਾ ਭੁਸ ਤੇ ਲਲ਼ਕ ਪੈ ਜਾਵੇ, ਫ਼ੇਰ ਉਹ ਪੱਤਰਕਾਰੀ ਨਹੀਂ ਰਹਿ ਜਾਂਦੀ, ਸਗੋਂ ਧਨਾਢਾਂ ਜਾਂ ਰਾਈਸ ਘਰਾਣਿਆਂ ਦੀ ਰਖੇਲ ਬਣ ਜਾਂਦੀ ਐ, ਜੋ ਨੋਟ ਵੇਖ ਕੇ ਜੀ ਹਜ਼ੂਰੀ ਕਰਦੀ ਐ, ਤੇ ਸਾਡੇ ਦੇਸ਼ ਦਾ ਬੇੜਾ ਇਸ ਪੀਲ਼ੀ, ਚਾਪਲੂਸ ਤੇ ਖ਼ਾਸ ਕਰ ਕੇ ਲਾਲਚੀ ਪੱਤਰਕਾਰੀ ਨੇ ਸਭ ਤੋਂ ਵੱਧ ਗਰਕ ਕੀਤਾ..!"

-"ਲਓ ਨਾਲ਼ ਦੀ ਨਾਲ਼ ਪੈੱਗ ਵੀ ਚੱਕਦੇ ਰਹੋ...! ਕਾਮਰੇਡ ਨੇ ਤਾਂ ਗੱਲਾਂ ਮੁੱਕਣ ਈ ਨੀ ਦੇਣੀਆਂ...!"

-"ਸਾਡਾ ਕਾਮਰੇਡ ਬਾਈ ਗੁਣਾਂ ਦੀ ਗੁਥਲੀ ਐ ਯਾਰ...!"

-"ਜੇ ਕਾਮਰੇਡ ਨਾ ਹੁੰਦਾ, ਆਪਾਂ ਹੁਣ ਤੱਕ ਡੰਗਰ ਦੇ ਡੰਗਰ ਈ ਰਹਿਣਾ ਸੀ..!"

ਸੁੱਚਾ ਸਿਉਂ ਦਾ ਰੱਖਿਆ ਨਿੱਕਾ ਜਿਹਾ ਕੁੱਤਾ ਪੂਛ ਹਿਲਾਉਂਦਾ ਉਹਨਾਂ ਕੋਲ਼ ਆ ਗਿਆ।

-"ਓਏ ਆ ਬਈ ਮਿੱਤਰ ਪਿਆਰਿਆ...!" ਕਾਮਰੇਡ ਨੇ ਕੁੱਤੇ ਨੂੰ ਸੰਬੋਧਨ ਹੋ ਕੇ ਕਿਹਾ ਤਾਂ ਕੁੱਤਾ ਉਸ ਦੀਆਂ ਲੱਤਾਂ ਨਾਲ਼ ਖਹਿਣ ਲੱਗ ਪਿਆ।

-"ਲੈ ਬਈ ਕਿਸਮਤ ਤਾਂ ਇਹਨਾਂ ਕੁੱਤਿਆਂ ਦੀ ਐ..! ਆਪਣੇ ਆਲ਼ੇ ਕੁੱਤਿਆਂ ਦੇ ਤਾਂ ਰਸੋਈ 'ਚੋਂ ਡੰਡੇ ਈ ਪੈਂਦੇ ਜਾਂਦੇ ਸੀ..!"

-"ਪਰ ਬੰਦੇ ਨਾਲ਼ੋਂ ਕਿਤੇ ਜ਼ਿਆਦਾ ਵਫ਼ਾਦਾਰ ਹੁੰਦੇ ਨੇ, ਐਵੇਂ ਨੀ ਪੀਰਾਂ ਫ਼ਕੀਰਾਂ ਨੇ ਇਸ ਨੂੰ ਦਰਵੇਸ਼ ਦਾ ਖ਼ਿਤਾਬ ਦਿੱਤਾ..!"

-"ਹੋਰ ਸੁਣ-ਲਾ...!" ਪਿਸ਼ੌਰਾ ਸਿਉਂ ਨੇ ਕਾਮਰੇਡ ਦੇ ਗੋਡੇ 'ਤੇ ਧੱਫ਼ਾ ਜਿਹਾ ਮਾਰਦਿਆਂ ਕਿਹਾ।

-"ਮੈਂ ਸਭ ਤੋਂ ਪਹਿਲਾਂ ਆਸਟਰੀਆ ਆਇਆ ਸੀ, ਤੇ ਓਥੇ ਵੇਚਦਾ ਸੀ ਅਖ਼ਬਾਰਾਂ...!"

-"...............।"

-"ਅਸੀਂ ਵਰ੍ਹਦੀ ਬਰਫ਼ 'ਚ ਟਰੈਫ਼ਿਕ ਲਾਈਟ 'ਤੇ ਖੜ੍ਹ ਕੇ ਅਖ਼ਬਾਰਾਂ ਵੇਚਦੇ ਹੋਣਾ, ਤੇ ਕੁੱਤੇ ਨੇ ਸਾਲ਼ੇ ਨੇ ਕਾਰ 'ਚ ਮੇਮ ਦੇ ਬਰਾਬਰ ਬੈਠੇ ਹੋਣਾ ਨਿੱਘ 'ਚ..! ਮੇਰੇ ਨਾਲ਼ ਇੱਕ ਪਾਕਿਸਤਾਨੀ ਅਖ਼ਬਾਰਾਂ ਵੇਚਦਾ ਸੀ, ਓਹਨੇ ਕਹਿਣਾ; ਲੈ ਸਰਦਾਰਾ, ਆਪਣੇ ਨਾਲ਼ੋਂ ਤਾਂ ਇਹ ਕੁੱਤੇ ਭਲੇ ਜੇ, ਜੋ ਮੇਮ ਤੇ ਕਾਰ ਦਾ ਨਿੱਘ ਪਏ ਲੈਂਦੇ ਨੇ, ਤੇ ਅਸੀਂ ਸੜਕਾਂ 'ਤੇ ਖੜ੍ਹੇ ਠੁਰ ਠੁਰ ਪਏ ਕਰੇਂਦੇ ਆਂ ਬਰਫ਼ੀਲੇ ਮੌਸਮ ਵਿੱਚ..!"

-"ਯਾਰ ਮੈਂ ਇੱਕ ਗੱਲ ਹੋਰ ਸੋਚਦਾ ਹੁੰਨੈ..!"

-"ਕੀ...?" ਸਾਰੇ ਪੈੱਗ ਰੋਕ ਕੇ ਓਧਰ ਝਾਕਣ ਲੱਗ ਪਏ।

-"ਬਚਪਨ 'ਚ ਆਪਾਂ ਕਿੰਨੇ ਖੁਸ਼ ਹੁੰਦੇ ਸੀ, ਕਿੰਨੇ ਬੇਫ਼ਿਕਰ ਹੁੰਦੇ ਸੀ, ਨਾਲ਼ੇ ਸਾਲ਼ੀ ਜੇਬ 'ਚ ਪੰਜੀ ਨੀ ਸੀ ਹੁੰਦੀ, ਕੀ ਖਿਆਲ ਐ ਕਾਮਰੇਡ...?"

-"ਓਸ਼ੋ ਨੇ ਇੱਕ ਗੱਲ ਬੜੀ ਪਤੇ ਦੀ ਆਖੀ ਐ...!" ਕਾਮਰੇਡ ਬੋਲਿਆ, "ਬਚਪਨ ਵਿੱਚ ਨਾ ਪਦ-ਪ੍ਰਤਿਸ਼ਠਾ ਸੀ, ਨਾ ਪੈਸਾ ਸੀ..। ਫੇਰ ਵੀ ਅਸੀਂ ਅਕਬਰ ਸਿਕੰਦਰ ਤੋਂ ਜ਼ਿਆਦਾ ਖੁਸ਼ ਸੀ...! ਕਿਉਂ ਖੁਸ਼ ਸੀ...? ਕਿਉਂਕਿ ਸਾਡੇ ਕੋਲ਼ ਵਿਚਾਰਾਂ ਦੀ ਘਾਟ ਸੀ...! ਤੁਸੀਂ ਆਤਮਾ ਦੇ ਨਜ਼ਦੀਕ ਸੀ! ...ਫੇਰ ਵਿਚਾਰਾਂ ਦਾ ਭਾਰ ਵੱਧਦਾ ਗਿਆ, ਆਤਮਾ ਇੰਨ੍ਹਾਂ ਦੇ ਭਾਰ ਨਾਲ਼ ਦਬਦੀ ਗਈ...! ਫੇਰ ਤੋਂ ਨਿਰਵਿਚਾਰ ਹੋਣ ਦਾ ਹੁਨਰ ਅਤੇ ਕਲਾ ਸਿੱਖੋ, ਸੁਖੀ ਹੋ ਜਾਵੋਂਗੇ...!"

-"ਹੋਇਆ ਨੀ ਜਾਂਦਾ...! ਸਿਆਣਪ ਵਾਲ਼ਾ ਛੱਜ ਲਾਹੁੰਦੈ ਕੋਈ..?"

-"ਤਾਂ ਹੀ ਤਾਂ ਦੁਖੀ ਐ...!"

-"ਥੋਨੂੰ ਵਿਚਾਰਾਂ ਬਾਰੇ ਇੱਕ ਕਹਾਣੀ ਸੁਣਾਉਨੈ...!"

-"ਐਧਰ ਵੀ ਹੱਥ ਚਲਾਈ ਚੱਲੋ...!" ਸੁੱਚਾ ਸਿਉਂ ਨੇ ਬੋਤਲ ਚੁੱਕ ਕੇ ਕਿਹਾ।

-"ਪਾ ਦੇ ਫ਼ੇਰ...!"

ਸੁੱਚਾ ਪੈੱਗ ਪਾਉਣ ਲੱਗ ਪਿਆ।

-"ਹਾਂ ਕਾਮਰੇਡ, ਸੁਣਾ ਅੱਗੇ...!"

-"ਭਗਵਾਨ ਬੁੱਧ ਦੇ ਕੋਲ ਇੱਕ ਵਾਰ ਇੱਕ ਆਦਮੀ ਨੂੰ ਕੁਛ ਲੋਕ ਲੈ ਆਏ, ਉਹ ਆਦਮੀ ਅੰਨ੍ਹਾਂ ਸੀ, ਉਸ ਦੇ ਕੋਲ ਅੱਖਾਂ ਨਹੀਂ ਸੀ। ਉਸ ਦੇ ਮਿੱਤਰਾਂ ਨੇ ਭਗਵਾਨ ਬੁੱਧ ਨੂੰ ਆ ਕੇ ਕਿਹਾ ਕਿ ਇਹ ਆਦਮੀ ਨੇਤਰਹੀਣ ਹੈ ਅਤੇ ਸਾਡਾ ਮਿੱਤਰ ਐ। ਅਸੀਂ ਇਹਨੂੰ ਸਮਝਾਉਂਦੇ ਹਾਂ ਕਿ ਪ੍ਰਕਾਸ਼ ਹੈ, ਚਾਨਣ ਹੈ, ਅਸੀਂ ਸਮਝਾਉਂਦੇ ਹਾਂ ਕਿ ਸੂਰਜ ਹੈ, ਪਰ ਇਹ ਮੰਨਣ ਨੂੰ ਤਿਆਰ ਨਹੀਂ! ਇਹ ਕਹਿੰਦੈ ਕਿ ਕਿਵੇਂ ਹੋ ਸਕਦੈ...? ਅਸੀਂ ਇਸ ਨੂੰ ਕਹਿੰਦੇ ਹਾਂ ਕਿ, ਹੈ..! ਤਰਕ ਦਿੰਦੇ ਹਾਂ, ਤਾਂ ਇਹ ਕਹਿੰਦਾ ਹੈ ਕਿ ਮੈਂ ਤੁਹਾਡੇ ਪ੍ਰਕਾਸ਼ ਨੂੰ ਹੱਥ ਲਾ ਕੇ ਦੇਖਣਾ ਚਾਹੁੰਦਾ ਹਾਂ। ਜਰਾ ਪ੍ਰਕਾਸ਼ ਨੂੰ ਲੈ ਆਓ, ਮੈਂ ਹੱਥ ਲਾ ਕੇ ਵੇਖ ਲਵਾਂ...। ਚਾਨਣ ਤਾਂ ਅਸੀਂ ਇਹਦੇ ਕੋਲ਼ ਲੈ ਆਉਂਦੇ ਹਾਂ, ਪਰ ਇਹ ਹੱਥ ਨਹੀਂ ਲਾ ਪਾਉਂਦਾ, ਇਹ ਕਹਿੰਦਾ ਹੈ ਤੁਸੀਂ ਆਪਣੇ ਪ੍ਰਕਾਸ਼ ਨੂੰ ਥੋੜਾ ਵਜਾਓ ਤਾਂ ਕਿ ਮੈਂ ਸੁਣ ਲਵਾਂ...। ਪਰ ਅਸੀਂ ਪ੍ਰਕਾਸ਼ ਨੂੰ ਕਿਵੇਂ ਵਜਾਈਏ...? ਇਹ ਕਹਿੰਦਾ ਹੈ ਚਾਨਣ ਨੂੰ ਮੇਰੇ ਮੂੰਹ 'ਚ ਦੇ-ਦੋ, ਮੈਂ ਥੋੜਾ ਚੱਖ ਲਵਾਂ, ਪਰ ਅਸੀਂ ਪ੍ਰਕਾਸ਼ ਦਾ ਸੁਆਦ ਕਿਵੇਂ ਦਵਾਈਏ..? ਅਸੀਂ ਸੋਚਿਆ ਇੱਕ ਵੱਡਾ ਵਿਚਾਰਕ ਪਿੰਡ 'ਚ ਆਇਆ ਹੈ, ਭਗਵਾਨ ਬੁੱਧ ਆਏ ਹਨ, ਤਾਂ ਅਸੀਂ ਜਾ ਕੇ ਇਸ ਆਦਮੀ ਦੀ ਤਸੱਲੀ ਕਰਵਾਈਏ..!"

-"..........।"

-"ਭਗਵਾਨ ਬੁੱਧ ਨੇ ਕਿਹਾ, ਤੁਸੀਂ ਗਲਤ ਆਦਮੀ ਕੋਲ ਆ ਗਏ, ਮੈਂ ਕੋਈ ਵਿਚਾਰਕ ਨਹੀਂ ਹਾਂ..! ਅਤੇ ਇਸ ਆਦਮੀ ਨੂੰ ਤੁਸੀਂ ਦੁਖੀ ਨਾ ਕਰੋ..! ਚੰਗਾ ਹੈ ਇਹ ਨਹੀਂ ਮੰਨਦਾ, ਕਿਉਂਕਿ ਜਿਸ ਦੇ ਕੋਲ ਅੱਖ ਹੀ ਨਹੀਂ ਹੈ, ਉਹ ਕਿਉਂ ਮੰਨੇ...? ...ਤੇ ਜੇ ਮੰਨ ਲਊਗਾ ਤਾਂ ਵਿਚਾਰਾਂ ਵਿੱਚ ਪੈ ਜਾਊਗਾ...। ਸਭ ਮਾਨਤਾਵਾਂ ਵਿਚਾਰਾਂ ਵੱਲ ਲੈ ਜਾਂਦੀਆਂ ਨੇ...। ਜੇ ਇੱਕ ਅੰਨ੍ਹਾਂ ਆਦਮੀ ਮੰਨ ਲਵੇ ਕਿ ਪ੍ਰਕਾਸ਼ ਹੈ, ਤਾਂ ਪ੍ਰਕਾਸ਼ ਦਾ ਹੋਣਾ ਉਸ ਦੇ ਲਈ ਸਿਰਫ ਇੱਕ ਵਿਚਾਰ ਹੋਊਗਾ, ਅਨੁਭਵ ਨਹੀਂ ਹੋ ਸਕਦਾ...! ਭਗਵਾਨ ਬੁੱਧ ਨੇ ਕਿਹਾ, ਇਸ ਨੂੰ ਤੁਸੀਂ ਵਿਚਾਰਕਾਂ ਕੋਲ ਨਾ ਲੈ ਕੇ ਜਾਓ, ਚੰਗਾ ਹੋਊਗਾ ਕਿਸੇ ਵੈਦ ਕੋਲ ਲੈ ਕੇ ਜਾਓ..। ਵਿਚਾਰਕ ਕੀ ਕਰੂਗਾ...? ਵਿਚਾਰ ਦੇ ਦਿਊਗਾ...। ਵੈਦ ਦੇ ਕੋਲ ਲੈ ਕੇ ਜਾਓ, ਜੋ ਇਸ ਦੀ ਅੱਖ ਦੀ ਚਕਿਤਸਾ ਕਰ ਸਕੇ..। ਮੁਕਦੀ ਗੱਲ, ਉਹ ਉਸ ਨੂੰ ਵੈਦ ਦੇ ਕੋਲ ਲੈ ਗਏ...। ਉਸ ਆਦਮੀ ਦੀਆਂ ਅੱਖਾਂ ਤੇ ਜਾਲ਼ਾ ਸੀ..! ਕੁਝ ਦਿਨਾਂ ਦੀ ਦਵਾਈ ਦੇ ਪ੍ਰਯੋਗ ਨਾਲ ਉਹ ਜਾਲ਼ਾ ਲਹਿ ਗਿਆ, ਤੇ ਉਸ ਆਦਮੀ ਨੇ ਪ੍ਰਕਾਸ਼ ਵੇਖਿਆ, ਤੇ ਉਹ ਨੱਚਣ ਲੱਗ ਪਿਆ...। ...ਤੇ ਉਹ ਲੱਭਦਾ ਹੋਇਆ ਭਗਵਾਨ ਬੁੱਧ ਦੇ ਕੋਲ ਗਿਆ, ਤੇ ਉਹਨਾਂ ਦੇ ਪੈਰੀਂ ਪੈ ਗਿਆ..। ਉਸ ਆਦਮੀ ਨੇ ਕਿਹਾ ਕਿ ਤੁਸੀਂ ਬੜੀ ਕਿਰਪਾ ਕੀਤੀ, ਨਹੀਂ ਤਾਂ ਉਹ ਮੈਨੂੰ ਮਾਰ ਹੀ ਦਿੰਦੇ...। ਉਹ ਮੈਨੂੰ ਸਮਝਾਉਂਦੇ ਸੀ ਕਿ, ਪ੍ਰਕਾਸ਼ ਹੈ! ...ਤੇ ਮੈਨੂੰ ਦਿਖਾਈ ਨਹੀਂ ਸੀ ਦਿੰਦਾ...! ਹੁਣ ਮੈਨੂੰ ਦਿਸ ਰਿਹਾ ਹੈ, ਤੇ ਮੈਂ ਜਾਣਦਾ ਹਾਂ ਕਿ ਜੋ ਦੇਖਣ ਨਾਲ ਜਾਣਿਆ ਜਾ ਸਕਦੈ, ਉਹ ਸਮਝਾਉਣ ਨਾਲ ਨਹੀਂ ਜਾਣਿਆ ਜਾ ਸਕਦਾ...। ਮੈਂ ਕਿਵੇਂ ਸਮਝਦਾ ਕਿ ਪ੍ਰਕਾਸ਼ ਹੈ...? ਤੇ ਜੇ ਸਮਝ ਲੈਂਦਾ, ਫਿਰ ਵੀ ਉਸ ਸਮਝ ਦਾ ਕੀ ਮੁੱਲ ਸੀ...?"

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਮੈਂ ਨਾ ਮੁਸਲਮਾਨਾਂ ਵਾਂਗ ਹੱਜ ਕਰਨ ਜਾਂਦਾ ਹਾਂ ਤੇ ਨਾ ਹੀ ਮੈਂ ਹਿੰਦੂਆਂ ਵਾਂਗ ਤੀਰਥਾਂ ਤੇ ਪੂਜਾ ਕਰਨ ਜਾਂਦਾ ਹਾਂ । ਮੈਂ ਤਾਂ ਸਿਰਫ਼ ਇੱਕ ਰੱਬ ਨੂੰ ਹੀ ਸਿਮਰਦਾ ਹਾਂ; ਕਿਸੇ ਹੋਰ ਦੂਜੇ ਨੂੰ ਨਹੀਂ (ਸਿਮਰਦਾ) ।2। ਮੈਂ ਨਾ (ਹਿੰਦੂਆਂ ਵਾਂਗ ਮੂਰਤੀ) ਪੂਜਾ ਕਰਦਾ ਹਾਂ ਤੇ ਨਾ ਹੀ ਮੁਸਲਮਾਨਾਂ ਵਾਂਗ ਨਿਮਾਜ਼ ਪੜ੍ਹਦਾ ਹਾਂ । ਮੈਂ ਤਾਂ ਸਿਰਫ਼ ਨਿਰੰਕਾਰ (ਅਕਾਰ ਰਹਿਤ ਰੱਬ) ਨੂੰ ਦਿਲੋਂ ਨਮਸਕਾਰ ਕਰਦਾ ਹਾਂ ।3। ਨਾ ਮੈਂ ਹਿੰਦੂ ਹਾਂ ਤੇ ਨਾ ਹੀ ਮੁਸਲਮਾਨ! ਮੇਰਾ ਸਰੀਰ ਤੇ ਮੇਰੇ ਪਰਾਣ ਉਸ ਰੱਬ ਦੇ (ਦਿੱਤੇ ਹੋਏ) ਹਨ ਜਿਸ ਨੂੰ ਮੁਸਲਮਾਨ ਅੱਲ੍ਹਾ ਆਖਦੇ ਹਨ ਤੇ ਹਿੰਦੂ ਰਾਮ ਬੋਲਦੇ ਹਨ ।4। ਹੇ ਕਬੀਰ! ਆਖ ਕਿ ਮੈਂ ਇਹ ਗੱਲ ਖੋਲ੍ਹ ਕੇ ਦੱਸਦਾ ਹਾਂ ਕਿ, ਮੈਂ ਆਪਣੇ ਗੁਰੂ-ਪੀਰ ਨੂੰ ਮਿਲ ਕੇ ਆਪਣੇ ਖਸਮ ਪ੍ਰਭੂ ਨੂੰ ਪਛਾਣ ਲਿਆ ਹੈ; ਭਾਵ ਉਸ ਨਾਲ ਡੂੰਘੀ ਸਾਂਝ ਪਾ ਲਈ ਹੈ ।5।3। "ਵਰਤ ਨ ਰਹਉ ਨ ਮਹ ਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਦਾਨਾ ॥1॥ ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥1॥ ਰਹਾਉ ॥ ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥2॥ ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥3॥ ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ॥4॥ ਕਹੁ ਕਬੀਰ ਇਹੁ ਕੀਆ ਵਖਾਨਾ ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥5॥3॥ ਅੰਗ 1136" ।

ਭਗਤ ਨਾਮਦੇਵ ਜੀ ਕਥਨ ਕਰਦੇ ਹਨ ਕਿ, ਹਿੰਦੂ ਅੰਨਾ ਹੈ ਤੇ ਮੁਸਲਮਾਨ ਕਾਣਾ! ਇਹਨਾਂ ਦੋਹਾਂ ਨਾਲੋਂ ਗਿਆਨੀ ਸਿਆਣਾ ਹੈ, ਜਿਸ ਨੂੰ ਰੱਬ ਦਾ ਗਿਆਨ ਹੋ ਗਿਆ ਹੈ । (ਹਿੰਦੂ ਨੇ ਇੱਕ ਅੱਖ ਤਾਂ ਤਦੋਂ ਗਵਾਈ ਜਦੋਂ ਉਹ ਆਪਣੇ ਇਸ਼ਟ ਬਾਰੇ ਸ਼ਰਧਾ-ਹੀਣ ਕਹਾਣੀਆਂ ਘੜਨ ਲੱਗ ਪਿਆ, ਤੇ ਦੂਜੀ ਗਵਾਈ, ਜਦੋਂ ਉਹ ਪਰਮਾਤਮਾ ਨੂੰ ਨਿਰਾ ਮੰਦਰ ਵਿਚ ਬੈਠਾ ਸਮਝ ਕੇ) ਮੰਦਰ ਨੂੰ ਪੂਜਣ ਲੱਗ ਪਿਆ । ਮੁਸਲਮਾਨ ਦੀ ਹਜ਼ਰਤ ਮੁਹੰਮਦ ਸਾਹਿਬ ਵਿਚ ਪੂਰੀ ਸ਼ਰਧਾ ਹੋਣ ਕਰਕੇ ਇੱਕ ਅੱਖ ਤਾਂ ਸਾਬਤ ਹੈ, ਪਰ ਦੂਜੀ ਗਵਾ ਬੈਠਾ ਹੈ, ਕਿਉਂਕਿ ਰੱਬ ਨੂੰ ਨਿਰਾ ਮਸਜਿਦ ਵਿਚ ਜਾਣ ਕੇ ਮਸਜਿਦ ਨੂੰ ਹੀ ਰੱਬ ਦਾ ਘਰ ਸਮਝ ਰਿਹਾ ਹੈ) । ਮੈਂ ਨਾਮਦੇਵ ਉਸ ਪਰਮਾਤਮਾ ਦਾ ਸਿਮਰਨ ਕਰਦਾ ਹਾਂ ਜਿਸ ਦਾ ਨਾ ਕੋਈ ਮੰਦਰ ਹੈ ਤੇ ਨਾ ਹੀ ਮਸਜਿਦ । "ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥ ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥4॥3॥7॥ ਅੰਗ 875" ।

ਕਬੀਰ ਜੀ ਬਖਸ਼ਿਸ਼ ਕਰਦੇ ਹਨ ਕਿ ਜੋਗੀ (ਪ੍ਰਭੂ ਨੂੰ ਵਿਸਾਰ ਕੇ) ਗੋਰਖ ਗੋਰਖ ਜਪਦਾ ਹੈ, ਹਿੰਦੂ (ਸ੍ਰੀ ਰਾਮ ਚੰਦਰ ਦੀ ਮੂਰਤੀ ਵਿਚ ਹੀ ਮਿਥੇ ਹੋਏ) ਰਾਮ ਦਾ ਨਾਮ ਉਚਾਰਦਾ ਹੈ, ਮੁਸਲਮਾਨ ਨੇ (ਸਤਵੇਂ ਅਸਮਾਨ ਵਿਚ ਬੈਠਾ ਹੋਇਆ) ਨਿਰਾ ਆਪਣਾ (ਮੁਸਲਮਾਨਾਂ ਦਾ ਹੀ) ਰੱਬ ਮੰਨ ਰੱਖਿਆ ਹੈ। ਪਰ ਮੇਰਾ ਕਬੀਰ ਦਾ ਮਾਲਕ (ਖਸਮ) ਉਹ ਹੈ, ਜੋ ਸਰਬ ਵਿਆਪਕ ਹੈ (ਹਰ ਥਾਂ ਮੌਜੂਦ ਹੈ) । "ਜੋਗੀ ਗੋਰਖੁ ਗੋਰਖੁ ਕਰੈ ॥ ਹਿੰਦੂ ਰਾਮ ਨਾਮੁ ਉਚਰੈ ॥ ਮੁਸਲਮਾਨ ਕਾ ਏਕੁ ਖੁਦਾਇ ॥ ਕਬੀਰ ਕਾ ਸੁਆਮੀ ਰਹਿਆ ਸਮਾਇ ॥4॥3॥11॥ ਅੰਗ 1160" ।

ਗੁਰੂ ਸਾਹਿਬਾਨ ਤੇ ਭਗਤ ਸਾਹਿਬਾਨ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਸਾਂਝਾ ਉਪਦੇਸ਼ ਦਿੱਤਾ ਹੈ, ਜਿਸਦੀ ਇਕ ਸੁੰਦਰ ਮਿਸਾਲ ਸਤਿਗੁਰੂ ਨਾਨਕ ਦੇਵ ਜੀ ਨੇ ਦਿੱਤੀ ਹੈ । ਸਤਿਗੁਰੂ ਜੀ ਬਖਸ਼ਿਸ਼ ਕਰਦੇ ਹਨ ਕਿ ਪਰਾਇਆ ਹੱਕ ਖਾਣਾ ਮੁਸਲਮਾਨਾਂ ਲਈ ਸੂਰ ਤੇ ਹਿੰਦਆਂ ਲਈ ਗਾਂ ਖਾਣ ਦੇ ਬਰਾਬਰ ਹੈ । ਗੁਰੂ ਪੀਰ ਹਾਮੀ ਤਾਂ ਹੀ ਭਰਦਾ ਹੈ (ਭਾਵ ਤਾਂ ਹੀ ਛੁਡਾਉਂਦਾ ਹੈ) ਜੇ ਮਨੁੱਖ ਪਰਾਇਆ ਹੱਕ ਨਾ ਖਾਵੇ । "ਹਕੁ ਪਰਾਇਆ ਨਾਨਕਾ ਉਸ ਸੂਅਰੁ ਉਸ ਗਾਇ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ ਅੰਗ 140" ।

**519. ਗੁਰਬਾਣੀ 'ਚ ਧਨ ਕਿਸਨੂੰ ਆਖਿਆ ਹੈ?**

ਪਰਮਾਤਮਾ ਦੇ ਨਾਮ ਨੂੰ! ਪਰਮਾਤਮਾ ਦੇ ਨਾਮ ਤੋਂ ਬਿਨਾਂ ਹੋਰ ਕੋਈ (ਨਾਲ਼ ਨਿਭਣ ਵਾਲ਼ਾ) ਧਨ ਨਹੀਂ ਹੈ, ਹੋਰ ਮਾਇਆ ਵਾਲ਼ਾ ਧਨ ਸੁਆਹ (ਸਮਾਨ) ਹੈ । "ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ॥ ਅੰਗ 141" । 19ਵੀਂ ਅਸਟਪਦੀ 'ਚ ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਪ੍ਰਭੂ ਦੇ ਭਜਨ ਤੋਂ ਬਿਨਾਂ (ਹੋਰ ਕੋਈ ਸ਼ੈ ਮਨੁੱਖ ਦੇ) ਨਾਲ਼ ਨਹੀਂ ਜਾਂਦੀ, ਸਾਰੀ ਮਾਇਆ ਸੁਆਹ (ਸਮਾਨ) ਹੈ, ਕਿਉਂਕਿ ਮਰਨ ਉਪਰੰਤ ਇਹ ਨਾਲ਼ ਨਹੀਂ ਜਾਂਦੀ । ਹੇ ਨਾਨਕ! ਅਕਾਲ ਪੁਰਖ ਦੇ ਨਾਮ (ਸਿਮਰਨ) ਦੀ ਕਮਾਈ ਕਰਨਾ ਹੀ (ਸਭ ਤੋਂ) ਸ੍ਰੇਸ਼ਟ ਧਨ ਹੈ (ਇਹੀ ਮਨੁੱਖ ਦੇ ਨਾਲ਼ ਜਾਂਦਾ ਹੈ) ।1। "ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥ ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥1॥ ਅੰਗ 288" ।

**520. ਮਾਇਆ ਦੀ ਕਾਲਖ ਵਿਚੋਂ ਨਿਰਲੇਪ (ਮਾਇਆ ਦੀ ਕਾਲਖ ਤੋਂ ਰਹਿਤ) ਪ੍ਰਭੂ ਦੀ ਪ੍ਰਾਪਤੀ ਕਿੱਦਾਂ ਹੋ ਸਕਦੀ ਹੈ?**


ਜੇ ਮਨੁੱਖ ਕਾਮ, ਗੁੱਸਾ, ਝੂਠ, ਨਿੰਦਿਆ ਤਿਆਗ ਦੇਵੇ, ਜੇ ਮਾਇਆ ਮੋਹ ਛੱਡ ਕੇ ਅਹੰਕਾਰ ਦੂਰ ਕਰ ਲਏ, ਜੇ ਕਾਮ ਵਾਸ਼ਨਾ ਛੱਡ ਕੇ ਇਸਤ੍ਰੀ ਦਾ ਮੋਹ ਤਿਆਗ ਦੇਵੇ ਤਾਂ ਮਨੁੱਖ ਮਾਇਆ ਦੀ ਕਾਲਖ ਵਿਚ ਰਹਿੰਦਾ ਹੋਇਆ ਹੀ ਮਾਇਆ (ਦੀ ਕਾਲਖ) ਰਹਿਤ ਪ੍ਰਭੂ ਨੂੰ ਪਾ ਲੈਂਦਾ ਹੈ । ਅਹੰਕਾਰ ਦੂਰ ਕਰ ਕੇ ਪੁੱਤ੍ਰ ਵਹੁਟੀ ਦਾ ਮੋਹ ਛੱਡ ਦੇਵੇ, ਜੇ (ਦੁਨੀਆ ਦੇ ਪਦਾਰਥਾਂ ਦੀਆਂ) ਆਸਾਂ ਤੇ ਤ੍ਰਿਸ਼ਨਾ ਛੱਡ ਕੇ ਪਰਮਾਤਮਾ ਨਾਲ਼ ਸੁਰਤਿ ਜੋੜ ਲਏ, ਤਾਂ, ਹੇ ਨਾਨਕ ! ਸਦਾ-ਥਿਰ ਰਹਿਣ ਵਾਲ਼ਾ ਪਰਮਾਤਮਾ ਉਸ ਦੇ ਮਨ ਵਸ ਜਾਂਦਾ ਹੈ ਤੇ ਉਹ ਗੁਰੂ ਦੇ ਸੱਚੇ ਸ਼ਬਦ ਰਾਹੀਂ ਪਰਮਾਤਮਾ ਦੇ ਨਾਮ ਵਿਚ ਲੀਨ ਹੋ ਜਾਂਦਾ ਹੈ (ਭਾਵ ਆਪਾ ਭਾਵ ਗੁਆ ਦਿੰਦਾ ਹੈ!) । "ਪਰਹਰਿ ਕਾਮੁ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ ॥ ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥ ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ ਤਜਿ ਪਿਆਸ ਆਸ ਰਾਮ ਲਿਵ ਲਾਵੈ ॥ ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ ॥2॥ ਅੰਗ 141" ।

ਬਾਕੀ ਅਗਲੇ ਹਫ਼ਤੇ ਪੜ੍ਹੋ


# ਪੰਜਾਬੀ ਸਿੱਖਣ ਲਈ ਕਿਤਾਬਾਂ

## ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

Whats App (M) 07966 388388

PANJAB TIMES
BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851
www.fb.com/punjabtimesuk


## ਸਿੱਖ ਗਾਰਡਾਂ ਨੂੰ ਦਾੜ੍ਹੀ ਕੱਟਣ ਲਈ ਮਜਬੂਰ ਕਰਨ ਵਾਲੀ ਕੈਲੀਫੋਰਨੀਆ ਜੇਲ੍ਹ ਏਜੰਸੀ ਵਿਰੁਧ ਅਦਾਲਤ ਪੁੱਜਾ ਅਮਰੀਕਾ ਨਿਆਂ ਵਿਭਾਗ

ਅਮਰੀਕਾ ਦੇ ਨਿਆਂ ਵਿਭਾਗ ਨੇ ਇਕ ਜੱਜ ਕੋਲ ਅਪੀਲ ਕੀਤੀ ਹੈ ਕਿ ਉਹ ਕੈਲੀਫੋਰਨੀਆ ਦੇ ਸੁਧਾਰ ਅਤੇ ਮੁੜ ਵਸੇਬਾ ਵਿਭਾਗ (ਸੀ.ਡੀ.ਸੀ.ਆਰ.) ਨੂੰ ਅਪਣੇ ਗਾਰਡਾਂ ਦੇ ਧਾਰਮਕ ਅਧਿਕਾਰਾਂ ਦਾ ਸਨਮਾਨ ਕਰਨ ਅਤੇ ਸਿੱਖਾਂ, ਮੁਸਲਮਾਨਾਂ ਅਤੇ ਹੋਰਾਂ ਦੇ ਦਾੜ੍ਹੀ ਰੱਖਣ ਤੇ ਪਾਬੰਦੀ ਲਗਾਉਣ ਵਾਲੀ ਨੀਤੀ ਨੂੰ ਲਾਗੂ ਕਰਨ ਤੋਂ ਰੋਕੇ। ਸੀ. ਡੀ. ਸੀ. ਆਰ. ਨੇ 2022 ਤੋਂ ਜ਼ਿਆਦਾਤਰ ਗਾਰਡਾਂ ਦੇ ਚਿਹਰੇ ਤੇ ਵਾਲ ਰੱਖਣ ਤੇ ਪਾਬੰਦੀ ਲਗਾ ਦਿਤੀ ਹੈ। ਸੀ. ਡੀ. ਸੀ. ਆਰ. ਨੇ ਇਹ ਦਲੀਲ ਦਿਤੀ ਹੈ ਕਿ ਉਨ੍ਹਾਂ ਨੂੰ ਮੂੰਹ ਤੇ ਪੂਰੀ ਤਰ੍ਹਾਂ ਫ਼ਿੱਟ ਮਾਸਕ ਪਹਿਨਣ ਲਈ ਕਲੀਨਸ਼ੇਵ ਹੋਣ ਦੀ ਜ਼ਰੂਰਤ ਹੈ ਜੋ ਉਨ੍ਹਾਂ ਨੂੰ ਕੋਰੋਨਾ ਵਾਇਰਸ ਵਰਗੀਆਂ ਬਿਮਾਰੀਆਂ ਅਤੇ ਰਸਾਇਣਕ ਏਜੰਟਾਂ ਤੋਂ ਬਚਾ ਸਕਦੇ ਹਨ।

ਹਾਲਾਂਕਿ, ਨਿਆਂ ਵਿਭਾਗ ਦੀ ਦਲੀਲ ਹੈ ਕਿ ਜੇਲ੍ਹ ਏਜੰਸੀ ਨੇ ਇਸ ਦੇ ਬਦਲ ਲੱਭਣ



ਲਈ ਲੋੜੀਂਦਾ ਕੰਮ ਨਹੀਂ ਕੀਤਾ ਹੈ ਜਿਸ ਨਾਲ ਗਾਰਡਾਂ ਅਪਣੇ ਧਰਮਾਂ ਦੀ ਪਾਲਣਾ ਵੀ ਕਰੀ ਜਾਣ ਅਤੇ ਨਿਯਮਾਂ ਦੀ ਉਲੰਘਣਾ ਵੀ ਨਾ ਹੋਵੇ। ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਅਤੇ ਸਿੱਖ ਕੋਲੀਸ਼ਨ ਨੇ ਇਸ ਨੀਤੀ ਦੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਇਹ ਗੈਰ-ਗੋਰੇ ਅਧਿਕਾਰੀਆਂ ਅਤੇ ਗਾਰਡਾਂ ਨੂੰ ਅਪਣੇ ਧਰਮ ਅਤੇ ਉਨ੍ਹਾਂ ਦੀਆਂ ਨੌਕਰੀਆਂ ਵਿਚੋਂ ਕਿਸੇ ਇਕ ਦੀ ਚੋਣ ਕਰਨ ਲਈ ਮਜਬੂਰ ਕਰਦੀ ਹੈ।


# ਮੈਂ ਤੰਦਰੁਸਤ ਕਿਵੇਂ ਹੋਇਆ ?

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ: 07806945964



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ - 11



**ਮਨੁੱਖੀ ਅੱਖਾਂ ਵਰਗੀ ਅਜੇ ਤੱਕ ਕੋਈ ਦੂਰਬੀਨ ਬਣੀ ਹੀ ਨਹੀਂ । ਮਨੁੱਖੀ ਅੱਖ ਏਨੀ ਤੇਜ ਹੁੰਦੀ ਹੈ ਕਿ ਕਰੋੜਾਂ ਰੰਗਾਂ ਵਿਚਲਾ ਅੰਤਰ ਵੀ ਪਤਾ ਲਗਾ ਸਕਦੀ ਹੈ। ਅਸੀਂ ਇਹ ਤਾਂ ਜਾਣਦੇ ਹਾਂ ਕਿ ਨੱਕ ਰਸਤੇ ਆਕਸੀਜਨ ਨਿਰੰਤਰ ਫੇਫੜਿਆਂ ਅੰਦਰ ਪਰਵੇਸ਼ ਕਰਦੀ ਰਹਿੰਦੀ ਹੈ ਤੇ ਕਾਰਬਨ ਡਾਇਆ ਅਕਸਾਈਜ ਮੁੜਦੇ ਸਾਹ ਬਾਹਰ ਨਿਕਲਦੀ ਰਹਿੰਦੀ ਹੈ, ਪਰ ਸਾਡੇ ਵਿਚੋਂ ਬਹੁਤ ਘੱਟ ਲੋਕਾਂ ਨੂੰ ਇਸ ਗੱਲ ਦਾ ਪਤਾ ਹੈ ਕਿ ਨੱਕ ਦੇ ਅੰਦਰ ਕੁਦਰਤੀ ਏਅਰ ਕੰਡੀਸ਼ਨ ਲੱਗਾ ਹੁੰਦਾ ਹੈ ਜੋ ਬਾਹਰੋਂ ਸਰੀਰ ਦੇ ਅੰਦਰ ਜਾਣ ਵਾਲੀ ਆਕਸੀਜਨ ਨੂੰ ਲੋੜ ਅਨੁਸਾਰ ਠੰਢਿਆਂ ਜਾਂ ਗਰਮ ਕਰਕੇ ਫੇਫੜਿਆਂ ਵਿਚ ਭੇਜਦਾ ਹੈ । ਇਸ ਦੇ ਨਾਲ ਹੀ ਨੱਕ ਦੇ ਅੰਦਰ ਵਾਲਾਂ ਦਾ ਕੁਦਰਤੀ ਫਿਲਟਰ ਤੇ ਲੇਸਲਾਪਨ ਵੀ ਹੁੰਦਾ ਹੈ ਜੋ ਫੇਫੜਿਆਂ ਅੰਦਰ ਜਾਣ ਵਾਲੀ ਹਵਾ ਵਿੱਚੋ ਧੂੜ ਕਣ ਤੇ ਜੀਵਾਣੂ ਫਿਲਟਰ ਕਰਦਾ ਰਹਿੰਦਾ ਹੈ ਤੇ ਫੇਫੜਿਆ ਵਿੱਚ ਸਿਰਫ ਸ਼ੁੱਧ ਆਕਸੀਜਨ ਹੀ ਪਰਵੇਸ਼ ਕਰਦੀ ਹੈ ।**

ਇਹ ਗੱਲ ਸੋਲਾਂ ਆਨੇ ਖਰੀ ਹੈ ਕਿ ਬਿਮਾਰ ਹੋ ਕੇ ਬੰਦਾ ਆਪਣੇ ਸਰੀਰ ਦੀ ਬਹੁਤ ਜਿਆਦਾ ਕਦਰ ਕਰਨ ਲੱਗ ਜਾਂਦਾ ਹੈ, ਹਾਂ ਇਹ ਗੱਲ ਅਲੱਗ ਹੈ ਕਿ ਉਹ ਕਦਰ ਸਿਰਫ ਬਿਮਾਰੀ ਠੀਕ ਹੋਣ ਤੱਕ ਹੀ ਸੀਮਿਤ ਹੁੰਦੀ ਹੈ, ਤੰਦਰੁਸਤ ਹੋਣ ਤੋਂ ਛੇਤੀਂ ਬਾਅਦ ਬਹੁਤੇ ਲੋਕ ਮੁੜ ਤੋਂ ਆਪਣੀ ਸਿਹਤ ਪ੍ਰਤੀ ਉਨਾਂ ਚਿਰ ਬੇਧਿਆਨ ਹੋ ਜਾਂਦੇ ਹਨ ਜਿੰਨਾ ਚਿਰ ਕੋਈ ਹੋਰ ਨਵੀਂ ਬਿਮਾਰੀ ਨਾਲ ਵਾਹ ਵਾਸਤਾ ਨਹੀਂ ਪੈਂਦਾ ।

ਪਰ ਕੁੱਝ ਕੁ ਮੇਰੇ ਵਰਗੇ ਸਿਰ ਸੜੇ ਵੀ ਹੁੰਦੇ ਹਨ ਜੋ ਹਰ ਗੱਲ ਦੀ ਪੁਣ ਛਾਣ ਕਰਨ ਦੇ ਆਦੀ ਹੁੰਦੇ ਹਨ । ਮੈਂ ਜਿੰਨੀਆਂ ਬਿਮਾਰੀਆਂ ਹੰਢਾਈਆਂ, ਉਹਨਾਂ ਤੋਂ ਬਹੁਤ ਕੁੱਝ ਨਵਾਂ ਸਿੱਖਿਆ । ਆਪਣੇ ਸਰੀਰ ਨੂੰ ਬਹੁਤ ਨੇੜਿਓਂ ਹੋ ਕੇ ਤੱਕਿਆ ਤਾਂ ਸਮਝ ਆਈ ਕਿ ਕਰਤੇ ਨੇ ਇਸ ਦੀ ਰਚਨਾ ਬਹੁਤ ਹੀ ਕਮਾਲ ਦੀ ਕੀਤੀ ਹੈ । ਇਸ ਅਨੁਪਮ ਰਚਨਾ ਨੂੰ ਸਮਝ ਸਕਣਾ ਹਰ ਇਕ ਦੇ ਵੱਸ ਦੀ ਗੱਲ ਨਹੀਂ । ਵਿਗਿਆਨ ਬੇਸ਼ੱਕ ਜਿੰਨੀ ਮਰਜੀ ਤਰੱਕੀ ਕਰ ਗਿਆ ਪਰ, ਕੁਦਰਤ ਦੁਆਰਾ ਸਾਜੀ ਹੋਈ ਇਸ ਮਸ਼ੀਨ ਦਾ ਅੱਜ ਤੱਕ ਕੋਈ ਤੋੜ ਨਹੀਂ । ਜੇਕਰ ਮੈਂ ਇਸ ਨੁਕਤੇ ਨੂੰ ਇਸ ਤਰਾਂ ਕਹਾਂ ਕਿ ਦੁਨੀਆਂ ਵਿਚ ਮਨੁੱਖ ਦੇ ਹੱਥਾਂ ਨਾਲੋ ਕਾਰਗਰ ਹਥਿਆਰ ਅੱਜ ਵੀ ਸਾਂਇਸ ਪੈਦਾ ਕਰਨ ਵਿਚ ਸਫਲ ਨਹੀ ਹੋ ਸਕੀ ਤੇ ਨਾ ਹੀ ਭਵਿੱਖ ਵਿਚ ਕਦੇ ਸਫਲ ਹੋ ਸਕੇਗੀ ਤਾਂ ਇਹ ਕਹਿਣਾ ਕਦੇ ਵੀ ਗਲਤ ਨਹੀਂ ਹੋਵੇਗਾ।

ਮਨੁੱਖੀ ਸਰੀਰ ਦੇ ਕੁੱਝ ਅਜਿਹੇ ਹੈਰਾਨਕੁੰਨ ਤੱਥਾਂ, ਜੋ ਮੈਂ ਆਪਣੀ ਤੁੱਛ ਬੁੱਧੀ ਮੁਤਾਬਿਕ ਨੋਟ ਕੀਤੇ, ਦਾ ਜਿਕਰ ਕਰਨਾ ਇਥੇ ਬਹੁਤ ਜਰੂਰੀ ਬਣ ਜਾਂਦਾ ਹੈ ਤਾਂ ਕਿ ਸਾਨੂੰ ਇਹ ਪਤਾ ਲੱਗ ਸਕੇ ਕਿ ਮਨੁੱਖੀ ਸਰੀਰ ਰੂਪੀ ਮਸ਼ੀਨ ਕਿੰਨੀ ਕੁ ਵਿਲੱਖਣ ਤੇ ਅਦਭੁਤ ਹੈ।

ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਫੇਫੜਿਆਂ ਦੀ ਜੋ ਸਾਨੂੰ ਜਿੰਦਾ ਰੱਖਣ ਵਾਸਤੇ ਹਮੇਸ਼ਾ ਕਾਰਜਸ਼ੀਲ ਰਹਿੰਦੇ ਹਨ ਤੇ 24 ਘੰਟਿਆਂ ਵਿਚ ਅੰਦਾਜਨ ਵੀਹ ਹਜਾਰ ਲੀਟਰ ਹਵਾ ਫਿਲਟਰ ਕਰਦੇ ਹਨ । ਇਹ ਏਨੇ ਕੁ ਲਚਕਦਾਰ ਹੁੰਦੇ ਹਨ ਕਿ ਜੇਕਰ ਇਕ ਫੇਫੜੇ ਨੂੰ ਖਿੱਚਿਆ ਜਾਵੇ ਤਾਂ ਉਹ ਫੈਲਕੇ ਏਨਾ ਕੁ ਚੌੜਾ ਹੋ ਜਾਂਦਾ ਹੈ ਕਿ ਉਸ ਨਾਲ ਇਕ ਪੂਰਾ ਟੈਨਿਸ ਬੋਰਡ ਢਕਿਆ ਜਾ ਸਕਦਾ ਹੈ ।

ਸਾਡਾ ਸਰੀਰ ਪ੍ਰਤੀ ਸੈਕਿੰਡ ਢਾਈ ਕਰੋੜ ਨਵੀਆਂ ਕੋਸ਼ਿਕਾਵਾਂ ਦਾ ਨਿਰਮਾਣ ਕਰਦਾ ਹੈ ਤੇ ਹਰ ਦਿਨ ਵਿਚ ਦੋ ਸੌ ਅਰਬ ਤੋਂ ਵੱਧ ਕੋਸ਼ਿਕਾਵਾਂ ਦੀ ਬੁਣਤਰ ਕਰਦਾ ਹੈ । ਇਥੇ ਇਹ ਗੱਲ ਦੱਸਣੀ ਵੀ ਜਰੂਰੀ ਹੈ ਕਿ ਕੁਰੀਬ ਢਾਈ ਸੌ ਕਰੋੜ ਕੋਸ਼ਕਾਵਾਂ ਸਾਡੇ ਸਰੀਰ ਵਿਚਲੇ ਖੂਨ ਵਿਚ ਹਰ ਵੇਲੇ ਮੌਜੂਦ ਰਹਿੰਦੀਆਂ ਹਨ । ਜਿਕਰਯੋਗ ਹੈ ਕਿ ਇਕ ਬੂੰਦ ਖੂਨ ਵਿਚ ਲਗਭਗ ਪੰਝੀ ਕਰੋੜ ਕੋਸ਼ਿਕਾਵਾਂ ਹੁੰਦੀਆ ਹੁੰਦੀਆਂ ਹਨ । ਇਹ ਦੱਸਣਾ ਵੀ ਵਾਜਬ ਹੈ ਕਿ ਮਨੁੱਖੀ ਵੀਰਜ ਦੀ ਇਕ ਬੂੰਦ ਵਿਚ ਲਗਭਗ ਪੰਦਰਾਂ ਮਿਲੀਅਨ ਸ਼ੁਕਰਾਣੂ ਹੁੰਦੇ ਹਨ ਜਦ ਕਿ ਇਕ ਔਰਤ ਨੂੰ ਗਰਭਵਤੀ ਹੋਣ ਵਾਸਤੇ ਸਿਰਫ ਇਕ ਸ਼ੁਕਰਾਣੂ ਹੀ ਕਾਫੀ ਹੁੰਦਾ ਹੈ। ਮਨੁੱਖੀ ਸਰੀਰ ਵਿਚ ਔਸਤਨ 5.3 ਲਿਟਰ ਖੂਨ ਹੁੰਦਾ ਹੈ ਤੇ ਇਹ ਏਨੀ ਤੇਜੀ ਨਾਲ ਸਰੀਰ ਵਿਚ ਸੰਚਾਰ ਕਰਦਾ ਹੈ ਕਿ ਹਰ ਵੀਹ ਸੈਕਿੰਡ ਵਿਚ ਸਾਡੇ ਸਰੀਰ ਦਾ ਇਕ ਚੱਕਰ ਪੂਰਾ ਕਰਦਾ ਹੈ । ਇਹ ਵੀ ਸੱਚ ਹੈ ਕਿ ਰੋਜਾਨਾ ਸਾਡੇ ਸਰੀਰ ਵਿਚ ਖੂਨ ਲਗਭਗ ਇੱਕ ਲੱਖ ਬੰਨਵੇਂ ਹਜਾਰ ਕਿੱਲੋਮੀਟਰ ਦਾ ਸਫਰ ਤਹਿ ਕਰਦਾ ਹੈ।

ਜਿੱਥੋਂ ਤੱਕ ਦਿਲ ਦੀ ਧੜਕਣ ਦੀ ਗੱਲ ਹੈ ਤਾਂ ਅਸੀਂ ਆਪਣੀ ਜਾਣਕਾਰੀ ਵਿਚ ਵਾਧਾ ਕਰ ਲਈਏ ਕਿ ਪੂਰੇ ਦਿਨ ਵਿਚ ਸਾਡਾ ਦਿਲ ਸਾਨੂੰ ਜੀਉਂਦੇ ਜਾਗਦੇ ਰੱਖਣ ਵਾਸਤੇ ਕੁਰੀਬ ਇਕ ਲੱਖ ਵਾਰ ਧੜਕਦਾ ਹੈ। ਉਕਤ ਹਿਸਾਬ ਨਾਲ ਇਕ ਸਾਲ ਵਿਚ ਦਿਲ ਦੀ ਧੜਕਣ ਦੀ ਗਿਣਤੀ ਕਰੀਏ ਤਾਂ ਤਿੰਨ ਕਰੋੜ ਤੋਂ ਵੱਧ ਬਣ ਜਾਂਦੀ ਹੈ । ਦਿਲ ਦਾ ਪੰਪਇੰਗ ਪਰੈਸ਼ਰ ਏਨਾ ਕੁ ਹੁੰਦਾ ਹੈ ਕਿ ਉਹ ਖੂਨ ਨੂੰ ਤੀਹ ਫੁੱਟ ਦੀ ਉਚਾਈ ਤੱਕ ਇਕ ਫਹਾਰੇ ਦੀ ਤਰਾਂ ਸੁੱਟ ਸਕਦਾ ਹੈ ।

ਮਨੁੱਖੀ ਅੱਖਾਂ ਵਰਗੀ ਅਜੇ ਤੱਕ ਕੋਈ ਦੂਰਬੀਨ ਬਣੀ ਹੀ ਨਹੀਂ । ਮਨੁੱਖੀ ਅੱਖ ਏਨੀ ਤੇਜ ਹੁੰਦੀ ਹੈ ਕਿ ਕਰੋੜਾਂ ਰੰਗਾਂ ਵਿਚਲਾ ਅੰਤਰ ਵੀ ਪਤਾ ਲਗਾ ਸਕਦੀ ਹੈ। ਅਸੀਂ ਇਹ ਤਾਂ ਜਾਣਦੇ ਹਾਂ ਕਿ ਨੱਕ ਰਸਤੇ ਆਕਸੀਜਨ ਨਿਰੰਤਰ ਫੇਫੜਿਆਂ ਅੰਦਰ ਪਰਵੇਸ਼ ਕਰਦੀ ਰਹਿੰਦੀ ਹੈ ਤੇ ਕਾਰਬਨ ਡਾਇਆ ਅਕਸਾਈਜ ਮੁੜਦੇ ਸਾਹ ਬਾਹਰ ਨਿਕਲਦੀ ਰਹਿੰਦੀ ਹੈ, ਪਰ ਸਾਡੇ ਵਿਚੋਂ ਬਹੁਤ ਘੱਟ ਲੋਕਾਂ ਨੂੰ ਇਸ ਗੱਲ ਦਾ ਪਤਾ ਹੈ ਕਿ ਨੱਕ ਦੇ ਅੰਦਰ ਕੁਦਰਤੀ ਏਅਰ ਕੰਡੀਸ਼ਨ ਲੱਗਾ ਹੁੰਦਾ ਹੈ ਜੋ ਬਾਹਰੋਂ ਸਰੀਰ ਦੇ ਅੰਦਰ ਜਾਣ ਵਾਲੀ ਆਕਸੀਜਨ ਨੂੰ ਲੋੜ ਅਨੁਸਾਰ ਠੰਢਿਆਂ ਜਾਂ ਗਰਮ ਕਰਕੇ ਫੇਫੜਿਆਂ ਵਿਚ ਭੇਜਦਾ ਹੈ । ਇਸ ਦੇ ਨਾਲ ਹੀ ਨੱਕ ਦੇ ਅੰਦਰ ਵਾਲਾਂ ਦਾ ਕੁਦਰਤੀ ਫਿਲਟਰ ਤੇ ਲੇਸਲਾਪਨ ਵੀ ਹੁੰਦਾ ਹੈ ਜੋ ਫੇਫੜਿਆਂ ਅੰਦਰ ਜਾਣ ਵਾਲੀ ਹਵਾ ਵਿੱਚੋ ਧੂੜ ਕਣ ਤੇ ਜੀਵਾਣੂ ਫਿਲਟਰ ਕਰਦਾ ਰਹਿੰਦਾ ਹੈ ਤੇ ਫੇਫੜਿਆ ਵਿੱਚ ਸਿਰਫ ਸ਼ੁੱਧ ਆਕਸੀਜਨ ਹੀ ਪਰਵੇਸ਼ ਕਰਦੀ ਹੈ ।

ਸਾਡੇ ਸਰੀਰ ਵਿੱਚ ਸੱਤਰ ਫੀਸਦੀ ਪਾਣੀ ਹੁੰਦਾ ਹੈ । ਇਸ ਤੋਂ ਇਲਾਵਾ ਕਾਰਬਨ, ਜਿੰਕ, ਮੈਗਨੀਸ਼ੀਅਮ, ਫਾਸਫੋਰਸ ਤੇ ਸਿਲੀਕਾਨ ਵੀ ਪਾਏ ਜਾਂਦੇ ਹਨ । ਜਦੋਂ ਅਸੀਂ ਨਿੱਛ ਮਾਰਦੇ ਹਾਂ ਤਾਂ ਫੇਫੜਿਆਂ ਅੰਦਰੋਂ ਬਾਹਰ ਆ ਰਹੀ ਹਵਾ ਦੀ ਰਫਤਾਰ 160 ਤੋਂ ਲੈ ਕੇ 300 ਕਿਲੋਮੀਟਰ ਫੀ ਘੰਟਾ ਦੀ ਸਪੀਡ ਨਾਲ ਹੁੰਦੀ ਹੈ । ਇਹ ਗੱਲ ਵੀ ਨੋਟ ਕਰਨ ਵਾਲੀ ਹੈ, ਬੇਸ਼ੱਕ ਟਰਾਈ ਕਰ ਲੈਣਾ ਕਿ ਨਿੱਛ ਕਦੇ ਵੀ ਖੁਲ੍ਹੀਆਂ ਅੱਖਾਂ ਨਾਲ ਨਹੀਂ ਮਾਰੀ ਜਾ ਸਕਦੀ ਅਰਥਾਤ ਜਦ ਨਿੱਛ ਆਉਂਦੀ ਹੈ ਤਾਂ ਹਵਾ ਦੇ ਪਰੈਸ਼ਰ ਨਾਲ ਸਾਡੀਆਂ ਅੱਖਾਂ ਆਪਣੇ ਆਪ ਹੀ ਬੰਦ ਹੋ ਜਾਂਦੀਆਂ ਹਨ । ---- **ਚਲਦਾ**

## ਹਾਸੇ ਦੀ ਪਟਾਰੀ

**ਇਕ** ਆਦਮੀ ਹੇਅਰਡ੍ਰੈਸਰ ਦੀ ਦੁਕਾਨ 'ਤੇ ਗਿਆ ਅਤੇ ਬੋਲਿਆ, ਭਰਾ, ਵਾਲ ਛੋਟੇ ਕਰ ਦੇ।

ਹੇਅਰਡ੍ਰੈਸਰ, ਕਿੰਨੇ ਛੋਟੇ ਕਰ ਦਾਂ ?

ਆਦਮੀ, ਇੰਨੇ ਛੋਟੇ ਕਰ ਦੇ ਕਿ ਘਰਵਾਲੀ ਦੇ ਹੱਥਾਂ ਵਿੱਚ ਨਾ ਆ ਸਕਣ।

*---*---*

**ਪਤਨੀ,** ਮੈਂ ਸੁਣਿਆ ਹੈ ਕਿ ਸਵਰਗ ਵਿੱਚ ਪਤੀ-ਪਤਨੀ ਨੂੰ ਇਕੱਠੇ ਨਹੀਂ ਰਹਿਣ ਦਿੰਦੇ।

ਪਤੀ, ਪਾਗਲ, ਤਾਂ ਹੀ ਤਾਂ ਉਸ ਨੂੰ ਸਵਰਗ ਕਹਿੰਦੇ ਹਨ।

*---*---*

**ਇਕ** ਕੁੜੀ ਦਾ ਐਕਸੀਡੈਂਟ ਹੋ ਗਿਆ। ਡਾਕਟਰ, ਤੁਹਾਡੇ ਪੈਰ ਖਰਾਬ ਹੋ ਗਏ ਹਨ।

ਕੁੜੀ, ਕੀ ਇਹ ਸਹੀ ਨਹੀਂ ਹੋਣਗੇ ?

ਡਾਕਟਰ, ਨਹੀਂ, ਇਨ੍ਹਾਂ ਨੂੰ ਕੱਟਣਾ ਪਵੇਗਾ।

ਕੁੜੀ, ਓਹ ਨੋ, ਹੁਣ ਮੈਂ ਕੀ ਕਰਾਂਗੀ ?

ਡਾਕਟਰ, ਧੀਰਜ ਰੱਖੋ ਮੈਡਮ, ਰੱਬ ਸਭ ਠੀਕ ਕਰੇਗਾ।

ਕੁੜੀ, ਮੈਨੂੰ ਉਸ ਦੀ ਟੈਨਸ਼ਨ ਨਹੀਂ, ਮੈਂ ਕੱਲ੍ਹ ਹੀ ਨਵੇਂ ਸੈਂਡਲ ਖਰੀਦੇ ਹਨ।

*---*---*

**ਪਤੀ** ਸ਼ਾਮ ਨੂੰ ਘਰ ਆਇਆ ਤੇ ਪਤਨੀ ਦੀਆਂ ਅੱਖਾਂ 'ਤੇ ਹੱਥ ਰੱਖ ਦਿੱਤਾ, ਪਤਨੀ ਪਿਆਰ ਨਾਲ ਬੋਲੀ, ਰਾਜੂ।

ਪਤੀ ਗੁੱਸੇ ਵਿੱਚ, ਰਾਜੂ ਨਹੀਂ, ਮੈਂ ਹਾਂ।

ਪਤਨੀ ਤੁਰੰਤ ਗੱਲ ਪਲਟ ਕੇ ਬੋਲੀ, ਸੌਰੀ, ਮੈਂ ਕਹਿ ਰਹੀ ਸੀ ਕਿ ਰਾਜੂ ਪਾਣੀ ਲੈ ਕੇ ਆ, ਸਾਹਬ ਆਏ ਹਨ।

*---*---*

**ਕੰਜੂਸ** ਰਘੂ ਮਰਨ ਵਾਲਾ ਸੀ। ਉਹ ਬੋਲਿਆ, ਭਾਗਵਾਨੇ ਕਿਥੇ ਏਂ ਤੂੰ ?

ਪਤਨੀ, ਜੀ, ਮੈਂ ਇਥੇ ਹੀ ਹਾਂ।

ਰਘੂ, ਮੇਰਾ ਬੇਟਾ ਤੇ ਬੇਟੀ ਕਿਥੇ ਹਨ ?

ਬੱਚੇ, ਜੀ, ਅਸੀਂ ਵੀ ਇਥੇ ਹੀ ਹਾਂ।

ਰਘੂ, ਤਾਂ ਬਾਹਰ ਵਾਲੇ ਕਮਰੇ ਦਾ ਪੱਖਾ ਕਿਉਂ ਚੱਲ ਰਿਹਾ ਹੈ ?

*---*---*

## ਗੌਤਮ ਅਡਾਨੀ ਨੇ 1 ਦਿਨ 'ਚ ਕਮਾਏ 15,000 ਕਰੋੜ



ਨਵੀਂ ਦਿੱਲੀ : ਭਾਰਤ ਦੇ ਦੂਜੇ ਸਭ ਤੋਂ ਅਮੀਰ ਵਿਅਕਤੀ ਅਤੇ ਅਡਾਨੀ ਗਰੁੱਪ ਦੇ ਚੇਅਰਮੈਨ ਗੌਤਮ ਅਡਾਨੀ ਦੀ ਕੁੱਲ ਜਾਇਦਾਦ ਚ ਵੀਰਵਾਰ ਨੂੰ ਕਾਫੀ ਵਾਧਾ ਹੋਇਆ ਹੈ। ਬਲੂਮਬਰਗ ਬਿਲੀਨੇਅਰਸ ਇੰਡੈਕਸ ਦੇ ਮੁਤਾਬਕ, ਗੌਤਮ ਅਡਾਨੀ ਦੀ ਸੰਪੱਤੀ ਵਿੱਚ ਇੱਕ ਦਿਨ ਵਿੱਚ 1.80 ਬਿਲੀਅਨ ਡਾਲਰ ਯਾਨੀ ਕਰੀਬ 15,000 ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਇਸ ਨਾਲ ਗੌਤਮ ਅਡਾਨੀ ਦੀ ਕੁੱਲ ਜਾਇਦਾਦ 99 ਅਰਬ ਡਾਲਰ ਹੋ ਗਈ ਹੈ।

ਨੈੱਟਵਰਥ ਚ ਇਸ ਵਾਧੇ ਨਾਲ ਗੌਤਮ ਅਡਾਨੀ ਦੁਨੀਆ ਦੇ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਚ ਇਕ ਸਥਾਨ ਉੱਪਰ ਆ ਗਿਆ ਹੈ। ਹੁਣ ਉਹ ਦੁਨੀਆ ਦੇ 14ਵੇਂ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ। ਇਸ ਸਾਲ ਗੌਤਮ ਅਡਾਨੀ ਦੀ ਦੌਲਤ ਵਿੱਚ ਕੁੱਲ 14.7 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ।

ਦੁਨੀਆ ਦੇ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਚ ਮਾਈਕਲ ਡੇਲ 13ਵੇਂ ਸਥਾਨ ਤੇ ਹੈ। ਡੈੱਲ ਅਤੇ ਅਡਾਨੀ ਦੀ ਕੁੱਲ ਜਾਇਦਾਦ ਵਿੱਚ ਬਹੁਤ ਘੱਟ ਅੰਤਰ ਹੈ। ਡੇਲ ਦੀ ਕੁੱਲ ਜਾਇਦਾਦ $99.4 ਬਿਲੀਅਨ ਹੈ। ਅਜਿਹੇ ਚ ਗੌਤਮ ਅਡਾਨੀ ਦੀ ਨੈੱਟਵਰਥ ਜਲਦ ਹੀ ਡੇਲ ਦੀ ਨੈੱਟਵਰਥ ਤੋਂ ਉੱਪਰ ਜਾ ਸਕਦੀ ਹੈ।

# ਲੋਕ ਸਭ ਚੋਣਾ ਅਤੇ ਪੰਜਾਬ ਦੇ ਮੌਜੂਦਾ ਹਾਲਾਤ

**ਰਵਿੰਦਰ ਸਿੰਘ ਸੋਢੀ**
ਰਿਚਮੰਡ, ਕੈਨੇਡਾ.



2024 ਦੀਆਂ ਲੋਕ ਸਭਾ ਚੋਣਾ ਦਾ ਬਿਗਲ ਵੱਜ ਚੁੱਕਿਆ ਹੈ। ਜਿਥੇ ਬੀ ਜੇ ਪੀ ਆਪਣੀ ਸਰਕਾਰ ਤੀਜੀ ਵਾਰ ਵੀ ਕਾਇਮ ਰੱਖਣ ਲਈ ਜ਼ੋਰ ਅਜ਼ਮਾਇਸ਼ ਕਰ ਰਹੀ ਹੈ, ਉਥੇ ਵਿਰੋਧੀ ਪਾਰਟੀਆਂ ਵੀ 'ਇੰਡੀਆ' ਗੱਠਜੋੜ ਦੇ ਝੰਡੇ ਹੇਠ ਇਕੱਠੇ ਹੋ ਗਈਆਂ ਹਨ। ਭਾਵੇਂ ਇੰਡੀਆ ਗੱਠਜੋੜ ਨੂੰ ਪਹਿਲਾ ਝਟਕਾ ਉਦੋਂ ਲੱਗਿਆ ਜਦੋਂ ਬਿਹਾਰ ਵਿਚ ਨਿਤਿਸ਼ ਕੁਮਾਰ ਇਸ ਨਵੇਂ ਬਣੇ ਖੇਮੇ ਵਿਚੋਂ ਬਾਹਰ ਹੋ ਕੇ ਬੀ ਜੇ ਪੀ ਦੇ ਪਾਲੇ ਵਿਚ ਜਾ ਬੈਠਾ। ਯੂ ਪੀ ਵਿਚ ਮਾਇਆਵਤੀ ਨੇ ਵੀ ਰੰਘੜ ਵਾਲਾ ਰੰਘੜਊ ਦੀ ਕਹਾਵਤ ਅਨੁਸਾਰ ਬੀ ਜੇ ਪੀ ਅਤੇ ਇੰਡੀਆ ਦੋਹਾਂ ਤੋਂ ਹੀ ਦੂਰੀ ਬਣਾ ਕੇ ਰੱਖੀ ਹੈ। ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਨੇ ਵੀ ਆਪਣਾ ਇਕ ਤਰਫੇ ਫੈਸਲੇ ਅਨੁਸਾਰ ਕਾਂਗਰਸ ਨਾਲ ਸੀਟਾਂ ਲਈ ਕੋਈ ਸਮਝੌਤਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਪਰ ਇੰਡੀਆ ਜੁੱਟ ਵਿਚ ਬਣੀ ਰਹਿਣਾ ਮੰਨ ਗਈ ਹੈ। ਕਾਂਗਰਸ ਅਤੇ ਆਮ ਆਦਮੀ ਪਾਰਟੀ ਭਾਵੇਂ ਇੰਡੀਆ ਗੱਠਜੋੜ ਵਿਚ ਹਨ ਅਤੇ ਉਹਨਾਂ ਨੇ ਦਿੱਲੀ ਦੀਆਂ ਸੱਤ ਲੋਕ ਸਭਾ ਸੀਟਾਂ ਲਈ ਸਮਝੌਤਾ ਕਰ ਲਿਆ ਹੈ, ਪਰ ਪੰਜਾਬ ਲਈ ਇਹਨਾਂ ਦੋਹਾਂ ਪਾਰਟੀਆਂ ਦਾ ਕੋਈ ਸਮਝੌਤਾ ਨਹੀਂ ਹੋਇਆ ਅਤੇ ਦੋਹਾਂ ਪਾਰਟੀਆਂ ਦੀਆਂ ਸੂਬਾ ਇਕਾਈਆਂ ਪੰਜਾਬ ਦੀਆਂ ਤੇਰਾਂ ਦੀਆਂ ਤੇਰਾਂ ਸੀਟਾਂ ਲਈ ਆਪਣੇ-ਆਪਣੇ ਉਮੀਦਵਾਰ ਖੜੇ ਕਰਨ ਦੀ ਜਿਦ ਤੇ ਅੜੀਆਂ ਹੋਈਆਂ ਹਨ। ਦੂਸਰੇ ਪਾਸੇ ਬੀ ਜੇ ਪੀ ਅਤੇ ਅਕਾਲੀ ਪਾਰਟੀ ਦਾ ਵੀ ਆਪਸੀ ਸਮਝੌਤਾ ਨਹੀਂ ਹੋ ਸਕਿਆ। ਦੋਵੇਂ ਪਾਰਟੀਆਂ ਵੀ ਪੰਜਾਬ ਦੀਆਂ ਸਾਰੀਆਂ ਸੀਟਾਂ ਤੇ ਆਹਮਣੇ-ਸਾਹਮਣੇ ਹੋਣਗੀਆਂ। ਅਕਾਲੀ ਦਲ ਅਤੇ ਮਾਇਆਵਤੀ ਦੀ ਬਹੁਜਨ ਸਮਾਜ ਪਾਰਟੀ ਵੀ ਇਕੱਠੀਆਂ ਨਹੀਂ ਰਹੀਆਂ। ਮਾਰਕਸਵਾਦੀ ਪਾਰਟੀ ਨੇ ਵੀ ਪੰਜਾਬ ਦੀਆਂ ਤਿੰਨ ਸੀਟਾਂ ਤੇ ਆਪਣੇ ਉਮੀਦਵਾਰ ਉਤਾਰਨ ਦਾ ਫੈਸਲਾ ਕੀਤਾ ਹੈ। ਸਿਮਰਨਜੀਤ ਸਿੰਘ ਮਾਨ ਨੇ ਸੰਗਰੂਰ ਤੋਂ ਚੋਣ ਲੜਨੀ ਹੀ ਹੈ। ਇਸ ਤਰਾਂ ਵੋਟਾਂ ਦਾ ਵੰਡਿਆ ਜਾਣਾ ਸੁਭਾਵਿਕ ਹੀ ਹੈ।

ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸੋਚ ਇਹ ਹੈ ਕਿ ਭਗਵੰਤ ਮਾਨ ਸਰਕਾਰ ਦੀ ਪਿਛਲੇ ਦੋ ਸਾਲ ਦੀ ਕਾਰਗੁਜ਼ਾਰੀ ਵਧੀਆ ਰਹੀ ਹੈ, ਇਸ ਲਈ ਆਮ ਜਨਤਾ ਉਹਨਾਂ ਦਾ ਸਾਥ ਦੇਵੇਗੀ। ਦੂਜੇ ਪਾਸੇ ਕਾਂਗਰਸ ਪਾਰਟੀ ਦੀ ਪੰਜਾਬ ਇਕਾਈ ਦਾ ਇਹ ਮੰਨਣਾ ਹੈ ਕਿ ਕਿਉਂ ਜੋ ਆਮ ਆਦਮੀ ਪਾਰਟੀ ਸਰਕਾਰ ਨੇ ਆਪਣੇ ਬਹੁਤੇ ਵਾਅਦੇ ਪੂਰੇ ਨਹੀਂ ਕੀਤੇ, ਮੁਲਾਜ਼ਮ ਵਰਗ ਦੀਆਂ ਮੰਗਾਂ ਨਹੀਂ ਮੰਨੀਆਂ, ਭਗਵੰਤ ਮਾਨ, ਆਪਣੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਹਾਂ ਵਿਚ ਹਾਂ ਮਿਲਾਉਂਦਾ ਰਿਹਾ ਹੈ, ਇਸ ਲਈ ਲੋਕ ਆਮ ਆਦਮੀ ਪਾਰਟੀ ਨੂੰ ਮੂੰਹ ਨਹੀਂ ਲਾਉਣਗੇ। ਸ਼੍ਰੋਮਣੀ ਅਕਾਲੀ ਦਲ ਦੇ ਕੁਝ ਰੁੱਸੇ ਨੇਤਾਵਾਂ ਦੇ ਪਾਰਟੀ ਵਿਚ ਮੁੜ ਆਉਣ ਨਾਲ ਵੋਟਰਾਂ



**ਜੇ ਦੇਖਿਆ ਜਾਵੇ ਤਾਂ ਮੌਜੂਦਾ ਹਾਲਾਤ ਵਿਚ ਕਿਸੇ ਵੀ ਮੁੱਖ ਪਾਰਟੀ ਕੋਲ 13 ਚੰਗੇ ਉਮੀਦਵਾਰ ਲੱਭਣੇ ਖਾਲਾ ਜੀ ਦਾ ਵਾੜਾ ਨਹੀਂ। ਆਮ ਆਦਮੀ ਪਾਰਟੀ ਨੂੰ ਆਪਣੇ ਪੰਜ ਮੰਤਰੀ ਮੈਦਾਨ ਵਿਚ ਉਤਾਰਨੇ ਪਏ ਹਨ। ਬੀ ਜੇ ਪੀ, ਪਟਿਆਲਾ ਤੋਂ ਪਰਨੀਤ ਕੌਰ ਨੂੰ, ਲੁਧਿਆਣਾ ਤੋਂ ਰਵਨੀਤ ਸਿੰਘ ਬਿੱਟੂ ਅਤੇ ਜਲੰਧਰ ਤੋਂ ਆਮ ਆਦਮੀ ਪਾਰਟੀ ਛੱਡ ਕੇ ਆਏ ਐਮ ਪੀ ਨੂੰ ਟਿੱਕਟ ਦੇਵੇ ਗੀ। ਉਹ ਕੋਸ਼ਿਸ਼ ਕਰਨ ਗੇ ਕਿ ਹੋਰ ਪਾਰਟੀ ਦੇ ਵੱਡੇ ਆਗੂਆਂ ਨੂੰ ਦਲ ਬਦਲੀ ਕਰਵਾ ਕੇ ਟਿੱਕਟ ਦੇਣ। ਮਨਪ੍ਰੀਤ ਸਿੰਘ ਬਾਦਲ ਅਤੇ ਜਾਖੜ ਨੂੰ ਵੀ ਟਿੱਕਟ ਦੇਣ ਗੇ। ਪੰਜਾਬ ਵਿਚ ਉਹਨਾਂ ਦਾ ਹੇਠਲਾ ਕਾਡਰ ਬਹੁਤਾ ਵਧੀਆ ਨਹੀਂ। ਜੇ ਪੰਜਾਬ ਦੀਆਂ ਗੈਰ ਬੀ ਜੇ ਪੀ ਪਾਰਟੀਆਂ ਨੇ ਪੰਜਾਬ ਵਿਚ ਜਿਆਦਾ ਸੀਟਾਂ ਜਿੱਤਣੀਆਂ ਹਨ ਤਾਂ ਸਭ ਨੂੰ ਸਿਰ ਜੋੜ ਕੇ ਬੈਠਣਾ ਪਵੇਗਾ। ਆਪਣੀ-ਆਪਣੀ ਹਉਮੈ ਤਿਆਗਣੀ ਪਵੇ ਗੀ। ਇਸ ਸਮੇਂ ਕੋਈ ਵੀ ਪਾਰਟੀ 13 ਤਾਂ ਛੱਡੋ 5-6 ਸਿੱਟਾ ਵੀ ਨਹੀਂ ਜਿੱਤ ਸਕਦੀ।**

ਵਿਚ ਚੰਗਾ ਪ੍ਰਭਾਵ ਜਾਵੇ ਗਾ ਅਤੇ ਪਾਰਟੀ ਆਪਣੇ ਰਵਾਇਤੀ ਹਮਾਇਤੀਆਂ ਨੂੰ ਨਾਲ ਜੋੜਨ ਵਿਚ ਕਾਮਯਾਬ ਹੋਵੇਗੀ। ਬੀ ਜੇ ਪੀ ਨਾਲ ਉਹਨਾਂ ਨੇ ਸਮਝੌਤਾ ਵੀ ਇਸ ਲਈ ਨਹੀਂ ਕੀਤਾ ਕਿ ਉਹ ਕਿਸਾਨਾਂ ਨੂੰ ਨਰਾਜ਼ ਨਹੀਂ ਕਰਨਾ ਚਾਹੁੰਦੇ। ਮਾਰਕਸਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਨੇ ਜਿੱਤਣ ਲਈ ਆਪਣੇ ਉਮੀਦਵਾਰ ਨਹੀਂ ਖੜੇ ਕਰਨੇ, ਬਲਕਿ ਆਪਣੇ ਵੋਟਰਾਂ ਵਿਚ ਆਪਣੀ ਹਾਜ਼ਰੀ ਹੀ ਲਵਾਉਣੀ ਹੈ।

ਅਸਲ ਵਿਚ ਪੰਜਾਬ ਦੀਆਂ ਤਿੰਨ ਮੁੱਖ ਪਾਰਟੀਆਂ-ਆਮ ਆਦਮੀ ਪਾਰਟੀ, ਕਾਂਗਰਸ ਅਤੇ ਅਕਾਲੀ ਪੰਜਾਬ ਦੀ ਜ਼ਮੀਨੀ ਹਾਲਾਤ ਨੂੰ ਦਰ ਕਿਨਾਰਾ ਕਰ ਰਹੇ ਹਨ। ਤਿੰਨਾ ਪਾਰਟੀਆਂ ਦੀ ਸਾਰੀਆਂ ਸੀਟਾਂ ਤੇ ਲੜਨ ਦੀ ਜਿਦ ਤਿੰਨਾ ਨੂੰ ਹੀ ਨੁਕਸਾਨ ਪਹੁੰਚਾਏ ਗੀ। ਉਹਨਾਂ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਚੁਣਾਵੀ ਬਾਂਡਾ ਦੀ ਧਾਂਦਲੀ ਨੇ ਬੀ ਜੇ ਪੀ ਦੇ ਅਕਸ ਨੂੰ ਖੋਰਾ ਲਾਇਆ ਹੈ, ਵੱਧਦੀ ਮਹਿੰਗਾਈ ਅਤੇ ਬੇਰੁਜ਼ਗਾਰੀ ਨੇ ਆਮ ਲੋਕਾਂ ਵਿਚ ਗੁੱਸੇ ਦੀ ਭਾਵਨਾ ਭਰੀ ਹੈ, ਪਰ ਇਹ ਵੀ ਸੱਚਾਈ ਹੈ ਕਿ ਇਹਨਾਂ ਤਿੰਨਾ ਪਾਰਟੀਆਂ ਦੇ ਅੰਦਰੂਨੀ ਹਾਲਾਤ ਵੀ ਬਹੁਤੇ ਖ਼ੁਸ਼ਗਵਾਰ ਨਹੀਂ। ਕਾਂਗਰਸ ਦੇ ਕਈ ਵੱਡੇ ਨੇਤਾ ਬੀ ਜੇ ਪੀ ਦੀ ਝੋਲੀ ਵਿਚ ਜਾ ਪਏ ਹਨ। ਮੌਜੂਦਾ ਕਾਂਗਰਸੀ ਐਮ ਪੀ ਹੀ ਪਾਰਟੀ ਛੱਡ ਕੇ ਜਾ ਰਹੇ ਹਨ। ਆਮ ਆਦਮੀ ਪਾਰਟੀ ਦਾ ਵੀ ਇਹੋ ਹਾਲ ਹੈ। ਰਾਜ ਸਭਾ ਦੀਆਂ ਸੀਟਾਂ ਲਈ ਉਹਨਾਂ ਨੇ ਪੰਜਾਬ ਤੋਂ ਬਾਹਰਲੇ ਬੰਦਿਆਂ ਨੂੰ ਮੌਕਾ ਦੇ ਕੇ ਇਕ ਕਿਸਮ ਦਾ ਪੰਜਾਬ ਨਾਲ ਧੋਖਾ ਹੀ ਕੀਤਾ ਹੈ। ਪੁਰਾਣੀ ਪੈਨਸ਼ਨ ਸਕੀਮ ਦਾ ਵਾਦਾ ਪੂਰਾ ਨਾ ਕਰ ਕੇ ਮੁਲਾਜ਼ਮਾਂ ਨੂੰ ਆਪਣੇ ਵਿਰੁਧ ਕੀਤਾ ਹੈ। ਹੁਣ ਇਕ ਕਲਾਕਾਰ ਨੂੰ ਟਿੱਕਟ ਦੇ ਕੇ ਕੀ ਸਿੱਧ ਕਰਨਾ ਚਾਹੁੰਦੇ ਹਨ? ਪਹਿਲਾਂ ਇਕ ਕ੍ਰਿਕਟ ਖਿਡਾਰੀ ਨੂੰ ਰਾਜ ਸਭਾ ਵਿਚ ਭੇਜ ਕੇ ਕੀ ਖੱਟਿਆ? ਜੇ ਕਾਂਗਰਸ ਦੀ ਗੱਲ ਕੀਤੀ ਜਾਵੇ ਤਾਂ ਇਸ ਸਮੇਂ ਉਹਨਾਂ ਕੋਲ ਅਜਿਹਾ ਕਿਹੜਾ ਨੇਤਾ ਹੈ ਜਿਸ ਦਾ ਸਾਰੇ ਪੰਜਾਬ ਵਿਚ ਵਧੀਆ ਪ੍ਰਭਾਵ ਹੋਵੇ। ਮੌਜੂਦਾ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੂੰ ਉਸ ਦੇ ਇਲਾਕੇ ਤੋਂ ਬਾਹਰ ਕੋਈ ਨਹੀਂ ਜਾਣਦਾ। ਪ੍ਰਤਾਪ ਸਿੰਘ ਬਾਜਵਾ ਹੀ ਅਜਿਹਾ ਨੇਤਾ ਹੈ, ਜਿਸ ਦੀ ਕੋਈ ਸ਼ਾਖ਼ ਹੈ। ਸ਼ਮਸ਼ੇਰ ਸਿੰਘ ਦੂੱਲੋ ਅਤੇ ਲਾਲ ਸਿੰਘ ਪੁਰਾਣੇ ਨੇਤਾ ਜਰੂਰ ਹਨ, ਪਰ ਉਹ ਸਿਰਫ ਆਪਣੇ ਨਿਜੀ ਫਾਇਦਿਆਂ ਤੱਕ ਹੀ ਮਹਿਦੂਦ ਰਹੇ, ਲੋਕਾਂ ਦੇ ਨੇੜੇ ਨਹੀਂ ਹੋ ਸਕੇ। ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਬਣ ਕੇ ਆਪਣਾ ਰਾਜਸੀ ਕੱਦ ਉੱਚਾ ਕਰਨ ਦਾ ਮੌਕਾ ਮਿਲਿਆ ਸੀ, ਪਰ ਉਹ ਉਲਟੇ-ਸਿੱਧੇ ਬਿਆਨ ਦੇ ਕੇ ਹਾਸੇ ਦਾ ਪਾਤਰ ਹੀ ਬਣ ਗਿਆ। ਸੋ ਕਾਂਗਰਸ ਪਾਰਟੀ ਕਿਹੜੇ ਦਮ ਤੇ ਸਾਰੀਆਂ ਸੀਟਾਂ ਲੜਨ ਦੀ ਸ਼ੇਖੀ ਮਾਰ ਰਹੀ ਹੈ। ਉਹਨਾਂ ਕੋਲ ਨਵਜੋਤ ਸਿੰਘ ਸਿੱਧੂ ਵਰਗਾ ਚੰਗਾ ਬੁਲਾਰਾ ਅਤੇ ਸਾਫ ਸੁਥਰੀ ਛਵੀ ਵਾਲਾ ਨੇਤਾ ਤਾਂ ਹੈ, ਪਰ ਜਿਵੇਂ ਅੱਥਰੇ ਘੋੜੇ ਦੀ ਸਵਾਰੀ ਹਰ ਰੋਈ ਨਹੀਂ ਕਰ ਸਕਦਾ, ਉਸੇ ਤਰਾਂ ਸਿੱਧੂ ਨੂੰ ਦਿਲ ਆਈ ਗੱਲ ਕਹਿਣ ਤੋਂ ਕੋਈ ਨਹੀਂ ਰੋਕ ਸਕਦਾ। ਉਹ ਆਪਣੀ ਜਿਦ ਪੁਗਾਉਂਦਾ ਹੈ। ਹੁਣ ਵੀ ਉਸ ਨੇ ਐਲਾਨ ਕੀਤਾ ਹੈ ਕਿ ਉਹ ਤਾਂ ਸਿਰਫ ਅੰਮ੍ਰਿਤਸਰ ਤੋਂ ਹੀ ਚੋਣ ਲੜੇ ਗਾ, ਹੋਰ ਕਿਤੋਂ ਨਹੀਂ। ਕਾਂਗਰਸ ਨੇ ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਧਰਮਵੀਰ ਗਾਂਧੀ ਨੂੰ ਟਿੱਕਟ ਦਿੱਤਾ ਹੈ।

ਇਹੋ ਹਾਲ ਅਕਾਲੀ ਪਾਰਟੀ ਦਾ ਹੈ। ਅਸੇਂਬਲੀ ਚੋਣਾ ਬੁਰੀ ਤਰਾਂ ਹਾਰਨ ਤੋਂ ਬਾਅਦ ਅਜੇ ਤੱਕ ਇਸ ਪਾਰਟੀ ਦਾ ਬਹੁਤਾ ਅਕਸ ਨਹੀਂ ਸੁਧਰਿਆ। ਸੁਖਦੇਵ ਸਿੰਘ ਢੀਂਡਸਾ ਅਤੇ ਬਿਬੀ ਜਾਗੀਰ ਕੌਰ ਬਹੁਤੇ ਕੱਦ ਵਾਰ ਨੇਤਾ ਨਹੀਂ ਹਨ। ਢੀਂਡਸਾ ਸਾਹਿਬ ਸਿਰਫ ਸੰਗਰੂਰ ਤੱਕ ਮਹਿਦੂਦ ਰਹੇ ਅਤੇ ਜਗੀਰ ਕੌਰ ਭੁਲੱਥ ਤੱਕ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਆਪਣੇ ਪਿਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਤਰਾਂ ਆਮ ਲੋਕਾਂ ਦਾ ਹਰਮਨ ਪਿਆਰਾ ਨੇਤਾ ਨਹੀਂ ਬਣ ਸਕਿਆ। ਬਿਕਰਮ ਸਿੰਘ ਮਜੀਠੀਆ ਵੀ ਮਾਝੇ ਦਾ ਹੀ ਸ਼ੇਰ ਹੈ।

ਜੇ ਦੇਖਿਆ ਜਾਵੇ ਤਾਂ ਮੌਜੂਦਾ ਹਾਲਾਤ ਵਿਚ ਕਿਸੇ ਵੀ ਮੁੱਖ ਪਾਰਟੀ ਕੋਲ 13 ਚੰਗੇ ਉਮੀਦਵਾਰ ਲੱਭਣੇ ਖਾਲਾ ਜੀ ਦਾ ਵਾੜਾ ਨਹੀਂ। ਆਮ ਆਦਮੀ ਪਾਰਟੀ ਨੂੰ ਆਪਣੇ ਪੰਜ ਮੰਤਰੀ ਮੈਦਾਨ ਵਿਚ ਉਤਾਰਨੇ ਪਏ ਹਨ। ਬੀ ਜੇ ਪੀ, ਪਟਿਆਲਾ ਤੋਂ ਪਰਨੀਤ ਕੌਰ ਨੂੰ, ਲੁਧਿਆਣਾ ਤੋਂ ਰਵਨੀਤ ਸਿੰਘ ਬਿੱਟੂ ਅਤੇ ਜਲੰਧਰ ਤੋਂ ਆਮ ਆਦਮੀ ਪਾਰਟੀ ਛੱਡ ਕੇ ਆਏ ਐਮ ਪੀ ਨੂੰ ਟਿੱਕਟ ਦੇਵੇ ਗੀ। ਉਹ ਕੋਸ਼ਿਸ਼ ਕਰਨ ਗੇ ਕਿ ਹੋਰ ਪਾਰਟੀ ਦੇ ਵੱਡੇ ਆਗੂਆਂ ਨੂੰ ਦਲ ਬਦਲੀ ਕਰਵਾ ਕੇ ਟਿੱਕਟ ਦੇਣ। ਮਨਪ੍ਰੀਤ ਸਿੰਘ ਬਾਦਲ ਅਤੇ ਜਾਖੜ ਨੂੰ ਵੀ ਟਿੱਕਟ ਦੇਣ ਗੇ। ਪੰਜਾਬ ਵਿਚ ਉਹਨਾਂ ਦਾ ਹੇਠਲਾ ਕਾਡਰ ਬਹੁਤਾ ਵਧੀਆ ਨਹੀਂ। ਜੇ ਪੰਜਾਬ ਦੀਆਂ ਗੈਰ ਬੀ ਜੇ ਪੀ ਪਾਰਟੀਆਂ ਨੇ ਪੰਜਾਬ ਵਿਚ ਜਿਆਦਾ ਸੀਟਾਂ ਜਿੱਤਣੀਆਂ ਹਨ ਤਾਂ ਸਭ ਨੂੰ ਸਿਰ ਜੋੜ ਕੇ ਬੈਠਣਾ ਪਵੇਗਾ। ਆਪਣੀ-ਆਪਣੀ ਹਉਮੈ ਤਿਆਗਣੀ ਪਵੇ ਗੀ। ਇਸ ਸਮੇਂ ਕੋਈ ਵੀ ਪਾਰਟੀ 13 ਤਾਂ ਛੱਡੋ 5-6 ਸਿੱਟਾ ਵੀ ਨਹੀਂ ਜਿੱਤ ਸਕਦੀ। ਸੰਗਰੂਰ ਵਾਲੀ ਸੀਟ ਮੌਜੂਦਾ ਐਮ ਪੀ ਸਿਮਰਨਜੀਤ ਸਿੰਘ ਮਾਨ ਲਈ ਛੱਡਣੀ ਚਾਹੀਦੀ ਹੈ, ਬਸ਼ਰਤੇ ਉਹ ਪੰਜਾਬ ਵਿਚੋਂ ਹੋਰ ਕਿਸੇ ਸੀਟ ਤੋਂ ਆਪਣੀ ਪਾਰਟੀ ਦਾ ਉਮੀਦਵਾਰ ਨਹੀਂ ਖੜਾ ਕਰਨਗੇ। ਇਕ ਸੀਟ ਮਾਰਕਸਵਾਦੀ ਪਾਰਟੀ ਨੂੰ ਵੀ ਦਿੱਤੀ ਜਾਣੀ ਚਾਹੀਦੀ ਹੈ। ਕਾਂਗਰਸ ਅਤੇ ਅਕਾਲੀ ਪਾਰਟੀ ਨੂੰ ਜ਼ਮੀਨੀ ਹਕੀਕਤ ਸਮਝਦੇ ਹੋਏ ਸਮਝੌਤਾ ਕਰਨਾ ਪਵੇ ਗਾ। ਆਮ ਆਦਮੀ ਪਾਰਟੀ ਨੂੰ ਦੇਸ ਦੀ ਮੌਜੂਦਾ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ, ਬੀ ਜੇ ਪੀ ਤੋਂ ਖਹਿੜਾ ਛੁਡਾਉਣ ਲਈ, ਅੱਗੇ ਆਉਣਾ ਪਵੇਗਾ। ਕਾਂਗਰਸ ਹਾਈ ਕਮਾਂਡ ਨੇ ਜਿਵੇਂ ਯੂ ਪੀ, ਬਿਹਾਰ, ਦਿੱਲੀ ਵਿਚ ਘੱਟ ਸੀਟਾਂ ਲੈ ਕੇ ਸਬਰ ਕੀਤਾ ਹੈ, ਉਸੇ ਤਰਾਂ ਪੰਜਾਬ ਵਿਚ ਕਰਨਾ ਪਵੇਗਾ।

**ਮੌਜੂਦਾ ਤੇ ਸਾਬਕਾ ਵਿਧਾਇਕਾਂ, ਕੇਂਦਰ ਵਿੱਚ ਜਾਣ ਵਾਲੇ ਸੰਸਦ ਮੈਂਬਰਾਂ ਤੇ ਵੱਡੇ ਸਰਕਾਰੀ ਅਫ਼ਸਰਾਂ ਦੀਆਂ ਸਮੇਂ-ਸਮੇਂ ਤੇ ਜਾਇਦਾਦਾਂ ਦੀ ਜਾਂਚ ਹੋਣੀ ਚਾਹੀਦੀ ਹੈ। ਜੇ ਆਮਦਨ ਦੇ ਹਿਸਾਬ ਨਾਲ ਜਾਇਦਾਦ ਵਧੇਰੇ ਹੋਵੇ ਤਾਂ ਉਸ ਜ਼ਬਤ ਕਰਕੇ ਸਰਕਾਰੀ ਖਜ਼ਾਨੇ ਵਿੱਚ ਪਾਈ ਜਾਵੇ ਅਤੇ ਗੈਰ ਸਰਕਾਰੀ ਤੇ ਸਮਾਜ ਸੇਵੀ ਸੰਸਥਾਵਾਂ ਉਨ੍ਹਾਂ ਦੇ ਵਿਰੁੱਧ ਅਦਾਲਤ ਵਿੱਚ ਕਾਨੂੰਨੀ ਕਾਰਵਾਈ ਕਰਨ।**

# ਕਵੀਆਂ-ਲਿਖਾਰੀਆਂ ਨੂੰ ਹਉਮੈਂ ਤੇ ਸਾੜੇ ਦਾ ਅਵੱਲਾ ਰੋਗ !

ਤਰਲੋਚਨ ਸਿੰਘ
ਦੁਪਾਲਪੁਰ, ਯੂ ਐਸ ਏ
ਸਾਬਕਾ ਸ਼੍ਰੋ: ਗੁ: ਪ੍ਰ:
ਕਮੇਟੀ ਮੈਂਬਰ
Email : tsdupalpuri@yahoo.com



ਮੰਨਿਆਂ ਕਿ ਸ਼ਾਇਰ ਤੇ ਲਿਖਾਰੀ ਲੋਕ ਸੰਵੇਦਨਸ਼ੀਲ ਤੇ ਜਜ਼ਬਾਤੀ ਬਿਰਤੀ ਵਾਲ਼ੇ ਹੁੰਦੇ ਹਨ ਪਰ ਆਮ ਦੇਖਣ ਵਿੱਚ ਆਉਂਦਾ ਹੈ ਕਿ ਸਾਹਿੱਤਕ ਖੇਤਰ ਵਿੱਚ ਆਪਣਾ ਨਾਂ ਬਣਾ ਰਹੇ ਜਾਂ ਬਣਾ ਚੁੱਕੇ ਇਨ੍ਹਾਂ ਕਲਮਕਾਰਾਂ ਵਿੱਚ ਹਉਮੈਂ ਤੇ ਈਰਖਾ ਆਮ ਲੋਕਾਂ ਨਾਲ਼ੋਂ ਕੁੱਝ ਜਿਆਦਾ ਹੀ ਵੱਧ ਹੁੰਦੀ ਹੈ।

ਇੱਥੇ ਮੈਂ ਇਸ ਵਿਸ਼ੇ ਦੇ ਆਪਣੇ ਕਿਸੇ ਨਿਜੀ ਤਜ਼ਰਬੇ ਦੀ ਵਿਥਿਆ ਲਿਖਣ ਦੀ ਬਜਾਏ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਬਾਰੀ ਕਵੀਆਂ ਦਾ ਇੱਕ ਬਿਰਤਾਂਤ ਲਿਖਣ ਜਾ ਰਿਹਾ ਹਾਂ।

ਜਿਸਦਾ ਵਰਨਣ ਗਿਆਨੀ ਕਰਤਾਰ ਸਿੰਘ ਕਲਾਸਵਾਲ਼ੀਆ ਨੇ ਬੈਂਤ ਛੰਦ ਵਿੱਚ ਰਚੇ ਗ੍ਰੰਥ 'ਸ੍ਰੀ ਦਸਮੇਸ਼ ਪ੍ਰਕਾਸ਼' ਦੇ ਸਫਾ 160-163 ਉੱਤੇ ਕੀਤਾ ਹੋਇਆ ਹੈ।

ਗੁਰੂ ਸਾਹਿਬ ਦੇ ਕਵੀਆਂ ਲਿਖਾਰੀਆਂ ਪ੍ਰਤੀ ਵੱਡੇ ਮੋਹ ਤੇ ਮਾਣ ਸਤਿਕਾਰ ਦੀਆਂ ਖਬਰਾਂ ਸੁਣਕੇ ਬੁੰਦੇਲ ਖੰਡ ਇਲਾਕੇ ਤੋਂ ਕੁਵਰੇਸ਼ ਨਾਂ ਦਾ ਇੱਕ ਕਵੀ ਆਇਆ ਜੋ ਸੰਸਕ੍ਰਿਤ ਭਾਸ਼ਾ ਵਿੱਚ ਪ੍ਰਬੀਨ ਹੋਣ ਕਾਰਨ ਭਾਰਤੀ ਗ੍ਰੰਥਾਂ ਦਾ ਗਿਆਤਾ ਸੀ।ਉਸਦੀ ਆਮਦ 'ਤੇ ਗੁਰੂ ਸਾਹਿਬ ਨੇ ਕਵੀਆਂ ਲਈ ਇੱਕ ਖਾਸ ਇਮਾਰਤ ਬਣਵਾਈ !ਕਵੀਆਂ ਨੂੰ ਫੁਰਮਾਇਸ਼ ਕੀਤੀ ਕਿ ਉਹ ਇਕਲਵਾਂਜੇ ਬਹਿ ਕੇ ਕਵਿਤਾਵਾਂ ਰਚਿਆ ਕਰਨ ਅਤੇ ਦਰਬਾਰ ਵਿੱਚ ਲਿਖਤਾਂ ਸੁਣਾਉਣ 'ਤੇ ਉਨ੍ਹਾਂ ਨੂੰ ਯਥਾ-ਜੋਗ ਇਨਾਮ ਸਨਮਾਨ ਦਿੱਤਾ ਜਾਇਆ ਕਰੇ ਗਾ।ਪਰ ਨਾਲ਼ ਹੀ ਇੱਕ ਸ਼ਰਤ ਲਾਈ ਕਿ ਇੱਥੇ ਰਚਿਆ ਕੋਈ ਵੀ ਛੰਦ ਕਵਿਤਾ ਆਦਿਕ ਬਾਹਰ ਨਾ ਲਿਜਾਈ ਜਾਵੇ, ਅਸੀਂ ਇੱਥੇ ਹੀ ਰਚਨਾਵਾਂ ਦਾ ਵੱਡਾ ਸੰਗ੍ਰਹਿ ਤਿਆਰ ਕਰਵਾਵਾਂ ਗੇ।

ਕਹਿੰਦੇ ਕਵਿਤਾਵਾਂ ਵਿੱਚ ਉਕਤੀਆਂ-ਯੁਕਤੀਆਂ ਵਰਤਣ ਵਿੱਚ ਬਹੁਤ ਨਿਪੁੰਨ, ਹੰਸ ਰਾਜ ਨਾਮ ਦੇ ਇੱਕ ਕਵੀ ਦੇ ਦਿਲ ਵਿੱਚ ਕਿਸੇ ਦਿਨ ਖੋਟ ਪੈਦਾ ਹੋ ਗਿਆ ਕਿ ਮੈਂ ਗੁਰੂ ਦਰਬਾਰ ਦੇ ਇਨ੍ਹਾਂ ਸਾਰੇ ਕਵੀਆਂ 'ਚੋਂ ਸਿਰਮੌਰ ਸ਼ਾਇਰ ਹਾਂ! ਜਿਹੜੀ ਗਜ਼ਬ ਦੀ ਕਵਿਤਾ ਮੈਂ ਅੱਜ ਲਿਖੀ ਹੈ ਉਹਦੇ ਇਵਜ ਵਿੱਚ ਗੁਰੂ ਸਾਹਬ ਮੈਨੂੰ ਥੋੜ੍ਹੀ ਜਿਹੀ ਮਾਇਆ ਹੀ ਦੇਣਗੇ।ਮੇਰੀ ਲਿਖਤ ਦਾ 'ਅਸਲ ਮੁੱਲ' ਤਾਂ ਕਿਸੇ ਹੋਰ ਅਮੀਰ ਵਜ਼ੀਰ ਤੋਂ ਮਿਲ਼ ਸਕਦਾ ਐ!ਇਹ ਸੋਚ ਕੇ ਉਸਨੇ ਆਪਣੇ ਲਿਖੇ ਛੰਦ ਨੂੰ ਚੋਰੀ ਚੋਰੀ ਆਪਣੇ ਪੱਟ ਉੱਤੇ ਲਿਖ ਲਿਆ।ਕਿਉਂ ਕਿ ਕਵੀਆਂ ਦੇ ਬਾਹਰ-ਅੰਦਰ ਜਾਣ ਸਮੇਂ 'ਕਵੀ-ਨਿਵਾਸ' ਦੇ ਪਹਿਰੇਦਾਰ ਚੌਕਸੀ ਰੱਖਦੇ ਸਨ।

ਉੱਧਰ ਦਸਮੇਸ਼ ਪਿਤਾ ਨੇ ਕੌਤਕ ਰਚਿਆ ਕਿ ਬਈ ਅੱਜ ਕਵੀ ਸਾਹਿਬਾਨ ਨੂੰ ਦਹੀਂ ਅਤੇ ਗਰਮ ਪਾਣੀ ਨਾਲ਼ ਇਸ਼ਨਾਨ ਕਰਾ ਕੇ ਇਨ੍ਹਾਂ ਦੀ 'ਖੁਸ਼ਕੀ' ਦੂਰ ਕਰੀਏ!ਹੋਰ ਸਾਰੇ ਕਵੀ-ਜਨ ਤਾਂ ਖੁਸ਼ੀ ਖੁਸ਼ੀ ਸਰੀਰਾਂ 'ਤੇ ਦਹੀਂ ਮਲ਼ ਮਲ਼ ਕੇ ਕੋਸੇ ਪਾਣੀ ਨਾਲ਼ ਨਹਾਉਣ ਲੱਗ ਪਏ ਪਰ ਹੰਸ ਰਾਜ ਨੂੰ ਪੈ ਗਏ ਪਿੱਸੂ...... ! ਉਸਨੇ ਬਹਾਨਾ ਮਾਰਿਆ ਅਖੇ ਮਹਾਰਾਜ ਮੈਨੂੰ ਅੱਜ ਤਾਪ ਚੜ੍ਹਿਆ ਹੋਇਆ ਹੈ ਮੈਂ ਨਹੀਂ ਨਹਾਉਣਾ !

ਗੁਰੂ ਸਾਹਿਬ ਨੇ ਹੱਸਦਿਆਂ ਇੱਕ ਸਿੱਖ ਨੂੰ ਇਸ਼ਾਰਾ ਕੀਤਾ ਕਿ ਭਾਈ ਹੰਸ ਰਾਜ ਦੀ ਨਹਾਉਣ ਵਿੱਚ 'ਮੱਦਦ' ਕਰੋ! ਸਿੱਖ ਨੇ ਜਦ ਹੰਸ ਰਾਜ ਦੀ ਧੋਤੀ ਦਾ ਲੜ ਖਿੱਚਿਆ ਤਾਂ ਉਸਦੀ ਚੋਰੀ ਜਾਹਰ ਹੋ ਗਈ! ਮੁਸਕ੍ਰਾਉਂਦਿਆਂ ਹੋਇਆਂ ਗੁਰੂ ਮਹਾਰਾਜ ਨੇ ਹੋਰ ਤਾਂ ਉਹਨੂੰ ਕੁੱਝ ਨਾ ਕਿਹਾ ਪਰ ਏਨਾ ਕੁ ਆਖਿਆ ਕਿ ਹੰਸ ਰਾਜਾ ਆਪਣੀ ਵਿਦਵਤਾ ਦਾ ਹੰਕਾਰ ਨਹੀਂ ਕਰਨਾ ਚਾਹੀਦਾ।ਤੈਥੋਂ ਕਿਤੇ ਵਧੀਆ ਛੰਦ ਤਾਂ ਸਾਡੇ ਪਸ਼ੂਆਂ ਘੋੜਿਆਂ ਲਈ ਘਾਹ ਖੋਤਣ ਵਾਲ਼ੇ ਘਾਹੀ ਵੀ ਲਿਖ ਸਕਦੇ ਹਨ!

ਹੰਸ ਰਾਜ ਸ਼ਰਮਿੰਦਾ ਤਾਂ ਬਹੁਤ ਹੋਇਆ ਪਰ ਮਨ ਵਿੱਚ ਖੁਣਸ ਰੱਖੀ।ਇਸੇ ਖੁਣਸ ਕਾਰਨ ਉਸਨੇ ਇੱਕ ਦਿਨ ਦਰਬਾਰ ਵਿੱਚ ਚਾਂਦ ਕਵੀ ਦਾ ਲਿਖਿਆ ਛੰਦ ਬੋਲ ਕੇ ਕਿਹਾ ਕਿ ਮਹਾਰਾਜ ਇਹੋ ਜਿਹਾ ਛੰਦ ਲਿਖਣਾ ਤਾਂ ਦੂਰ,ਆਪਣੇ ਘਾਹੀ ਪਾਸੋਂ ਇਸ ਛੰਦ ਦੇ ਅਰਥ ਹੀ ਕਰਵਾ ਦੇਵੋ-

ਸਵੱਯੀਆ

'ਨਵ ਸਾਤ ਤੀਏ ਨਵ ਸਾਤ ਕਿਯੇ ਨਵ ਸਾਤ ਪਿਯੇ ਨਵ ਸਾਤ ਪਿਆਏ।ਨਵ ਸਾਤ ਰਚੇ ਨਵ ਸਾਤ ਬਦੇ ਨਵ ਸਾਤ ਪਿਆਦਹਿ ਦਾਯਕ ਪਾਏ।ਜੀਤ ਕਲਾ ਨਵ ਸਤਨ ਕੀ ਨਵ ਸਾਤਨ ਕੇ ਮੁਖ ਅੰਚਰ ਛਾਏ।ਮਾਨਹੁ ਮੇਘ ਕੇ ਮੰਡਲ ਸੈ ਕਵਿ ਚੰਦਨ ਚੰਦ ਕਲੇਵਰ ਛਾਏ।'

ਛੰਦ ਸੁਣਕੇ ਸ੍ਰੋਤਿਆਂ ਵਿੱਚ ਸੰਨਾਟਾ ਜਿਹਾ ਛਾਅ ਗਿਆ ਪਰ ਐਨ ਉਸੇ ਮੌਕੇ ਧੰਨਾਂ ਘਾਹੀ ਹੱਥ ਜੋੜ ਕੇ ਦਰਬਾਰ ਵਿੱਚ ਆਣ ਖਲੋਤਾ! ਗੁਰੂ ਸਾਹਬ ਦੀ ਆਗਿਆ ਪਾ ਕੇ ਘਾਹੀ ਧੰਨਾਂ ਕਹਿਣ ਲੱਗਾ ਕਿ ਜੀ ਇਸ ਲਿਖਤ ਵਿੱਚ ਔਖਾ ਕੀ ਐ ? 'ਨਵ' ਦਾ ਅਰਥ ਨੌਂ ਅਤੇ 'ਸਾਤ' ਦਾ ਮਤਲਬ ਸੱਤ, ਨਵ ਜਮ੍ਹਾਂ ਸਾਤ ਹੋਏ ਸੋਲ਼ਾਂ ! ਸੋਲ਼ਾਂ ਸਾਲ ਦੀ ਇਕ ਇਸਤ੍ਰੀ ਸੋਲ਼ਾਂ ਸਾਲ ਦਾ ਉਹਦਾ ਪਤੀ, ਸੋਲ਼ਾਂ ਮਹੀਨਿਆਂ ਪਿੱਛੋਂ ਕਿਤਿਉਂ ਆਇਆ, ਇਸਤ੍ਰੀ ਨੇ ਸੋਲ਼ਾਂ ਸ਼ਿੰਗਾਰ ਕੀਤੇ।ਸੋਲ਼ਾਂ ਹੀ ਖਾਨਿਆਂ ਵਾਲ਼ਾ ਚੌਪੜ ਵਿਛਾ ਕੇ ਸੋਲ਼ਾਂ ਰੁਪਏ ਦਾ ਦਾਅ ਖੇਲਿਆ, ਉਹ ਸੋਲ਼ਾਂ ਰੁਪਏ ਪਤੀ ਦੇ ਪਿਆਦੇ ਨੇ ਮਾਰ ਲਏ ਭਾਵ ਸੋਲ਼ਾਂ ਵਾਲ਼ੀ ਬਾਜ਼ੀ ਜਿੱਤ ਲਈ। ਸੋਲ਼ਾਂ ਸ਼ਿੰਗਾਰਾਂ ਵਾਲ਼ੀ ਇਸਤ੍ਰੀ ਨੇ ਸ਼ਰਮ ਨਾਲ਼ ਆਪਣਾ ਮੂੰਹ ਕੱਪੜੇ 'ਚ ਢਕ ਲਿਆ, ਮਾਨੋ ਚੰਦ ਬੱਦਲ਼ਾਂ ਵਿੱਚ ਛੁਪ ਗਿਆ!

ਚਾਂਦ ਕਵੀ ਦੇ ਲਿਖੇ ਬੁਝਾਰਤ-ਨੁਮਾ ਛੰਦ ਦੇ ਇੱਕ ਘਾਹੀ ਪਾਸੋਂ ਅਰਥ ਸੁਣਕੇ ਹੰਸ ਰਾਜ ਛਿੱਥਾ ਪੈ ਗਿਆ ਤੇ ਸਾਰੇ ਕਵੀ ਵੀ ਦੰਗ ਰਹਿ ਗਏ!

ਹੁਣ ਸਤਿਗੁਰਾਂ ਨੇ ਧੰਨੇ ਘਾਹੀ ਨੂੰ ਥਾਪੜਾ ਦਿੰਦਿਆਂ ਆਖਿਆ ਕਿ ਭਾਈ ਧੰਨਾ ਸਿੰਘਾ ਤੂੰ ਵੀ ਕੋਈ ਛੰਦ ਸੁਣਾ ਦੇ !ਗੁਰੂ ਸਾਹਬ ਨੂੰ ਨਮਸਕਾਰ ਕਰਕੇ ਭਾਈ ਧੰਨੇ ਨੇ ਇਹ ਸਵੱਯੀਆ ਬੋਲਿਆ-

'ਮੀਨ ਮਰੇ ਜਲ ਕੇ ਪਰਸੇ ਕਬਹੂੰ
ਨਾ ਮਰੇ ਪਰ ਪਾਵਕ ਪਾਏ।
ਹਾਥੀ ਮਰੇ ਮਦ ਕੇ ਪਰਸੇ ਕਬਹੂੰ
ਨਾ ਮਰੇ ਤਨ ਤਾਪ ਕੇ ਆਏ।
ਤੀਅ ਮਰੇ ਪੀਅ ਕੇ ਪਰਸੇ ਕਬਹੂੰ
ਨਾ ਮਰੇ ਪਰਦੇਸ ਸਿਧਾਏ।
ਗੂੜ੍ਹ ਮੇਂ ਬਾਤ ਕਹੀ ਦਿਜਰਾਜ,
ਵਿਚਾਰ ਸਕੇ ਨਾ ਬਿਨਾ ਚਿੱਤ ਲਾਏ।'

ਧੰਨੇ ਘਾਹੀ ਦਾ ਇਹ ਸਵੱਯੀਆ ਸੁਣਕੇ ਬਹੁਤੇ ਸ੍ਰੋਤਿਆਂ ਸਮੇਤ ਕਈ ਕਵੀ ਜਨ ਵੀ ਚੱਕਰਾਂ 'ਚ ਪੈ ਗਏ !ਅਸਲ ਵਿੱਚ ਉਹ ਇਸ ਸਵੱਯੀਏ ਦੀਆਂ ਤਿੰਨ ਸਤਰਾਂ ਵਿੱਚ ਵਰਤੇ ਗਏ 'ਕਬਹੂੰ ਨਾ' ਸ਼ਬਦ ਨੂੰ ਸਤਰ ਦੇ ਦੂਸਰੇ ਅੱਧ ਨਾਲ ਜੋੜਨ ਦੀ ਗਲ਼ਤੀ ਕਰ ਰਹੇ ਸਨ !ਇੰਜ ਕੀਤਿਆਂ ਅਰਥ ਦਾ ਅਨਰਥ ਹੁੰਦਾ ਸੀ।

ਅਸਲ ਅਰਥ ਇਹ ਸੀ-

'ਮੱਛੀ ਨਹੀਂ ਮਰਦੀ ਜਲ ਦੇ ਮਿਲ਼ਾਪ ਕਰਕੇ, ਮਰ ਜਾਂਦੀ ਹੈ ਅੱਗ 'ਚ ਪਾਇਆਂ! ਹਾਥੀ ਨਹੀਂ ਮਰਦਾ ਸ਼ਰਾਬ ਯਾ ਮਸਤੀ ਦੇ ਮਿਲ਼ਿਆਂ ਪਰ ਮਰਦਾ ਹੈ ਤਪਤੁ ਕਰਕੇ।ਇਸਤ੍ਰੀ ਦੁਖੀ ਨਹੀਂ ਹੁੰਦੀ ਪਤੀ ਦੇ ਮਿਲ਼ਣ ਕਰਕੇ ਪਰ ਦੁਖੀ ਹੁੰਦੀ ਹੈ ਪਤੀ ਦੇ ਪ੍ਰਦੇਸ ਗਿਆਂ !

* * * * * * * *

# THE PUNJABI AUTHOR NINDER GHUGIANVI WHOSE STORY DELIGHTED THE DIGNITARIES INCLUDING THE VICE PRESIDENT

Writen by : Navi Navpreet

On the occasion of the 71st Convocation of Punjab University Chandigarh where the author Ninder Ghughianvi was being escorted by the Professors to the stage for his award ceremony. The praise and applause that resounded the hall when Dr Renu Vij read the citation of Ninder Ji was an evident reason that the Vice President took a couple of minutes to interact personally with Ninder Ji. The speaker of punjab Vidhan Sabha Sh. Kultar Singh Ji Sandhwan also could not stop himself and proudly announced that the author belongs to his area and he himself is a fan of his autobiographical book titled; " I was judge's orderly ".

At this occasion, the Vice President's cheerfull remarks about Ninder ji, "Wow! What do you writers eat. " delighted every one present.

The major applause came from the audience who knew that Ninder has authored 68 books merely at the age of 48. He started his career as a peon in a Judge's Court. Nimder who is just 9th pass but 12 students have completed PHD and M.phill on his litrary work . At some point, he was also a Gardner at the Language Department of the Punjab Government at Patiala. And then one day to everyone's surprise, he was nominated as a member of the State Advisory Board of the same department.His autobiography is translated into 15 Indian languages and published in English by NBT, Government of India. Ninder Ghugianvi is the first Punjabi writer to hold the Writer-in-Resident Chair at the Mahatma Gandhi International Hindi University, Wardha, Maharashtra. In 2001, he was honored by the then Prime Minister Jeanne Crachian at the Parliament Hall in Ottawa during his visit to Canada and in 2005 he was also honored in the Parliament of United Kingdom .





It was a moment of great pride and joy for everyone who loves the language and it's literature when Ninder Ghugianvib was presented with 'Sahit Ratna' award by the Punjab University Chandigarh.

ੴ ਵਾਹਿਗੁਰੂ ਜੀ ਕੀ ਫ਼ਤਹਿ ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ

## ਗੁਰੂ ਨਾਨਕ ਰੋਡ ਅਤੇ ਪਾਰਕ ਐਵੇਨਿਊ ਦੀ ਸਮੂਹ ਸਾਧ ਸੰਗਤ ਵੱਲੋਂ



## ਵਿਸਾਖੀ ਨਗਰ ਕੀਰਤਨ

7 ਅਪ੍ਰੈਲ 2024 ਐਤਵਾਰ ਨੂੰ ਸਜਾਇਆ ਜਾਵੇਗਾ






## GURDWARA SRI GURU SINGH SABHA SOUTHALL

| 2-8 Park Avenue, Southall, Middlesex, UB1 3AG | Guru Nanak Road, Southall, Middlesex, UB2 4NP |
|---|---|
| Tel: 020 8574 8901 Fax: 020 8574 8902 | Tel: 020 8574 4311 Fax: 020 8574 8902 |

ਬੇਨਤੀ ਕਰਤਾ – ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਪ੍ਰਬੰਧਕ ਕਮੇਟੀ, ਟਰੱਸਟੀ ਅਤੇ ਸਮੂਹ ਸਾਧ ਸੰਗਤ

# ਪੰਜਾਬ ਪ੍ਰਤੀ ਬਹੁਤ ਪਿਆਰ ਅਤੇ ਚਿੰਤਾ ਰੱਖਦੇ ਹਨ ਪ੍ਰਵਾਸੀ ਪੰਜਾਬੀ – ਬੀਬੀ ਜਗੀਰ ਕੌਰ

## ਬੀਬੀ ਜਗੀਰ ਕੌਰ ਨੇ ਬਰਗਾੜੀ ਕਾਂਡ ਅਤੇ ਰਾਮ ਰਹੀਮ ਨੂੰ ਮੁਆਫ ਕਰਨ ਦੀ ਮੰਗੀ ਮੁਆਫੀ, ਮਿਲ ਕੇ ਪੰਜਾਬ ਨੂੰ ਬਚਾਉਣ ਦੀ ਕੀਤੀ ਅਪੀਲ



ਬੀਬੀ ਜਗੀਰ ਕੌਰ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ ਅਤੇ ਸੰਗਤਾਂ, ਮੀਡੀਆ ਨਾਲ ਗੱਲ ਕਰਦੇ ਹੋਏ ਬੀਬੀ ਜਗੀਰ ਕੌਰ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਲੰਡਨ ਦੌਰੇ ਦੌਰਾਨ ਗੁਰਦੁਆਰਾ ਗਰੀਬ ਨਿਵਾਜ਼ ਹੇਜ਼ ਵਿਖੇ ਮੱਥਾ ਟੇਕਿਆਂ ਅਤੇ ਸਮਗਤਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕੀਤਾ।**

ਉਹਨਾ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਅਟੁੱਟ ਰਿਸ਼ਤਾ ਹੈ। ਮੈਨੂੰ ਪਤਾ ਹੈ ਕਿ ਵਿਦੇਸ਼ਾਂ ਵਿੱਚ ਬੈਠਾ ਸਿੱਖ ਭਾਈਚਾਰਾ ਬਰਗਾੜੀ ਕਾਂਡ ਅਤੇ ਰਾਮ ਰਹੀਮ ਨੂੰ ਮੁਆਫੀ ਦੇਣ ਨੂੰ ਲੈ ਕੇ ਨਰਾਜ਼ ਹੈ, ਅਕਾਲੀ ਸਰਕਾਰ ਦੌਰਾਨ ਹੋਈਆਂ ਗਲਤੀਆਂ ਮੈਂ ਆਪਣੀ ਝੋਲੀ ਵਿੱਚ ਪਾਉਂਦੀ ਹਾਂ, ਇਸ ਗਲਤੀ ਦੀ ਮੁਆਫੀ ਸੁਖਬੀਰ ਸਿੰਘ ਬਾਦਲ ਵੀ ਮੰਗ ਚੁੱਕੇ ਹਨ। ਗਲਤੀ ਕਿਸੇ ਤੋਂ ਵੀ ਹੋ ਸਕਦੀ ਹੈ। ਪਰ ਆਓ ਮਿਲ ਕੇ ਆਪਾਂ ਪੰਜਾਬ ਨੂੰ ਬਚਾਈਏ, ਸ਼ਰੋਮਣੀ ਅਕਾਲੀ ਦਲ ਹੀ ਪੰਜਾਬ ਅਤੇ ਪੰਥ ਦੀ ਅਗਵਾਈ ਕਰ ਸਕਦਾ ਹੈ। ਉਹਨਾਂ ਕਿਹਾ ਕਿ ਸਿੱਖਾਂ ਦੀਆਂ ਤਿੰਨ ਸਿਰਮੌਰ ਸੰਸਥਾਵਾਂ ਹਨ ਸਭ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ, ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ, ਇਹਨਾਂ ਦੀ ਮਾਣ ਮਰਿਯਾਦਾ ਅਤੇ ਹੋਂਦ ਲਈ ਸਾਨੂੰ ਸਭ ਨੂੰ ਇਕੱਠੇ ਹੋ ਕੇ ਅੱਗੇ ਵਧਣਾ ਹੋਵੇਗਾ। ਸਾਨੂੰ ਸੰਵਾਦ ਰਚਾਉਣ ਵੱਲ ਵੱਧ ਧਿਆਨ ਦੇਣ ਦੀ ਲੋੜ ਹੈ। ਉਹਨਾਂ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਿਆਂ ਦੀ ਸਾਂਭ ਸੰਭਾਲ ਤੋਂ ਲੈ ਕੇ, ਚਲਾਏ ਜਾਂਦੇ ਵਿਦਿਅਕ ਅਦਾਰਿਆਂ, ਹਸਪਤਾਲਾਂ ਅਤੇ ਹੋਰ ਲੋਕ ਭਲਾਈ ਕਾਰਜਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ।

ਉਹਨਾਂ ਸ਼ੋਰਮਣੀ ਅਕਾਲੀ ਦਲ ਬਾਰੇ ਸ਼ੋਸ਼ਲ ਮੀਡੀਆ ਤੇ ਕੀਤੇ ਜਾਂਦੇ ਗੁੰਮਰਾਹਕੁੰਨ ਪ੍ਰਚਾਰ ਤੋਂ ਵੀ ਨੌਜਵਾਨਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ। ਗਿਆਨੀ ਅਮਰਜੀਤ ਸਿੰਘ ਅਤੇ ਮੁੱਖ ਅਧਿਆਪਕ ਸ: ਜਸਕਮਲ ਸਿੰਘ ਸਿੱਧੂ ਨੇ ਸੰਤ ਅਮਰ ਸਿੰਘ ਨਾਨਕਸਰ ਬੜੂੰਦੀ ਵਾਲਿਆਂ ਵੱਲੋਂ ਚਲਾਏ ਗੁਰੂ ਨਾਨਕ ਸਿੱਖ ਸਕੂਲ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਗੁਰਦੁਆਰਾ ਸਾਹਿਬ ਵੱਲੋਂ ਗਿਆਨੀ ਅਮਰਜੀਤ ਸਿੰਘ, ਸੁਖਦੀਪ ਸਿੰਘ ਰੰਧਾਵਾ, ਸੁਖਵਿੰਦਰ ਸਿੰਘ, ਕੌਂਸਲਰ ਰਾਜੂ ਸੰਸਾਰਪੁਰੀ, ਹਲਿੰਗਡਨ ਦੇ ਮੇਅਰ ਸ਼ਹਿਰਯਾਰ ਅਹਿਮਦ ਵਾਲਾਨਾ, ਜਤਿੰਦਰਪਾਲ ਸਿੰਘ ਖਾਸਰੀਆ, ਪ੍ਰਤਾਪ ਸਿੰਘ ਮੋਮੀ, ਅਵਤਾਰ ਸਿੰਘ ਚੌਹਾਨ, ਸਰਬਜੀਤ ਸਿੰਘ ਗਰੇਵਾਲ, ਪ੍ਰੀਤ ਟਾਂਡੀ, ਅਮਰੀਕ ਸਿੰਘ, ਸੁਰਿੰਦਰ ਸਿੰਘ ਔਜਲਾ ਆਦਿ ਵੱਲੋਂ ਸਨਮਾਨਿਤ ਕੀਤਾ ਗਿਆ।

# ਬਰਤਾਨੀਆਂ ਵਿੱਚ ਗੁਰੂ ਨਾਨਕ ਸਿੱਖ ਅਕੈਡਮੀ ਹੇਜ਼ ਬੱਚਿਆਂ ਨੂੰ ਧਰਮ ਅਤੇ ਵਿਰਸੇ ਨਾਲ ਜੋੜ ਰਹੀ ਹੈ – ਬੀਬੀ ਜਗੀਰ ਕੌਰ



ਗੁਰੂ ਸਿੱਖ ਸਕੂਲ ਦਾ ਦੌਰਾ ਕਰਨ ਮੌਕੇ ਬੀਬੀ ਜਗੀਰ ਕੌਰ, ਮੁੱਖ ਅਧਿਆਪਕ ਜਸਕਮਲ ਸਿੰਘ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸੰਤ ਬਾਬਾ ਅਮਰ ਸਿੰਘ ਨਾਨਕਸਰ ਬੜੂੰਦੀ ਵਾਲਿਆਂ ਵੱਲੋਂ ਚਲਾਏ ਗਏ ਬਰਤਾਨੀਆਂ ਦੇ ਪਹਿਲੇ ਸਿੱਖ ਸਕੂਲ ਗੁਰੂ ਸਿੱਖ ਅਕੈਡਮੀ ਹੇਜ਼ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਨੇ ਦੌਰਾ ਕੀਤਾ। ਅਕੈਡਮੀ ਦੇ ਮੁੱਖ ਅਧਿਅਪਕ ਜਸਕਮਲ ਸਿੰਘ ਸਿੱਧੂ ਨੇ ਅਕੈਡਮੀ ਦੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਕਿਸ ਤਰ੍ਹਾਂ 90ਵਿਆਂ ਵਿੱਚ ਇੱਕ ਬੰਦ ਹੋਏ ਸਕੂਲ ਦੀ ਇਮਾਰਤ ਨੂੰ ਖਰੀਦ ਕੇ ਗੁਰੂ ਨਾਨਕ ਸਿੱਖ ਸਕੂਲ ਦੀ ਸਥਾਪਨਾ ਕੀਤੀ। ਜਿਸ ਤੋਂ ਬਾਅਦ ਭਾਈਚਾਰੇ ਦੇ ਸਹਿਯੋਗ ਅਤੇ ਸਰਕਾਰ ਦੇ ਸਹਿਯੋਗ ਨਾਲ ਅੱਜ ਟਰੱਸਟ ਵੱਲੋਂ ਸਕੈਂਡਰੀ ਸਕੂਲ ਦੇ ਨਾਲ ਨਾਲ ਪ੍ਰਾਇਮਰੀ ਸਕੂਲ ਵੀ ਚਲਾਇਆ ਜਾ ਰਿਹਾ ਹੈ। ਸਕੂਲ ਦਾ ਪ੍ਰਦਰਸ਼ਨ ਦੇਸ਼ ਦੇ ਸਰਬੋਤਮ ਸਕੂਲਾਂ ਵਿੱਚ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਧਰਮ ਦੇ ਨਾਲ ਨਾਲ ਦੁਨਿਆਵੀ ਸਿੱਖਿਆ ਅਤਿ ਜਰੂਰੀ ਹੈ। ਖੁਸ਼ੀ ਹੈ ਕਿ ਵਿਦੇਸ਼ਾਂ ਵਿੱਚ ਸਿੱਖ ਸਕੂਲਾਂ ਦੀ ਸਥਾਪਨਾ ਨਾਲ ਸਾਡੀ ਅਗਲੀ ਪੀੜੀ ਧਰਮ ਅਤੇ ਵਿਰਸੇ ਨਾਲ ਜੁੜ ਰਹੀ ਹੈ। ਸਿੱਖਿਆ ਦੇ ਖੇਤਰ ਵਿੱਚ ਸੰਤ ਬਾਬਾ ਅਮਰ ਸਿੰਘ ਦੀ ਅਗਵਾਈ ਵਿੱਚ ਸਥਾਪਿਤ ਸਕੂਲਾਂ ਵੱਲੋਂ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ ਯਤਨ ਹਨ। ਇਸ ਮੌਕੇ ਸਰਬਜੀਤ ਸਿੰਘ ਗਰੇਵਾਲ, ਪ੍ਰਤਾਪ ਸਿੰਘ ਮੋਮੀ, ਸਾਬਕਾ ਮੇਅਰ ਜੋਗਿੰਦਰ ਸਿੰਘ ਬੱਲ, ਕੇਵਲ ਸਿੰਘ ਰੰਧਾਵਾ, ਜੇ ਪੀ, ਸੁਰਿੰਦਰ ਸਿੰਘ ਔਜਲਾ, ਪਲਵਿੰਦਰ ਸਿੰਘ, ਪ੍ਰੀਤ ਟਾਂਡੀ, ਗੁਰਜੀਤ ਭੰਡ, ਯਵਰਾਜ ਸਿੰਘ ਆਦਿ ਹਾਜ਼ਰ ਸਨ। ਸ: ਸਰਬਜੀਤ ਸਿੰਘ ਗਰੇਵਾਲ ਦੀ ਅਗਵਾਈ ਵਿੱਚ ਪੰਜਾਬੀ ਭਾਈਚਾਰੇ ਦੇ ਇੱਕ ਵਫਦ ਨੇ ਸ਼ੇਫਟੈਕ ਵਿਖੇ ਬੀਬੀ ਜਗੀਰ ਕੌਰ ਨਾਲ ਮੁਲਾਕਾਤ ਵੀ ਕੀਤੀ।

# ਮੱਲ੍ਹੀ ਭਰਾਵਾਂ ਦੀ ਜੀ ਬੀ ਵਿੰਡੋਂ ਵਿੱਚ ਵੱਡੀ ਚੋਰੀ



ਚੋਰਾਂ ਵੱਲੋਂ ਵੱਢੀ ਗਈ ਸੇਫ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਾਬਕਾ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ ਅਤੇ ਕਾਰੋਬਾਰੀ ਬਲਜੀਤ ਸਿੰਘ ਮੱਲੀ ਪ੍ਰੀਵਾਰ ਵੱਲੋਂ ਚਲਾਈ ਜਾਂਦੀ ਜੀ ਬੀ ਵਿੰਡੋ ਕੰਪਨੀ ਵਿੱਚ ਬੀਤੇ ਦਿਨੀ ਵੱਡੀ ਚੋਰੀ ਦੀ ਵਾਰਦਾਤ ਹੋਈ ਹੈ।

ਇਹ ਚੋਰੀ ਇੱਕ ਡਾਕੇ ਵਾਂਗ ਸੀ, ਜਿਸ ਵਿੱਚ ਚੋਰ ਨਾਲ ਲੱਗਦੀ ਰੇਲਵੇ ਲਾਇਨ ਰਾਹੀਂ ਦਾਖਿਲ ਹੋਏ ਅਤੇ ਦਫਤਰ ਵਿੱਚ ਰੱਖੀ ਹੋਈ ਸੇਫ ਨੂੰ ਇਲੈਕਟ੍ਰਿਕ ਗਰੈਂਡਰ ਨਾਲ ਵੱਢ ਕੇ ਵੱਡੀ ਮਾਤਰਾ ਵਿੱਚ ਰੱਖੀ ਗਈ ਨਕਦੀ ਚੁਰਾ ਕੇ ਲੈ ਗਏ। ਘਟਨਾਂ ਸਬੰਧੀ ਜਾਣਕਾਰੀ ਦਿੰਦਿਆਂ ਬਲਜੀਤ ਸਿੰਘ ਮੱਲੀ ਨੇ ਦੱਸਿਆ ਕਿ ਚੋਰਾਂ ਨੇ ਸੀ ਸੀ ਟੀ ਵੀ ਕੈਮਰਿਆਂ ਦੀਆਂ ਤਾਰਾਂ ਵੀ ਵੱਢ ਦਿੱਤੀਆਂ ਸਨ। ਉਹਨਾ ਕਿਹਾ ਘਟਨਾਂ ਸਬੰਧੀ ਪੁਲਿਸ ਨੂੰ ਰਿਪੋਰਟ ਦੇ ਦਿੱਤੀ ਹੈ ਅਤੇ ਪੁਲਿਸ ਵੱਲੋਂ ਘਟਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

TAIL PIECE

Dalip Singh Wasan, Advocate
Email: dalipsinghwassan@yahoo.co.in

## Special Committee of winning group must implement its targets through PM

We are a democracy and our Parliament is a house of representatives of people. But till date the representatives are divided into supporters and oppositions where supporters simply appreciate only the items put by the PM and the opposition often remain silent because their objections are just ignored. At no stage the ruling party or group gives directions to the PM. Therefore, the groups and parties winning must form their own special committee who should take up items of their targets and specific directions be issued to PM to work on those plans. Even all the supporters be called in the meeting of special comittee of the winners to give their views on the item to be placed before the Parliament. Suporters are not simply there just to vote in favour. They two must be heard and speak out as per their conscience and will. We have seen something wrong when three Farm Acts were produced before the Parliament, passed, notified and at one stage were withdrawn only by the PM. At no stage the members present in the supporting group spoke and there was none who had spoken from the winning group that they had given directions to the PM and the item was duly considered by the party at their own level and all was as per decision of the party. There is some defect and we should make improvement and this special committee, allowing supoorters to attend that meeting and give out their own conscience and wilkl before voting in favour of the Bill. If need be, it shall be better if the oppositions too may sit separately and consider each point of the bill and make or suggest specific deleations, improvements and change of items. The special committee of ther winning groups must consider each suggestion made by the oppositions, before presenting the Bill in Parliament. Until we could not introduce heal;thy discussion in the Parliament. Let us think on the points suggested and come out with alternative methods. The special committee may work as Representatives of teh People and not as dictators because they shall be again forwarding people in next elections and what they had done in past tenure shall help them to win this time too.



## The only method to stop growth of poverty in India

India is a rich country having all natural resources and because of all this it was called Golden Sparrow. And when we were gaining independence, Mahatma Gandhi jee was forecasting Eam Rajaya in India. But all our efforts made till date came out with a sad result showing us that our government is giving free ration to two-third people free ration just to save them from starvation. Once a family turns poor all further generations turn poor. We shall have to ensure that all families in India must ensure at least two people are at work and must bring Rs.60,000 PM andif their earning is less than this monthly income, the State must pay teh remaining part. Growth of poverty must be stopped at once. How to create more employment and how to raise monthly income, thewe two subjects are already covered under Directive Principles of State Policy especially established in our Constitution and our Parliament may try to achieve those targets.

Parliament elections are near and this time contesting groups must bring such qualified people in the August House who could suggest principles, methods, schemes and wayw-out. Normal running of government shall not solve problem of poverty. India has reached such a stage where all items of eating, drinking, wearing, living, transport, housing, items of use are available and if all needs are coming in the house, no family shall be poor. With proper monthly income each one in India shall be having health, education, training, employment and proper income and shall come out of poverty and inferiority complex.The pesent sysgtem of giving some itesm free to poor are just First-Aids and this system would never stop turning more people poor. All items are available in our country which can afford reasonable life to all living in India.

## Committees of contesting groups shall come out with targets for next tenure

Keeping in view next Parliament Elections, the contesting groups have formed committees to bring out their targets for the next tenure. They shall be having two targets in view. One to win elections and the second to work and plese a large number of people for creating a beter chance in next parliament Elections. It is on record that two-third of our population has already been reduced to so much poverty that they are being kept allive on free ration and some other first-aid facilities and members of the committees know that this is the only permanent vote bank and if only something more is done for this majority group in India, they can hold proper elections and even victory to their side. it is still a secret whether these committees shall plan targets to root out poverty or keep alive poverty. It seems poverty had been kept alive just to keep the vote-bank alive and if poverty is rooted out or reduced, voting per-centage too can go down and political wings are not ready to face such situations. Had contesting wings ready to reduce or root out poverty from India, much could have been done and contesting groups also knew that once a family turns poor, all coming generations of that family start turning poor and number of poor increases. Let us see the result of committees this time. We hope something better this time, because much has been achieved which shall enable us to stand in line with Developed countries and presence of such a large number of people shall give us an ugly show.

## Proper care of children shall bring up a proper society

We, the people of India are heading towards a place in Developed countries and to get a suitable place in developed countries we shall have to show a prpper society too. And five basics of proper society are proper health, proper education, proper training, proper employment and proper income. We must start arranging our growth and must begin from children. Much time has been wasted ignoring ignoring proper growth of children. In India, we have established a special department for having a look on children and time has come when this department must ensure that children of each house are under their constant supervision having record of health, education and training. Most of the poor parents ignore their children because of lack of resources and let the department see how to protect these children. In spite of specific Acts passed in the country, a large number of children are not in schools, but are working as domestic workers, beggars or are collecting valuables from garbages. They start committing some small crimes and one day they become danger to society around. Instead of punishing parents, here, parents must be afforded help or victim children be taken away from them to be kept in special protection houses on public expenses. Children are our national asset and must have proper growth.

## POK itself shall merge with India--RajNathSingh

Our Defence Minister has made a stateent that POK is part of India and its occupation by Pakistan is illega, I and therefore, the people of POK themselves must come forward and declare that this part of India is part of India after deletion of Article 370 from the Constitution of India. Actually this line of control had been established by UNO just to cease fire because Indian forces were going ahead to occupy occupied Kashmir. Even UBNO never decolared that the handing over of Kashmir to India was not complete. The Maharaja of Kashmir had been alive for years and at no stage he had declared that he has not merged his state with India. Pakistan itself is creation of Partition Act and the provision under which states in India were at liberty to join India or Pakistan. Maharaja of Kashmir had handed over his state to India and his decision was final and there is no provision in Partition Acdt that someone can force a king to merge his state otherwise than his own wish. This illegal occupation of POK created somany problems and because of this problem India and Pakistan could not establish no-War-Pact like one between India and Bangladesh. Let us serve a written notice on Pakistan to vacate illegally occupied area within three months.



... Continue on page 42

# ਕੀ ਚਮਕੀਲਾ ਨੂੰ ਸੱਚਮੁੱਚ ਹੀਰੋ ਬਣਾਇਆ ਜਾ ਰਿਹਾ ?

ਪਰਮਿੰਦਰ ਸਿੰਘ ਸ਼ੌਂਕੀ

ਪਿਛਲੇ ਕਈ ਦਿਨਾਂ ਤੋਂ ਇੱਕ ਬੇਹੂਦਾ ਜਿਹੀ ਬਹਿਸ ਪੰਜਾਬੀ ਹਲਕਿਆਂ ਅੰਦਰ ਜਾਰੀ ਹੈ। ਵੈਸੇ ਤਾਂ ਹੁਣ ਅਸੀਂ ਬੇਹੂਦਾ ਬਹਿਸਾਂ ਦੇ ਹੀ ਸ਼ੌਕੀਨ ਬਣ ਚੁੱਕੇ ਹਾਂ, ਪਰ ਇਹ ਉਸ ਤੋਂ ਵੀ ਨਿੱਘਰੀ ਹੋਈ ਹੈ। ਮੈਂ ਸਮਝਦਾ ਹਾਂ ਕਿ ਤਕਨੀਕੀ ਦੌਰ ਵਿੱਚ ਸਾਨੂੰ ਕੁਝ ਸ਼ਬਦਾਵਲੀਆਂ ਗਲੋਰੀਫਾਈ ਹੋਣ ਕਰਕੇ ਜ਼ਿਆਦਾ ਪ੍ਰਭਾਵਿਤ ਕਰਦੀਆਂ ਹਨ ਤੇ ਅਸੀਂ ਬਗੈਰ ਸੋਚੇ-ਸਮਝੇ ਉਨ੍ਹਾਂ ਦੀ ਵਰਤੋਂ ਕਰਨ ਲੱਗ ਪੈਂਦੇ ਹਾਂ। ਮਸਲਨ ਸ਼ਬਦ ਹਨ ਨੈਰੇਟਿਵ/ਬਿਰਤਾਂਤ, ਡੀਪ ਸਟੇਟ, ਜੀਓ ਪਾਲਿਟਿਕਸ, ਨਿਊ ਵਰਲਡ ਆਰਡਰ ਵਗੈਰਾ-ਵਗੈਰਾ। ਜਿਨ੍ਹਾਂ ਨੂੰ ਬਗੈਰ ਗੂਗਲ ਕੀਤੇ ਸਾਡੀ ਪੀੜ੍ਹੀ ਦਾ ਵੱਡਾ ਹਿੱਸਾ ਸਤਹੀ ਤੌਰ ਤੇ ਵੀ ਨਹੀਂ ਸਮਝ ਸਕਦਾ। ਅਜਿਹੇ ਕਈ ਸ਼ਬਦਾਂ ਦੇ ਮਸਨੂਈ ਪ੍ਰਬੰਧਾਂ ਸਜੀ ਵਿਆਖਿਆ ਅੱਜਕਲ ਸਾਨੂੰ ਪਰੋਸੀ ਜਾ ਰਹੀ ਹੈ। ਜਿਸ ਦਾ ਨਾ ਕੋਈ ਚਿਰ ਸਥਾਈ ਅਰਥ ਹੈ ਤੇ ਨਾ ਹੀ ਮਹੱਤਤਾ ਤਾਜ਼ਾ ਚਮਕੀਲਾ ਵਿਵਾਦ ਉਨ੍ਹਾਂ ਵਿਚੋਂ ਹੈ।

ਚਮਕੀਲੇ ਬਾਰੇ ਤੁਹਾਡੀਆਂ ਰਾਵਾਂ ਕੁਝ ਵੀ ਹੋਣ, ਮੈਨੂੰ ਉਨ੍ਹਾਂ ਨਾਲ ਕੋਈ ਮਤਲਬ ਨਹੀਂ। ਮੈਂ ਨਾ ਸੰਗੀਤ ਪ੍ਰੇਮੀ ਹਾਂ, ਨਾ ਚਮਕੀਲੇ ਦਾ ਪੱਖੀ ਜਾਂ ਵਿਰੋਧੀ। ਸਾਲ ਵਿੱਚ ਕੁਝ ਇੱਕ ਵਾਰ ਮੈਂ ਉਸ ਦਾ ਕੋਈ ਗੀਤ ਸੁਣ ਲੈਂਦਾ ਹਾਂ। ਇਸ ਤੋਂ ਵੱਧ ਉਸ ਨਾਲ ਮੇਰਾ ਕਦੀ ਕੋਈ ਵਾਹ ਨਹੀਂ ਰਿਹਾ। ਇਹ ਸਹੀ ਹੈ ਕਿ ਉਸ ਤੇ ਗੰਦੇ ਗਾਇਕ ਦਾ ਲੇਬਲ ਲੱਗਾ ਹੋਇਆ ਹੈ। ਸਿੱਖ ਖਾੜਕੂ ਧਿਰ ਨਾਲ ਉਸ ਦਾ ਸੰਬੰਧ ਇਤਰਾਜਯੋਗ ਰਿਹਾ ਤੇ ਅਖੀਰ ਇਸ ਦੇ ਹੱਥੋਂ ਹੀ ਉਹ ਮਾਰਿਆ ਗਿਆ। ਮੈਨੂੰ ਉਸ ਦੇ ਕਤਲ ਵਿੱਚ ਵੀ ਖੈਰ ਕੋਈ ਸਿੱਖ ਆਦਰਸ਼ ਨਹੀਂ ਮਹਿਸੂਸ ਹੋਇਆ। ਬੇਸ਼ੱਕ ਸਿੱਖ ਖਾੜਕੂ ਧਿਰ ਉਸ ਨੂੰ ਸੈਲੀਬਰੇਟ ਕਰਦੀ ਹੈ। ਪਰ ਮੈਂ ਉਸ ਨੂੰ ਇਸ ਸਭ ਤੋਂ ਦੂਰ ਇੱਕ ਖੁਸ਼ਕ ਤੇ ਮੱਧਮ ਪੈ ਚੁੱਕੀ ਲੁਕਾਈ ਦੇ ਇਕ ਹਿੱਸੇ ਦੁਆਰਾ ਲੱਭੇ ਜਾ ਰਹੇ ਖੁਸਨੁਮਾ ਪਲਾਂ ਦੀ ਤਾਂਘ ਵਿੱਚੋਂ ਹੀ ਨਹੀਂ ਦੇਖਦਾ, ਬਲਕਿ ਉਸ ਕੜੀ ਵਿੱਚੋਂ ਵੀ ਦੇਖਦਾ ਹਾਂ, ਜਿੱਥੇ ਇਕਾਂਤ ਆਪਣੇ-ਆਪ ਨੂੰ ਸੰਬੋਧਿਤ ਹੁੰਦਾ ਹੈ। ਭਾਵ ਕਿ ਜਿੱਥੇ ਅਸੀਂ ਖੁਦ ਨਾਲ ਗੱਲ ਕਰਦੇ ਹਾਂ। ਜਿੱਥੇ ਸਾਡਾ ਵਿਅਕਤੀਗਤ ਆਪਾ ਭਾਰੂ ਹੁੰਦਾ ਹੈ।ਚਮਕੀਲਾ ਉਸ ਆਪੇ ਦੇ ਕਲਾਕਾਰ ਵਜੋਂ ਜ਼ਿਆਦਾ ਜਾਣਿਆ ਗਿਆ।

ਉਹ ਦੌਰ ਜਦੋਂ ਪੰਜਾਬ ਵਿੱਚ ਹਰ ਕੋਈ ਡਰ ਦੇ ਸਾਏ ਹੇਠ ਸੀ, ਚਮਕੀਲਾ ਬਾਕੀ ਕਲਾਕਾਰਾਂ ਵਾਂਗ ਗਾਇਕੀ ਦੀ ਭੋਇੰ ਤੇ ਆਉਂਦਾ ਤੇ ਆਪਣੀ ਅਵਾਜ ਸਦਕਾ ਲੋਕਾਂ ਵਿਚ ਮਕਬੂਲ ਹੋ ਜਾਂਦਾ। ਹਾਲਾਂਕਿ ਉਸ ਦੀ ਸ਼ੁਹਰਤ ਨੂੰ ਬਾਅਦ ਵਿੱਚ ਸੱਤਾ ਦੇ ਇਕ ਹਿੱਸੇ ਵੱਲੋਂ ਇਸਤੇਮਾਲ ਕੀਤਾ ਗਿਆ ਜਾਂ ਉਹ ਖੁਦ ਹੋਇਆ, ਪਰ ਇਸ ਤੋਂ ਪਹਿਲਾਂ ਹੀ ਉਹ ਲੋਕਾਂ ਵਿਚ ਜਾਣਿਆ ਜਾਣ ਲੱਗਾ ਸੀ। ਉਹ ਸਹੀ ਗਾਉਂਦਾ/ਲਿਖਦਾ ਸੀ ਜਾਂ ਨਾ, ਇਹ ਮੇਰਾ ਮਸਲਾ ਨਹੀਂ। ਮੇਰਾ ਮਸਲਾ ਸਿਰਫ ਏਨਾ ਹੈ ਕਿ ਕੀ ਇਸ ਖੇਤਰ ਵਿੱਚ ਚਮਕੀਲਾ ਪੰਜਾਬ ਦਾ ਇਕਲੌਤਾ ਆਦਰਸ਼ ਸੀ? ਜਾਂ ਕੀ ਉਸ ਦਾ ਆਦਰਸ਼ੀਕਰਨ ਕੀਤਾ ਜਾ ਸਕਦਾ ਹੈ? ਇਹ ਅਹਿਮ ਸਵਾਲ ਵਰਤਮਾਨ ਦੀ ਚਮਕੀਲਾ ਸੰਬੰਧੀ




ਹੋ ਰਹੀ ਬਹਿਸ ਵਿੱਚੋਂ ਲਗਭਗ ਮਨਫੀ ਹਨ।

ਪਹਿਲੀ ਗੱਲ ਤਾਂ ਇਹ ਹੈ ਕਿ ਚਮਕੀਲਾ ਜਾਂ ਪੰਜਾਬ ਦਾ ਕੋਈ ਵੀ ਹੋਰ ਕਲਾਕਾਰ ਪੰਜਾਬੀ ਸੱਭਿਆਚਾਰ ਦਾ ਇੱਕ ਵਕਤੀ ਪ੍ਰਮਾਣ ਹੁੰਦਾ ਹੈ। ਕਿਹਾ ਜਾ ਸਕਦਾ ਹੈ ਜਿਵੇਂ ਕਿ ਹਰ ਸੱਭਿਆਚਾਰ ਦੇ ਹੁੰਦੇ ਹਨ। ਕਲਾਕਾਰ ਦਾ ਆਪਣਾ ਇੱਕ ਸਮਾਂ-ਕਾਲ ਹੁੰਦਾ ਹੈ। ਉਹ ਉਸ ਨੂੰ ਜਿਊਂਦਾ ਹੈ। ਹੰਢਾਉਂਦਾ ਹੈ ਤੇ ਚਲਾ ਜਾਂਦਾ ਹੈ। ਲੋਕਾਂ ਲਈ ਇਸ ਦਾ ਇਸ ਤੋਂ ਵੱਧ ਕੋਈ ਅਰਥ ਨਹੀਂ ਹੁੰਦਾ ਤੇ ਨਾ ਹੀ ਕੋਈ ਕਲਾਕਾਰ ਏਨਾ ਵੱਡਾ ਹੁੰਦਾ ਹੈ ਕਿ ਉਹ ਇਸ ਤੋਂ ਵੱਧ ਕੋਈ ਅਰਥ ਰੱਖਦਾ ਹੋਏ। ਪੰਜਾਬ ਦੀ ਧਰਤੀ ਤੇ ਗੋਰਖ ਦੇ ਜੋਗ ਪੰਥ ਤੋਂ ਲੈ ਕੇ ਬੁੱਲ੍ਹੇ ਸ਼ਾਹ ਦੇ ਵੇਲਿਆਂ ਤੱਕ ਤੇ ਨੰਦ ਲਾਲ ਨੂਰਪੁਰੀ ਤੋਂ ਲੈ ਕੇ ਸਿੱਧੂ ਮੂਸੇਵਾਲਾ ਤੱਕ ਬੇਅੰਤ ਅਜਿਹੇ ਕਲਾਕਾਰਾਂ ਨੇ ਜਨਮ ਲਿਆ ਜੋ ਆਦਰਸ਼ੀਕਰਨ ਦੀ ਸਿਖਰ ਛੂਹਣ ਦੇ ਬਾਵਜੂਦ ਆਦਰਸ਼ ਨਹੀਂ ਬਣ ਸਕੇ.।ਜੇਕਰ ਇਹ ਆਦਰਸ਼ੀਕਰਨ ਏਨਾ ਸਰਲ ਹੁੰਦਾ ਤਾਂ ਸਾਡੇ ਗੀਤਾਂ ਦੀ ਪਸੰਦਗੀ ਦਾ ਮੁਹਾਵਰਾ ਤੇ ਦੌਰ ਹਰ ਸਮੇਂ-ਕਾਲ ਵਿਚ ਵੱਖਰੀ ਭਾਂਤ ਦਾ ਨਾਂ ਹੁੰਦਾ।

ਗਾਇਕਾਂ ਦਾ ਇਹ ਆਦਰਸ਼ੀਕਰਨ ਇਕ ਵਕਤੀ ਅਤੇ ਅਸਥਾਈ ਵਰਤਾਰਾ ਹੈ, ਜਿਸ ਨੂੰ ਸਾਡੀ ਮਾਨਸਿਕਤਾ ਬਦਲਦੀ ਰਹਿੰਦੀ ਹੈ। ਚਮਕੀਲੇ ਦਾ ਇੱਕ ਦੌਰ ਸੀ. ਉਹ ਗੁਜ਼ਰ ਚੁੱਕਾ ਹੈ. ਅੱਜ ਜੇਕਰ ਉਸ ਤੇ ਕੋਈ ਫਿਲਮ ਬਣ ਰਹੀ ਹੈ ਤਾਂ ਇਹ ਮਹਿਜ ਵਪਾਰ ਦਾ ਇੱਕ ਅੰਗ ਮਾਤਰ ਹੈ ਤੇ ਇਹ ਇੱਕੋ ਫਿਲਮ ਨਹੀਂ ਹੈ ਜੋ ਬਣ ਰਹੀ ਹੈ। ਫਿਲਮ/ਗੀਤ/ਸੰਗੀਤ ਇਹ ਵਕਤੀ ਜ਼ਰੂਰਤਾਂ ਹਨ। ਇਸ ਲਈ ਇਨ੍ਹਾਂ ਨੂੰ ਮੰਨੋਰੰਜਨ ਦੇ ਸਾਧਨ ਕਿਹਾ ਜਾਂਦਾ ਹੈ। ਹਾਲਾਂਕਿ ਇਹ ਸਿਰਫ ਮੰਨੋਰੰਜਨ ਦੇ ਸਾਧਨ ਨਹੀਂ ਹੁੰਦੀਆਂ, ਸਗੋਂ ਇੱਕ ਖਾਸ ਨਜ਼ਰੀਆ ਤੇ ਸੋਚ ਵੀ ਲੋਕਾਂ ਅੰਦਰ ਸਥਾਪਿਤ ਕਰਨ ਵਾਲੀਆਂ ਹੁੰਦੀਆਂ ਹਨ, ਪਰ ਕੀ ਕਲਾਕਾਰਾਂ ਜਾਂ ਅਜਿਹੇ ਕਿਸੇ ਲੋਕਾਂ ਦਾ ਕੋਈ ਠੋਸ ਨਜ਼ਰੀਆ ਵੀ ਹੁੰਦਾ ਹੈ?

ਮੈਂ ਸਮਝਦਾ ਹਾਂ ਚਮਕੀਲੇ ਜਾਂ ਅਜਿਹੀਆਂ ਕਿਸੇ ਵੀ ਫਿਲਮਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਇਸ ਸਵਾਲ ਦਾ ਜਵਾਬ ਜ਼ਰੂਰ ਲੱਭਣਾ ਚਾਹੀਦਾ ਹੈ, ਕਿਉਂਕਿ ਕਲਾਕਾਰ ਆਪਣੀ ਕਲਾ ਨੂੰ ਮੰਡੀ ਦੀ ਇੱਕ ਵਸਤੂ ਦੇ ਰੂਪ ਵਿੱਚ ਵੇਚਦੇ ਹਨ।ਉਦਾਹਰਨ ਵਜੋਂ, ਅੱਜ ਦਾ ਸਾਵਰਕਰ ਬਣਿਆ ਰਣਦੀਪ ਹੁੱਡਾ, ਸਾਰਾਗੜ੍ਹੀ ਦੀ ਲੜਾਈ ਤੇ ਬਣ ਰਹੀ ਆਪਣੀ ਫਿਲਮ ਵਿੱਚ "ਗੁਰਸਿੱਖ" ਦੇ ਰੂਪ ਵਿੱਚ ਅਸੀਂ ਸਭ ਨੇ ਕਈ ਸਾਲ ਦੇਖਿਆ. ਕੀ ਉਹ ਗੁਰਸਿੱਖ ਵਾਲਾ ਨਜ਼ਰੀਆ ਅਪਣਾਅ ਚੁੱਕਾ ਸੀ? ਜਾਂ ਕੀ ਹੁਣ ਉਹ ਸਾਵਰਕਰਵਾਦੀ ਹੈ? ਚਮਕੀਲੇ ਦੇ ਵਰਤਮਾਨ ਵਾਵੇਲੇ ਦਰਮਿਆਨ ਇਹ ਮਹਿਜ ਇੱਕ ਉਦਾਹਰਨ ਹੈ। ਚਮਕੀਲਾ ਇਸੇ ਉਦਾਹਰਨ ਦੀ ਕੜੀ ਹੈ। ਉਹ ਜਿੱਥੇ ਉੱਚ ਕੋਟੀ ਦੇ ਅਜਿਹੇ ਧਾਰਮਿਕ ਗੀਤ ਗਾਉਂਦਾ ਹੈ, ਜੋ ਅਸੀਂ ਹੁਣ ਤਕ ਗੁਰੂ ਘਰਾਂ ਦੇ ਸਪੀਕਰਾਂ ਵਿੱਚ ਉੱਚੀ ਵੱਜਦੇ ਸੁਣੇ ਹਨ, ਉੱਥੇ ਹੀ ਉਹ ਗੀਤ ਵੀ ਗਾਉਂਦਾ ਹੈ, ਜੋ ਇਕੱਲੇ ਸੁਣਨ ਵਿੱਚ ਵੀ ਸ਼ਾਇਦ ਬਹੁਤ ਸਾਰੇ ਲੋਕਾਂ ਨੂੰ ਸ਼ਰਮ ਆਏ। ਦੋਵੇਂ ਤਰ੍ਹਾਂ ਦੇ ਗੀਤ ਉਹ ਖੁਦ ਲਿਖਦਾ ਸੀ। ਅਜਿਹੀ ਸਥਿਤੀ ਵਿੱਚ ਉਸ ਦਾ ਨਜ਼ਰੀਆ ਕੀ ਸੀ? ਇਸ ਤੇ ਨਾ ਉਸ ਸਮਾਂ-ਕਾਲ ਚ ਕੋਈ ਗੱਲ ਹੋਈ ਤੇ ਨਾ ਹੁਣ। ਅਜਿਹੀ ਸਥਿਤੀ ਵਿੱਚ ਕੀ ਸਮਝਿਆ ਜਾਏ ਕਿ ਕਲਾਕਾਰ ਏਨਾ ਵੱਡਾ ਹੁੰਦਾ ਹੈ ਕਿ ਉਹ ਬਗੈਰ ਕਿਸੇ ਠੋਸਤਾ ਦੇ ਹੀ "ਡੀਪ ਸਟੇਟ", ਨੇਸ਼ਨ ਸਟੇਟ ਜਾਂ ਕਿਸੇ ਵੱਖਰੀ ਭਾਂਤ ਦੇ ਵਰਲਡ ਆਰਡਰ ਦਾ ਨੈਰੇਟਿਵ ਲੋਕਾਂ ਅੰਦਰ ਸਥਾਪਿਤ ਕਰ ਸਕਦਾ ਹੈ? ਉਹ ਵੀ ਉਸ ਸਮੇਂ ਜਦੋਂ ਉਸ ਤੋਂ ਵੱਡੇ ਬਿਰਤਾਂਤ ਉਨ੍ਹਾਂ ਲੋਕਾਂ ਕੋਲ ਮੌਜੂਦ ਹੋਣ।ਮੈਂ ਸਮਝਦਾ ਹਾਂ ਬੇਹੂਦਾ ਬਿਰਤਾਂਤ ਦੇ ਇਸ ਨਪੁੰਸਕ ਦੌਰ ਵਿੱਚ ਅਜਿਹੇ ਸਵਾਲ ਜ਼ਰੂਰ ਵਿਚਾਰੇ ਜਾਣੇ ਚਾਹੀਦੇ ਹਨ, ਕਿਉਂਕਿ ਚਮਕੀਲਾ ਉਸ ਖੇਤਰ ਦਾ ਇੱਕ ਅੰਗ ਸੀ, ਜੋ ਕਲਾ ਦਾ ਅਰਥ ਪੂੰਜੀ ਸਮਝਦਾ ਹੈ।

ਚਮਕੀਲਾ ਦੇ ਜੀਵਨ ਤੇ ਫਿਲਮ ਬਣਨ ਦਾ ਅਰਥ ਉਸ ਵਕਤ ਹੀ ਨੇਸ਼ਨ ਸਟੇਟ ਦਾ ਬਿਰਤਾਂਤ ਮੰਨਿਆ ਜਾ ਸਕਦਾ ਸੀ, ਜਦੋਂ ਚਮਕੀਲਾ ਦਾ ਆਪਣਾ ਕੋਈ ਵਿਚਾਰਧਾਰਕ ਪੈਂਤੜਾ ਜਾਂ ਨਜ਼ਰੀਆ ਹੁੰਦਾ। ਜਿਸ ਬੰਦੇ ਦਾ ਨਾ ਆਪਣੇ ਲੋਕਾਂ ਪ੍ਰਤੀ, ਨਾ ਸਮਾਜ ਪ੍ਰਤੀ ਕੋਈ ਠੋਸ ਵਿਚਾਰਕ ਸਮਝ ਵਾਲਾ ਪੱਖ ਹੀ ਨਹੀਂ ਸੀ, ਉਸ ਲਈ ਨੇਸ਼ਨ/ਸਟੇਟ ਕਿਉਂ ਜੋਰ ਲਾਏਗੀ? ਕੀ ਨੇਸ਼ਨ/ਸਟੇਟ ਬਿਰਤਾਂਤ ਰਹਿਤ ਬਿਰਤਾਂਤ ਦੀ ਸਿਰਜਣਾ ਦੇ ਪੱਖ ਵਿੱਚ ਹੈ? ਕੀ ਇਹ ਸੱਚਮੁੱਚ ਸੰਭਵ ਹੈ? ਫਿਰ ਚਮਕੀਲਾ ਹੀ ਕਿਉਂ? ਬੱਗਾ ਸਫਰੀ ਕਿਉਂ ਨਹੀਂ? ਚਮਕੀਲਾ ਤੇ ਬਣ ਰਹੀ ਫਿਲਮ ਦਾ ਵਿਰੋਧ ਕਰਨ ਵਾਲੇ ਸੱਜਣ ਅਜਿਹੇ ਸਵਾਲ ਦਾ ਜਵਾਬ ਲੱਭਣ ਲਈ ਅਜ਼ਾਦ ਹਨ।


ਪੋਸਟ ਸਕ੍ਰਿਪਟ: **Operation Night Dominance** ਦੇ ਚਸ਼ਮੇ ਰਾਹੀਂ ਚਮਕੀਲੇ ਜਾਂ ਦਿਲਜੀਤ ਦੁਸਾਂਝ ਦੋਵਾਂ ਨੂੰ ਵੇਖਣ ਵਾਲੀ ਨਜ਼ਰ ਦੀ ਇੱਕ ਵੱਡੀ ਸਮੱਸਿਆ ਇਹ ਹੈ ਕਿ ਉਹ ਕੁਲਦੀਪ ਮਾਣਕ ਤੋਂ ਲੈ ਕੇ ਸੁਰਿੰਦਰ ਛਿੰਦਾ, ਮੁਹੰਮਦ ਸਦੀਕ, ਦਿਲਸ਼ਾਦ ਅਖਤਰ, ਸਰਦੂਲ ਸਿਕੰਦਰ, ਗੁਰਦਾਸ ਮਾਨ ਤੇ ਦਰਜਨਾਂ ਹੋਰ ਗਾਇਕਾਂ ਨੂੰ ਇਸ ਚਸ਼ਮੇ ਤੋਂ ਲਗਭਗ ਮੁਕਤ ਕਰ ਦਿੰਦੀ ਹੈ ਜਦਕਿ ਇਸ "ਸੱਭਿਆਚਾਰਿਕ ਕ੍ਰਾਂਤੀ" ਦੇ ਹਮਾਮ ਵਿੱਚ ਸਭ ਨੰਗੇ ਸਨ. ਪਰ **Operation Night Dominance** ਦੇ ਮੁੱਖ ਚਿਹਰਿਆਂ ਵਿੱਚ ਸ਼ਾਮਲ ਉਪਰੋਕਤ ਨਾਮਾਂ ਵਿੱਚੋਂ ਕਈ ਉਸ ਦੌਰ ਵਿੱਚ ਸਿੱਖ ਸੁਰ ਵਾਲੀਆਂ ਧਾਰਮਿਕ ਫਿਲਮਾਂ ਵੀ ਬਣਾ ਰਹੇ ਸਨ। ਸੋ ਕਹਿਣ ਦਾ ਭਾਵ ਕਿ ਚਮਕੀਲੇ ਦੇ ਬਹਾਨੇ ਅਸੀਂ ਸਥਿਤੀਆਂ ਦਾ ਸਰਲੀਕਰਨ ਨਾ ਕਰੀਏ. ਇਹ ਸਮੱਸਿਆ ਪੈਦਾ ਕਰੇਗਾ ਬਾਕੀ ਆਪਾਂ ਪਿਛਲੀ ਪੋਸਟ ਵਿੱਚ ਇਸ ਨਜ਼ਰੀਏ ਦਾ ਵਿਸਤਾਰ ਕੀਤਾ ਸੀ, ਉਹ ਦੇਖਿਆ ਜਾ ਸਕਦਾ ਹੈ।

*... Continue from page 41*

## I HAVE GOT NO MONEY TO FIGHT ELECTIONS 2024-- FINANCE MINISTER OF INDIA

Elections in India are very costly and only those can take part who have got sufficient money with them. The whole nation comes to a stand still for atleast two and half month. Crores of people come to polling booths without having a candidate in their heart. Till date we could not prescribe qualifications, training, experience, standard-past and duty chart for the candidates and this statement of Finance minister gives us clear information that only those can take part in elections who have got sufficient money with them. Even party-tickets are costly. There are news that often candidates are purchased by parties to make out their strength because only those contesting groups cdan become the ruling front who could get two-third majority in the house. And the candidates must know that they shall have to lose conscience and will because members sitting in side of supporters are under deemed whips and members in opposition do not speak and if speak none hears to them. The members who could get minisatries are lucky to some estent because they could get flag-cars and two three jeeps or cars of guards with alarming horns forcing the people to leave the roads. None of teh members could work for the people he represents and therefore, none comes on stage and promise that he shall be solving this and this problem of the area and none could come for next time could declare that last time he could get solved this and this problem and now this and that problem is in his heart and shall solve them through the Parliament.

# ਸਿਹਤ ਤੇ ਸੁੰਦਰਤਾ




# ਸਰੀਰ ਵੀਚ ਵੱਧ ਰਹੀ ਚਰਬੀ ਨੂੰ ਖਤਮ ਕਰ ਦੇਣਗੇ ਇਹ ਘੱਟ ਕੈਲੋਰੀ ਵਾਲੇ ਫੂਡਸ

ਅੱਜਕਲ ਤੇਜ਼ੀ ਨਾਲ ਬਦਲਦੀ ਜੀਵਨ ਸ਼ੈਲੀ ਕਾਰਨ ਲੋਕ ਕਈ ਸਮੱਸਿਆਵਾਂ ਦਾ ਸ਼ਿਕਾਰ ਹੋ ਰਹੇ ਹਨ। ਮੋਟਾਪਾ ਇਨ੍ਹਾਂ ਸਮੱਸਿਆਵਾਂ ਵਿੱਚੋਂ ਇੱਕ ਹੈ, ਜੋ ਅੱਜ-ਕੱਲ੍ਹ ਦੁਨੀਆਂ ਭਰ ਵਿੱਚ ਬਹੁਤ ਸਾਰੇ ਲੋਕਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਬਹੁਤ ਜ਼ਿਆਦਾ ਭਾਰ ਅਕਸਰ ਕਈ ਗੰਭੀਰ ਸਮੱਸਿਆਵਾਂ ਦਾ ਕਾਰਨ ਬਣਦਾ ਹੈ। ਅਜਿਹੇ ਵਿਚ ਸਿਹਤਮੰਦ ਰਹਿਣ ਲਈ ਆਪਣੇ ਭਾਰ ਨੂੰ ਕੰਟਰੋਲ 'ਚ ਰੱਖਣਾ ਜ਼ਰੂਰੀ ਹੈ। ਭਾਰ ਘਟਾਉਣ ਜਾਂ ਕੰਟਰੋਲ ਕਰਨ ਲਈ ਸਰੀਰਕ ਗਤੀਵਿਧੀ ਦੇ ਨਾਲ-ਨਾਲ ਸਹੀ ਖੁਰਾਕ ਵੀ ਬਹੁਤ ਜ਼ਰੂਰੀ ਹੈ। ਤੁਸੀਂ ਆਪਣੇ ਨਾਸ਼ਤੇ, ਦੁਪਹਿਰ ਦੇ ਖਾਣੇ ਅਤੇ ਰਾਤ ਦੇ ਖਾਣੇ ਵਿੱਚ ਸਹੀ ਭੋਜਨ ਸ਼ਾਮਲ ਕਰਕੇ ਆਪਣੇ ਭਾਰ ਨੂੰ ਕੰਟਰੋਲ ਕਰ ਸਕਦੇ ਹੋ। ਜੇਕਰ ਤੁਸੀਂ ਵੀ ਆਪਣੇ ਵਧਦੇ ਭਾਰ ਤੋਂ ਪਰੇਸ਼ਾਨ ਹੋ ਅਤੇ ਇਸ ਨੂੰ ਕੰਟਰੋਲ ਕਰਨਾ ਚਾਹੁੰਦੇ ਹੋ ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਰਾਤ ਦੇ ਖਾਣੇ 'ਚ ਘੱਟ ਕੈਲੋਰੀ ਵਾਲੇ ਭੋਜਨ ਨੂੰ ਸ਼ਾਮਲ ਕਰੋ। ਅਜਿਹੀ ਸਥਿਤੀ ਵਿੱਚ, ਅੱਜ ਇਸ ਲੇਖ ਵਿੱਚ ਅਸੀਂ ਤੁਹਾਨੂੰ ਕੁਝ ਘੱਟ ਕੈਲੋਰੀ ਵਾਲੇ ਡਿਨਰ ਵਿਕਲਪਾਂ ਬਾਰੇ ਦੱਸਾਂਗੇ-

### ਚਿਕਨ ਬ੍ਰੈਸਟ

ਜੇਕਰ ਤੁਸੀਂ ਆਪਣਾ ਭਾਰ ਘਟਾਉਣਾ ਜਾਂ ਕੰਟਰੋਲ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਰਾਤ ਦੇ ਖਾਣੇ ਦੇ ਸਮੇਂ ਚਿਕਨ ਬ੍ਰੈਸਟ ਖਾ ਸਕਦੇ ਹੋ। ਸਬਜ਼ੀਆਂ ਨਾਲ ਪਕਾਇਆ ਗਿਆ



ਚਿਕਨ ਬ੍ਰੈਸਟ ਸਿਹਤਮੰਦ ਕਾਰਬੋਹਾਈਡਰੇਟ, ਘੱਟ ਪ੍ਰੋਟੀਨ ਅਤੇ ਭਾਰ ਘਟਾਉਣ ਲਈ ਲੋੜੀਂਦੇ ਵਿਟਾਮਿਨਾਂ ਦੇ ਨਾਲ ਇੱਕ ਵਧੀਆ ਬਦਲ ਹੋ ਸਕਦਾ ਹੈ।

### ਓਟਮੀਲ

ਤੁਸੀਂ ਭਾਰ ਘਟਾਉਣ ਲਈ ਆਪਣੇ ਰਾਤ ਦੇ ਖਾਣੇ ਵਿੱਚ ਓਟਮੀਲ ਸ਼ਾਮਲ ਕਰ ਸਕਦੇ ਹੋ। ਬੀਜਾਂ, ਸੁੱਕੇ ਮੇਵੇ ਅਤੇ ਫਲਾਂ ਨਾਲ ਤਿਆਰ ਓਟਮੀਲ ਦਾ ਇੱਕ ਕਟੋਰਾ ਤੁਹਾਡੀ ਭੁੱਖ ਨੂੰ ਮਿਟਾਉਣ ਅਤੇ ਭਾਰ ਘਟਾਉਣ ਵਿੱਚ ਮਦਦ ਕਰਨ ਲਈ ਇੱਕ ਵਧੀਆ ਡਿਨਰ ਬਦਲ ਹੋ ਸਕਦਾ ਹੈ।

### ਛੋਲੇ

ਭਾਰ ਘਟਾਉਣ ਲਈ ਲੀਨ ਪ੍ਰੋਟੀਨ ਅਤੇ ਵਿਟਾਮਿਨ ਦੀ ਭਰਪੂਰ ਮਾਤਰਾ ਵਿੱਚ ਲੋੜ ਹੁੰਦੀ ਹੈ। ਅਜਿਹੀ ਸਥਿਤੀ ਵਿੱਚ, ਤੁਸੀਂ ਭਾਰ ਘਟਾਉਣ ਦੀ ਯਾਤਰਾ ਦੌਰਾਨ ਛੋਲਿਆਂ ਨੂੰ ਆਪਣੇ ਰਾਤ ਦੇ ਖਾਣੇ ਦਾ ਹਿੱਸਾ ਬਣਾ ਸਕਦੇ ਹੋ। ਛੋਲੇ ਲੀਨ ਪ੍ਰੋਟੀਨ ਅਤੇ ਵਿਟਾਮਿਨਾਂ ਨਾਲ ਭਰਪੂਰ ਹੁੰਦੇ ਹਨ। ਤੁਸੀਂ ਇਸ ਨੂੰ ਰਾਤ ਦੇ ਖਾਣੇ 'ਚ ਰੋਟੀ ਦੇ ਨਾਲ ਖਾ ਸਕਦੇ ਹੋ।

### ਵੈਜੀਟੇਬਲ ਸਲਾਦ

ਪਾਲਕ, ਗੋਭੀ, ਮਟਰ, ਬਰੋਕਲੀ ਅਤੇ ਗਾਜਰ ਵਰਗੀਆਂ ਉਬਲੀਆਂ ਸਬਜ਼ੀਆਂ ਨਾਲ ਬਣਿਆ ਸਬਜ਼ੀਆਂ ਦਾ ਸਲਾਦ ਵੀ ਤੁਹਾਡਾ ਭਾਰ ਘਟਾਉਣ ਵਿੱਚ ਮਦਦ ਕਰ ਸਕਦਾ ਹੈ। ਅਜਿਹੀ ਸਥਿਤੀ ਵਿੱਚ, ਜੇਕਰ ਤੁਸੀਂ ਰਾਤ ਨੂੰ ਕੁਝ ਹਲਕਾ ਅਤੇ ਸਿਹਤਮੰਦ ਖਾਣਾ ਚਾਹੁੰਦੇ ਹੋ, ਤਾਂ ਸਬਜ਼ੀਆਂ ਦਾ ਸਲਾਦ ਇੱਕ ਵਧੀਆ ਬਦਲ ਹੈ।

### ਖਿਚੜੀ

ਖਿਚੜੀ ਤੁਹਾਡੇ ਭਾਰ ਘਟਾਉਣ ਦੀ ਯਾਤਰਾ ਦਾ ਹਿੱਸਾ ਵੀ ਬਣ ਸਕਦੀ ਹੈ। ਦਾਲ, ਸਬਜ਼ੀਆਂ ਅਤੇ ਭੂਰੇ ਚੌਲਾਂ ਦੀ ਬਣੀ ਖਿਚੜੀ ਦਾ ਇੱਕ ਕਟੋਰਾ ਤੁਹਾਡੀ ਭੁੱਖ ਨੂੰ ਮਿਟਾਉਣ ਅਤੇ ਭਾਰ ਘਟਾਉਣ ਵਿੱਚ ਮਦਦ ਕਰਨ ਲਈ ਇੱਕ ਵਧੀਆ ਡਿਨਰ ਬਦਲ ਹੋ ਸਕਦਾ ਹੈ।

## ਅਲਜ਼ਾਈਮਰ ਨੂੰ ਰੋਕਣ ਲਈ ਲਾਲ ਅੰਗੂਰ ਦੀ ਕਰੋ ਵਰਤੋਂ


ਵਾਸ਼ਿੰਗਟਨ-ਲਾਲ ਅੰਗੂਰ, ਰਸਭਰੀ, ਡਾਰਕ ਚਾਕਲੇਟ ਅਤੇ ਕੁਝ ਰੈੱਡ ਵਾਈਨ 'ਚ ਅਜਿਹਾ ਤੱਤ ਰੇਸਵੇਰਾਟ੍ਰੋਲ ਪਾਇਆ ਜਾਂਦਾ ਹੈ, ਜੋ ਅਲਜ਼ਾਈਮਰ ਨੂੰ ਰੋਕਣ 'ਚ ਸਹਾਇਕ ਹੈ। ਖੋਜਕਰਤਾਵਾਂ ਅਨੁਸਾਰ ਅਲਜ਼ਾਈਮਰ ਦੇ ਸ਼ੁਰੂਆਤ 'ਚ ਇਸ ਤੋਂ ਬਣੀ ਦਵਾਈ ਦੀ ਬੜੀ ਖੁਰਾਕ ਬਿਮਾਰੀ ਦਾ ਪ੍ਰਸਾਰ ਰੋਕ ਦਿੰਦੀ ਹੈ। ਜਾਰਜਟਾਊਨ ਯੂਨੀਵਰਸਿਟੀ ਮੈਡੀਕਲ ਸੈਂਟਰ ਦੇ ਖੋਜੀ ਆਰ ਸਕਾਟ ਟਰਨਰ ਨੇ ਕਿਹਾ ਕਿ ਖੋਜ ਦੇ ਨਤੀਜੇ ਹੈਰਾਨੀਜਨਕ ਰਹੇ ਹਨ। 2012 ਤੋਂ 2014 ਤੱਕ ਚੱਲੇ ਅਧਿਐਨ 'ਚ ਅਲਜ਼ਾਈਮਰ ਦੀਆਂ ਵੱਖ-ਵੱਖ ਅਵਸਥਾਵਾਂ 'ਚੋਂ ਲੰਘ ਰਹੇ 119 ਮਰੀਜ਼ਾਂ ਨੂੰ ਸ਼ਾਮਿਲ ਕੀਤਾ ਗਿਆ ਸੀ। ਇਕ ਸਮੂਹ 'ਚ ਮਰੀਜ਼ਾਂ ਨੂੰ ਰੇਸਵੇਰਾਟ੍ਰੋਲ ਲੈਣ ਵਾਲੇ ਸਮੂਹ 'ਚ 12 ਮਹੀਨੇ ਤੋਂ ਬਾਅਦ ਖ਼ੂਨ ਅਤੇ ਦਿਮਾਗੀ ਤਰਲ 'ਚ ਐਮਿਲੋਈਡ ਬੀਟਾ-40 ਦੇ ਪੱਧਰ 'ਚ ਨਹੀਂ ਦੇ ਬਰਾਬਰ ਬਦਲਾਅ ਪਾਇਆ ਗਿਆ। ਅਲਜ਼ਾਈਮਰ ਵੱਧਣ ਨਾਲ ਇਸ ਪ੍ਰੋਟੀਨ ਦਾ ਪੱਧਰ ਡਿੱਗਣ ਲੱਗਦਾ ਹੈ।

## * ਚੂੰਢੀਆਂ-ਚੂੰਢੇ *


ਲੇਖਕ - ਨਿਰਮਲ ਸਿੰਘ ਕੰਧਾਲਵੀ



***ਭਾਰਤ ਵਿਚ ਦੁਨੀਆਂ ਅੰਦਰ ਸਭ ਤੋਂ ਵੱਧ ਨਾਬਰਾਬਰੀ- ਇਕ ਰਿਪੋਰਟ**
-ਨਾ ਬਈ ਨਾ ਇੰਜ ਨਾ ਕਹੋ, ਇਥੇ ਤਾਂ ਸਭ ਕਾ ਸਾਥ ਤੇ ਸਭ ਕਾ ਵਿਕਾਸ ਹੋ ਰਿਹਾ ਹੈ।



***ਕਿਮ ਜੌਂਗ ਉਨ ਨੇ ਪੂਤਿਨ ਵਲੋਂ ਤੋਹਫ਼ੇ 'ਚ ਦਿਤੀ ਹੋਈ ਲਗਜ਼ਰੀ ਲਿਮੋਜ਼ੀਨ ਦਾ ਆਨੰਦ ਮਾਣਿਆ- ਇਕ ਖ਼ਬਰ**
-ਕਾਲ਼ੇ ਰੰਗ ਦਾ ਪਰਾਂਦਾ ਮੇਰੇ ਸੱਜਣਾਂ ਨੇ ਆਂਦਾ, ਨੀ ਮੈਂ ਛਮ ਛਮ ਨੱਚਦੀ ਫਿਰਾਂ।



***ਜੇ ਮੈਂ ਰਾਸ਼ਟਰਪਤੀ ਨਾ ਬਣਿਆ ਤਾਂ ਹੋਵੇਗਾ ਖ਼ੂਨ-ਖ਼ਰਾਬਾ- ਡੋਨਲਡ ਟਰੰਪ**
-ਜੇ ਕੋਈ ਹੋਰ ਲੈ ਆਇਆ ਤੇਰੀ ਜੰਞ ਨੀ, ਪਾੜ ਦਊਂ ਸ਼ਾਮਿਆਨੇ ਪਾਊਂ ਰੰਗ ਵਿਚ ਭੰਗ ਨੀਂ।



***ਪੰਜਾਬ ਵਿਚ ਭਾਜਪਾ ਇਕੱਲਿਆਂ ਹੀ 13 ਦੀਆਂ 13 ਸੀਟਾਂ 'ਤੇ ਲੜੇਗੀ ਲੋਕ ਸਭਾ ਚੋਣ- ਜਾਖੜ**
-ਘੜਾ ਚੁੱਕ ਲਊਂ ਪੱਟਾਂ 'ਤੇ ਹੱਥ ਧਰ ਕੇ, ਖਸਮਾਂ ਨੂੰ ਖਾਣ ਕੁੜੀਆਂ।




***ਹੋਲੀ 'ਤੇ ਖੱਟਰ ਅਤੇ ਅਨਿਲ ਵਿਜ ਨੇ ਦਿਤੀ ਇਕ ਦੂਜੇ ਨੂੰ ਵਧਾਈ- ਇਕ ਖ਼ਬਰ**
-ਕੇਹੜੀ ਹੋਲੀ ਤੇ ਕਾਹਦੀਆਂ ਵਧਾਈਆਂ, ਖ਼ੁੱਸੀ ਕੁਰਸੀ ਦੇ ਦੁਖੜੇ ਫੋਲੀਏ ਅਸੀਂ।

***ਦੁਨੀਆਂ ਦੀ ਅਰਬਪਤੀ ਰਾਜਧਾਨੀ ਬਣੀ ਮੁੰਬਈ, ਬੀਜਿੰਗ ਨੂੰ ਵੀ ਪਿੱਛੇ ਛੱਡਿਆ- ਇਕ ਖ਼ਬਰ**
-ਮੋਦੀ ਹੈ ਤੋ ਮੁਮਕਿਨ ਹੈ।

***ਚੋਣਾਂ ਦੌਰਾਨ ਇਲੈਕਸ਼ਨ ਕਮਿਸ਼ਨ ਦੀ ਰਹੇਗੀ ਬੈਂਕਾਂ 'ਤੇ ਨਜ਼ਰ- ਇਕ ਖ਼ਬਰ**
-ਮੂੰਹ ਦਾ ਮਿੱਠੜਾ ਮੁੰਡਾ, ਦਿਲ 'ਚ ਰੱਖੇ ਬੇਈਮਾਨੀ।



***ਕਾਂਗਰਸ ਤੇ 'ਆਪ' ਦੋ ਦੋਧਾਰੀ ਤਲਵਾਰ, ਕਰ ਰਹੇ ਹਨ ਪੰਜਾਬ ਦਾ ਨੁਕ-ਸਾਨ- ਸੁਖਬੀਰ ਬਾਦਲ**
-ਬਾਦਲੋ ਤੁਹਾਡੇ ਬੀਜੇ ਹੋਏ ਕੰਡੇ ਵੀ ਸੂਲ਼ਾਂ ਬਣ ਕੇ ਚੁੱਭ ਰਹੇ ਐ ਲੋਕਾਂ ਦੇ।



***ਰਵਨੀਤ ਬਿੱਟੂ ਦੇ ਭਾਜਪਾ 'ਚ ਸ਼ਾਮਲ ਹੋਣ 'ਤੇ ਰਾਜਾ ਵੜਿੰਗ ਭੜਕਿਆ- ਇਕ ਖ਼ਬਰ**
-ਛੱਡ ਦੇ ਲੜ ਪ੍ਰਦੇਸਣ ਦਾ, ਤੈਨੂੰ ਨਿੱਤ ਦਾ ਰੋਣਾ ਪੈ ਜਾਊਗਾ।



***ਭਾਜਪਾ ਸਰਕਾਰ ਜਾਣ ਬੁੱਝ ਕੇ ਕਿਸਾਨਾਂ ਨੂੰ ਘਾਟੇ 'ਚ ਧੱਕ ਰਹੀ ਹੈ- ਭੂਪਿੰਦਰ ਸਿੰਘ ਹੁੱਡਾ**
-ਸਾਰੇ ਜੱਟ ਕਰਜ਼ਾਈ ਕੀਤੇ, ਬਾਣੀਆਂ ਨੇ ਅੱਤ ਚੁੱਕ ਲਈ।



***ਅਕਾਲੀ ਦਲ ਨੂੰ ਪਰਵਾਰਵਾਦ ਤੋਂ ਮੁਕਤ ਕਰਨ ਦੀ ਲੋੜ- ਅਜੈਪਾਲ ਸਿੰਘ ਬਰਾੜ (ਮਿਸਲ ਸਤਲੁਜ)**
-ਪਿੱਛੇ ਮੁੜ ਜਾ ਸੋਹਣਿਆ ਵੇ, ਸੌਖਾ ਨਹੀਂ ਇਸ਼ਕ ਕਮਾਉਣਾ।



***ਕੇਜਰੀਵਾਲ ਮਾਮਲੇ 'ਤੇ ਉਸ ਦੇ ਹੱਕ ਵਿਚ ਫਿਰ ਆਇਆ ਅਮਰੀਕਾ ਦਾ ਪ੍ਰਤੀਕਰਮ-ਇਕ ਖ਼ਬਰ**
-ਮੇਰੇ ਯਾਰ ਨੂੰ ਮੰਦਾ ਨਾ ਬੋਲੀਂ, ਮੇਰੀ ਭਾਵੇਂ ਜਿੰਦ ਕੱਢ ਲੈ।



***ਜੰਮੂ-ਕਸ਼ਮੀਰ ਦਾ ਦਰਦ ਕਾਂਗਰਸ, ਖਾਸ ਕਰ ਰਾਹੁਲ ਗਾਂਧੀ ਹੀ ਸਮਝ ਸਕਦੇ ਹਨ- ਮਹਿਬੂਬਾ ਮੁਫ਼ਤੀ**
-ਮਿੱਤਰਾਂ ਦੀ ਜਾਕਟ 'ਤੇ, ਘੁੰਡ ਕੱਢ ਕੇ ਬੂਟੀਆਂ ਪਾਵਾਂ।



***ਪੰਜਾਬ ਵਿਚ ਹਥਿਆਰ ਰੱਖਣ ਦੇ ਮਾਮਲੇ 'ਚ ਔਰਤਾਂ ਨੇ ਬਣਾਇਆ ਰਿਕਾਰਡ-ਇਕ ਖ਼ਬਰ**
-ਜੱਟੀ ਪੰਦਰਾਂ ਮੁਰੱਬਿਆਂ ਵਾਲ਼ੀ, ਮੋਢੇ 'ਤੇ ਬੰਦੂਕ ਰੱਖਦੀ।

***ਰਾਜਪਾਲ ਦਾ ਅਹੁਦਾ ਮਹੱਤਵਪੂਰਨ, ਸੰਵਿਧਾਨ ਅਨੁਸਾਰ ਕੰਮ ਕਰਨਾ ਚਾਹੀਦੈ- ਜਸਟਿਸ ਨਾਗਰਤਨਾ**
-ਵਧ ਗਈ ਵੇਲ ਦੀ ਤਰ੍ਹਾਂ, ਤੇਰੇ ਘੱਗਰਾ ਮੇਚ ਨਾ ਆਵੇ।



***ਘਰੇਲੂ ਝਗੜੇ 'ਚ ਔਰਤ ਨੇ ਆਪਣੇ ਪਤੀ ਦੀ ਜੰਮ ਕੇ ਕੀਤੀ ਕੁੱਟਮਾਰ- ਇਕ ਖ਼ਬਰ**
-ਕਦੀ ਬਾਬੇ ਦੀਆਂ ਕਦੀ ਪੋਤੇ ਦੀਆਂ।

* * * * * * *

– ਲੇਖਕ –
ਰਣਧੀਰ ਸਿੰਘ ਸੰਭਲ
ਯੂ ਕੇ
ਫੋਨ :07417443300



# ਸ਼ਹੀਦੀ ਸਾਕਾ ਸ੍ਰੀ ਪਾਉਂਟਾ ਸਾਹਿਬ ਦੀ ਅਗਵਾਈ ਕਰਨ ਵਾਲੇ ਜਥੇਦਾਰ ਬਾਬਾ ਹਰਭਜਨ ਸਿੰਘ ਜੀ

### *3 ਅਪ੍ਰੈਲ ਸਲਾਨਾ ਸਮਾਗਮ 'ਤੇ ਵਿਸ਼ੇਸ਼*



ਸਚਖੰਡਾ ਵਾਸੀ ਸਿੰਘ ਸਾਹਿਬ ਜਥੇਦਾਰ ਬਾਬਾ ਹਰਭਜਨ ਸਿੰਘ ਜੀ ਜਿਨ੍ਹਾਂ ਦੀ ਅਗਵਾਈ ਵਿੱਚ ਪਾਉਂਟਾ ਸਾਹਿਬ ਜੀ ਦਾ 22 ਮਈ 1964 ਨੂੰ ਸਾਕਾ ਹੋਇਆ

ਕਲਗੀਧਰ ਦਸ਼ਮੇਸ਼ ਪਿਤਾ ਸਰਬੰਸ-ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਨਿਵਾਜੇ ਖ਼ਾਲਸਾ ਪੰਥ ਨੂੰ ਸਿੱਖ ਧਰਮ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਲਈ ਮਹਾਨ ਚੜ੍ਹਦੀ ਕਲਾ ਵੱਲ ਲਿਜਾਉਣ ਵਾਲੀਆਂ ਮਹਾਨ ਬਖ਼ਸ਼ਿਸ਼ਾਂ ਕੀਤੀਆਂ। ਨਿਰਮਲ ਪੰਥ ਦੀ ਅਰੰਭਤਾ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਅਰੰਭ ਹੋ ਚੁੱਕੀ ਸੀ। ਇਸੇ ਹੀ ਖ਼ਾਲਸਾ ਪੰਥ ਵਿੱਚੋਂ ਸਤਾਰਵੀਂ ਸਦੀ ਸਮੇਂ ਗੁਰਸਿੱਖੀ ਦੀ ਰੀਤ, ਉੱਚੀ ਸੁੱਚੀ ਹਿੰਮਤ ਰੱਖਣ ਵਾਲੇ, ਉੱਚੇ ਆਸ਼ੇ ਉੱਚੇ ਦਿਲ ਟਿਕਾਣੇ, ਗੁਰਬਾਣੀ ਪਾਠ, ਗੁਰੂ ਜਸ ਕੀਰਤਨ ਉਚਾਰਨ, ਨਾਮ ਸਿਮਰਨ ਦਾ ਅਭਿਆਸ, ਵਾਹਿਗੁਰੂ 'ਤੇ ਭਰੋਸਾ, ਗੁਰੂ ਵਜੂਦ ਨਾਲ ਪ੍ਰੇਮ, ਸਤਿਸੰਗ ਕਹਿਣੀ, ਬਹਿਣੀ, ਰਹਿਣੀ ਦਾ ਪਿਆਰ, ਆਚਰਣ ਦੀ ਸ਼ੁੱਧੀ ਵਾਲੇ ਅਨੇਕਾਂ ਮਹਾਂਬੀਰ ਯੋਧੇ, ਸਿਰਲਥ ਸੂਰਮੇ, ਕਰਣੀ ਕਥਨੀ ਦੇ ਸੂਰੇ, ਮਹਾਨ ਯੋਧੇ ਪਰਉਪਕਾਰੀ, ਰੂਹਾਨੀ ਸ਼ਖ਼ਸੀਅਤਾਂ ਨੇ ਪੰਜਾਬ ਦੀ ਧਰਤੀ 'ਤੇ ਜਨਮ ਲਿਆ ਅਤੇ ਗੁਰਮੁਖਿ ਗਾਡੀ ਰਾਹ ਦੇ ਅਣਥੱਕ ਤੇ ਸੱਚ ਹੱਕ ਦੇ ਸੱਚੇ ਪਹਿਰੇਦਾਰ ਬਣਕੇ, ਸਿੱਖ ਕੌਮ ਦੀ ਮਹਾਨ ਸੇਵਾ ਕਰਕੇ ਪੰਥ ਦਾ ਨਾਮ ਉਜਲ ਕਰਨ ਵਿੱਚ ਮਹਾਨ ਮਹੱਤਵਪੂਰਨ ਯੋਗ ਦਾਨ ਪਾਇਆ। ਐਸੇ ਹੀ ਕਥਨੀ ਕਰਣੀ ਦੇ ਸਿਦਕੀ ਸਿੱਖ, ਮਹਾਨ ਸੂਰਬੀਰ, ਜੰਗੀ ਕਰਤੱਬਾਂ ਦੇ ਮਾਹਰ, ਜਥੇਦਾਰ ਬਾਬਾ ਹਰਭਜਨ ਸਿੰਘ ਜੀ ਹਰੀਆਂ ਬੇਲਾਂ ਵਾਲੇ ਹੋਏ ਹਨ। ਇਸ ਮਹਾਨ ਜਰਨੈਲ ਸਿਦਕੀ ਸਿੱਖ ਯੋਧੇ ਦਾ ਜਨਮ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਤਿਹਾਸਕ ਨਗਰ ਪਿੰਡ ਫਤਹਿ ਪੁਰ-ਕੋਠੀ ਵਿਖੇ ਪਿਤਾ ਬਾਬਾ ਗੁਰਦਿਤ ਸਿੰਘ ਜੀ ਦੇ ਗ੍ਰਹਿ ਮਾਤਾ ਪ੍ਰੇਮ ਕੌਰ ਜੀ ਦੀ ਕੁੱਖੋਂ 28 ਨਵੰਬਰ ਸੰਨ 1902 ਈਸਵੀ ਨੂੰ ਹੋਇਆ। ਇਤਿਹਾਸਕਾਰਾਂ ਦੇ ਕਥਨ ਅਨੁਸਾਰ ਆਪ ਜੀ ਦੇ ਦਾਦਾ ਬਾਬਾ ਫ਼ਤਹਿ ਸਿੰਘ ਜੀ ਨੇ ਸੰਗਤਾਂ ਨਾਲ ਮਿਲਕੇ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਜਾ ਕੇ 1701 ਵੈਸਾਖੀ ਨੂੰ ਦਸ਼ਮੇਸ਼ ਪਿਤਾ ਜੀ ਦੇ ਕਰ ਕਮਲਾਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਬਾਬਾ ਹਰਭਜਨ ਸਿੰਘ ਜੀ ਨੇ ਮੁੱਢਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਗ੍ਰਹਿਣ ਕਰਕੇ ਫਿਰ ਆਪ ਜੀ ਮਾਤਾ ਪਿਤਾ ਦੀ ਆਗਿਆ ਲੈ ਕੇ ਇਤਿਹਾਸਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਅੱਘੜ ਸਿੰਘ ਜੀ ਪਿੰਡ ਟੂਟੋਮਜਾਰਾ ਵਿਖੇ ਸੰਤ ਗਿਆਨੀ ਸ਼ੇਰ ਸਿੰਘ ਜੀ ਦੇ ਪਾਸ ਦੋ ਸਾਲ ਸੇਵਾ ਸਿਮਰਨ ਕਰਦਿਆਂ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਇਸ ਅਸਥਾਨ ਤੋਂ ਫਿਰ ਆਪ ਜੀ ਸ੍ਰੀ ਅੰਮ੍ਰਿਤਸਰ ਵਿਖੇ ਟਕਸਾਲ ਭਾਈ ਮਨੀ ਸਿੰਘ ਜੀ ਦੀ ਵਿੱਚ ਰਹਿ ਕੇ ਸੰਤ ਅਮੀਰ ਸਿੰਘ ਜੀ ਤੋਂ ਸੰਨ 1920 ਈ: ਤੱਕ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਅਤੇ ਹੋਰ ਵਿੱਦਿ-ਆ ਪ੍ਰਾਪਤ ਕਰਕੇ ਫਿਰ ਆਪ ਜੀ ਆਪਣੇ ਪ੍ਰੇਮੀ ਸੇਵਕਾਂ ਨਾਲ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਵਿਖੇ 15 ਦਸੰਬਰ ਸੰਨ 1926 ਈਸਵੀ ਨੂੰ ਦਰਸ਼ਨਾਂ ਵਾਸਤੇ ਪਹੁੰਚ ਗਏ। ਇਸ ਪਵਿੱਤਰ ਅਸਥਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਜੀ ਦੇ ਹੈਂਡ ਪੁਜਾਰੀ ਜਥੇਦਾਰ ਬਾਬਾ ਹੀਰਾ ਸਿੰਘ ਜੀ ਤੋਂ ਪੰਜਾਂ ਪਿਆਰਿਆਂ ਸਹਿਤ 15 ਮਾਰਚ ਸੰਨ 1926 ਈਸਵੀ ਨੂੰ ਅੰਮ੍ਰਿਤ ਛਕਣ ਦੀ ਦਾਤ ਪ੍ਰਾਪਤ ਕੀਤੀ। ਇਸ ਸਮੇਂ ਸ੍ਰੀ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨਾਂ ਲਈ ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲੀਏ ਅਤੇ ਸੰਤ ਅਤਰ ਸਿੰਘ ਮਸਤੂਆਣਾ ਵਾਲੇ ਵੀ ਪੁੱਜੇ ਹੋਏ ਸਨ। ਇਨ੍ਹਾਂ ਮਹਾਂਪੁਰਸ਼ਾਂ ਨੂੰ ਮਿਲ ਕੇ ਆਪ ਜੀ ਬਹੁਤ ਪ੍ਰਸੰਨ ਹੋਏ। ਸੰਤ ਬਾਬਾ ਨਿਹਾਲ ਸਿੰਘ ਜੀ ਹਰੀਆਂ ਬੇਲਾਂ ਵਾਲਿਆਂ ਦੇ ਦੱਸਣ ਮੁਤਾਬਕ ਸੰਤ ਜਵਾਲਾ ਸਿੰਘ ਜੀ ਹਰਖੋਵਾਲਿਆਂ ਨੇ ਜਥੇਦਾਰ ਬਾਬਾ ਹਰਭਜਨ ਸਿੰਘ ਜੀ ਨੂੰ ਬਹੁਤ ਵਧੀਆ ਇਕ ਘੋੜਾ ਭੇਂਟ ਕੀਤਾ। ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਦਰਸ਼ਨ ਕਰਕੇ ਛਾਉਣੀ ਨਿਹੰਗ ਸਿੰਘਾਂ ਦੇ ਜਥੇਦਾਰ ਬਾਬਾ ਮਿਤ ਸਿੰਘ ਜੀ ਦੀ ਸੇਵਾ ਗੁਰਦੁਆਰਾ ਮਾਤਾ ਸਾਹਿਬ ਕੌਰ ਵਿਖੇ ਲੰਗਰ ਤਿਆਰ ਕਰਨ ਦੀ ਸੇਵਾ ਕਰਦੇ ਰਹੇ। ਸਾਥ ਹੀ ਆਪ ਜੀ ਬਾਬਾ ਮਿਤ ਸਿੰਘ ਜੀ ਤੋਂ ਧਾਰਮਿਕ ਗ੍ਰੰਥਾਂ ਦੇ ਨਾਲ ਘੋੜ ਸਵਾਰੀ ਅਤੇ ਸ਼ਸਤਰ ਵਿੱਦਿਆ ਵਿੱਚ ਨਿਪੁੰਨਤਾ ਹਾਸਲ ਕੀਤੀ। ਇਥੋਂ ਫਿਰ ਆਪ ਜੀ ਪੰਜਾਬ ਆ ਗਏ। ਕੁਝ ਸਮਾਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਗਰ ਗੁਰਦੁਆਰਾ ਸ਼ਹੀਦ ਬਾਬਾ ਰਤਨ ਸਿੰਘ ਜੀ ਵਿਖੇ ਰਹਿ ਕੇ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪਾਵਨ ਚਰਨ ਦੀ ਛੋਹ ਨਾਲ ਨਿਵਾਂ-ਜਆ ਗੁਰਦੁਆਰਾ ਹਰੀਆਂ ਬੇਲਾਂ ਵਿਖੇ ਪੱਕੇ ਤੌਰ 'ਤੇ ਆਣ ਬਿਰਾਜੇ। ਇਥੇ ਰਹਿ ਕੇ ਆਪ ਜੀ ਨੇ ਗੁਰਦੁਆਰਾ ਸਾਹਿਬ ਜੀ ਦੀ ਸੇਵਾ ਦੇ ਨਾਲ ਆਸ-ਪਾਸ ਦੂਰ ਦੂਰ ਪੈਦਲ ਜਾ ਕੇ ਸਿੱਖੀ ਦਾ ਪ੍ਰਚਾਰ ਕੀਤਾ। ਆਪ ਜੀ ਦੀ ਅਣਥੱਕ ਸੇਵਾ ਨੂੰ ਮੁੱਖ ਰੱਖਦਿਆਂ ਪਾਵਨ ਇਤਿਹਾਸਕ ਮੁਕੱਦਸ ਅਸਥਾਨ ਗੁਰਦੁਆਰਾ ਹਰੀਆਂ ਬੇਲਾਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹਜ਼ੂਰੀ ਵਿੱਚ ਬੁੱਢਾ ਦਲ ਦੇ ਜਥੇਦਾਰ ਬਾਬਾ ਚੇਤ ਸਿੰਘ ਜੀ ਦੀ ਅਗਵਾਈ ਅੰਦਰ ਬਾਬਾ ਹਰਭਜਨ ਸਿੰਘ ਜੀ ਨੂੰ 15 ਨਵੰਬਰ ਸੰਨ 1949 ਈ: ਨੂੰ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਦੇ ਲਿਖਤ ਰੂਪ ਵਿੱਚ ਜਥੇਦਾਰ ਥਾਪਿਆ ਗਿਆ। ਆਪ ਜੀ ਨੇ ਦੀਰਘ ਸਮਾਂ, ਚਲਦਾ ਵਹੀਰ, ਨਿਹੰਗ ਸਿੰਘਾਂ ਦੇ ਦਲ ਨੂੰ ਸੰਗਤਾਂ ਵਿੱਚ ਫੇਰਨ ਦੀ ਸੇਵਾ ਕੀਤੀ। ਆਪ ਜੀ ਦੀ ਅਗਵਾਈ ਵਿੱਚ 22 ਮਈ 1964 ਈ: ਨੂੰ ਪਾਵਨ ਦਰਬਾਰ ਸਾਹਿਬ ਸ੍ਰੀ ਪਾਉਂਟਾ ਸਾਹਿਬ ਜੀ ਦਾ ਖ਼ੂਨੀ ਸ਼ਹੀਦੀ ਸਾਕਾ ਵਾਪਰਿਆ, ਜਿਸ ਵਿੱਚ ਜਥੇਬੰਦੀ ਦੇ ਗਿਆਰਾਂ ਨਿਹੰਗ ਸਿੰਘ ਸ਼ਹੀਦ ਅਤੇ ਮੌਜੂਦਾ ਜਥੇਦਾਰ ਬਾਬਾ ਨਿਹਾਲ ਸਿੰਘ ਜੀ 2 ਸਿੰਘਾਂ ਨਾਲ ਸਖ਼ਤ ਜ਼ਖਮੀ ਹੋ ਗਏ ਸਨ। ਜਥੇਦਾਰ ਬਾਬਾ ਹਰਭਜਨ ਸਿੰਘ ਜੀ ਗੁਰ ਅਸਥਾਨਾਂ ਦੀ ਪੜ੍ਹਾਵਾਂ ਦੀ ਅਣਥੱਕ ਸੇਵਾ ਕਰਦਿਆਂ ਬੇਅੰਤ ਸੰਗਤਾਂ ਨੂੰ ਅੰਮ੍ਰਿਤ ਦੀ ਦਾਤ ਵੰਡਦਿਆਂ ਇਤਿਹਾਸਕ ਅਸਥਾਨ ਪ੍ਰਗਟ ਕਰਦਿਆਂ ਪਾਵਨ ਇਤਿਹਾਸਕ ਅਸਥਾਨਾਂ ਨੂੰ ਉਸਾਰਦੇ ਅਤੇ ਪ੍ਰਗਟ ਕਰਦੇ ਹੋਏ ਗੁਰਦੁਆਰਾ ਹਰੀਆਂ ਬੇਲਾਂ ਪਾ: ਸੱਤਵੀਂ ਵਿਖੇ 65 ਸਾਲ ਇਕ ਮਹੀਨਾ ਆਯੂ ਭੋਗ ਕੇ 3 ਅਪ੍ਰੈਲ 1967 ਈਸਵੀ ਨੂੰ ਅਕਾਲ ਪੁਰਖਾਂ ਦੇ ਚਰਨਾਂ ਵਿੱਚ ਜਾ ਬਿਰਾਜੇ। ਆਪ ਜੀ ਦੀ ਪਾਵਨ ਸਲਾਨਾ ਮਿੱਠੀ ਯਾਦ ਹਰ ਸਾਲ ਦੀ ਤਰ੍ਹਾਂ 3 ਅਪ੍ਰੈਲ 2024 ਈ: ਨੂੰ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਹਰੀਆਂ ਬੇਲਾਂ ਵਿਖੇ 3 ਅਪ੍ਰੈਲ ਨੂੰ ਅਤੇ ਇਤਿਹਾਸਕ ਗੁਰਦੁਆਰਾ ਪੀਰ ਬਾਲਾ ਸਾਹਿਬ ਪਾ: ਪਹਿਲੀ ਪਿੰਡ ਫ਼ਤਹਿ ਪੁਰ ਕੋਠੀ ਵਿਖੇ ਸਿੰਘ ਸਾਹਿਬ ਜ਼ਿੰਦਾ ਸ਼ਹੀਦ ਬਾਬਾ ਨਿਹਾਲ ਸਿੰਘ ਜੀ ਹਰੀਆਂ ਬੇਲਾਂ ਵਾਲਿਆਂ ਦੀ ਅਗਵਾਈ ਵਿੱਚ ਬੜੀ ਸ਼ਰਧਾ ਸਹਿਤ ਮਨਾਈ ਜਾ ਰਹੀ ਹੈ।

## ਰਿਸ਼ੀ ਸੁਨਕ ਦੀ ਸਰਕਾਰ ਨੇ ਬਰਤਾਨੀਆਂ ਚ ਮੰਦਰਾਂ ਦੀ ਸੁਰੱਖਿਆ ਲਈ 50 ਕਰੋੜ ਰੁਪਏ ਦਾ ਬਜਟ ਅਲਾਟ ਕਰਨ ਦਾ ਕੀਤਾ ਫੈਸਲਾ

ਲੰਡਨ: ਬ੍ਰਿਟੇਨ 'ਚ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਭਾਰਤੀ ਮੂਲ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਹਿੰਦੂ ਮੰਦਰਾਂ ਦੀ ਸੁਰੱਖਿਆ ਲਈ ਵੱਡਾ ਫੈਸਲਾ ਲਿਆ ਹੈ। ਸੁਨਕ ਸਰਕਾਰ ਨੇ ਬਰਤਾਨੀਆ ਵਿਚ ਰਹਿੰਦੇ ਹਿੰਦੂਆਂ ਦੀ ਮੰਗ ਤੋਂ ਬਾਅਦ ਮੰਦਰਾਂ ਦੀ ਸੁਰੱਖਿਆ ਲਈ 50 ਕਰੋੜ ਰੁਪਏ ਦਾ ਬਜਟ ਅਲਾਟ ਕਰਨ ਦਾ ਫੈਸਲਾ ਕੀਤਾ ਹੈ। ਬ੍ਰਿਟਿਸ਼ ਸਰਕਾਰ ਨਾਲ ਜੁੜੇ ਸੂਤਰਾਂ ਦਾ ਕਹਿਣਾ ਹੈ ਕਿ ਗ੍ਰਹਿ ਮੰਤਰਾਲਾ ਹਿੰਦੂ ਧਾਰਮਿਕ ਸਥਾਨਾਂ ਅਤੇ ਚਰਚਾਂ ਦੀ ਸੁਰੱਖਿਆ ਲਈ ਨਵੀਂ ਨੀਤੀ ਬਣਾਉਣ 'ਤੇ ਕੰਮ ਕਰ ਰਿਹਾ ਹੈ। ਇਸ ਨਵੀਂ ਨੀਤੀ ਦੇ ਬਣਨ ਤੋਂ ਬਾਅਦ ਬ੍ਰਿਟੇਨ ਦੇ ਮੰਦਰਾਂ ਨੂੰ ਵੀ ਮਸਜਿਦਾਂ ਵਾਂਗ ਸੁਰੱਖਿਆ ਲਈ ਫੰਡ ਮਿਲੇਗਾ। ਜ਼ਿਕਰਯੋਗ ਹੈ ਕਿ ਪੀਐੱਮ ਸੁਨਕ ਕਈ ਮੰਦਰਾਂ 'ਚ ਜਾਂਦੇ ਰਹਿੰਦੇ ਹਨ

ਦਸਤਾਰ ਏ ਖਾਲਸਾ ਪ੍ਰੋਗਰਾਮ ਕਰਵਾਇਆ ਗਿਆ । ਇਸ ਪ੍ਰੋਗਰਾਮ ਵਿੱਚ ਹਿੱਸਾ ਲਿਆ ਜੀ ਐਮਐਲਏ ਰਾਜਪੁਰਾ ਆਮ ਆਦਮੀ ਪਾਰਟੀ ਤੋਂ ਜੀ ਉਸ ਤੋਂ ਬਾਅਦ ਸਰਦਾਰ ਸੁਰਜੀਤ ਸਿੰਘ ਗੜੀ ਮੈਂਬਰ ਐਸਜੀਪੀਸੀ ਹਰਦਿਆਲ ਸਿੰਘ ਕੰਬੋਜ ਐਕਸ ਐਮਐਲਏ ਰਾਜਪੁਰਾ ਰਣਜੀਤ ਸਿੰਘ ਰਾਣਾ ਜੀ ਉਸ ਤੋਂ ਬਾਅਦ ਜੀ ਚਰਨਜੀਤ ਸਿੰਘ ਬਰਾੜ ਹਲਕਾ ਇੰਚਾਰਜ ਰਾਜਪੁਰਾ ਗੁਰਜੰਟ ਸਿੰਘ ਜੀ ਮੰਡਵੀ ਵਾਲੇ ਬਾਬਾ ਜੀ ਬਾਬਾ ਅਰਜਨ ਸਿੰਘ ਜੀ ਆਲਮਪੁਰ ਖੋਲੀ ਵਾਲੇ ਸਰਦਾਰ ਪਰਵਿੰਦਰ ਸਿੰਘ ਜੀ ਪਿੰਡ ਕਾਲੋ ਮਾਜਰਾ ਸਰਦਾਰ ਰਵਿੰਦਰ ਸਿੰਘ ਜੀ ਪਿੰਡ ਕਾਲੋ ਮਾਜਰਾ ਸਰਦਾਰ ਨਿਰਭੈ ਸਿੰਘ ਜੀ ਪਿੰਡ ਕਲਮਾਜਰਾ ਤੇ ਗੁਰਵਿੰਦਰ ਕਿੰਗ ਸਾਹਿਬ ਪਟਿਆਲੇ ਤੋਂ ਜੀ ਕੁਲਵਿੰਦਰ ਸਿੰਘ ਨੂੰ ਐਸਜੀਪੀਸੀ ਨਿਰਮੈਲ ਸਿੰਘ ਜੋਲਾ ਮੈਂਬਰ ਐਸਜੀਪੀਸੀ ਹਲਕਾ ਡੇਰਾ ਬੱਸੀ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਜੀ ਵਿਸ਼ੇਸ਼ ਤੌਰ ਤੇ ਪਹੁੰਚੇ ਸੀ ਇਸ ਪ੍ਰੋਗਰਾਮ ਚ 800 ਤੋਂ ਲੈ ਕੇ 200 ਤੱਕ ਦੇ ਬੱਚਿਆਂ ਨੇ ਹਿੱਸਾ ਜਿਸ ਵਿੱਚ ਲੰਬੇ ਦਾੜੇ ਅਤੇ ਲੰਬੇ ਕੇਸਾਂ ਦੇ ਮੁਕਾਬਲੇ ਕਰਾਏ ਗਏ ।

ਲਖਵਿੰਦਰ ਸਿੰਘ ਲੱਖਾ ਪ੍ਰਧਾਨ ਭਾਈ ਅਮਨਦੀਪ ਸਿੰਘ ਬਾਜਾਖਾਨਾ ਸਿਮਰਨਜੋਤ ਸਿੰਘ ਬਠਿੰਡਾ ਗੁਰਿੰਦਰ ਸਿੰਘ ਕਿੰਗ ਆਦਿ ਹਾਜ਼ਰ ਸਨ



ਲੇਖਿਕਾ
ਬਲਵਿੰਦਰ ਕੌਰ ਚਾਹਲ (ਸਾਊਥਾਲ)



# ਨਸਲ, ਕੌਮ, ਭਾਈਚਾਰਾ ਬਚਾਊ ਬਣੋ ਬੀਬੀ ਭਜਾਊ ਨਾ, ਏਕੇ ਬਿਨਾਂ ਦੇਸ਼ ਤਾਂ ਕੀ ਜ਼ਿਲ੍ਹਾ ਨੀ ਮਿਲਣਾ ਸੰਭਲੋ ਹਰ ਥਾਂ ਝੱਜੂ ਨਾ ਪਾਉ, ਰਾਜ਼ੀ ਖ਼ੁਸ਼ੀ ਰਹੋ, ਜੀਊਂਦੇ ਰਹੋ, ਰੱਬ ਰਾਖਾ

ਦਯਾ ਰਹਿਤ ਧਰਮ, ਧਰਮ ਨਹੀਂ ਹੁੰਦਾ ਪਰ ਸਿੱਧ ਹੋ ਗਿਆ ਕਿ ਧਰਮ ਰਹਿਤ ਹੈ। ਗਿਆਨ ਧਿਆਨ ਕਿਸ ਕਰਮ ਨਾ ਜਾਣਾ ਗਿਆਨ ਬਿਨਾਂ ਗਿਆਨ ਭੀ ਅਧੂਰਾ ਭਾਵੇਂ ਗਿਆਨ ਭਰੀਆਂ ਪੁਸਤਕਾਂ ਦੀਆਂ ਪੰਡਾਂ ਦੇ ਦਿਉ ਅੰਤਰ ਵਿੱਚ ਤਾਂ ਸੂਝ ਨਾਲ ਹੀ ਵੱਸੂ, ਭੇਟ ਕੀਤੀਆਂ ਪੜ੍ਹਨਾ ਅਰੰਭਿਆ ਮਾਣ ਮੱਤੀ ਹੋਈ ਲੜੀਵਾਰ, ਸੂਬੇਦਾਰ ਧਰਮ ਸਿੰਘ ਸੁਜੋ: ਲੇਖ ਪੜ੍ਹਦੀ ਰਹੀ ਸੀ, ਸਿੱਖੀ ਰਹਿਤ ਮਰਿਯਾਦਾ ਤਾਂ ਬੜੇ ਕਿਤਾਬਚੇ ਉਪਲਬਧ ਸਨ ਮਾਰਗ ਕਠਣ ਕਿਥੇ ਪੈਂਡੇ 'ਤੇ ਤੁਰ ਹੁੰਦਾ ਹੈ। ਦੀਵਾਲੀ ਹਰ ਸਮੇਂ ਉਹੀ ਕੁਝ ਸੁਣੀ ਦਾ ਸੀ ਬੱਸ ਸ਼ਿੰਗਾਰ ਕੇ ਮੁੱਲ ਵੱਟ ਲਉ, ਫੇਰ ਐਸ.ਐਸ.ਨਾਰੰਗ ਪਹਿਲਾਂ ਪੜ੍ਹ ਚੁੱਕੀ ਹਾਂ, ਹਿਰਖ ਲਿਖਦੇ ਨੇ ਪੰਗਤ ਦੀ ਮਾਨਤਾ ਮਹਾਨਤਾ:-ਕੀਹਨੂੰ ਨਹੀਂ ਪਤਾ ਨਵੀਂ ਹੈ, ਪਰ ਲੇਖਕ ਸਮੇਂ ਦੇ ਹਾਣੀ ਹੋਣ ਨਾਂ ਕਿ ਕੱਲ੍ਹ ਪਰਸੋ ਦੀਆਂ ਪਰੋਸਣ, ਬੇਹੀਆਂ ਤਾਂ ਖਾਣ ਨੂੰ ਕੋਈ ਭੀ ਤਿਆਰ ਨਹੀਂ ਹੁੰਦਾ ਕਈ ਵਾਰ ਤਾਂ ਸੁਣਦੇ ਹਾਂ ਪਹਿਲਾਂ ਡੰਗਰਾਂ ਨੂੰ ਪਾ ਦੇਈ ਦੀਆਂ ਸੀ, ਇਹ ਲਾਗੂ ਕਰਨ 'ਤੇ ਜੋਰ ਕਿ ਲੰਗਰ ਪੰਗਤ ਵਿੱਚ ਹੀ ਹੁੰਦਾ ਹੈ, ਛੋਟਾ ਕਰਾਂ ਕਿਹੜੇ ਸਮੇਂ ਦੀਆਂ ਗੱਲਾਂ ਕੀ ਤੁਸੀਂ ਉਹੀ ਰੀਤਾਂ 'ਤੇ ਚੱਲ ਰਹੇ? ਧਿਆਨ ਧਰੋ ਪਹਿਲਾਂ ਬੈਠ ਕੇ ਕੰਮ ਬਹੁਤ ਹੁਣ ਖੜਕੇ ਵਿਦੇਸ਼ੀ ਹੀ ਨਹੀਂ ਦੇਸ਼ ਭੀ ਘੱਟ ਕਿਤੇ ਹਨ ਜੋ ਬੈਠਕੇ ਕੰਮ ਵਾਲੇ ਹਨ, ਬਹੁਗਿਣਤੀ ਖੜਕੇ, ਰਸੋਈ ਭੀ ਖੜਕੇ, ਗੋਡੇ ਗਿੱਟੇ ਉਸੇ ਤਰ੍ਹਾਂ ਦੇ ਬਣ ਗਏ, ਉਮਰ ਨਾਲ ਤਾਂ ਕੁਰਸੀਆਂ 'ਤੇ ਬੈਠਣਾ ਔਖਾ ਹੈ ਭੁੰਜੇ ਕਿਵੇਂ? ਪਹਿਲਾਂ ਘਰੀਂ ਭੀ ਭੁੰਜੇ ਹੀ ਬੈਠਦੇ ਸਨ (ਆਮ) ਹੁਣ ਕੁਰਸੀਆਂ, ਸੋਫੇ, ਟੇਬਲ, ਸਟੂਲ, ਖਾਣਾ, ਭਾਣਾ ਤੇ ਪਹਿਨਣਾ ਬਦਲਿਆ, ਗੁਰੂ ਘਰਾਂ ਵਿੱਚ ਸਜਾਵਟਾਂ ਅੰਤਾਂ ਦਾ ਖਰਚਾ, ਸੋਨਾ, ਫੁੱਲ, ਭਰਮਾਰ ਗ੍ਰੰਥੀਆਂ ਦੀ ਤੇ ਪ੍ਰਚਾਰਕਾਂ ਦੀ, ਸ਼੍ਰੋਮਣੀ ਕਮੇਟੀ ਦੇ 18000 ਹਜ਼ਾਰ ਕਾਮੇ ਤਨਖਾਹ 'ਤੇ ਤੇ ਲੇਖਕ ਆਪਣੀਆਂ ਕਿਤਾਬਾਂ ਉਥੋਂ ਮੁਫ਼ਤ ਛਪਵਾਈ ਇਹ ਗੁਰ ਮਰਿਯਾਦਾ ਹੈ? ਬੱਸ ਵਾਹ ਵਾਹ ਖੱਟਣ ਲਈ ਬੇਤੁਕੀਆਂ ਲਿਖੋ, ਕੀ ਗੁਰੂਦੁਆਰੇ ਇੰਨਾ ਖਰਚਾ, ਰੁਜ਼ਗਾਰ 'ਤੇ ਕਰ ਸਕਦੇ ਸੀ, ਤਾਂ ਬੱਸ ਪੰਗਤ ਦੀ ਰੀਤ ਰਿੜਕੀ ਚਲੋ ਜਿਨ੍ਹਾਂ ਬਜ਼ੁਰਗਾਂ ਨੇ ਵਿਦੇਸ਼ੀ ਆ ਕੇ ਚੂਨ ਭੂਨ ਨਾਲ ਮੰਗ ਮੰਗ ਇਹ ਧਰਮ ਦੁਆਰੇ ਉਸਾਰੇ ਅੱਜ ਉਨ੍ਹਾਂ ਨੂੰ ਬੈਠਣ ਲਈ ਕੁਰਸੀ ਚੁੱਭਦੀ ਹੈ, ਜਾਂ ਫੇਰ ਆਖੋ ਜੀ ਨਾ ਆਉਣ ਜੇ ਨਹੀਂ ਪੰਗਤ ਵਿੱਚ ਬੈਠ ਹੁੰਦਾ, ਜਰਾ ਹੋਸ਼ ਕਰਕੇ ਲਿਖੋ, ਰੱਬ ਨੇੜੇ ਨਾ ਸੁਣ ਲਵੇ, ਚੈਨਲਾਂ 'ਤੇ (ਗੁਰੂ ਗ੍ਰੰਥ) ਲੋਕ ਦਾਨ ਪੁੰਨ ਦੇਣ ਕੋਈ ਜਥੇਦਾਰ, ਪ੍ਰਧਾਨ, ਮੈਂਬਰ, ਲੇਖਕ ਨੀ ਕੁਸਕਦਾ, ਭਾਵੇਂ ਕਦੀ ਗਾਣੇ ਫਿਲਮਾਂ ਭੀ ਲਾ ਦੇਣ ਮਗਰੋਂ ਘੱਟੋ ਘੱਟ ਲੇਖਕ ਤਾਂ ਕੁਝ ਮੱਤ 'ਤੇ ਧੱਫੇ ਮਾਰਨ:-

ਹੁਣ ਮੈਂ ਆਪਣੀ ਮੱਤ-ਬੁੱਧ ਵੱਲ ਆਵਾਂ, ਡਾਕਟਰ ਦਲਜੀਤ ਸਿੰਘ ਹੋਰਾਂ ਦੀ ਪੁਸਤਕ ਮੋਟੀ ਤੇ ਮੇਰੀ ਮੱਤ ਭੀ ਮੋਟੀ, ਸੱਚ ਲਿਖਾਂ ਨਾ ਤਾਂ ਮੈਂ ਗੁਰਮਤ ਭਾਸ਼ਾ ਸਮਝਦੀ ਹਾਂ ਨਾ ਹੀ ਗਿਆਨ ਭਰੀ ਸਮੱਗਰੀ ਤੇ ਐਸੀ ਸੰਗਤ ਭੀ ਨਹੀਂ ਕੀਤੀ, ਪੜ੍ਹ ਪੜ੍ਹ ਲੋਧੀਏ ਵਾਲੀ ਤਾਂ ਕਰ ਤੀ ਪਰ ਦਰਸ਼ਨਾਂ ਤੱਕ ਹੀ ਸੀਮਤ ਰਹਿ ਗਈ ਚਲੋ ਉਹਦੇ ਲਈ ਮਾਣ ਦੀ ਧੰਨਵਾਦੀ ਤੇ ਸਤਿਕਾਰੀ ਹਾਂ ਸਬਕ ਕੀ ਲਿਆ ਕਿ ਕੱਲ੍ਹ ਤੋਂ ਕੁਝ ਸਿੱਖ ਅੱਜ ਨੂੰ ਸੰਭਾਲ ਅੱਜ ਤੋਂ ਤਜਰਬਾ ਟੂਮਾਰੋ (ਕੱਲ੍ਹ) ਨੂੰ ਸਾਹਮਣੇ ਲਿਆਵੋ ਅਸੀਂ ਤਾਂ ਹੁਣ ਉਮਰ ਦਰਾਜ ਹਾਂ ਪਰ ਆਪਾਂ ਸਭ ਪ੍ਰਵਾਰਕ ਮੋਹ ਵਿੱਚ ਹੀ ਡੁੱਬੇ ਹਾਂ ਤਾਂ ਭਾਈਚਾਰਾ, ਸਮਾਜ ਤੇ ਭਵਿੱਖ ਭੀ ਚੌੜਾ ਪਰਿਵਾਰ ਹੈ ਆਪਾਂ ਅਕਲ ਵਿਹੂਣੇ ਨਾ ਬਣੀਏ, ਅਕਲਮੰਦ ਬਣੀਏ **ਕਹਾਵਤ ਜੋ ਕੱਲ ਕਰਨਾ ਸੋ ਅੱਜ ਜੋ ਅੱਜ ਸੋ ਅੱਬ,** ਸਭ ਕੁਝ ਬਦਲ ਜਾਂਦਾ ਹੈ ਭਾਈ ਸੱਚ ਭੀ ਬਦਲੋ ਜਬ੍ਹਲ ਤਿਆਗੋ। ਕੁਝ ਵਰ੍ਹੇ ਹੋਏ ਇਕ ਨੌਜਵਾਨ ਨੇ ਹਾਸੇ ਵਿੱਚ ਗੱਲ ਸੁਣਾਈ ਕਹਿੰਦਾ ਪ੍ਰਚਾਰਕਾਂ ਦੀ ਸੁਣ ਅੰਟੀ (ਗੁਰੂ ਨਾਨਕ ਦੇਵ) ਪਤਨੀ ਕਹਿੰਦੀ ਸੁਆਮੀ ਜੀ ਆਪ ਤਾਂ ਬਾਹਰ ਰਹਿੰਦੇ ਹੋ, ਸਾਡਾ ਭੀ ਦੇਖੋ, ਗੁਰੂ ਜੀ ਕਹਿੰਦੇ ਭਾਗਮਾਨੇ ਤੂੰ ਕੀ ਆਖਦੀ ਹੈ ਤੇਰੇ ਕੋਲ ਤਾਂ ਸਭ ਕੁਝ ਹੈ (ਗੁਰੂ ਗੋਬਿੰਦ ਸਿੰਘ) ਵੱਲ ਦੇਖ ਸਾਰਾ ਵੰਸ਼ ਵਾਰਤਾ, ਆਹ ਸਾਡਾ ਧੁਰਾ ਹੈ। ਭੈਣ ਨਾਨਕੀ ਜੀ ਨੇ ਤਾਂ ਭਰਜਾਈ ਨੂੰ ਇਹ ਆਖਿਆ ਸੀ ਕਿ ਤੈਨੂੰ ਕੀ ਘਾਟਾ ਹੈ ਤਾਂ ਉਹ ਪੇਕੀ ਚਲੇ ਗਈ ਸੀ। ਬਦਲਾਅ ਭੀ ਹਨ ਪਰ ਮਨੁੱਖੀ ਸੁਭਾਅ ਠੋਸ ਭੀ ਹਨ ਅਕਸਰ ਸੁਣੀਦਾ ਹੈ ਕਿ ਗੁਰੂ ਦਸਮੇਸ਼ ਕਹਿੰਦੇ ਸਨ, ਦੇਖਣ ਆਇਓ ਜਗਤ ਤਮਾਸ਼ਾ, ਸਭ ਦੇਖ ਰਹੇ ਹੋਣਗੇ ਕਿਵੇਂ ਸਾਰੇ ਪੰਡਾਲ ਵਿੱਚ ਤਾਂ ਪੰਜ ਲੱਭੇ ਅੰਮ੍ਰਿਤ ਅਭਿਲਾਸ਼ੀ ਹੁਣ ਜਣਾ ਕਣਾਂ ਜੀ ਬੱਸ ਅੰਮ੍ਰਿਤਧਾਰੀ ਹੋਵੋ, ਕਦੀ ਨਹੀਂ ਸੋਚਿਆ ਕਿ ਅੰਮ੍ਰਿਤ ਛਕਣਾ ਤੇ ਧਾਰਨੀ ਹੋਣਾ ਇਕ ਨਹੀਂ, ਅੰਮ੍ਰਿਤ ਛਕਣਾ ਤਾਂ ਹੁਣ ਰਵਾਜ ਹੈ। ਕੁਝ ਇਹ ਦਿਖਾਉਣ ਲਈ ਮੈਂ ਤਾਂ ਅੰਮ੍ਰਿਤਧਾਰੀ ਹਾਂ ਕੋਈ ਕੰਮ ਘੜੰਮ ਭੀ ਕਰੇ ਤਾਂ ਬਚਾਅ ਜੀ ਅੰਮ੍ਰਿਤਧਾਰੀ ਹੈ ਅੜੂਹੇ ਵਰਤੋ, ਇਸ ਸਪਤਾਹ ਹੋਲਾ ਮਹੱਲਾ ਬੜੇ ਅਸਚਰਜ ਢੰਗ ਹਨ ਬਾਣੇ ਵਿੱਚ ਸਿੰਘ ਸਟਾਲ ਲਾਈ ਆਪਣੀਆਂ ਪੁਸਤਕਾਂ ਵੇਚ ਰਹੇ ਹਨ ਇਕ ਕੋਈ ਗਾਜੀ ਚੈਨਲੀ ਘੰਟਾ ਭਰ ਭਾਸ਼ਨ ਦੇਵੇ ਜੀ ਆਹ ਪਰਿ-ਵਾਰ ਲੁੱਟ ਗਿਆ ਦੂਹੋ ਦੂਹੀ ਭਾਸ਼ਨ ਅਖੀਰ ਹਾਂ ਜੀ ਅਸੀਂ ਹਰ ਥਾਂ ਇਹ ਪੁਸਤਕਾਂ ਦੀ ਸੇਵਾ ਕਰਦੇ ਹਾਂ ਇਕ ਵੇਚਣ 'ਤੇ ਲਾਇਆ ਚਲੋ ਹੋਰ ਸਟਾਲ ਭੀ ਸਨ ਪਰ ਇਹ ਤਾਂ ਭਾਸ਼ਨ ਦੇਵੇ ਵਾਰਤਾ ਕਿ ਹੋਲਾ ਮਹੱਲਾ ਗੁਰੂ ਜੀ ਨੇ ਸਜਾਇਆ ਸੀ ਦਿਨੋ ਦਿਨ ਜੋੜ ਜੋੜ ਕੇ ਮੰਤਵ ਪੂਰਤੀਆਂ ਹੋ ਰਹੀਆਂ ਹਨ, ਇਕ ਹੋਰ ਸਿੰਘਾਂ ਦਾ ਜਥਾ ਖੜ੍ਹਾ ਜੀ ਅਸੀਂ ਪੱਗਾਂ ਦਾ ਲੰਗਰ ਲਉਂਦੇ ਹਾਂ ਹਰ ਥਾਂ ਅਕਾਲ ਤਖ਼ਤ 'ਤੇ ਭੀ, ਦੱਸੋ ਜੀਹਨੂੰ ਇਹ ਨਹੀਂ ਪਤਾ ਕਿ ਲੰਗਰ ਹਾਲ ਵਿੱਚ ਭੋਜਨ ਵਰਤਦਾ ਹੈ, ਸਟਾਲਾਂ ਨੂੰ ਲੰਗਰ ਨਹੀਂ ਆਖ ਸਕਦੇ ਭਾਵੇਂ ਪੱਗਾਂ ਫਰੀ ਦੇਣ ਪਰ ਲੰਗਰ ਨਹੀਂ, ਇਹ ਦਵਾਈਆਂ ਭੀ ਲੰਗਰ, ਕੱਪੜੇ ਭੀ ਲੰਗਰ, ਆਹ ਕਿਸਾਨ ਮੋਰਚੇ ਵਾਲੇ ਕਹਿੰਦੇ ਜੀ ਟੈਂਟਾਂ ਦਾ ਲੰਗਰ ਲਿਆਉਣ, ਗੱਲ ਕੀ ਕਿ ਗਿਆਨ ਤਾਂ ਹੈ ਨਹੀਂ ਬੱਸ ਧਰਮ ਨੂੰ ਹਿੱਤ ਲਈ ਵਰਤ ਰਹੇ ਹਨ, ਮੰਨਣ ਵਾਲੇ ਨਹੀਂ ਹਨ ਸਗੋਂ ਖਿੱਲੀ ਉਡਾਉਣੇ ਹਨ। **ਉਨ੍ਹਾਂ ਨਾਲੋਂ ਵੱਧ ਅਫਸੋਸ ਕਿ ਸਾਡੇ ਧਾਰਮਿਕ ਆਗੂ ਤਾਂ ਕੀ ਅਕਾਲ ਤਖ਼ਤ, ਸ਼੍ਰੋਮਣੀ ਕਮੇਟੀ ਦਾ ਭੀ ਗਿਆਨ ਨਹੀਂ ਕੀ ਜਥੇਦਾਰ ਨੂੰ ਇਹ ਸੁਣਦਾ ਨਹੀਂ ਕਿ ਕੀ ਬੋਲਦੇ ਨੇ ਜਦੋਂ ਸਾਹਮਣੇ ਪੱਗਾਂ ਦਾ ਹੀ ਲੰਗਰ ਆਖਣ ਤੇ ਝੁਰਮਟ ਪਾਈ ਵੰਡਣ, ਕੀ ਜਥੇਦਾਰ ਨੂੰ ਇਹ ਅਦੇਸ਼ ਦੇਣੇ ਨਹੀਂ ਬਣਦੇ ਕਿ ਪਰੰਪਰਾਵਾਂ 'ਤੇ ਪਹਿਰਾ ਦੇਣ ਕਮੇਟੀ ਕਰਮਚਾਰੀ ਉਹ ਤਾਂ ਆਪ ਜੋਤ ਦਾ ਹੋਕਾ ਦੇਵੇ, ਹੁਣ ਦੇਖੋ ਧਾਮੀ ਸਾਹਬ ਕਹਿੰਦੇ ਸਰੋਪੇ ਨਾ ਵੰਡੋ ਤੇ ਆਹ ਪ੍ਰਤਾਪ ਸਿੰਘ ਸਕੱਤਰ ਕੱਲ੍ਹ ਹੀ ਫੜਾਵੇ ਵੰਡਣ ਲਈ, ਦੱਸੋ ਹੁਕਮ ਕੌਣ ਮੰਨੂੰ ਹੋਲਾ ਮਹੱਲਾ ਭੀ ਮੇਲਾ ਬਣ ਗਿਆ ਹੈ,** ਧਾਰਮਿਕਤਾ ਕਿਥੇ ਹੈ? ਮੈਂ ਆਪ ਜੀ ਨੂੰ ਸੰਬੋਧਨ ਹੋਵਾਂ ਕਿ ਮੈਂ ਧਾਰਮਿਕ ਮਨ, ਧੁੰਨ, ਅਧਿਅਨ ਵਿੱਚ ਪਰਪੱਕ ਨਹੀਂ, ਕੋਈ ਪੜ੍ਹਾਈ ਨਹੀਂ ਹਾਂ ਵਕੀਲ ਅੱਗੇ ਕੇਸ ਜਾਂਦਾ ਹੈ ਉਹ ਸਬੂਤ-ਤੱਥ ਤੇ ਸਬਿਤੀ ਖਰੋਚ ਕੇ ਕੇਸ ਜੱਜ ਅੱਗੇ ਪੇਸ਼ ਕਰਦਾ ਹੈ ਤੇ ਅੱਗੋਂ ਫੈਸਲਾ ਉਹਦਾ, ਇਸੇ ਦਿਸ਼ਾ ਵਿੱਚ ਮੈਂ ਤਾਂ ਤੁਹਾਡੇ ਅੱਗੇ ਸਾਰਾ ਮਲ੍ਹਵਾ ਰੱਖਦੀ ਹਾਂ ਜੱਜ ਤੁਸੀਂ ਹੋ ਤੇ ਧਰਮ ਅਦਾਰੇ ਦੇਖਣ ਕਿ ਕੀ ਧਰਮ ਦਾ ਸਹੀ ਅਰਥਾਂ ਵਿੱਚ ਨਿਰਮਾਣ ਹੈ, ਪ੍ਰਚਾਰਕ ਤਾਂ ਵਿੱਚੇ ਸੋਸ਼ਲ ਮੀਡੀਏ ਦੀ ਵਰਤੋਂ ਕਰੀ ਜਾਂਦੇ ਨੇ ਵਿੱਚੇ ਸਾਧਾਂ ਦੇ ਡੇਰਿਆਂ ਸ਼ਰਧਾਲੂ ਜਿਨ੍ਹਾਂ ਨੇ ਅਸਲ ਵਿੱਚ ਧਰਮ ਨੂੰ ਰਲਾਵਟ ਕੀਤੀ ਕਿ ਇਹ ਆਪਣੀ ਹੋਂਦ ਬਣਾ ਲੈਣ, ਸੱਚ ਤਾਂ ਇਹ ਹੈ ਕਿ ਡੇਰੇ ਅੰਗ੍ਰੇਜ਼ ਹਕੂਮਤ ਵੇਲੇ ਦੀ ਦੇਣ ਹਨ, ਡੇਰੇ ਦੇ ਜੋ ਕਾਰਕੁੰਨ ਸਨ ਫੌਜ ਤੋਂ ਹੀ ਆਏ ਸਨ, ਬਾਬਾ ਨੰਦ ਸਿੰਘ ਕਲੇਰਾਂ ਵਾਲੇ, ਈਸ਼ਰ ਸਿੰਘ ਗੜ੍ਹੇਵਾਲੇ, ਅੱਗੋਂ ਰਾਹ ਖੁੱਲ੍ਹ ਗਿਆ ਹੁਣ ਟਕਸਾਲਾਂ ਦਾ ਰਵਾਜ ਬਗਲੀ ਚੁੱਕ ਚੋਗਾ ਪਾ ਕੇ ਵੱਡੀ ਕਿਰਪਾਨ ਫੜਕੇ ਪੱਗ ਗੋਲ ਯਾਨੀ ਅੱਡਰੀ ਦਿੱਖ ਬੱਸ ਆਮ ਦੁਖੀ ਸੁਖੀ ਤੇ ਲਗੌੜ ਮਗਰ ਲੱਗ ਕੇ ਇਨ੍ਹਾਂ ਦਾ ਬੋਲਬਾਲਾ ਇਨ੍ਹਾਂ ਨੂੰ ਦੇਖ ਕੇ ਹੋਰ ਐਥੇ ਵਾਲੇ ਔਥੋਂ ਵਾਲੇ ਬਾਬਾ ਜੀ ਫੇਰ ਹੁਣ ਤਾਂ ਜੱਥੀਆਂ ਦੇ ਪਤਾ ਨਹੀਂ ਕੌਣ ਬੱਸ ਚੈਨਲ ਰੱਬ ਜੀਉਂਦਾ ਰਹੇ, ਬੈਠ ਜਾਂਦਾ ਹੈ ਲੈ ਕੇ ਉਹ ਅੱਗੋਂ ਖਾ ਪੀ ਕੇ ਤਕੜੇ ਹੋ ਕੇ ਸਿਆਸੀਆਂ ਨੂੰ ਭੰਡ ਕਿਸੇ ਨੂੰ ਉਚਾ ਚੁੱਕ ਸਾਧਨ ਪੱਕੇ ਬੋਲਦਾ ਕੋਈ ਤਾਂ ਨਹੀਂ ਕਿਉਂਕਿ ਉਹ ਆਪ ਆਪਣਾ ਖੋਖਾ ਪੱਕਾ ਕਰਦੇ ਨੇ। ਇਕ ਕਲਪਤ ਜਿਹੀ ਸੋਚ ਸਾਂਝੀ ਕਰਨੀ ਚਾਹੁੰਦੀ ਹਾਂ ਕਿ ਜੇਕਰ ਸਭ ਧਰਮ ਸਬਰ ਸੰਤੋਖ ਭਾਣੇ ਦੇ ਮੰਨਣ ਵਾਲੇ ਬਣ ਸਕਣ ਤਾਂ ਸੰਸਾਰ ਸਤਿਯੁੱਗ ਬਣ ਸਕਦਾ ਹੈ, ਆਪਾਂ ਭਵਿੱਖ ਨੂੰ ਇਸ ਰੂਪ ਵਿੱਚ ਦੇਖ ਕੇ ਅਨੁਭਵ ਕਰ ਸਕਦੇ ਹਾਂ ਇਸ ਕਲਯੁੱਗ ਦੇ ਘੋਰ ਘੁੱਪ ਅੰਨ੍ਹੇਰ ਤੋਂ ਪਿੱਛੋਂ ਸ਼ਾਇਦ ਪ੍ਰਭੂ, ਪ੍ਰਮੇਸ਼ਰ ਇਹ ਬਦਲਾਅ ਲਿਆ ਦੇਵੇ ਤੇ ਦੁਨੀਆਂ ਅੱਡਰੀ ਹੋਵੇਗੀ ਸਾਡੇ ਜੀਵਨ ਵਿੱਚ ਨਹੀਂ, ਇਸ ਵੇਲੇ ਤਾਂ ਸ੍ਰਿਸ਼ਟੀ ਨੇਰ੍ਹਗਰਦੀ ਦੀ ਹੈ। ਆਏ ਦਿਨ ਕਹਿਰ ਦੀਆਂ ਵਾਰਦਾਤਾਂ ਘਟਨਾਮਾਂ, ਚਲੋ ਇਹ ਸਾਡੇ ਵੱਸ ਦਾ ਰੋਗ ਨਹੀਂ ਆਉ ਜੀਵਨ ਵਿੱਚ ਪਸਰਿਆ ਬਦਰੰਗ ਦੇਖੀਏ, **ਸਾਡੇ ਦੇਸ਼ ਵਿੱਚ ਭੀ ਚੋਣਾਂ ਹਨ ਲੰਡਨ ਵਿੱਚ ਤਾਂ ਕੇਵਲ ਲੰਡਨ ਅਸੈਂਬਲੀ ਹੀ ਹਨ**, ਕੌਂਸਲ ਦੀਆਂ ਨਹੀਂ, ਬਾਕੀ ਥਾਈਂ ਹਨ ਦੇਖੋ ਕਿਹੜੀ ਥਾਂ ਬਦਲ ਹੁੰਦਾ ਹੈ, ਲੇਬਰ ਜਾਂ ਟੋਰੀ, ਸਾਡੇ ਤਾਂ ਮੇਅਰ ਨੇ ਬੜਾ ਦੁਖੀ ਕੀਤਾ ਸੀ ਲੱਗਦਾ ਫੇਰ ਗੱਲ ਪੈਜੂ, ਪੰਜਾਬ ਵਿੱਚ ਕੱਲ ਬੜਾ ਭੂਚਾਲ ਜਦੋ ਜੱਦੀ ਕਾਂਗਰਸੀ ਕਤਲ ਕੀਤੇ ਮੁੱਖ-ਮੰਤਰੀ ਬੇਅੰਤ ਸਿੰਘ ਦਾ ਪੋਤਾ ਹੀ ਰਵਨੀਤ ਬਿੱਟੂ ਭਾਜਪਾ ਵਿੱਚ ਜਾ ਵੜਿਆ, ਅਖੇ ਹੋਰ ਭੀ ਮਗਰੇ ਆ ਰਹੇ ਹਨ ਸ਼ਾਇਦ ਜਲੰਧਰ ਦਾ ਭੀ ਰਿੰਕੂ ਗਿਆ, **ਉਧਰ ਅਕਾਲੀ-ਭਾਜਪਾ ਕਹਿੰਦੇ ਹੁਣ ਨੀ ਆੜੀ ਨਹੀਂ ਨਿਭਣੀ ਯਾਰ ਮੱਕਾਰਾ,** ਆਪਣੇ ਹੀ ਗਡ੍ਹੀਰੇ 'ਤੇ ਚੱਲਾਂਗੇ, ਜਾਖੜ ਸਾਹਬ ਚਲੋ ਆਪਣਾ ਤਾਣ ਲਾ ਹਟੇ ਪਰ ਅਕਾਲੀ ਦਲ ਲਈ ਧਰਨੇਕਾਰੀ ਦੁਬਿਧਾ ਦਾ ਕਾਰਨ ਹਨ ਲਿਖਦੀ ਜਾਵਾਂ ਕਿਸਾਨ ਆਗੂਆਂ ਨੇ ਤਾਂ ਫੇਰ ਭੀ ਨਹੀਂ ਲਿਫਣਾ ਸਾਧਾਰਣ ਕਿਸਾਨ ਪੇਂਡੂ ਭਾਵੇਂ ਅਕਾਲੀ ਦਲ ਨੂੰ ਪਛਾਣ ਜਾਣ, ਰਹੀ ਗੱਲ ਹਿੰਦੂ ਵੋਟ ਦੀ ਪਤਾ ਨਹੀਂ ਪੰਜਾਬੀ ਰਹਿਣਗੇ ਜਾਂ ਦਿੱਲੀ, ਭਾਈਚਾਰੇ ਵਿੱਚ ਤਾਂ ਹੱਲ ਚੱਲ ਮੱਚੂਗੀ, ਮਾਨ-ਸਰਕਾਰ ਦੀ ਕੁੰਡਲੀ ਭੀ ਸਹੀ ਨਹੀਂ ਲੱਗਦੀ, ਹੰਕਾਰ-ਫੂੰਕਾਰ ਡੇਗੂ ਜਰੂਰ ਪਰ ਅੰਤ ਭਾਜਪਾ ਭੀ ਭਲੀ ਤੇ ਨਹੀਂ ਦੇਖੋ? ਪੰਜਾਬ ਦੇ ਲੋਕ ਚਲੋ ਜੋ ਆਮਦ ਹੈ ਉਹ ਤਾਂ ਸਾਡੀ ਸਭਿਯਤਾ ਤੋਂ ਅਣਜਾਣ ਮੰਨ ਲਵੋ ਪਰ ਆਪਣੇ ਦੇਖੋ ਮੱਤਹੀਣ, ਕਿਸਾਨ ਆਪਣੀ ਧਰਤੀ 'ਤੇ ਹੀ ਹੱਲੇ ਬੋਲੀ ਜਾਂਦੇ ਨੇ ਸੁਹਿਰਦ ਨੇ? ਇਸ ਵੇਲੇ ਪਾਲ ਸਿੰਘ ਫਰਾਂਸ ਦਾ ਬਿਆਨ ਅਸੀਂ ਅਕਾਲੀ ਦਲ ਦੇ ਵਿਰੁੱਧ ਨਹੀਂ ਬਾਦਲ ਪਰਿਵਾਰ ਦੇ ਹਾਂ, ਜੇਕਰ ਕੋਈ ਆਖੇ ਅਸੀਂ ਇਨਸਾਫ ਮੋਰਚੇ ਦੇ ਵਿਰੁੱਧ ਨਹੀਂ ਪਾਲ ਸਿੰਘ ਤੇ ਗੁਰਚਰਨ ਸਿੰਘ (ਬਾਪੂ) ਵਿਰੁੱਧ ਗੱਲ ਢੁੱਕਦੀ ਹੈ, ਲੋੜ ਨਹੀਂ ਸੀ ਆਪਸੀ ਖੁੰਦਕ ਦੀ, ਉਧਰ ਸਾਡੀ ਸੁਪਰੀਮ ਕੋਰਟ ਦੇ ਜੱਜ ਸਾਹਬ ਸੁਣੋ ਕੀ ਸੰਦੇਸ਼ ਹੋਲੇ ਮਹੱਲੇ 'ਤੇ:- ਹਰ ਸਿੱਖ ਪ੍ਰਚਾਰਕ ਬਣੇ ਹਾਲੇ ਪ੍ਰਚਾਰਕਾਂ ਦੇ ਲਾਏ ਪੌਦੇ ਘੱਟ ਨੇ ਘੜੀਸੀ ਫਿਰਦੇ ਨੇ ਮਾਲੀਆਂ ਨੂੰ ਭੀ, ਦੂਜਾ ਜੀ ਸੰਘਰਸ਼ੀ ਬਣੋ ਜਥੇਦਾਰ ਜੀ ਜ਼ਿੰਦਗੀ ਪਹਿਲਾਂ ਹੀ ਦੁਸ਼ਵਾਰ ਹੈ, ਹੋਰ ਔਕੜਾਂ ਬਣਦਾ ਤਾਂ ਇਹ ਹੈ ਕਿ ਹਰ ਇਕ ਕਿਰਤ ਕਰੋ, ਨਾਮ ਜਪੋ, ਵੰਡ ਛਕੋ,

**ਬਾਕੀ ਹਿਸਾ ਸਫਾ 46 ਤੇ ਪੜ੍ਹੋ** →

### 45 ਸਫ਼ੇ ਦੀ ਬਾਕੀ

ਵਾਹਿਗੁਰੂ ਨੂੰ ਹਰ ਪਲ ਮਨ ਵਿੱਚ ਧਾਰੋ, ਭੈਅ ਵਿੱਚ ਰਹੋ, ਲੋਕੀ ਝਗੜਿਆਂ ਤੋਂ ਤੰਗ ਤਾਂ ਨਸ਼ੇ ਵਿੱਚ ਜੁੜੇ ਤੁਸੀਂ ਹੋਰ ਲੜਾਈਆਂ ਲਈ ਤਿਆਰੀਆਂ, ਦੱਸੋ ਇਹ ਉਨ੍ਹਾਂ ਦੇ ਪੇਸ਼ੇ ਲਈ ਗ੍ਰੰਥੀਆਂ ਲਈ ਤੇ ਪ੍ਰਚਾਰਕਾਂ ਲਈ ਤਾਂ ਟਕਸਾਲ ਹੈ ਪਰ ਆਮ ਬੰਦਾ ਤਾਂ ਬੌਂਦਲ ਜਾਂਦਾ ਹੈ ਕਿ ਕਿਹੜਾ ਸੰਘਰਸ਼ ਸਿੱਖ ਕੌਮ ਕੁਰਾਹੇ ਪਉਣਿਆਂ ਦੇ ਮਾਰ ਲਈ, ਇਹ ਜਥੇਦਾਰ ਜੱਜ ਨਹੀਂ ਬੱਸ ਗ੍ਰੰਥੀ ਨੇ, ਧਾਮੀ ਸਾਹਬ ਭੀ ਵਕੀਲ ਨੇ ਪਰ ਕੋਈ ਸੁਧਾਰ ਵੱਲ ਨੀਤੀ ਨਹੀਂ ਘੜੀ, ਬਾਕੀ ਪੰਜਾਬ ਦੀ ਤਾਂ ਹੁਣ ਸਥਿਤੀ ਨਿੱਤ ਨਿਘਾਰੂ ਹੀ ਹੋਊ ਕੋਈ ਭੀ ਪਾਰਟੀ ਦਾ ਪਲੜਾ ਭਾਰੂ ਨਹੀਂ, ਬੱਸ ਫੜੋ ਫੜਾਈ, ਤੁਹਮਤ ਬਾਜੀ ਜਿਦਾਂ ਵਾਦਾਂ ਨਾਲੇ ਐਮ.ਪੀ. ਕਰ ਭੀ ਕੀ ਸਕਦੇ ਨੇ ਫੀਤੇ ਹੀ ਹਨ ਕੇਂਦਰ ਤਕੜੀ, ਸਾਡੇ ਆਪਣੇ ਦੇਸ਼ ਵਿੱਚ ਭੀ ਕੌਂਸਲਾਂ ਦੀਆਂ ਚੋਣਾਂ ਨੇ ਪਰ ਗੱਲ ਚੈਨਲਾਂ 'ਤੇ ਪੰਜਾਬ ਦੀ ਚੱਲੂ, ਕੱਲ ਹੈਰਾਨੀ ਹੋਈ ਇਕ ਪੰਜਾਬ ਚੈਨਲ ਪ੍ਰਸਾਰਨ ਵਾਲੇ ਤੇ ਇਥੋਂ ਦੀਆਂ ਕੌਂਸਲਾਂ ਦੇ ਬੈਂਕਰਪਸੀ ਤੇ ਖਰਚਿਆਂ ਤੇ ਨੀਤੀਆਂ ਬਾਰੇ ਸੁਣਿਆ ਪਹਿਲੀ ਵਾਰ ਹੀ, ਚਲੋ ਅਰੰਭ ਤਾਂ ਹੋਇਆ, ਉਹ ਕਹਿੰਦੇ ਫੇਰ ਹੋਰ ਮੁੱਦਾ ਲਿਆਵਾਂਗੇ, **ਹੁਣ ਪੰਜਾਬ ਦੇ ਪੱਤਰਕਾਰ ਉਤਾਵਲੇ ਨੇ ਕਿ ਐੱਨ.ਆਰ.ਆਈ. ਦਿਲਚਸਪੀ ਨੀ ਦਿਖਾ ਰਹੇ, ਪਹਿਲਾ ਸੁਰਮਾਂ ਹੀ ਮਟਕਾ ਲੈਣ ਆਪ ਵੇਲੇ ਧਾਂਦਲੇਗਰਦੀ ਮਨੀ ਕਿਵੇਂ ਕਿਥੇ ਗਿਆ** ਕਿਧਰੇ ਲਾਂਡਰਿੰਗ ਵਿੱਚ ਨਾ ਫੱਸ ਜਾਣ ਹੁਣ ਤਾਂ ਇਹ ਧੁੜਕੂ ਖਾਊ, ਬਹੁਤੀ ਖਿੱਲੀ ਨਹੀਂ ਅੱਗੇ ਦੀ ਤਰ੍ਹਾਂ ਪੈਣੀ, ਯੂ.ਟੀਊਬਾਂ ਭਾਵੇਂ ਕਮਾ ਲੈਣ, ਬੜੀ ਹੈਰਾਨ ਹੋਈ ਬੀਬੀ ਜਗੀਰ ਕੌਰ ਦੀ ਫੇਰੀ ਸੁਆਗਤ ਅਕਾਲੀ ਤਾਂ ਡਰਦੇ ਚੁੱਪ ਹੀ ਰਹਿੰਦੇ ਨੇ ਪਰ ਹੁਣ ਪੈਣਗੇ ਮਗਰ ਜਾਂ ਨਹੀਂ, ਬੜੀ ਦੁਖੀ ਹੋਈ ਪੜ੍ਹਕੇ ਕਿ 26 ਸਾਲਾ ਜਵਾਨ ਗੁਰ–ਪ੍ਰੀਤ ਸਿੰਘ ਇਲਫੋਰਡ ਤੋਂ ਭਾਰਤੀ ਦੂਤਾਵਾਸ ਨੂੰ ਖਾਲਿਸਤਾਨੀ ਸੰਸਥਾ ਅਜ਼ਾਦੀ ਮੋੜਨ ਗਈ ਤੇ ਧੂੰਆਂ ਧਾੜ ਭਾਸ਼ਨ, ਜੀ ਹੁਣ ਅਸੀਂ ਕੁਝ ਕਰਕੇ ਹੀ ਦਿਖਾਵਾਂਗੇ, ਉਕਸਾਹਟ ਵਿੱਚ ਆ ਕੇ ਮੁੰਡਾ ਸਾਊਥਾਲ ਭਾਰਤੀ ਪ੍ਰੇਮੀ ਜਸ਼ਨ ਮਨਾ ਰਹੇ ਸਨ ਤਾਂ ਇਹ ਝਪਟਣ ਲਈ ਪਹੁੰਚ ਗਿਆ, ਕਿਥੇ ਇਲਫੋਰਡ, ਸਿੰਘ ਸਭਾ ਬੈਠਾ ਰਿਹਾ ਅੰਤ ਫਸਾਦ ਵਿੱਚ ਫੜਿਆ ਗਿਆ ਹੁਣ 28 ਮਹੀਨੇ ਸਲਾਖਾਂ ਪਿੱਛੇ, ਲਿਖਦੀ ਜਾਵਾਂ ਕਿ ਮੁੰਡਾ ਵਿੱਦਿਆਰਥੀ ਤੋਂ ਸ਼ਰਨਾਰਥੀ ਅਰਜ਼ੀ ਕਰਤਾ, ਸ਼ਾਇਦ ਉਹ ਅਰਜੀ ਠੋਸ ਕਰਨ ਲਈ ਕੁੱਦਿਆ ਹੋਵੇ ਹੁਣ ਕੀ ਕਿਸੇ ਸੰਸਥਾ ਨੇ ਕੇਸ ਲੜਿਆ ਪਤਾ ਨਹੀਂ, ਪਰ ਇਸ ਸੰਸਥਾ ਨੂੰ ਜਰੂਰ ਤਕਰੀਰਾਂ ਵਿੱਚ ਸਾਵਧਾਨੀ ਵਰਤਣੀ ਚਾਹੀਦੀ ਹੈ, ਜਵਾਨ ਭੜਕਾਹਟ ਵਿੱਚ ਆ ਕੇ ਜੀਵਨ ਹੀ ਤਬਾਹ ਕਰ ਬੈਠਣਾ ਕੀ ਲਾਭ? ਬਾਕੀ ਪ੍ਰੇਸ਼ਾਨੀ ਕਿ ਅੱਜ ਇਕੋ ਰੱਬ ਤੋਂ ਚੱਲਦੇ ਚੈਨਲ ਨੇ ਦਿੱਲੀ ਮਾਰਕਾ ਭਾਸ਼ਨ ਲਿਆਂਦਾ ਕੌਣ ਕਾਂਗਰਸੀ ਸੁਖਰਾਜ ਸਿੰਘ ਮਿਆਨੀ ਵਾਲਾ ਮੋਰਚਾ ਜਦੋਂ ਦਾਣੇ ਮੁੱਕ ਗਏ ਤਾਂ ਕਾਂਗਰਸ ਦੇ ਭੀ ਬਹੁਤ ਦਿਆਲੂ ਸੁਖਪਾਲ ਸਿੰਘ ਖਹਿਰਾ ਦਾ ਸਿਰ 'ਤੇ ਹੱਥ ਸੀ, ਹੁਣ ਸਭਨਾਂ ਨੂੰ ਹੀ ਰਗੜੀ ਜਾਂਦਾ ਹੈ, ਜੀ ਕੁਰ–ਬਾਨੀ ਵਾਲਿਆਂ ਨੂੰ ਟਿਕਟਾਂ, ਐਨਾ ਭਾਸ਼ਨ ਕਿ ਸਮਝੇ ਮੈਂ ਹੀ ਪੰਜਾਬ ਦਾ ਹਿਤੈਸ਼ੀ ਹਾਂ ਕਿਉਂ ਪਿਤਾ ਦੇ ਧਰਨੇ ਵਿੱਚ ਗੋਲ੍ਹੀ ਵੱਜੀ, ਸਰਕਾਰੋਂ ਭੀ ਪੈਸਾ ਭਰਾ ਨੂੰ, ਸਰਕਾਰੀ ਸਕੂਲ ਵਿੱਚ ਨੌਕਰੀ, ਧਰਨੇ ਵੇਲੇ ਛੜਾ ਤੀ ਰੌਲਾ ਪਾਊ ਬੰਦਾ ਮੇਰਾ ਵਿਚਾਰ ਹੈ ਕਿ ਕੋਈ ਭੀ ਦੇਸ਼, ਸਟੇਟ ਹੋਵੇ ਵਿਰੋਧੀ ਧਿਰ ਤਕੜੀ ਹੋਵੇ ਤਾਂ ਲੋਕਾਂ ਦੀ ਭਲਾਈ ਪਰ ਪੰਜਾਬ ਦੇ ਤਾਂ ਪੰਛੀ ਭੀ ਬੋਲਦੇ ਨੇ ਆਹ ਚੈਨਲ 'ਤੇ ਪੱਤਰਕਾਰ ਬੋਲੀ ਜਾ ਰਿਹਾ ਹੈ, ਜੀ ਮੈਂ ਅਖ਼ਬਾਰ ਵਿੱਚ ਕੰਮ ਕਰਦਾ ਸੀ (ਪੰਜਾਬ) ਪੱਤਰਕਾਰ ਨੀ ਸਰਕਾਰ ਚਲਾਉਂਦੇ ਹੁੰਦੇ ਪਰ ਸਰਕਾਰ ਪੱਤਰਕਾਰ ਜਰੂਰ ਚਲਾਉਂਦੀ ਹੁੰਦੀ ਹੈ ਸੱਚ ਹੈ ਪੱਤਰਕਾਰ ਤਾਂ ਮਗਰ ਫਿਰਦੇ ਨੇ ਦਿਉ ਕੀ ਦਿੰਦੇ ਹੋ, ਹੁਣ ਸਭ ਨੂੰ ਫਾਡੀ ਆਪ ਗਾਡੀ ਇਹ ਲੋਕ ਪੰਜਾਬ ਦੇ ਹਿਤੈਸ਼ੀ ਨਹੀਂ, ਸਗੋਂ ਵੈਰੀ ਹਨ। ਭਾਵੇਂ ਢੀਂਡਸਾ ਬਾਪ–ਬੇਟਾ ਅਕਾਲੀ ਦਲ ਵਿੱਚ ਮੁੜ ਆਏ, ਪਰ ਮੈਂ ਆਪਣੀ ਅਸੂਲੀ ਲਿਖਤ ਤੋਂ ਪਿਛਾਂਹ ਨਹੀਂ ਮੁੜ ਸਕਦੀ, ਮੇਰੇ ਲਈ ਜੋ ਇਨ੍ਹਾਂ ਦੋ ਸਾਲ ਭਸੂੜੀ ਪਾਈ ਬਿਆਨ ਦਿੱਤੇ ਹਨ ਬੀਬੀ ਜਗੀਰ ਕੌਰ ਨਾਲ ਭੀ ਉਹੀ ਨੀਤੀ ਰੱਖੂੰਗੀ, ਅਕਾਲੀ ਦਲ ਦੀ ਸਮਰਥੱਕ ਹਾਂ ਪਰ ਅਸੂਲ ਨੇ ਜੇਕਰ ਉਨ੍ਹਾਂ ਨੂੰ (ਤਿੰਨਾਂ ਨੂੰ) ਸੰਗ ਨੀ ਲੱਗਦੀ ਤਾਂ ਕੀ ਮੈਂ ਲਾਹ ਧਰਾਂ, ਸਿਆਸਤਾਂ ਭੂਤਨੀਆਂ ਨੇ । ਡਾਕਟਰ ਗੁਰਪ੍ਰੀਤ ਕੌਰ ਭਗਵੰਤ ਘਰ ਪੁੱਤਰੀ ਆਈ, ਤੰਦਰੁਸਤ, ਭਾਗਸ਼ਾਲੀ ਹੋਵੇ, ਬੱਚੇ ਖੁਸ਼ੀ ਹਨ ਅੱਲਾ ਸਭ ਨੂੰ ਦੇਵੇ, ਪ੍ਰਮਾਤਮਾਂ ਅੱਗੇ ਅਰਦਾਸਾ ਕਰੀਏ ਕਿ ਅਮਨ–ਸ਼ਾਂਤੀ ਦੇ ਸੁਭਾਗ ਬਖ਼ਸ਼ੇ, ਕਰੋਪੀ ਦੂਰ ਕਰੇ, ਨਿਆਮਤਾ ਦੇਵੇ, ਸੁਮੱਤ ਦਾ ਦਾਨ ਮੰਗੀਏ, ਉਹਦੇ ਘਰ ਬੜਾ ਕੁਝ ਹੈ ਦਯਾ ਕਰੇ।

### ਵਿਸ਼ੇਸ਼ ਸੂਚੀ

**ਸੰਪਾਦਕ ਜੀ**

ਜਾਣਕਾਰੀ ਨਸ਼ਰ, ਖਬਰਾਂ ਤੇ ਚੈਨਲੀ ਬਹਿਸ ਮੈਨੂੰ ਤਾਂ ਸਾਂਝ ਪਾਉਣ ਦਾ ਅਵਸਰ ਹੈ ਦਾਅਵਾ ਨਹੀਂ, ਕਰਮਵਾਰ: ਵਿਦੇਸ਼ਾਂ ਤੋਂ (ਆਮ ਪਾਰਟੀ) ਨੂੰ ਲੋੜ੍ਹੇ ਦਾ ਪੈਸਾ ਗਿਆ, ਵਸੀਲਾ ਜਾਇਜ਼ ਜਾਂ ਨਜਾਇਜ਼? ਹੁਣ ਫਰੋਲੀ ਹੋਣ 'ਤੇ ਕਈ ਕੁਝ ਸਾਹਮਣੇ ਆਊ। ਦੂਜੀ ਖ਼ਬਰ ਉਡੀ ਸੀ ਕਿ ਉਦੋਂ ਕੇਜਰੀਵਾਲ ਮੋਗੇ ਕਿਸੇ ਖਾਲਿਸਤਾਨੀ ਦੇ ਘਰ ਠਹਿਰੇ ਸਨ ਕੀ ਸੱਚ? ਤੀਜੀ ਪੰਜਾਬ ਵਿੱਚ ਇਨਚਾਰਜ ਲਾਇਆ ਰਾਘਵ ਚੱਢਾ ਅੱਜ ਕੱਲ੍ਹ ਯੂ.ਕੇ. ਹੈ ਅਤੇ ਲੇਬਰ ਐਮ.ਪੀ. ਪ੍ਰੀਤ ਕੌਰ ਗਿੱਲ ਸ਼ੈਡੋ ਵਿਦੇਸ਼ ਮੰਤਰੀ ਨੂੰ ਮਿਲੇ, ਫੋਟੋ ਨਸ਼ਰ ਪਰ ਬੀਬੀ ਕਹਿੰਦੀ ਮੇਰੀ ਡਿਊਟੀ ਹੈ। ਲਿਖਣਾ ਉਚਿਤ ਹੀ ਹੋਵੇਗਾ ਕਿ ਬੀਬੀ ਗਿੱਲ ਤੇ ਤਨਮਨ ਸਿੰਘ ਢੇਸੀ ਸਿੱਖ ਐਮ.ਪੀ. ਹਨ ਨਾ ਕਿ ਬਰਤਾਨਵੀ ਜਨਤਾ ਦੇ, ਕੋਈ ਹਰਜ ਨਹੀਂ ਫੈਡਰੇਸ਼ਨ ਜੇ (ਆਮ ਪਾਰਟੀ) ਸਮਰਥੱਕ ਹੈ, ਹਰ ਇਕ ਨੂੰ ਹੱਕ ਹੈ ਕਿਸੇ ਪਾਰਟੀ ਵਿੱਚ ਸਮਰਥੱਕ ਹੋਣ ਦਾ ਪਰ ਲੁੱਕਵਾਂ ਕਿਉਂ, ਇਹ ਇਤਰਾਜ਼ ਹੈ ਕਿ ਗੁਰੂ ਘਰਾਂ 'ਤੇ ਕਬਜ਼ੇ ਕਰਕੇ ਅਦਾਰੇ ਬਣਾਉ ਤੇ ਪੈਸਾ ਸੰਗਤਾਂ ਦਾ ਉਡਾਉ, ਲੋਕਾਂ ਨੂੰ ਧਮਕਾ ਕੇ ਰੱਖੋ ਜੀ ਖਾਲਿਸਤਾਨ ਲੈ ਰਹੇ ਹਾਂ, ਜੇ ਬੋਲੇ ਤਾਂ ਨਾਸਾਂ ਭੰਨਾਂਗੇ ਹੁਣ ਸੁਰਲੋ ਸੁਰਲੀ ਹੈ ਕਿ ਕੁਝ ਗਰਮ ਸੁਭਾਅ ਜਾਂ ਦੇਸ਼ ਪ੍ਰੇਮੀ ਭੱਜਦੇ ਨੇ ਕਿ ਇਹ ਦੇਸ਼ ਤਾਂ ਈਸਾਈ ਮਜ਼੍ਹਬ ਪਰ ਘੱਟ ਗਿਣਤੀ ਵਾਲੇ ਤਿਹਾਰ ਜੋਰਾਂ 'ਤੇ ਮਨਾ ਹੋ ਰਹੇ ਹਨ, ਸਾਡੇ ਮੱਧਮ: ਅਸੀਂ ਪੁਰਾਣੇ ਸਮੇਂ ਦੀ ਮੂਰਤ ਸਾਹਮਣੇ ਰੱਖ ਵਿਚਾਰ ਕੀਤਾ ਕਿ ਹਿੰਦੂਸਤਾਨ 'ਤੇ ਅੰਗ੍ਰੇਜ਼ ਹਕੂਮਤ ਸਿੱਖ ਭੀ ਉਚੇ ਉਚੇ ਅਹੁਦਿਆਂ 'ਤੇ ਸਨ ਪਰ ਰਾਜ ਫਰੰਗੀ ਦਾ ਨੀ ਰਹਿਣ ਦੇਣਾ, ਬੰਬ, ਗਦਰੀ ਬਾਬੇ ਬਰਤਾਨੀਆਂ ਆ ਕੇ ਗੋਲੀ ਨਾਲ ਹਲਾਕ ਕੀਤਾ, ਕੀ ਮੈਂ ਲਿਖ ਸਕਦੀ ਹਾਂ ਕਿ ਹੁਣ ਹਿੰਦੂਸਤਾਨੀ, ਸਿੱਖ ਤੇ ਹੋਰ ਕੌਮਾਂ ਇਸ ਦੇਸ਼ ਵਿੱਚ ਆ ਕੇ ਕੌਂਸਲਰ, ਐਮ.ਪੀ., ਪ੍ਰਧਾਨ ਮੰਤਰੀ, ਲਾਰਡ ਬਣ ਗਏ ਇਹ ਸਰਕਾਰ ਦਾ ਰਾਜ ਤੇ ਭਾਈਵਾਲੀ ਨਹੀਂ, ਭਵਿੱਖ ਵਿੱਚ ਕੋਈ ਇਹ ਵਿਚਾਰਧਾਰਾ ਤੇ ਪਿਛੋਕੜ ਤਵਾਰੀਖ ਪੜ੍ਹ ਦੇਸ਼ ਭਗਤੀ ਨੀ ਜਾਗੂ? ਹੁਣ ਟੀ.ਵੀ. 'ਤੇ ਬਹਿਸ ਸੀ ਕਿ ਸਾਡੇ ਤਿਹਾਰ ਪਿਛਾਂਹ ਸਿੱਟੋ ਘੱਟ ਗਿਣਤੀ ਅੱਗੇ, ਤਾਜ਼ਾ ਖ਼ਬਰ ਲੰਡਨ ਮੇਅਰ ਸਦੀਕ ਖਾਨ ਕਰਕੇ ਕਿਸੇ ਨੇ ਆਖ ਦਿੱਤਾ ਕਿ ਲੰਡਨਸਥਾਨ ਬਣ ਗਿਆ, ਉਹਦੇ 'ਤੇ ਤੰਜ, ਬੀਬੀ ਟੋਰੀ ਪਾਰਟੀ ਦੀ ਉਮੀਦਵਾਰ (ਸੂਜਨ ਹਾਲ) ਔਖੀ ਹੋਈ ਸਵਾਲ 'ਤੇ ਕਿ ਕੁਝ ਲੋਕ Hurty words ਬੋਲਦੇ ਨੇ, ਉਹ ਕਹਿੰਦੀ ਮੈਨੂੰ ਤਰਲੋਮੱਛੀ ਸਦੀਕ ਖਾਨ ਦੇ ਲੰਡਨ ਵਿੱਚ 12.50 ਪੌਂਡ ਕਾਰਾਂ ਤੇ ਜ਼ਜੀਏ ਦੀ ਹੈ, ਦੁਹਾਈ ਲੇਬਰ ਦੀ, ਸਾਰ–ਅੰਸ਼ ਹੈ ਕਿ ਦੇਸ਼ ਦਾ ਭਵਿੱਖ ਚਿੰਤਾਜਨਕ ਹੈ, ਗੜਗੱਜ ਸਿੰਘੋ ਸਮਾਂ ਵਿਚਾਰੋ, ਸਭ ਦੇ ਮੋਰ ਭਨਾਉਂਗੇ ਧੂੰਆਂ ਛੱਡ ਭਾਸ਼ਨਾਂ ਨਾਲ ਸੁਝਾਅ ਹੈ, **ਨਸਲ, ਕੌਮ, ਭਾਈਚਾਰਾ ਬਚਾਊ ਬਣੋ ਬੀਬੀ ਭਜਾਊ ਨਾ, ਏਕੇ ਬਿਨਾਂ ਦੇਸ਼ ਤਾਂ ਕੀ ਜ਼ਿਲ੍ਹਾ ਨੀ ਮਿਲਣਾ ਸੰਭਲੋ ਹਰ ਥਾਂ ਝੱਜੂ ਨਾ ਪਾਉ, ਰਾਜ਼ੀ ਖੁਸ਼ੀ ਰਹੋ, ਜੀਊਂਦੇ ਰਹੋ, ਰੱਬ ਰਾਖਾ।**

**–ਬਲਵਿੰਦਰ ਕੌਰ ਚਾਹਲ ਸਾਊਥਾਲ**

# ਹਰਿਆਣਾ ਪੁਲਿਸ ਨੇ ਵਾਟਰ ਕੈਨਨ ਵਾਲੇ ਨਵਦੀਪ ਨੂੰ ਮੋਹਾਲੀ ਏਅਰਪੋਰਟ ਤੋਂ ਕੀਤਾ ਗ੍ਰਿਫਤਾਰ

## ✪ ਪੰਜਾਬ ਵਿਚ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ 'ਤੇ ਆਪਣਾ ਸਟੈਂਡ ਸਪਸ਼ਟ ਕਰੇ ਪੰਜਾਬ ਸਰਕਾਰ-ਭੜਕੇ ਕਿਸਾਨ ਆਗੂ

ਮੋਹਾਲੀ-ਵਾਟਰ ਕੈਨਨ ਵਾਲੇ ਨਵਦੀਪ ਜਲਵੇੜਾ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਹਰਿਆਣਾ ਪੁਲਿਸ ਨੇ ਮੋਹਾਲੀ ਏਅਰਪੋਰਟ ਤੋਂ ਨਵਦੀਪ ਜਲਵੇੜਾ ਨੂੰ ਗ੍ਰਿ.ਫ਼ਤਾਰ ਕੀਤਾ ਹੈ। ਨਵਦੀਪ ਜਲਵੇੜਾ ਖਿਲਾਫ ਪਬਲਿਕ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ ਸਣੇ ਕਈ ਹੋਰ ਮਾਮਲੇ ਵੀ ਦਰਜ ਕੀਤੇ ਗਏ ਹਨ। ਇਹ ਵੀ ਖਬਰ ਹੈ ਕਿ 2 ਕਿਸਾਨ ਯੂਨੀਅਨ ਦੇ ਸਾਥੀ ਵੀ ਹਿਰਾਸਤ ਵਿਚ ਲਏ ਗਏ ਹਨ। ਨਵਦੀਪ ਸਿੰਘ ਕਿਸਾਨੀ ਅੰਦੋਲਨ ਵਿਚ ਕਾਫੀ ਸਰਗਰਮ ਹੈ। ਉਹ ਸ਼ੰਭੂ ਬਾਰਡਰ 'ਤੇ ਮੰਗਾਂ ਨੂੰ ਲੈ ਕੇ ਡਟਿਆ ਹੋਇਆ ਸੀ। ਇਸ ਦੀ ਕਿਸਾਨ ਜਥੇਬੰਦੀਆਂ ਵੱਲੋਂ ਨਿਖੇਧੀ ਕੀਤੀ ਜਾ ਰਹੀ ਹੈ।

ਨਵਦੀਪ ਸਿੰਘ ਜਲਬੇੜਾ ਕਿਸਾਨ ਆਗੂ ਜੈ ਸਿੰਘ ਦਾ ਪੁੱਤਰ ਹੈ, ਜੋ ਪਹਿਲੀ ਵਾਰ ਕਿਸਾਨ ਅੰਦੋਲਨ ਵਿੱਚ ਵਾਟਰ ਕੈਨਨ ਬੁਆਏ ਵਜੋਂ ਮਸ਼ਹੂਰ ਹੋਇਆ ਸੀ। ਕਿਸਾਨਾਂ ਨੂੰ ਰੋਕਣ ਲਈ ਪੁਲਿਸ ਨੇ ਕਿਸਾਨਾਂ 'ਤੇ ਜਲ ਤੋਪਾਂ ਦੀ ਵਰਤੋਂ ਕੀਤੀ। ਇਸ ਦੌਰਾਨ ਨਵਦੀਪ ਪੁਲਿਸ ਨੂੰ ਚਕਮਾ ਦੇ ਕੇ ਵਾਟਰ ਕੈਨਨ ਵਾਲੀ ਗੱਡੀ 'ਤੇ ਚੜ ਗਿਆ। ਉਸ ਨੇ ਜਲ ਤੋਪ ਪੁਲਿਸ ਵੱਲ ਮੋੜ ਦਿੱਤੀ। ਇਸ ਤੋਂ ਬਾਅਦ ਉਹ ਛਾਲ ਮਾਰ ਕੇ ਟਰਾਲੀ 'ਤੇ ਆ ਗਿਆ। ਇਸ ਮਗਰੋਂ



ਪੁਲਿਸ ਨੇ ਨਵਦੀਪ ਖ਼ਿਲਾ.ਫ ਧਾਰਾ 307 ਤਹਿਤ ਕੇਸ ਦਰਜ ਕੀਤਾ ਗਿਆ ਸੀ।

### ਪੰਜਾਬ ਸਰਕਾਰ ਤੋਂ ਔਖੇ ਕਿਸਾਨ ਆਗੂ

ਕਿਸਾਨ ਆਗੂਆਂ ਨੇ ਪ੍ਰੈਸ ਕਾਨਫਰੰਸ ਕੀਤੀ, ਜਿਸ ਵਿੱਚ ਕਿਸਾਨਾਂ ਨੇ ਕਿਹਾ ਕਿ ਭਾਜਪਾ ਸਰਕਾਰ ਅਤੇ ਹਰਿਆਣਾ ਪੁਲਿਸ ਨੇ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਪਹਿਲਾਂ ਤਾਂ ਨਿਹੱਥੇ ਕਿਸਾਨਾਂ 'ਤੇ ਫਾਇਰਿੰਗ ਕੀਤੀ ਗਈ, ਜਿਸ ਵਿੱਚ ਨੌਜਵਾਨ ਸ਼ੁਭਕਰਨ ਸਿੰਘ ਦੀ ਮੌਤ ਹੋ ਗਈ ਅਤੇ ਹੁਣ ਪੁਲਿਸ ਸ਼ਰਧਾਂਜਲੀ ਸਮਾਗਮ ਨੂੰ ਰੋਕਣ ਲਈ ਨੀਚ ਹਰਕਤਾਂ 'ਤੇ ਉਤਰ ਆਈ ਹੈ। ਕਿਸਾਨ ਆਗੂਆਂ ਨੇ ਅੱਗੇ ਕਿਹਾ ਕਿ ਹਰਿਆਣਾ ਪੁਲਿਸ ਵੱਲੋਂ ਪੰਜਾਬ ਵਿੱਚੋਂ ਗ੍ਰਿ.ਫ਼ਤਾਰ ਕੀਤੇ ਗਏ ਨੌਜਵਾਨ ਕਿਸਾਨਾਂ ਬਾਰੇ ਪੰਜਾਬ ਸਰਕਾਰ ਆਪਣਾ ਸਟੈਂਡ ਸਪੱਸ਼ਟ ਕਰੇ। ਕਿਸਾਨ ਆਗੂਆਂ ਨੇ ਹਰਿਆਣਾ ਪੁਲਿਸ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਗ੍ਰਿ.ਫ਼ਤਾਰ ਕੀਤੇ ਨੌਜਵਾਨਾਂ ਨੂੰ ਜਲਦੀ ਰਿਹਾਅ ਨਾ ਕੀਤਾ ਗਿਆ ਅਤੇ ਸ਼ਰਧਾਂਜਲੀ ਸਮਾਗਮ ਨੂੰ ਰੋਕਣ ਲਈ ਆਪਣੀਆਂ ਮਾੜੀਆਂ ਹਰਕਤਾਂ ਤੋਂ ਬਾਜ਼ ਨਾ ਆਈ ਤਾਂ ਆਉਣ ਵਾਲੇ ਦਿਨਾਂ ਵਿੱਚ ਰੇਲ ਅਤੇ ਸੜਕੀ ਆਵਾਜਾਈ ਪੂਰੀ ਤਰ੍ਹਾਂ ਠੱਪ ਕਰ ਦਿੱਤੀ ਜਾਵੇਗੀ।

ਕਿਉਂਕਿ ਹਰਿਆਣਾ-ਪੰਜਾਬ ਦਾ ਕਿਸਾਨ ਕਦੇ ਵੀ ਸਰਕਾਰੀ ਧੱਕੇਸ਼ਾਹੀਆਂ ਅੱਗੇ ਝੁਕਿਆ ਨਹੀਂ ਹੈ ਅਤੇ ਨਾ ਹੀ ਕਦੇ ਝੁਕੇਗਾ। ਇਨ੍ਹਾਂ ਸਾਰੀਆਂ ਕਾਰਵਾਈਆਂ ਦਾ ਨਤੀਜਾ ਆਉਣ ਵਾਲੇ ਸਮੇਂ ਵਿੱਚ ਭੁਗਤਣਾ ਪਵੇਗਾ, ਕਿਉਂਕਿ ਕਿਸਾਨ, ਨੌਜਵਾਨ ਅਤੇ ਮਜ਼ਦੂਰ ਹੁਣ ਆਪਣੇ ਹੱਕਾਂ ਲਈ ਸਵਾਲ ਚੁੱਕ ਰਹੇ ਹਨ ਕਿ ਉਨ੍ਹਾਂ ਨੇ ਨੌਜਵਾਨਾਂ ਕਿਸਾਨ 'ਤੇ ਗੋਲੀਆਂ ਕਿਉਂ ਚਲਾਈਆਂ, ਜਿਸ ਕਾਰਨ ਸਰਕਾਰ ਪੂਰੀ ਤਰ੍ਹਾਂ ਬੌਖਲਾਈ ਹੋਈ ਹੈ ਅਤੇ ਚੋਣਾਂ ਨੂੰ ਭੁੱਲ ਕੇ ਕਿਸਾਨਾਂ-ਮਜ਼ਦੂਰਾਂ 'ਤੇ ਦਮਨ ਕਰਨ ਲੱਗੀ ਪਈ ਹੈ।

# ਕਾਵਿ-ਕਿਆਰੀ

## ‘ਮੈ’



ਨਛੱਤਰ ਸਿੰਘ ਭੋਗਲ
“ਭਾਖੜੀਆਣਾ” (U.K.)

‘ਮੈ’ ਮੇਰੀ ਦੀ ਅਜ਼ਬ ਕਹਾਣੀ
ਮੈਂ-ਮੈਂ ਕਰਦੀ ਰਹਿੰਦੀ,
ਆਪਣੀ ਤੂਤੀ ਰਹੇ ਬੋਲਦੀ
ਹੋਰਾਂ ਦੀ ਨਾ ਸਹਿੰਦੀ।

ਚਾਰ ਜਮਾਤਾਂ ਪੜ੍ਹਕੇ ਵੀ ‘ਮੈ’
ਅਲਫ਼ ਤੋਂ ਬੇ ਨਾ ਜਾਣੇ,
ਆਲਮ-ਫਾਜ਼ਲ ਬਣ-ਬਣ ਬੈਠੇ
ਹੈ ਅਦਬੀ ਕਹਿਲਾਉਂਦੀ।

ਕਹਿੰਦੀ ਮੈਤੋਂ ਕੋਈ ਨਾ ਉੱਚਾ
ਰੱਬ ਨੂੰ ਵੀ ਟਿੱਚ ਜਾਣੇ,
‘ਮੈਂ’ ਹਸਤੀ ਦੀ, ਸ਼ਕਤੀ ਮੂਹਰੇ
ਭੋਰਾ ਕਦਰ ਨਾ ਰਹਿੰਦੀ।

ਆਖੇ ਇਸ਼ਕ ਦੀ ਜ਼ਾਤ ਨਿਕੰਮੀ
ਮਾਣ ਹੁਸਨ ਤੇ ਕਰਦੀ,
ਮੋਰੀ ਦੀ ਇੱਟ ਚਿਣੀ ਚੁਬਾਰੇ
ਬੁਕਤ ਕੋਈ ਨਾ ਰਹਿੰਦੀ।

ਧਰਮ ਫ਼ਲਸਫ਼ਾ ਭੁੱਲ ਚੁੱਕੀ ‘ਮੈਂ’
ਵਹਿਮ-ਭਰਮ ਦੀ ਹਾਨਣ,
ਮਾਲ੍ਹ-ਪੂੜਿਆਂ ਦੀ ਹੈ ਸ਼ੌਕਣ
ਸਾਦਾ ਟੁੱਕ ਠੁਕਰਾਉਂਦੀ।

ਸੱਚ ਬੋਲਣ ਤੋਂ ਕਰੇ ਕਿਨਾਰਾ
ਝੂਠ ਦੇ ਰੰਗ ‘ਚ ਰੰਗੀ,
ਭਲਿਆਂ ਨੂੰ ਹੈ ਟਿੱਚਰਾਂ ਕਰਦੀ
ਸੰਗ ਬੁਰੇ ਦੇ ਬਹਿੰਦੀ।

ਚੰਗੇ ਗੁਣ ‘ਮੈਂ’ ਮੂਲ ਨਾ ਸਿੱਖੇ
ਨਾ ਇਹ ਪੜ੍ਹੇ ਕਿਤਾਬਾਂ
ਅਨਪੜ੍ਹਤਾ ਦਾ ਢੋਏ ਹਨ੍ਹੇਰਾ
ਸਾਇੰਸ ਦੇ ਯੁੱਗ ‘ਚ ਰਹਿੰਦੀ।

ਆਪਣਿਆਂ ਦੇ ਲਹੂ ਨਹਾਵੇ
ਗ਼ੈਰ ਦੀ ਕਰੇ ਖੁਸ਼ਾਮਤ,
ਦਰ-ਦਰ ਰੁਲ੍ਹਣਾ ਚੰਗਾ ਸਮਝੇ
ਵਫ਼ਾ ਰਾਸ ਨਾ ਆਉਂਦੀ।

ਗੌਂ ਨੂੰ ਪੂਰਾ ਕਰਨ ਦੀ ਖ਼ਾਤਰ
ਬਾਪ, ਗਧੇ ਨੂੰ ਆਖੇ,
ਮਤਲਬ ਪੂਰਾ ਕਰਦੇ ਸਾਰ ਹੀ
ਗਧਾ, ਬਾਪ ਨੂੰ ਕਹਿੰਦੀ।

ਗੁਰਬਾਣੀ ਨਾ ਪੜ੍ਹਦੀ-ਸੁਣਦੀ
ਨਾ ਗੁਰੂਆਂ ਦੀ ਮੰਨੇ,
ਪੈਰੋਕਾਰ ‘ਮੈਂ’ ਬਣ ਡੇਰੇ ਦੀ
ਨੱਕ ਰਗੜਦੀ ਰਹਿੰਦੀ।

ਨੱਕ ਤੇ ਮੱਖੀ ਬਹਿਣ ਨਾ ਦੇਵੇ
ਨਾਢੂ ਖਾਂ ਦੀ ਸਾਲ੍ਹੀ,
ਚੱਜ ਦੀ ਪੂਣੀ ਇਕ ਨਾ ਕੱਤੀ
ਬਣ ਪਟਰਾਣੀ ਬਹਿੰਦੀ।

‘ਮੈਂ’ ਨੇਤਾ ਦੇ ਹਾੜ੍ਹੇ ਕੱਢਦੀ
ਤਲ਼ੀਆਂ ਝੱਸਣ ਜੋਗੀ,
ਹੇਰਾ-ਫੇਰੀ, ਧੋਖੇ-ਧੜੀਆਂ
ਘਪਲ਼ੇ ਕਰਦੀ ਰਹਿੰਦੀ।

ਜਾਤ-ਪਾਤ ਦੀ ਹਾਮ੍ਹੀਂ ਭਰਦੀ
ਉਚ-ਨੀਚ ਦੀ ਸਾਥਣ,
ਮੰਨੂਵਾਦ ਦੇ ਢਾਕੇ ਚੜ੍ਹਕੇ
ਰਹੇ ਜ਼ੁਲਮ ‘ਮੈਂ’ ਢਾਹੁੰਦੀ।

‘ਮੈਂ’ ਨੂੰ ਮਿੱਤਰ ਵੈਰੀ ਲੱਗਦੇ
ਦੁਸ਼ਮਣ ਲੱਗਦੇ ਮਿੱਤ,
ਮੁਲਾਹਜ਼ੇ ਦਾਰ ਲਈ ਬਣਦੀ-ਠਣਦੀ
ਲਾ ਤਲ਼ੀਆਂ ਤੇ ਮਹਿੰਦੀ।

‘ਮੈਂ’ ਨੇ ਬਹੁਤੇ ਖਰਚ ਵਧਾ ਲਏ
ਮੁੱਛ ਦਾੜ੍ਹੀ ਤੋਂ ਲੰਮੀ,
ਚਾਦਰ ਵੇਖ ਨਾ ਪੈਰ ਪਸਾਰੇ
ਨਿੱਤ ਕਰਜ਼ਾਈ ਰਹਿੰਦੀ।

‘ਮੈਂ’ ਸਿਰ-ਚੁੰਨੀ ਭਾਰ ਹੋਈ ਹੈ
ਸ਼ਰਮ ਹਯਾ ਨਾ ਕਾਈ,
ਢਾਕਾਂ ਮਾਰ-ਮਾਰ ਕੇ ਤੁਰਦੀ
ਨਾ ਚੜ੍ਹਦੀ ਨਾ ਲਹਿੰਦੀ।

‘ਮੈਂ’ ਹੋਈ ਨਸ਼ਿਆਂ ਦੀ ਆਦੀ
ਭਾੜੇ ਲਾਈ ਦੇਹ,
ਰਿਸ਼ਵਤ ਖੋਰੀ ਦੇ ਆਲਮ ਵਿੱਚ
ਤਨ ਨੂੰ ਵੇਚੀ ਦਿੰਦੀ।

ਅਜੋਕੀ ‘ਮੈਂ’ ਹੋ ਗਈ ਆਲਸੀ
ਬਣ ਬੈਠੀ ਕੰਮ-ਚੋਰੀ,
ਡੱਕਾ ਤੋੜ ਨਾ ਦੋਹਰਾ ਕਰਦੀ
ਮੱਲ ਕੇ ਪੀੜ੍ਹਾ ਬਹਿੰਦੀ।

‘ਮੈਂ’ ਭੋਗਲ ਨੂੰ ਪੁੱਤ ਪਿਆਰੇ
ਧੀਆਂ ਦਿਸਦੀਆਂ ਬਿਖ,
ਸਿਹਰੇ ਬੱਝੇ ਦੇਖਣਾ ਚਾਹੁੰਦੀ
ਕਿੱਕਲੀ ਮੂਲ ਨਾ ਸਹਿੰਦੀ।

## ਜੁਰਮ ਦਾ ਡਰ

ਬੀ ਬੀ ਸੀ ਰੇਡੀਓ ਸ਼ੋਅ ਕਰਕੇ, ਘਰ ਜਾਣ ਲਈ ਜਦੋਂ ਮੈਂ ਉੱਠਿਆ,
ਸਕਿਉਰਿਟੀ ਟੀਮ ਦਾ ਇੱਕ ਬੰਦਾ, ਮੇਰੇ ਕੋਲ਼ ਅਛੋਪਲ਼ੇ ਆ ਢੁਕਿਆ।

ਕਹਿੰਦਾ ਤੇਰੀ ਕੈਮਰੇ ਉੱਤੇ, ਇੰਟਰਵਿਊ ਹੈ ਕੀਤੀ ਜਾਣੀ,
ਕੁੱਛ ਸਵਾਲ ਨੇ ਪੁੱਛੇ ਜਾਣੇਂ, ਰਿਕਾਰਡ ਹੋਵੇਗੀ ਤੇਰੀ ਕਹਾਣੀ।

ਸਵਾਲ ਉੱਠੇ ਕਈ ਤਰ੍ਹਾਂ ਦੇ, ਮੇਰੇ ਮਨ ਵਿੱਚ ਕਿੰਨੇ ਸਾਰੇ,
ਟੈਲੀਕਾਸਟ ਦੀ ਖੁਸ਼ੀ ਦੇ ਵਿੱਚ, ਮਨ ਲੈ ਰਿਹਾ ਸੀ ਖੂਬ ਹੁਲਾਰੇ।

ਮਾਣ ਨਾਲ਼ ਮੇਰਾ ਸੀਨਾ ਫੁੱਲਿਆ, ਮੇਰੇ ਵਿੱਚ ਤਾਂ ਹੈ ਖੂਬੀ ਕੋਈ,
ਮਸ਼ਹੂਰ ਲੋਕਾਂ ਦੀ ਸੂਚੀ ਵਿੱਚ, ਐਵੇਂ ਨਹੀਂ ਮੇਰੀ ਗਿਣਤੀ ਹੋਈ।

ਖੁਸ਼ੀ ਖੁਸ਼ੀ ਮੈਂ ਉੱਠ ਕੇ ਤੁਰਿਆ, ਉਸ ਭੱਦਰ ਪੁਰਸ਼ ਦੇ ਪਿੱਛੇ,
ਜਾ ਪਹੁੰਚਿਆ ਮੈਂ ਵਿੱਚ ਸਟੂਡਿਓ, ਬੇਸ਼ੁਮਾਰ ਜਿੱਥੇ ਕੈਮਰੇ ਡਿੱਠੇ।



ਲਾਈਟਾਂ ਸ਼ਾਈਟਾਂ ਉੱਪਰ ਥੱਲੇ, ਸੱਜੇ ਖੱਬੇ ਅਮਲਾ ਫੈਲਾ,
ਲੱਗਦਾ ਸੀ ਇਸ ਮਹੌਲ ਵਿੱਚ, ਮੈਂ ਹੀ ਸਾਂ ਇੱਕ ਬਾਂਕਾ ਛੈਲਾ।

ਸੋਹਣੇ ਜਿਹੇ ਇੱਕ ਸੋਫੇ ਉੱਤੇ, ਮੈਨੂੰ ਉਨ੍ਹਾਂ ਬਿਠਾ ਲਿਆ ਸੀ,
ਵੱਡਾ ਦਰਵਾਜ਼ਾ ਬੰਦ ਕਰਕੇ, ਅੰਦਰੋਂ ਕੁੰਡਾ ਲਾ ਲਿਆ ਸੀ।

ਉਡੀਕ ਰਿਹਾ ਸੀ ਬੜੀ ਹੀ ਜਲਦੀ, ਕਾਊਂਟ ਡਾਊਨ ਸ਼ੁਰੂ ਹੋਵੇਗਾ,
ਮੇਰੇ ਦੁਆਲ਼ੇ ਘੁੰਮਣਗੇ ਕੈਮਰੇ, ਅੱਗੇ ਪਿੱਛੇ ਕਰਿਊ ਹੋਵੇਗਾ।

ਪਰ ਉਡੀਕ ਦੀਆਂ ਸੁੰਦਰ ਘੜੀਆਂ, ਕਾਫੀ ਲੰਬੀਆਂ ਹੋਣ ਲੱਗ ਪਈਆਂ,
ਦੋ ਕੁ ਘੰਟੇ ਬੀਤਣ ਪਿੱਛੋਂ, ਤਰੇਲੀਆਂ ਮੈਨੂੰ ਆਉਣ ਲੱਗ ਪਈਆਂ।

ਦਾਲ਼ ਵਿੱਚ ਕੁੱਝ ਲੱਗਿਆ ਕਾਲ਼ਾ, ਮੈਨੂੰ ਸ਼ੱਕ ਕੋਈ ਹੋਰ ਹੀ ਪੈ ਗਿਆ,
ਸਕਿਉਰਿਟੀ ਵਾਲ਼ਾ ਕੈਮਰਾਮੈਨ ਦੇ, ਕੰਨ ਵਿੱਚ ਕੋਈ ਗੱਲ ਕਹਿ ਗਿਆ।

ਮੈਂ ਆਪਣੀ ਆਤਮਾ ਨੂੰ ਪੁੱਛਿਆ, ਕੀ ਮੈਂ ਕੋਈ ਜੁਰਮ ਹੈ ਕੀਤਾ?
ਜਾਂ ਮੈਂ ਕਿਸੇ ਦਾ ਦਿਲ ਦੁਖਾਇਆ, ਜਾਂ ਝਗੜਾ ਕਿਸੇ ਨਾਲ਼ ਮੈਂ ਕੀਤਾ?

ਲੱਗਦਾ ਸੀ ਖ਼ਾਸ ਕਿਸੇ ਕਾਰਨ, ਗਿਆ ਸੀ ਇਹ ਜਾਲ਼ ਵਿਛਾਇਆ,
ਕਿਸੇ ਗੁੱਝੇ ਮਕਸਦ ਖਾਤਰ, ਮੈਨੂੰ ਗਿਆ ਸੀ ਚੱਗਾ ਪਾਇਆ।

ਘਾਬਰ ਕੇ ਮੈਂ ਉੱਠ ਖੜੋਤਾ, ਭੱਜਣ ਦੀ ਮੈਂ ਕਰੀ ਤਿਆਰੀ,
ਮੇਰੀ ਪਤਲੀ ਹਾਲਤ ਦੇਖ ਕੇ, ਹੱਸ ਪਈ ਉਹ ਮੰਡਲੀ ਸਾਰੀ।

ਹਾਸੇ ਦੀ ਇਸ ਗੂੰਜ ਵਿੱਚ ਆਖਰ, ਮੇਰੀ ਜਾਨ 'ਚ ਜਾਨ ਫਿਰ ਆਈ,
ਅੱਖਾਂ ਖੁੱਲ੍ਹੀਆਂ ਸੁਪਨਾ ਟੁੱਟਿਆ, ਜੰਜਾਲ਼ ਚੋਂ ਮੇਰੀ ਹੋਈ ਰਿਹਾਈ।

ਨਾ ਉਹ ਚਮਕ ਦਮਕ ਨਾ ਕੈਮਰੇ, ਨਾ ਸਟੂਡਿਓ ਉਹ ਸੋਹਣ ਸੁਨੱਖਾ,
ਮੈਂ ਪਿਆ ਸੀ ਆਪਣੇ ਬੈੱਡ 'ਤੇ, ਸਾਹੋ ਸਾਹੀ ਹੱਕਾ ਬੱਕਾ।

ਸ਼ੁਕਰ ਕੀਤਾ ਮੈਂ ਫੇਰ ਰੱਬ ਦਾ, ਬਚ ਗਿਆ ਕਿਸੇ ਅਣਹੋਣੀ ਤੋਂ,
ਚੰਗਾ ਸੀ ਮੈਂ ਸਧਾਰਨ ਬੰਦਾ, ਚਮਕੀਲੀ ਐਸੀ ਜ਼ਿੰਦਗੀ ਸੋਹਣੀ ਤੋਂ।


ਰਵਿੰਦਰ ਸਿੰਘ ਕੁੰਦਰਾ ਕਵੈਂਟਰੀ ਯੂ ਕੇ



## ਕਨੇਡਾ

ਖੁੱਲਾ ਡੁੱਲਾ ਖਾਲੀ ਖਾਲੀ ਲੱਗੇ ਕਨੇਡਾ,
ਜਿਵੇਂ ਹੁੰਦਾ ਰੋਹੀ ਬੀਆਵਾਨ ਯਾਰੋ!
ਪੰਜਾਬੀਆਂ ਨੇ ਜਾਕੇ ਇੱਥੇ ਬੜੀ ਮਿਹਨਤ ਕੀਤੀ,
ਤਾਹੀਂ ਕਹਿੰਦੇ ਨੇ ਇਹ ਕੌਮ ਬਲਵਾਨ ਯਾਰੋ!
ਔਖੇ ਤੋਂ ਔਖੇ ਕੰਮ ਨੂੰ ਇਹ ਹੱਥ ਪਾਉਂਦੇ,
ਪੂਰੀ ਵਰਤ ਕੇ ਆਪਣੀ ਜਾਨ ਯਾਰੋ!
ਹਰੇਕ ਕੰਮ ਨੂੰ ਜੌਬ ਕਹਿਕੇ ਜਾਣ ਭੱਜੇ,
ਸਰੀਰ ਦਾ ਰੱਖਦੇ ਨਾ ਕਦੇ ਧਿਆਨ ਯਾਰੋ!
ਹੁਣ ਵਿਚ ਸਰਕਾਰ ਦੇ ਲੱਗੇ ਬਣਨ ਮੈਂਬਰ,
ਬਣ ਗਏ ਬੰਦੇ ਕਈ ਮਹਾਨ ਯਾਰੋ!
ਵਧੀਆ ਪੌਣ ਪਾਣੀ ਖਾਣ ਪੀਣ ਸ਼ੁਧ ਮਿਲਦਾ,
ਪਰਦੂਸ਼ਣ ਰਹਿਤ ਵਧੀਆ ਲੱਗੇ ਅਸਮਾਨ ਯਾਰੋ!
ਇੱਥੇ ਸਭ ਪਾਸੇ ਪੰਜਾਬੀ ਨੇ ਤੁਰੇ ਫਿਰਦੇ,
ਫੀਲਿੰਗ ਪੰਜਾਬ ਵਾਲੀ ਲੈਕੇ ਹੋ ਗਿਆ ਹੈਰਾਨ ਯਾਰੋ!
ਮੁੱਲਾਂਪੁਰ ਵਰਗੇ ਅਨਪੜ੍ਹ ਬੰਦੇ ਵੀ ਇੱਥੇ ਮੌਜ ਕਰਦੇ,
ਪਲਟਾਉਣੀ ਪੈਂਦੀ ਨਾ ਹੋਰ ਭਾਸ਼ਾ ਵਿਚ ਜ਼ਬਾਨ ਯਾਰੋ!

ਸੁਖਵਿੰਦਰ ਸਿੰਘ ਮੁੱਲਾਂਪੁਰ



## ਰੁੱਖ ਧਰਤੀ ਦੇ ਗਹਿਣੇ

ਰੁੱਖ ਧਰਤੀ ਦੇ ਗਹਿਣੇ ਨੇ, ਤੇ ਰੁੱਖ ਨੇ ਹਾਰ-ਸ਼ਿੰਗਾਰ।
ਰੁੱਖ ਹੀ ਸਾਡੇ ਭੈਣ-ਭਰਾ, ਤੇ ਰੁੱਖ ਨੇ ਬੇਲੀ ਯਾਰ।

ਸਿਖ਼ਰ ਦੁਪਹਿਰੇ ਵਿੱਚ ਗਰਮੀਆਂ, ਮਿਲਦੀ ਠੰਢੜੀ ਛਾਂ।
ਰੁੱਖਾਂ ਨਾਲ ਹੀ ਜੀਵਨ ਮਿਲਦਾ, ਰੁੱਖ ਹੀ ਕਰਨ ਪਿਆਰ।

ਰੁੱਖ ਦਰਵੇਸ਼ਾਂ ਰਿਸ਼ੀਆਂ ਵਰਗੇ, ਗਰਮੀ-ਸਰਦੀ ਸਹਿੰਦੇ।
ਰੁੱਖਾਂ ਨਾਲ ਹੈ ਸੋਂਹਦੀ ਧਰਤੀ, ਰੁੱਖ ਬਸੰਤ-ਬਹਾਰ।

ਖੁਸ਼ੀ ਗ਼ਮੀ ਤੇ ਹੜ੍ਹ ਸੋਕੇ ਵਿੱਚ, ਰੁੱਖ ਹੀ ਬਣਨ ਸਹਾਰਾ।
ਮਹਿਕੇ ਅੰਦਰ ਬਾਹਰ ਸਾਰਾ, ਰੁੱਖ ਬਣਦੇ ਗੁਲਜ਼ਾਰ।

ਰੁੱਖਾਂ ਨਾਲ ਦੋਸਤੀ ਕਰੀਏ, ਕਦੇ ਨਾ ਫੇਰੋ ਆਰੀ।
ਮਾਰੂਥਲ ਦਾ ਮੰਜ਼ਰ ਤੱਕੋ, ਜ਼ਿੰਦਗੀ ਹੋਏ ਖ਼ੁਆਰ।

ਪ੍ਰਕਿਰਤੀ ਦੀ ਸ਼ੋਭਾ ਰੁੱਖ ਨੇ, ਮੰਗਣ ਅੰਨ ਨਾ ਪਾਣੀ।
ਬਿਨ ਰੁੱਖਾਂ ਤੋਂ ਜੀਵਨ ਫਿੱਕਾ, ਬਦਲੇ ਸਾਡੀ ਨੁਹਾਰ।



ਪ੍ਰੋ. ਨਵ ਸੰਗੀਤ ਸਿੰਘ

# 262 ਧਰਮੀ ਫੌਜੀਆਂ ਨੂੰ ਪੈਨਸ਼ਨ ਸੁਵਿਧਾ ਅਤੇ ਹੋਰ ਸਹੂਲਤਾਂ ਦੁਆਉਣ ਲਈ ਯਤਨਸ਼ੀਲ ਨੇ ਲਾਲਪੁਰਾ

## ✪ ਕਿਹਾ ਕਿ ਸਿੱਖਾਂ ਨੂੰ ਸਭ ਤੋਂ ਵੱਡਾ ਜ਼ਖ਼ਮ ਕਾਂਗਰਸ ਨੇ ਸਿੱਖ ਘਲੂਘਾਰਾ ਜੂਨ 84 ਰਾਹੀਂ ਦਿੱਤਾ

ਰੂਪਨਗਰ-ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਸਿੱਖਾਂ ਦੀਆਂ ਸਾਰੀਆਂ ਸਮੱਸਿਆਵਾਂ ਦੀ ਪਛਾਣ ਕੀਤੀ ਹੈ ਤੇ ਲਗਾਤਾਰ ਇਨ੍ਹਾਂ ਸਮੱਸਿਆਵਾਂ ਦੇ ਸਥਾਈ ਹੱਲ ਲਈ ਯਤਨਸ਼ੀਲ ਹਾਂ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ 40 ਸਾਲਾਂ ਵਿਚ ਸਿੱਖਾਂ ਨੂੰ ਸਭ ਤੋਂ ਵੱਡਾ ਜ਼ਖ਼ਮ ਕਾਂਗਰਸ ਨੇ ਦਿੱਤਾ ਸੀ, ਉਹ ਸਿਖ ਘਲੂਘਾਰਾ ਜੂਨ 84 ਸੀ, ਉਸ ਸਮੇਂ ਦੌਰਾਨ ਜੋ ਬੇਗੁਨਾਹ ਫੜੇ ਗਏ ਜੋਧਪੁਰ ਕੈਦੀ ਹੋਏ, ਉਨ੍ਹਾਂ ਨੂੰ ਬਾਅਦ ਵਿਚ ਬਿਨਾਂ ਮੁਕੱਦਮਾ ਚਲਾਇਆ ਛੱਡਿਆ ਗਿਆ ਅਤੇ ਕੁਝ ਪੀੜਤਾਂ ਨੂੰ ਮੁਆਵਜ਼ਾ ਵੀ ਨਹੀਂ ਦਿੱਤਾ। ਹੁਣ ਉਨ੍ਹਾਂ ਦੀ ਪਛਾਣ ਕਰਕੇ ਅੱਗੇ ਕਾਰਵਾਈ ਅਰੰਭੀ ਗਈ ਹੈ। ਲਾਲਪੁਰਾ ਨੇ ਕਿਹਾ ਕਿ ਇਸ ਦੌਰਾਨ ਹੀ ਧਰਮੀ ਫ਼ੌਜੀਆਂ ਵਜੋਂ ਜਾਣੇ ਸਿੱਖ ਸੂਰਵੀਰਾਂ ਨੂੰ ਪੈਨਸ਼ਨਾਂ ਨਹੀਂ ਲੱਗੀਆਂ ਸਨ, ਉਨ੍ਹਾਂ ਦੇ ਮੁੜ ਵਸੇਬੇ ਅਤੇ ਪੈਨਸ਼ਨ ਲਈ ਕਾਰਵਾਈ ਅਰੰਭੀ ਗਈ ਹੈ।

ਉਨ੍ਹਾਂ ਕਿਹਾ ਕਿ ਕੁੱਲ 6210 ਧਰਮੀ ਫੌਜੀਆਂ ਨੇ ਸਾਕਾ ਨੀਲਾ ਤਾਰਾ ਵੇਲੇ 1984 ਵਿੱਚ ਆਪਣੀਆਂ ਬੈਰਕਾ ਦਰਬਾਰ ਸਾਹਿਬ ਤੇ ਹੋਏ ਹਮਲੇ ਦੇ ਵਿਰੋਧ ਵਿੱਚ ਛੱਡ ਆਏ ਸਨ ਜਿਨ੍ਹਾਂ ਵਿੱਚੋਂ 310 ਧਰਮੀ ਫੌਜੀਆਂ ਨੂੰ ਆਰਮੀ ਵੱਲੋਂ ਕੋਰਟ ਮਾਰਸ਼ਲ ਕਰਕੇ ਸਜਾ ਦੇਕੇ ਫੌਜ ਵਿੱਚੋ ਡਿਸਮਿਸ ਕਰ ਦਿੱਤਾ ਗਿਆ ਸੀ ਅਤੇ ਅਤੇ 5900 ਫੌਜੀਆ ਨੂੰ ਜਿਨ੍ਹਾਂ ਦਾ ਕੋਈ ਵੱਡਾ ਕਸੂਰ ਨਹੀਂ ਸੀ ਉਨਾਂ ਨੂੰ ਫੌਜ ਵਿੱਚ ਵਾਪਿਸ ਰੱਖ ਲਿਆ ਸੀ।

ਉਨ੍ਹਾਂ ਕਿਹਾ ਕਿ ਇਹ ਤੱਥ ਵੀ ਸਾਹਮਣੇ ਆਏ ਕੇ ਜਿਨਾ 310 ਧਰਮੀ ਫੌਜੀਆ ਨੂੰ ਕੋਰਟ ਮਾਰਸ਼ਲ ਕਰਕੇ ਹੋਈ ਪੰਜ ਤੋ ਦਸ ਸਾਲ ਦੀ ਕੈਦ ਵੱਖ ਵੱਖ ਜੇਲਾਂ ਵਿੱਚ ਸਜਾ ਭੁਗਤ ਰਹੇ ਸਨ ਉਨਾਂ ਨੂੰ ਜਨਤਾ ਦਲ ਪਾਰਟੀ ਦੇ ਨਵੇਂ ਬਣੇ ਪ੍ਰਧਾਨ ਮੰਤਰੀ ਵੀਪੀ ਸਿੰਘ ਨੇ ਉਨ੍ਹਾਂ ਨੂੰ ਰਹਿੰਦੀ ਸਜ਼ਾ ਮੁਆਫ ਕਰਕੇ ਜੇਲਾਂ ਵਿੱਚੋ ਰਿਹਾਅ ਕੀਤਾ ਸੀ। ਚੇਅਰਮੈਨ ਲਾਲਪੁਰਾ ਨੇ ਕਿਹਾ ਕਿ ਜਿਹੜੇ ਧਰਮੀ ਫੌਜ਼ੀ ਅੱਜਕਲ੍ਹ ਬਜੁਰਗ ਅਵਸਥਾ ਵਿੱਚ ਹਨ ਇਨਾਂ ਵਿੱਚੋਂ ਵੀ 48 ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ ਅਤੇ ਸਿਰਫ 262 ਧਰਮੀ ਫੌਜੀ ਰਹਿ ਗਏ ਜਿਨਾਂ ਨੂੰ ਸਹੂਲਤਾਂ ਦੁਆਉਣ ਲਈ ਕਾਰਵਾਈ ਅਰੰਭ ਦਿੱਤੀ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ 262 ਧਰਮੀ ਫੌਜੀਆਂ ਵਿੱਚੋ ਅੱਧੇ ਧਰਮੀ ਫੌਜੀ ਅਜਿਹੇ ਹਨ ਜਿਨ੍ਹਾਂ ਨੇ 15 ਸਾਲ ਤੋਂ ਵੱਧ ਫੌਜ ਵਿੱਚ ਸਰਵਿਸ ਖਤਮ ਕਰ ਲਈ ਸੀ ਜਿਸ ਨੂੰ ਖਤਮ ਕਰਨ ਉਪਰੰਤ ਪੈਨਸ਼ਨ ਮਿਲਣੀ ਚਾਹੀਦੀ ਹੈ।



ਚੇਅਰਮੈਨ ਲਾਲਪੁਰਾ ਨੇ ਕਿਹਾ ਕਿ ਮੈਂ ਇਨ੍ਹਾਂ 262 ਧਰਮੀ ਫੌਜੀਆਂ ਨੂੰ ਪੈਨਸ਼ਨ ਸੁਵਿਧਾ ਅਤੇ ਹੋਰ ਸਹੂਲਤਾਂ ਦੁਆਉਣ ਲਈ ਯਤਨਸ਼ੀਲ ਹਾਂ। ਚੇਅਰਮੈਨ ਲਾਲਪੁਰਾ ਨੇ ਕਿਹਾ ਕਿ 1984 ਦੇ ਸਾਰੇ ਕਤਲੇਆਮ ਪੀੜਤਾਂ ਦੇ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਘੱਟ ਗਿਣਤੀ ਕਮਿਸ਼ਨ ਵਚਨਬੱਧ ਹੈ ਅਤੇ ਪੂਰੀ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਵੱਲੋਂ ਪੀੜ੍ਹਤ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਪੂਰੀ ਵਾਹ ਲਗਾਈ ਜਾਵੇਗੀ ਕਿਉਂਕਿ 39 ਸਾਲ ਬੀਤਣ ਤੋਂ ਬਾਅਦ ਵੀ ਸਬੰਧਤ ਪਰਿਵਾਰਾਂ ਨੂੰ ਨਾ ਤਾਂ ਸਰਕਾਰ ਵੱਲੋਂ ਐਲਾਨੀਆਂ ਗਈਆਂ ਸਹੂਲਤਾਂ ਮਿਲੀਆਂ ਹਨ ਅਤੇ ਨਾ ਹੀ ਇਨਸਾਫ਼ ਮਿਲਿਆ ਹੈ।

ਲਾਲਪੁਰਾ ਨੇ ਕਿਹਾ ਕਿ ਅਕਤੂਬਰ 2023 ਵਿਚ, ਕੌਮੀ ਘੱਟ ਗਿਣਤੀ ਕਮਿਸ਼ਨ ਨੇ ਦਿੱਲੀ, ਜੰਮੂ-ਕਸ਼ਮੀਰ ਅਤੇ ਅੱਠ ਹੋਰ ਸੂਬਿਆਂ ਦੇ ਮੁੱਖ ਸਕੱਤਰਾਂ, ਗ੍ਰਹਿ ਸਕੱਤਰਾਂ ਅਤੇ ਘੱਟ ਗਿਣਤੀ ਵਿਭਾਗਾਂ ਦੇ ਸਕੱਤਰਾਂ ਨੂੰ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ ਉਨ੍ਹਾਂ ਦੁਆਰਾ ਕੀਤੀ ਗਈ ਕਾਰਵਾਈ ਬਾਰੇ ਨਿਰਦੇਸ਼ ਦਿੱਤੇ ਸਨ।

ਉਨ੍ਹਾਂ ਕਿਹਾ ਕਿ ਸੂਬਿਆਂ ਨੇ ਕਾਰਵਾਈ ਰਿਪੋਰਟ (ਏਟੀਆਰ) ਦਾਇਰ ਕੀਤੀ ਸੀ, ਪਰ ਕੋਈ ਪਾਲਣਾ ਰਿਪੋਰਟ ਨਹੀਂ ਭੇਜੀ ਗਈ ਅਤੇ ਪਾਲਣਾ ਰਿਪੋਰਟ ਤੋਂ ਬਿਨਾਂ ਏਟੀਆਰ ਦਾਇਰ ਕਰਨ ਦਾ ਕੋਈ ਮਤਲਬ ਨਹੀਂ ਹੈ। ਦਿੱਲੀ ਨਸਲਕੁਸ਼ੀ ਵਿਚ 2,732 ਸਿੱਖ ਮਾਰੇ ਗਏ ਸਨ। ਇਨ੍ਹਾਂ ਵਿਚੋਂ ਹੁਣ ਤੱਕ ਉਨ੍ਹਾਂ ਦੇ ਸਿਰਫ਼ 14 ਰਿਸ਼ਤੇਦਾਰਾਂ ਨੂੰ ਹੀ ਨੌਕਰੀ ਮਿਲੀ ਹੈ।

ਸੂਬਿਆਂ ਨੂੰ ਪੀੜਤਾਂ ਨੂੰ ਮੁਆਵਜ਼ਾ ਅਤੇ ਰਾਹਤ ਦੇਣ ਲਈ ਗ੍ਰਹਿ ਮੰਤਰਾਲੇ ਦੇ 16 ਜਨਵਰੀ, 2006 ਅਤੇ 15 ਦਸੰਬਰ, 2014 ਦੇ ਆਦੇਸ਼ਾਂ ਦੀ ਪਾਲਣਾ ਕਰਨੀ ਪਵੇਗੀ। ਲਾਲਪੁਰਾ ਨੇ ਇਸ ਤੋਂ ਪਹਿਲਾਂ ਸੂਬਿਆਂ ਦੇ ਧਿਆਨ ਵਿਚ ਲਿਆਂਦਾ ਸੀ ਕਿ 1984 ਦੇ ਕਤਲੇਆਮ ਦੇ ਪੀੜਤਾਂ ਦੇ ਕਰੀਬ 22,000 ਪਰਿਵਾਰ ਦੂਜੇ ਸੂਬਿਆਂ ਤੋਂ ਪੰਜਾਬ ਆਏ ਸਨ, ਜੋ ਅਜੇ ਵੀ ਇੱਥੇ ਰਹਿ ਰਹੇ ਹਨ, ਉਨ੍ਹਾਂ ਨੂੰ ਮੁੜ ਵਸੇਬਾ ਗਰਾਂਟ ਵੀ ਦਿੱਤੀ ਜਾਣੀ ਹੈ।

ਗ੍ਰਹਿ ਮੰਤਰਾਲੇ ਨੇ 2006 ਵਿਚ ਪੀੜਤਾਂ ਨੂੰ ਰਾਹਤ ਪ੍ਰਦਾਨ ਕਰਨ ਲਈ ਇੱਕ ਮੁੜ ਵਸੇਬਾ ਪੈਕੇਜ ਪੇਸ਼ ਕੀਤਾ ਸੀ। ਇਸ ਯੋਜਨਾ ਤਹਿਤ ਮੌਤ ਹੋਣ 'ਤੇ 3.5 ਲੱਖ ਰੁਪਏ ਅਤੇ ਜ਼ਖ਼ਮੀ ਹੋਣ 'ਤੇ 1.25 ਲੱਖ ਰੁਪਏ ਦੀ ਐਕਸਗ੍ਰੇਸ਼ੀਆ ਅਦਾਇਗੀ ਦਿੱਤੀ ਜਾਣੀ ਸੀ। ਇਸ ਯੋਜਨਾ ਵਿਚ ਸੂਬਾ ਸਰਕਾਰਾਂ ਲਈ ਮੌਤ ਦੇ ਪੀੜਤਾਂ ਦੀਆਂ ਵਿਧਵਾਵਾਂ ਅਤੇ ਬਜ਼ੁਰਗ ਮਾਪਿਆਂ ਨੂੰ ਜੀਵਨ ਭਰ ਲਈ 2,500 ਰੁਪਏ ਪ੍ਰਤੀ ਮਹੀਨਾ ਦੀ ਇਕਸਾਰ ਦਰ 'ਤੇ ਪੈਨਸ਼ਨ ਦੇਣ ਦਾ ਪ੍ਰਬੰਧ ਵੀ ਸ਼ਾਮਲ ਹੈ।

ਪੈਨਸ਼ਨ ਦੇ ਭੁਗਤਾਨ 'ਤੇ ਖਰਚਾ ਰਾਜ ਸਰਕਾਰਾਂ ਦੁਆਰਾ ਸਹਿਣ ਕੀਤਾ ਜਾਣਾ ਸੀ। ਇਹ ਯੋਜਨਾ 31 ਦਸੰਬਰ, 2014 ਨੂੰ ਖ਼ਤਮ ਹੋ ਗਈ ਸੀ ਅਤੇ ਕੇਂਦਰ ਨੇ 2014 ਵਿੱਚ ਮਿਬਕਾਂ ਦੇ ਵਾਰਸਾਂ ਨੂੰ 5 ਲੱਖ ਰੁਪਏ ਦੇ ਵਧੇ ਹੋਏ ਮੁਆਵਜ਼ੇ ਦੀ ਅਦਾਇਗੀ ਲਈ ਇੱਕ ਹੋਰ ਯੋਜਨਾ ਸ਼ੁਰੂ ਕੀਤੀ।

# ਗੈਂਗਸਟਰ ਮੁਖਤਾਰ ਅੰਸਾਰੀ ਦੀ ਰੋਟੀ ਵਿਚ ਮਿਲਾਇਆ ਸੀ ਜ਼ਹਿਰ ! ਦਿਲ ਦਾ ਦੌਰਾ ਪੈਣ ਨਾਲ ਹੋਈ ਮੌਤ

## ✪ ਦੇਸ਼-ਵਿਦੇਸ਼ ਤਕ ਫੈਲਿਆ ਸੀ ਮੁਖਤਾਰ ਦਾ ਤਸਕਰੀ ਧੰਦਾ

ਬਾਂਦਾ-ਉੱਤਰ ਪ੍ਰਦੇਸ਼ ਦੀ ਬਾਂਦਾ ਜੇਲ੍ਹ ਵਿੱਚ ਬੰਦ ਮੁਖਤਾਰ ਅੰਸਾਰੀ ਦੀ ਵੀਰਵਾਰ ਰਾਤ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮੁਖਤਾਰ ਨੂੰ ਰਾਤ ਦੌਰਾਨ ਉਲਟੀਆਂ ਅਤੇ ਬੇਹੋਸ਼ੀ ਦੀ ਹਾਲਤ ਵਿਚ ਜੇਲ ਤੋਂ ਰਾਣੀ ਦੁਰਗਾਵਤੀ ਮੈਡੀਕਲ ਕਾਲਜ ਲਿਜਾਇਆ ਗਿਆ। 9 ਡਾਕਟਰਾਂ ਨੇ ਉਸ ਦਾ ਇਲਾਜ ਕੀਤਾ, ਪਰ ਉਸ ਨੂੰ ਬਚਾਇਆ ਨਹੀਂ ਜਾ ਸਕਿਆ। ਮੁਖਤਾਰ ਅੰਸਾਰੀ ਦੇ ਭਰਾ ਅਤੇ ਗਾਜ਼ੀਪੁਰ ਤੋਂ ਬਹੁਜਨ ਸਮਾਜ ਪਾਰਟੀ ਦੇ ਸੰਸਦ ਮੈਂਬਰ ਅਫਜ਼ਲ ਅੰਸਾਰੀ ਅਨੁਸਾਰ ਮੁਖਤਾਰ ਨੇ ਉਸ ਨੂੰ ਦੱਸਿਆ ਹੈ ਕਿ ਉਸ ਨੂੰ ਖਾਣੇ ਵਿਚ ਕੋਈ ਜ਼ਹਿਰੀਲਾ ਪਦਾਰਥ ਖੁਆਇਆ ਗਿਆ ਹੈ ਅਤੇ ਅਜਿਹਾ ਦੂਜੀ ਵਾਰ ਹੋਇਆ ਹੈ। ਉਸ ਨੇ ਦੱਸਿਆ ਕਿ ਮੁਖਤਾਰ ਨੇ ਉਸ ਨੂੰ ਦੱਸਿਆ ਕਿ ਉਸ ਨੂੰ ਕਰੀਬ 40 ਦਿਨ ਪਹਿਲਾਂ ਜ਼ਹਿਰ ਦਿੱਤਾ ਗਿਆ ਸੀ ਅਤੇ ਹਾਲ ਹੀ ਵਿਚ ਦੁਬਾਰਾ 19 ਜਾਂ 22 ਮਾਰਚ ਨੂੰ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਉਸ ਦੀ ਹਾਲਤ ਖਰਾਬ ਹੈ।

### ਮੁਖਤਾਰ ਬਦਨਾਮ ਸਮਗਲਰ

ਮੁਖਤਾਰ ਦਾ ਆਰਥਿਕ ਸਾਮਰਾਜ ਵਿਦੇਸ਼ਾਂ ਤੱਕ ਫੈਲਿਆ ਹੋਇਆ ਸੀ। ਉਸਦਾ ਗਿਰੋਹ ਪੈਸਾ ਕਮਾਉਣ ਵਾਲੇ ਹਰ ਕਾਰੋਬਾਰ ਵਿੱਚ ਸ਼ਾਮਲ ਹੁੰਦਾ ਸੀ। ਉਸਦੀ ਵੱਡੀ ਆਮਦਨ ਦਾ ਸਰੋਤ ਮੱਛੀ ਦਾ ਕਾਰੋਬਾਰ ਸੀ, ਜਿਸ ਦੀਆਂ ਜੜ੍ਹਾਂ ਨੇਪਾਲ ਅਤੇ ਬੈਂਕਾਕ ਸਮੇਤ ਦੇਸ਼ ਦੇ ਕਈ ਰਾਜਾਂ ਵਿੱਚ ਫੈਲੀਆਂ ਹੋਈਆਂ ਸਨ ਮੁਖਤਾਰ ਅੰਸਾਰੀ ਗਿਰੋਹ ਨਾਲ ਸਬੰਧਤ ਮੱਛੀ ਵਪਾਰੀਆਂ ਨੇ ਆਂਧਰਾ ਪ੍ਰਦੇਸ਼ ਨੂੰ ਆਪਣੀ ਆਰਥਿਕ ਰਾਜਧਾਨੀ ਬਣਾਇਆ ਹੋਇਆ ਸੀ। ਇੱਥੋਂ ਛਪਰਾ ਅਤੇ ਮੁਜ਼ੱਫਰਨਗਰ ਸਮੇਤ ਬਿਹਾਰ ਦੇ ਕਈ ਜ਼ਿਲ੍ਹਿਆਂ ਵਿੱਚ ਮੱਛੀਆਂ ਦੀ ਸਪਲਾਈ ਕੀਤੀ ਜਾਂਦੀ ਸੀ। ਨਾਲ ਹੀ, ਉਨ੍ਹਾਂ ਦਾ ਸਾਮਰਾਜ ਮਊ, ਗਾਜ਼ੀਪੁਰ, ਆਜ਼ਮਗੜ੍ਹ, ਵਾਰਾਣਸੀ ਸਮੇਤ ਪੂਰੇ ਪੂਰਵਾਂਚਲ ਵਿੱਚ ਫੈਲਿਆ ਹੋਇਆ ਸੀ। ਇਹ ਗਿਰੋਹ ਰੋਜ਼ਾਨਾ 50 ਤੋਂ 100 ਟਰੱਕ ਮੱਛੀਆਂ ਦਾ ਵਪਾਰ ਕਰਦਾ ਸੀ। ਇਹ ਗਿਰੋਹ ਮੱਛੀ ਦੇ ਇੱਕ ਟਰੱਕ ਤੋਂ ਡੇਢ ਤੋਂ ਦੋ ਲੱਖ ਰੁਪਏ ਕਮਾ ਲੈਂਦਾ ਸੀ।



ਮੁਖਤਾਰ ਦੇ ਆਰਥਿਕ ਸਾਮਰਾਜ ਨੂੰ ਤੋੜਨ 'ਚ ਲੱਗੀ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਇਕ ਟਰੱਕ 'ਚ ਕਰੀਬ 20 ਲੱਖ ਰੁਪਏ ਦੀਆਂ ਮੱਛੀਆਂ ਲਿਜਾਈਆਂ ਜਾ ਰਹੀਆਂ ਹਨ। ਮੁਖਤਾਰ ਨੇ ਆਪਣਾ ਕਾਲਾ ਕਾਰੋਬਾਰ ਮੰਡੀ ਦੇ ਠੇਕੇ ਤੋਂ ਸ਼ੁਰੂ ਕੀਤਾ ਸੀ। ਇਸੇ ਸਬੰਧ ਦੌਰਾਨ ਹੀ ਉਸ ਨੇ ਪਹਿਲੀ ਵਾਰ ਕਤਲ ਕੀਤਾ। ਉਸ ਨੇ ਰੇਲਵੇ ਸਕ੍ਰੈਪ ਅਤੇ ਕੋਲੇ ਦੇ ਕਾਰੋਬਾਰ ਵਿਚ ਵੀ ਕਾਫੀ ਪੈਸਾ ਕਮਾਇਆ।

ਇੱਕ ਸਮਾਂ ਸੀ ਜਦੋਂ ਪੂਰਵਾਂਚਲ ਤੋਂ ਪੱਛਮੀ ਯੂਪੀ ਤੱਕ ਰੇਲਵੇ ਸਕ੍ਰੈਪ ਅਤੇ ਕੋਲੇ ਦਾ ਕੋਈ ਠੇਕਾ ਮੁਖਤਾਰ ਦੀ ਸਹਿਮਤੀ ਤੋਂ ਬਿਨਾਂ ਨਹੀਂ ਲਿਆ ਗਿਆ ਸੀ। 1995 ਤੋਂ ਬਾਅਦ ਉਨਾਓ ਦੇ ਐਮਐਲਸੀ ਅਜੀਤ ਸਿੰਘ ਨੇ ਇਸ ਕਾਰੋਬਾਰ ਵਿੱਚ ਦਖ਼ਲ ਦਿੱਤਾ। ਉਸ ਤੋਂ ਚੁਣੌਤੀ ਖਤਮ ਕਰਨ ਲਈ ਮੁਖਤਾਰ ਨੇ ਅਤੀਕ ਅਹਿਮਦ ਨਾਲ ਹੱਥ ਮਿਲਾਇਆ ਸੀ। ਬਦਲੇ 'ਚ ਅਤੀਕ ਨੇ ਪੂਰਵਾਂਚਲ 'ਚ ਵਿਵਾਦਿਤ ਜਾਇਦਾਦਾਂ ਖਰੀਦਣ ਦੇ ਕਾਰੋਬਾਰ 'ਚ ਮੁਖਤਾਰ ਨੂੰ ਐਂਟਰੀ ਦਿੱਤੀ ਸੀ।

ਮੁਖਤਾਰ ਗੈਂਗ ਸਰਕਾਰੀ ਵਿਭਾਗਾਂ ਦੇ ਠੇਕਿਆਂ ਵਿੱਚ ਵੀ ਦਖ਼ਲਅੰਦਾਜ਼ੀ ਕਰਦਾ ਸੀ। ਉਸ ਨੇ ਰੇਸ਼ਮ ਦੀ ਤਸਕਰੀ ਅਤੇ ਮੋਬਾਈਲ ਟਾਵਰ ਦੇ ਰੱਖ-ਰਖਾਅ ਦੇ ਠੇਕਿਆਂ ਤੋਂ ਵੀ ਚੰਗੀ ਕਮਾਈ ਕੀਤੀ। ਉਸ ਦੇ ਸਾਥੀ ਵੀ ਨਸ਼ੇ ਦੇ ਕਾਰੋਬਾਰ ਵਿੱਚ ਸ਼ਾਮਲ ਹੋ ਗਏ। ਇਸ ਤੋਂ ਉਸ ਨੇ ਕਾਫੀ ਪੈਸਾ ਕਮਾਇਆ।

# ਯੂ. ਕੇ. ਵਿਚ ਕੁਝ ਸਕੂਲਾਂ ਵਲੋਂ ਪਾਠਕ੍ਰਮ ਵਿਚ ਸਿੱਖਾਂ ਨੂੰ ਤਾਲਿਬਾਨ ਨਾਲ ਜੋੜਿਆ

## ✪ ਜਥੇਦਾਰ ਅਕਾਲ ਤਖਤ ਨੇ ਕਿਹਾ ਕਿ ਤਾਲਿਬਾਨ ਤੇ ਕੱਟੜਵਾਦੀ ਤਾਕਤਾਂ ਨਾਲ ਸਿੱਖਾਂ ਦਾ ਕੋਈ ਵਾਹ-ਵਾਸਤਾ ਨਹੀਂ

ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਯੂ.ਕੇ. ਵਿਚ ਕੁਝ ਸਕੂਲਾਂ ਦੇ ਧਾਰਮਿਕ ਸਿੱਖਿਆ ਦੇ ਪਾਠਕ੍ਰਮ ਵਿਚ ਤਾਲਿਬਾਨ ਅਤੇ ਕੂ-ਕਲੱਕਸ ਕਲੈਨ ਵਰਗੇ ਕੱਟੜਵਾਦੀ ਸਮੂਹਾਂ ਦੇ ਨਾਲ ਸਿੱਖੀ ਸਰੂਪ ਵਾਲਿਆਂ ਤਸਵੀਰਾਂ ਲਾਏ ਜਾਣ ਦੀ ਘਟਨਾ ਦਾ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਆਖਿਆ ਕਿ ਸਿੱਖ 'ਸਰਬੱਤ ਦਾ ਭਲਾ' ਮੰਗਣ ਵਾਲੀ ਪੂਰੀ ਦੁਨੀਆ ਤੋਂ ਵੱਖਰੀ ਅਤੇ ਨਿਆਰੀ ਕੌਮ ਹਨ ਅਤੇ ਤਾਲਿਬਾਨ ਅਤੇ ਕੂ ਕਲੱਕਸ ਕਲੈਨ ਵਰਗੀਆਂ ਕੱਟੜਵਾਦੀ ਤਾਕਤਾਂ ਦੇ ਨਾਲ ਸਿੱਖਾਂ ਦਾ ਦੂਰ-ਦੂਰ ਤੱਕ ਵੀ ਕੋਈ ਵਾਸਤਾ ਨਹੀਂ ਹੈ।



ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਕੀਤੇ ਬਿਆਨ ਵਿਚ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਯੂ.ਕੇ. ਦੇ ਸਕੂਲਾਂ ਦੇ ਪਾਠਕ੍ਰਮ ਵਿਚ ਸਿੱਖੀ ਸਰੂਪ ਨੂੰ ਤਾਲਿਬਾਨ ਦੇ ਨਾਲ ਜੋੜ ਕੇ ਵਿਖਾਏ ਜਾਣ ਨਾਲ ਸਿੱਖ ਕੌਮ ਦੀਆਂ ਭਾਵਨਾਵਾਂ ਬੁਰੀ ਤਰ੍ਹਾਂ ਵਲੂੰਧਰੀਆਂ ਗਈਆਂ ਹਨ। ਉਨ੍ਹਾਂ ਆਖਿਆ ਕਿ ਬੇਸ਼ੱਕ ਯੂ.ਕੇ. ਦੇ ਸਿੱਖਾਂ ਵਲੋਂ ਵਿਰੋਧ ਜਤਾਏ ਜਾਣ ਤੋਂ ਬਾਅਦ 'ਓਏਸਿਸ ਕਮਿਊਨਿਟੀ ਲਰਨਿੰਗ ਮਲਟੀ ਅਕੈਡਮੀ ਟਰੱਸਟ' ਵਲੋਂ ਆਪਣੀ ਗਲਤੀ ਲਈ ਮਾਫ਼ੀ ਮੰਗਦਿਆਂ ਇਤਰਾਜ਼ਯੋਗ ਤਰੀਕੇ ਨਾਲ ਲਾਈ ਤਸਵੀਰ ਨੂੰ ਹਟਾਉਣ ਦਾ ਦਾਅਵਾ ਕੀਤਾ ਗਿਆ ਹੈ

ਪਰ ਕਿਸੇ ਭੁਲੇਖੇ ਜਾਂ ਗ਼ਲਤੀ ਨਾਲ ਵੀ ਕਿਸੇ ਸਿੱਖ ਦੀ ਤਸਵੀਰ ਨੂੰ ਉਨ੍ਹਾਂ ਸਮੂਹਾਂ ਦੇ ਨਾਲ ਦਿਖਾਇਆ ਜਾਣਾ, ਜਿਨ੍ਹਾਂ ਨੂੰ ਅਤਿਵਾਦ ਅਤੇ ਕਤਲੇਆਮ ਵਰਗੇ ਵਰਤਾਰਿਆਂ ਵਜੋਂ ਪ੍ਰਭਾਸ਼ਿਤ ਕੀਤਾ ਜਾਂਦਾ ਹੈ, ਸਿਰਫ ਬੇਬੁਨਿਆਦ ਕਾਰਵਾਈ ਹੀ ਨਹੀਂ, ਬਲਕਿ ਇਹ ਸਿੱਖ ਵਿਰੋਧੀ ਕੱਟੜਤਾ ਦਾ ਖ਼ਤਰਨਾਕ ਰੂਪ ਹੈ, ਜੋ ਵਿਸ਼ਵ-ਵਿਆਪੀ ਸਿੱਖ ਕੌਮ ਦੇ ਭਵਿੱਖ 'ਤੇ ਦੂਰਗਾਮੀ ਮਾੜੇ ਪ੍ਰਭਾਵ ਪਾਉਂਦੀ ਹੈ।

ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਵੀ ਆਦੇਸ਼ ਕੀਤਾ ਹੈ ਕਿ ਉਹ ਭਾਰਤ ਸਥਿਤ ਯੂ.ਕੇ. ਦੂਤਾਵਾਸ ਅਤੇ ਭਾਰਤੀ ਵਿਦੇਸ਼ ਮੰਤਰਾਲੇ ਰਾਹੀਂ ਯੂ.ਕੇ. ਸਰਕਾਰ ਨਾਲ ਸੰਪਰਕ ਕਰਕੇ ਉਸ ਤੱਕ ਸਿੱਖ ਭਾਵਨਾਵਾਂ ਪਹੁੰਚਾਵੇ ਤਾਂ ਜੋ ਭਵਿੱਖ ਵਿਚ ਕਿਸੇ ਵੀ ਰੂਪ ਵਿਚ ਸਿੱਖਾਂ ਨੂੰ ਕਿਸੇ ਵੀ ਇਹੋ ਜਿਹੀ ਕਾਰਵਾਈ ਦੇ ਨਾਲ ਨਾ ਜੋੜਿਆ ਜਾਵੇ, ਜਿਸ ਦੇ ਨਾਲ ਸਿੱਖਾਂ ਦੇ ਜੀਣ-ਥੀਣ, ਉਨ੍ਹਾਂ ਦੇ ਰਹਿਣ-ਸਹਿਣ ਅਤੇ ਵਿਚਾਰਧਾਰਾ ਪ੍ਰਤੀ ਵੱਡੇ ਭੁਲੇਖੇ ਖੜ੍ਹੇ ਹੋਣ ਦਾ ਖ਼ਦਸ਼ਾ ਪੈਦਾ ਹੁੰਦਾ ਹੋਵੇ।

# ਕੌਮਾਂਤਰੀ ਪਹਿਲਵਾਨ ਕਰਤਾਰ ਸਿੰਘ ਜਾਨਲੇਵਾ ਹਮਲੇ ਦੌਰਾਨ ਜ਼ਖ਼ਮੀ

## ✪ 40 ਤੋਂ ਵੱਧ ਵਿਅਕਤੀਆਂ ਨੇ ਕੀਤਾ ਹਮਲਾ

ਤਰਨ ਤਾਰਨ-ਤਰਨ ਤਾਰਨ ਦੇ ਕਸਬਾ ਭਿੱਖੀਵਿੰਡ ਵਿਖੇ ਸਾਬਕਾ ਆਈ.ਜੀ. ਤੇ ਕੌਮਾਂਤਰੀ ਪਹਿਲਵਾਨ ਕਰਤਾਰ ਸਿੰਘ 'ਤੇ 40 ਤੋਂ ਵੱਧ ਵਿਅਕਤੀਆਂ ਨੇ ਜਾਨਲੇਵਾ ਹਮਲਾ ਕੀਤਾ, ਜਿਸ ਵਿਚ ਕਰਤਾਰ ਸਿੰਘ ਸਮੇਤ ਉਨ੍ਹਾਂ ਦੇ ਚਾਰ ਸਾਥੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਤਰਨ ਤਾਰਨ ਦੇ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ। ਇਹ ਹਮਲਾ ਉਸ ਸਮੇਂ ਹੋਇਆ ਜਦੋਂ ਉਹ ਬਾਬਾ ਦੀਪ ਸਿੰਘ ਦੇ ਜਨਮ ਅਸਥਾਨ ਗੁਰਦੁਆਰਾ ਪਹੁਵਿੰਡ ਸਾਹਿਬ ਵਿਖੇ ਹੋ ਰਹੇ ਕੁਸ਼ਤੀ ਮੁਕਾਬਲਿਆਂ ਵਿਚ ਸ਼ਾਮਿਲ ਹੋਣ ਲਈ ਜਾ ਰਹੇ ਸਨ। ਸਿਵਲ ਹਸਪਤਾਲ ਤਰਨ ਤਾਰਨ ਵਿਖੇ ਦਾਖਲ ਕਰਤਾਰ ਸਿੰਘ ਨੇ ਦੱਸਿਆ ਕਿ ਉਹ ਆਪਣੇ ਸਾਥੀਆਂ ਅਵਤਾਰ ਸਿੰਘ ਭਿੱਖੀਵਿੰਡ, ਮੇਹਰ ਸਿੰਘ ਪਹਿਲਵਾਨ ਸੁਰਸਿੰਘ, ਬਲਜੀਤ ਸਿੰਘ ਰਾਮਪੁਰ ਤੇ ਜਸਵਿੰਦਰ ਸਿੰਘ ਸਿੱਧਵਾਂ ਨਾਲ ਪਹੁਵਿੰਡ ਵਿਖੇ ਹੋ ਰਹੇ ਛਿੰਝ ਮੁਕਾਬਲਿਆਂ ਵਿਚ ਸ਼ਾਮਿਲ ਹੋਣ ਲਈ ਜਾ ਰਹੇ ਸਨ। ਰਸਤੇ ਵਿਚ ਭਿੱਖੀਵਿੰਡ ਵਿਖੇ ਉਹ ਆਪਣੇ ਭਣੇਵੇਂ ਹਰਦੀਪ ਸਿੰਘ, ਜੋ ਕਿ ਇਸ ਸਮੇਂ ਵਿਦੇਸ਼ ਵਿਚ ਗਿਆ ਹੋਇਆ ਹੈ, ਦੀ ਆੜ੍ਹਤ 'ਤੇ ਰੁਕੇ। ਇਸੇ ਦੌਰਾਨ ਆੜ੍ਹਤੀ ਐਸੋਸੀਏਸ਼ਨ ਭਿੱਖੀਵਿੰਡ ਦੇ ਪ੍ਰਧਾਨ ਕਾਰਜ ਸਿੰਘ ਵਾਸੀ ਡਲੀਰੀ ਆਪਣੇ ਨਾਲ 40 ਤੋਂ ਵੱਧ ਹਥਿਆਰਬੰਦ ਵਿਅਕਤੀਆਂ ਨੂੰ ਨਾਲ ਲੈ ਕੇ ਉਥੇ ਪਹੁੰਚ ਗਿਆ ਤੇ ਉਨ੍ਹਾਂ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਉਨ੍ਹਾਂ



ਸਮੇਤ ਉਨ੍ਹਾਂ ਦੇ ਚਾਰੇ ਸਾਥੀਆਂ ਦੇ ਗੰਭੀਰ ਸੱਟਾਂ ਲੱਗੀਆਂ। ਇਸ ਸਬੰਧੀ ਪਹਿਲਵਾਨ ਮੇਹਰ ਸਿੰਘ ਨੇ ਦੱਸਿਆ ਕਿ ਜਿਸ ਜਗ੍ਹਾ 'ਤੇ ਉਨ੍ਹਾਂ ਉਪਰ ਹਮਲਾ ਹੋਇਆ, ਉਹ ਜਗ੍ਹਾ ਪਹਿਲਵਾਨ ਕਰਤਾਰ ਸਿੰਘ ਦੇ ਭਣੇਵੇਂ ਹਰਦੀਪ ਸਿੰਘ ਦੀ ਹੈ ਤੇ ਕਾਰਜ ਸਿੰਘ ਨੇ ਉਨ੍ਹਾਂ ਪਾਸੋਂ ਇਹ ਜਗ੍ਹਾ ਝੋਨੇ ਦੇ ਸੀਜ਼ਨ ਲਈ ਝੋਨਾ ਰੱਖਣ ਸੰਬੰਧੀ ਲਈ ਸੀ।

ਪੰਜਾਬੀ ਟਾਈਮਜ਼ ਦਾ ਮੰਨਣਾ ਹੈ ਕਿ ਜੇਕਰ ਪਹਿਲਵਾਨ ਕਰਤਾਰ ਸਿੰਘ ਵਰਗੇ ਲੋਕ ਹੀ ਆਪ ਸਰਕਾਰ ਦੇ ਰਾਜ ਦੌਰਾਨ ਸੁਰੱਖਿਅਤ ਨਹੀਂ ਹਨ ਤਾਂ ਆਮ ਲੋਕਾਂ ਦਾ ਕੀ ਬਣੇਗਾ ?

# ਯੂ ਕੇ ਵਿੱਚ "1984 ਸਿੱਖ ਨਸਲਕੁਸ਼ੀ" ਨੂੰ ਲੈ ਕੇ "ਸੰਸਦੀ ਈ ਪਟੀਸ਼ਨ" ਦਾਇਰ





ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ 1984 ਸਿੱਖ ਨਸਲਕੁਸ਼ੀ ਨੂੰ ਲੈ ਕੇ "ਸੰਸਦੀ ਈ ਪਟੀਸ਼ਨ" ਦਾਇਰ ਕੀਤੀ ਗਈ ਹੈ, ਜਿਸ 'ਤੇ ਹੁਣ ਤੱਕ 3200 ਤੋਂ ਵੱਧ ਲੋਕ ਦਸਤਖ਼ਤ ਕਰ ਚੁੱਕੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਦਬਿੰਦਰਜੀਤ ਸਿੰਘ ਨੇ ਦੱਸਿਆ ਕਿ ਇਹ ਪਟੀਸ਼ਨ ਫਰਵਰੀ ਵਿੱਚ ਦਾਇਰ ਕੀਤੀ ਗਈ ਸੀ, ਜਿਸ ਨੂੰ ਬਾਅਦ ਵਿੱਚ ਸਬੰਧਿਤ ਵਿਭਾਗ ਨਾਲ ਚਿੱਠੀ ਪੱਤਰ ਹੋਣ ਤੋਂ ਬਾਅਦ ਜਨਤਕ ਕੀਤਾ ਗਿਆ। ਉਹਨਾਂ ਦੱਸਿਆ ਕਿ ਸਬੰਧਿਤ ਵਿਭਾਗ ਵੱਲੋਂ ਮੰਨਿਆ ਜਾ ਰਿਹਾ ਸੀ ਕਿ ਅਜੇਹਾ ਕਰਨਾ ਭਾਰਤ ਨੂੰ ਨਿਸ਼ਾਨਾ ਬਣਾਉਣਾ ਹੈ। ਜਦ ਬਾਅਦ ਵਿੱਚ ਦੱਸਿਆ ਗਿਆ ਕਿ ਭਾਰਤ ਦੇ ਸੀਨੀਅਰ ਨੇਤਾ ਅਤੇ ਅਦਾਲਤਾਂ ਵੀ ਇਸ ਨੂੰ ਸਿੱਖਾਂ ਦੀ ਨਸਲਕੁਸ਼ੀ ਮੰਨ ਚੁੱਕੀਆਂ ਹਨ। ਜਿਸ ਤੋਂ ਬਾਅਦ ਹੀ ਇਸ ਨੂੰ ਜਨਤਕ ਕੀਤਾ ਗਿਆ। ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਸਾਕਾ ਨੀਲਾ ਤਾਰਾ ਘੱਲੂਘਾਰਾ ਅਤੇ ਨਵੰਬਰ 1984 ਸਿੱਖ ਨਸਲਕੁਸ਼ੀ ਨੂੰ ਸਿੱਖ ਕਦੇ ਵੀ ਭੁੱਲ ਨਹੀਂ ਸਕਦੇ। ਇਸ ਘਟਨਾਂਕ੍ਰਮ ਬਾਰੇ ਹਮੇਸ਼ਾਂ ਗੱਲ ਹੁੰਦੀ ਰਹੇਗੀ। ਉਹਨਾਂ ਦੱਸਿਆ ਕਿ ਇਸ ਪਟੀਸ਼ਨ ਤੇ ਜੇ 1 ਲੱਖ ਦਸਤਖ਼ਤ ਹੋ ਜਾਂਦੇ ਹਨ ਤਾਂ ਇਸ ਬਾਰੇ ਬਰਤਾਨਵੀ ਸੰਸਦ ਵਿੱਚ ਬਹਿਸ ਕਰਵਾਉਣ ਦਾ ਰਾਹ ਖੁੱਲ੍ਹ ਜਾਵੇਗਾ। ਸਿੱਖ ਫੈਡਰੇਸ਼ਨ ਨੇ ਅਪੀਲ ਕੀਤੀ ਕਿ ਆ ਰਹੇ ਵਿਸਾਖੀ ਸਮਾਗਮਾਂ ਮੌਕੇ ਵੱਡੇ ਇਕੱਠ ਹੋਣਗੇ ਅਤੇ ਵੱਧ ਤੋਂ ਵੱਧ ਸੰਗਤਾਂ ਨੂੰ ਇਸ ਪਟੀਸ਼ਨ ਤੇ ਦਸਤਖ਼ਤ ਕਰਨ ਲਈ ਪ੍ਰੇਰਿਆ ਜਾਵੇਗਾ। ਉਹਨਾਂ ਦੱਸਿਆ ਕਿ ਬਰਤਾਨੀਆਂ 650 ਸੰਸਦੀ ਹਲਕਿਆਂ ਵਿੱਚੋਂ ਹੁਣ ਤੱਕ 350 ਤੋਂ ਵੱਧ ਸੰਸਦੀ ਹਲਕਿਆਂ ਵਿੱਚੋਂ ਦਸਤਖ਼ਤ ਹੋ ਚੁੱਕੇ ਹਨ ਅਤੇ ਸਭ ਤੋਂ ਵੱਧ ਦਸਤਖ਼ਤ ਐਮ ਪੀ ਤਨਮਨਜੀਤ ਸਿੰਘ ਢੇਸੀ ਦੇ ਹਲਕੇ ਸਲੋਹ ਤੋਂ ਹੋਏ ਹਨ।

# ਸ਼ਰਾਬੀ ਸਿਪਾਹੀ ਨੇ ਥਾਣੇਦਾਰ ਦੀ ਵਰਦੀ ਪਾੜੀ, ਮਾਮਲਾ ਦਰਜ


ਹੁਸ਼ਿਆਰਪੁਰ-ਥਾਣਾ ਮਾਡਲ ਟਾਊਨ ਦੀ ਪੁਲਿਸ ਨੇ ਇਕ ਅਜਿਹੇ ਸ਼ਰਾਬੀ ਸਿਪਾਹੀ ਤੇ ਉਸ ਦੇ ਸਾਥੀ ਵਿਰੁੱਧ ਮਾਮਲਾ ਦਰਜ ਕੀਤਾ ਹੈ ਜਿਸ ਨੇ ਲੋਕਾਂ ਵੱਲੋਂ ਮਿਲੀ ਸ਼ਿਕਾਇਤ 'ਤੇ ਪਹੁੰਚੇ ਥਾਣੇਦਾਰ ਦੀ ਵਰਦੀ ਪਾੜ ਦਿੱਤੀ ਤੇ ਦੂਜੇ ਸਾਥੀ ਨੇ ਥਾਣੇਦਾਰ ਨਾਲ ਗਾਲੀ ਗਲੋਚ ਕੀਤਾ। ਐੱਲਆਰ ਥਾਣੇਦਾਰ ਸੁਖਦੇਵ ਸਿੰਘ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਹ ਪੀਸੀਆਰ ਮੋਬਾਈਲ ਵਿਚ ਤਾਇਨਾਤ ਹੈ। ਬੀਤੇ ਦਿਨੀਂ ਉਹ ਆਪਣੇ ਸਾਥੀ ਐੱਲਆਰ ਥਾਣੇਦਾਰ ਸੁਖਵਿੰਦਰ ਸਿੰਘ ਨਾਲ ਡਿਊਟੀ 'ਤੇ ਸੀ ਤਾਂ ਕੰਟਰੋਲ ਰੂਮ ਤੋਂ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਬੱਸ ਸਟੈਂਡ ਨਜ਼ਦੀਕ ਇਕ ਵਿਅਕਤੀ ਸ਼ਰਾਬ ਦੇ ਨਸ਼ੇ ਵਿਚ ਖਰੂਦ ਪਾ ਰਿਹਾ ਹੈ ਤੇ ਲੋਕਾਂ ਨਾਲ ਝਗੜਾ ਕਰ ਰਿਹਾ ਹੈ। ਜਦੋਂ ਉਨ੍ਹਾਂ ਮੌਕੇ 'ਤੇ ਜਾ ਕੇ ਦੇਖਿਆ ਤਾਂ ਬਿਨਾਂ ਵਰਦੀ ਦੇ ਉਨ੍ਹਾਂ ਦੇ ਵਿਭਾਗ ਦਾ ਇਕ ਸਾਥੀ ਸਿਪਾਹੀ ਜਸਵੀਰ ਸਿੰਘ ਜਿਸ ਨੂੰ ਵਿਭਾਗ ਵਿਚ ਹੋਣ ਕਾਰਨ ਪਹਿਲਾਂ ਤੋਂ ਹੀ ਜਾਣਦਾ ਸੀ, ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਗਾਲੀ ਗਲੋਚ ਕਰਨ ਅਤੇ ਉਨ੍ਹਾਂ ਨਾਲ ਹੱਥੋ ਪਾਈ ਹੋਣ ਲੱਗ ਪਿਆ। ਉਸ ਦੇ ਨਾਲ ਇਕ ਹੋਰ ਸਾਥੀ ਸੰਦੀਪ ਕੁਮਾਰ ਨੇ ਵੀ ਹੱਥੋ ਪਾਈ ਕਰਨੀ ਸ਼ੁਰੂ ਕਰ ਕੇ ਉਸ ਦੀ ਵਰਦੀ ਪਾੜ ਦਿੱਤੀ ਤੇ ਪਹਿਨੀ ਹੋਈ ਵਰਦੀ ਵਾਲੀ ਕਮੀਜ਼ ਦੇ ਦੋ ਬਟਨ ਤੋੜ ਦਿੱਤੇ।

ਪੁਲਿਸ ਨੇ ਮੁੱਖ ਸਿਪਾਹੀ ਜਸਵੀਰ ਸਿੰਘ ਤੇ ਉਸ ਦੇ ਸਾਥੀ ਸੰਦੀਪ ਕੁਮਾਰ ਵਿਰੁੱਧ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



**ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ**

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

Respectable Jatt Sikh family seek a suitable match for their canadian Born and British citizen son. He is 31 years old, 5'11" tall, education Bsc Mathematics and runs his own Business, Girl should be from UK Jatt Sikh family. Work Permit Holder considerable. Please contact UK Times between 8am to 8pm on Mobile: 07723 369240 or reply to ref. 881 (3025)

Respectable jat sikh family seeks suitable match for their 40 yr beautiful daughter who has never been married. She's 5'5" and has LLB, LLM from Panjab university, Chandigarh. Presently doing a professional law course in London. Looking for a professionally qualified and settled boy from a good family. For further details please reply to ref. 880 (3020)

UK born Jatt Sikh boy aged 28 years old, height 5ft 8' working professional in IT. He is well versed in both cultures, sincere, caring with a good sense of humour. He does not drink and is a non smoker. He has short hair and is clean shaven. Ideal match should be UK born educated Jatt Sikh girl of similar age from the Midlands. Please reply with a recent photo and details to email: kiran_kaur32@outlook.com or Tel: 07896 927339. (3024)

Respectable Ramgarhia Sikh family seeking a suitable match for their British born son, degree holder in computer science, working. 39 years old, 6' tall, wears a turban and vegetarian. Girl should be vegetarian, born in the UK and degree holder. For more information contact 07505 127926. for further details or reply to ref. 879 (3020)

Respectable Jat Sikh Family seeks a suitable match for their beautiful 44 year old daughter. She has a Masters Degree and is employed by a large organisation in a professional role, in the midland area. She is 5'6", sincere, caring. Ideal match should be british born, clean shaven and working in a graduate role. Please call 07931 577645 or email tsj@mail.com for further details or reply to ref. 874 (3018)

## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85

# ਪੰਜਾਬੀ ਗਾਇਕ ਸਾਹਿਲ ਦੇ ਘਰ ਦੇ ਬਾਹਰ ਹੋਈ ਫਾਇਰਿੰਗ, ਕੰਪਨੀ ਉਪਰ ਲਗਾਏ ਦੋਸ਼



ਜਲੰਧਰ-ਬੀਤੀ ਰਾਤ ਬੂਟਾ ਮੰਡੀ ਇਲਾਕੇ ਦੇ ਰਹਿਣ ਵਾਲੇ ਪੰਜਾਬੀ ਗਾਇਕ ਸਾਹਿਲ ਦੇ ਘਰ 'ਤੇ ਗੋਲੀਆਂ ਚਲਾਈਆਂ ਗਈਆਂ। ਦੱਸਿਆ ਜਾ ਰਿਹਾ ਹੈ ਕਿ ਸਾਹਿਲ, ਜਿਸ ਮਿਊਜ਼ਿਕ ਕੰਪਨੀ ਵਿਚ ਕੰਮ ਕਰਦਾ ਸੀ, ਦੇ ਵਰਕਰਾਂ 'ਤੇ ਗੋਲੀਆਂ ਚਲਾਉਣ ਦਾ ਦੋਸ਼ ਲਾਇਆ ਜਾ ਰਿਹਾ ਹੈ। ਫਿਲਹਾਲ ਪੁਲਸ ਨੇ ਮਾਮਲੇ ਦੀ ਸ਼ਿਕਾਇਤ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੁਲਸ ਨੂੰ ਦਿੱਤੇ ਬਿਆਨਾਂ 'ਚ ਗਾਇਕ ਸਾਹਿਲ ਨੇ ਦੱਸਿਆ ਕਿ ਬੀਤੀ ਰਾਤ ਉਹ ਘਰੋਂ ਬਾਹਰ ਸੀ ਤੇ ਉਸ ਦੇ ਪਰਿਵਾਰਕ ਮੈਂਬਰ ਗੁਆਂਢ ਵਿਚ ਕਿਸੇ ਵਿਆਹ ਸਮਾਗਮ 'ਚ ਗਏ ਹੋਏ ਸਨ, ਜਿੱਥੇ ਰਾਤ ਕਰੀਬ 12 ਵਜੇ ਕੁਝ ਨੌਜਵਾਨ ਬਾਹਰੋਂ ਆਏ ਤੇ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ, ਜਿਸ ਦਾ ਗੁਆਂਢੀਆਂ ਨੂੰ ਸਵੇਰੇ ਪਤਾ ਲੱਗਾ। ਉਸ ਨੇ ਪੁਲਸ ਨੂੰ ਦੱਸਿਆ ਕਿ ਜਿਸ ਮਿਊਜ਼ਿਕ ਕੰਪਨੀ ਵਿਚ ਉਹ ਕੰਮ ਕਰਦਾ ਸੀ, ਉਹ ਉਸ 'ਤੇ ਦਬਾਅ ਪਾ ਰਹੀ ਸੀ ਕਿ ਉਹ ਉਨ੍ਹਾਂ ਦੀ ਕੰਪਨੀ ਨਾ ਛੱਡੇ ਤੇ ਇਕਰਾਰਨਾਮਾ ਪੂਰਾ ਹੋਣ ਤੋਂ ਬਾਅਦ ਵੀ ਕੰਮ ਕਰੇ, ਜਿਸ ਕਾਰਨ ਉਨ੍ਹਾਂ ਵੱਲੋਂ ਗੋਲੀਆਂ ਚਲਾਈਆਂ ਗਈਆਂ।

ਉਧਰ ਪੁਲਸ ਮਾਮਲੇ ਸਬੰਧੀ ਥਾਣਾ ਨੰ. 6 ਦੇ ਐੱਸ. ਐੱਚ. ਓ. ਨੇ ਬਿਆਨ ਦਰਜ ਕਰ ਲਏ ਹਨ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਸਾਰੀ ਜਾਂਚ ਕੀਤੀ। ਅਜੇ ਤੱਕ ਕੋਈ ਖੋਲ ਬਰਾਮਦ ਨਹੀਂ ਹੋਇਆ ਹੈ। ਜਾਂਚ ਪੂਰੀ ਹੋਣ ਤੋਂ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ।

# ਸ਼ਿਵ ਸੈਨਾ ਆਗੂ ਦੇ ਪੁੱਤਰ 'ਤੇ ਹਮਲਾ

## ✪ ਦਫ਼ਤਰ ਨੇੜੇ ਅਣਪਛਾਤੇ ਨੌਜਵਾਨਾਂ ਵਲੋਂ ਗਿੱਦੜ ਕੁੱਟ



ਜਲੰਧਰ-ਪੰਜਾਬ ਦੇ ਜਲੰਧਰ ਵਿਚ ਸ਼ਹਿਰ ਦੇ ਬੱਸ ਸਟੈਂਡ ਨੇੜੇ ਸ਼ਿਵ ਸੈਨਾ ਆਗੂ ਦੇ ਪੁੱਤਰ 'ਤੇ ਕੁਝ ਹਮਲਾਵਰਾਂ ਨੇ ਜਾਨਲੇਵਾ ਹਮਲਾ ਕਰ ਦਿੱਤਾ। ਇਹ ਘਟਨਾ ਸ਼ਰਾਬ ਦੇ ਠੇਕੇ ਨੇੜੇ ਵਾਪਰੀ। ਘਟਨਾ ਤੋਂ ਬਾਅਦ ਸਾਰੇ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਏ, ਜਿਸ ਕਾਰਨ ਪਰਿਵਾਰ ਵਾਲਿਆਂ ਨੇ ਪੁੱਤਰ ਨੂੰ ਇਲਾਜ ਲਈ ਦੇਰ ਰਾਤ ਸਿਵਲ ਹਸਪਤਾਲ ਜਲੰਧਰ ਵਿਖੇ ਦਾਖਲ ਕਰਵਾਇਆ। ਇਸ ਦੇ ਨਾਲ ਹੀ ਘਟਨਾ ਦੀ ਸੂਚਨਾ ਥਾਣਾ ਡਵੀਜ਼ਨ ਨੰਬਰ 6 (ਮਾਡਲ ਟਾਊਨ ਥਾਣਾ) ਦੀ ਪੁਲਿਸ ਨੂੰ ਵੀ ਦਿੱਤੀ ਗਈ।

ਸ਼ਿਵ ਸੈਨਾ ਸਮਾਜਵਾਦੀ ਦੇ ਪੰਜਾਬ ਉਪ ਇੰਚਾਰਜ ਰਾਜ ਕੁਮਾਰ ਅਰੋੜਾ ਨੇ ਦੱਸਿਆ ਕਿ ਉਨ੍ਹਾਂ ਦਾ ਦਫ਼ਤਰ ਬੱਸ ਸਟੈਂਡ ਦੇ ਕੋਲ ਹੈ। ਦੇਰ ਰਾਤ ਉਸ ਦਾ ਲੜਕਾ ਆਪਣੇ ਦੋਸਤ ਸਮੇਤ ਦਫ਼ਤਰ ਨੇੜੇ ਮੌਜੂਦ ਸੀ। ਜਦੋਂ ਉਹ ਦਫ਼ਤਰ ਤੋਂ ਬਾਹਰ ਆ ਕੇ ਵਿਹੜੇ ਨੇੜੇ ਪਹੁੰਚਿਆ ਤਾਂ ਕੁਝ ਨੌਜਵਾਨ ਆਏ ਅਤੇ ਪਹਿਲਾਂ ਉਸ ਨੂੰ ਪੁੱਛਿਆ ਕਿ ਕੀ ਉਹ ਰਾਜ ਕੁਮਾਰ ਅਰੋੜਾ ਦਾ ਪੁੱਤਰ ਹੈ। ਉਸ ਨੇ ਹਾਂ ਕਹਿਣ ਦੇ ਨਾਲ ਹੀ ਉਕਤ ਮੁਲਜ਼ਮਾਂ ਦੇ ਹੋਰ ਸਾਥੀ ਵੀ ਮੌਕੇ 'ਤੇ ਆ ਗਏ।

ਜਿਸ ਤੋਂ ਬਾਅਦ ਦੋਸ਼ੀਆਂ ਨੇ ਤੇਜ਼ਧਾਰ ਹਥਿਆਰਾਂ ਦੀ ਮਦਦ ਨਾਲ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ। ਘਟਨਾ ਵਿਚ ਪੀੜਤਾ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਹਨ। ਰਾਜ ਕੁਮਾਰ ਅਰੋੜਾ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਜਦੋਂ ਉਸ ਦਾ ਲੜਕਾ ਘਰ ਪਹੁੰਚਿਆ ਤਾਂ ਉਸ ਦੀ ਲਾਸ਼ ਖੂਨ ਨਾਲ ਲੱਥਪੱਥ ਸੀ। ਜ਼ਿਆਦਾ ਖੂਨ ਵਹਿਣ ਕਾਰਨ ਉਹ ਘਰ ਪਹੁੰਚ ਕੇ ਬੇਹੋਸ਼ ਹੋ ਗਿਆ। ਖੂਨ ਨਾਲ ਲੱਥਪੱਥ ਪੁੱਤਰ ਨੂੰ ਇਲਾਜ ਲਈ ਦਾਖਲ ਕਰਵਾਇਆ ਗਿਆ। ਹੁਣ ਪੁਲਿਸ ਨੇ ਸ਼ਿਵ ਸੈਨਾ ਆਗੂ ਦੇ ਬੇਟੇ 'ਤੇ ਹਮਲਾ ਕਰਨ ਵਾਲਿਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਇਲਾਕੇ ਦੇ ਸੀਸੀਟੀਵੀ ਕੈਮਰਿਆਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਵਾਰਦਾਤ ਤੋਂ ਬਾਅਦ ਦੋਸ਼ੀ ਕਿਸ ਦਿਸ਼ਾ ਵੱਲ ਭੱਜੇ।

## CHANGE OF NAME

WE, MR KARNJIT SINGH AND MY WIFE MRS. MANDEEP KAUR THE PARENT OF KHUSHNEET WARRAICH WHOSE PERMANENT ADDRESS IN INDIA IS V.P.O. GONDER, DERA NISHORIAN, KARNAL, PIN: 132024, HARYANA AND NOW LIVING 43 VICTORY WAY, ROMFORD, LONDON, RM7 8PA, ENGLAND, U.K. HEREBY GIVE NOTICE OF OUR INTENTION TO CHANGE OUR DAUGHTER'S NAME TO KHUSHNEET KAUR (GIVEN NAME) WARRAICH (SURNAME). (UI)

# ਖਾਲਸਾ ਸਾਜਨਾ ਅਤੇ ਵਿਸਾਖੀ 1978 ਦੇ ਸ਼ਹੀਦਾਂ ਦੀ ਯਾਦ ਵਿੱਚ ਡਰਬੀ ਵਿਖੇ ਸਲਾਨਾ ਅੰਤਰਰਾਸ਼ਟਰੀ ਅਖੰਡ ਕੀਰਤਨ ਸਮਾਗਮਾਂ ਵਿੱਚ ਸੰਗਤਾਂ ਦਾ ਰਿਕਾਰਡ ਤੋੜ ਇਕੱਠ ਹੋਇਆ

ਡਰਬੀ (ਪੰਜਾਬ ਟਾਈਮਜ਼) – ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਅਤੇ ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਅੰਤਰਰਾਸ਼ਟਰੀ ਸਲਾਨਾ ਅਖੰਡ ਕੀਰਤਨ ਸਮਾਗਮ 25 ਮਾਰਚ ਤੋਂ 31 ਮਾਰਚ ਤੱਕ ਕਰਵਾਏ ਗਏ । ਇਹ ਸਮਾਗਮ ਹਰ ਸਾਲ ਖਾਲਸਾ ਸਾਜਨਾ ਦਿਵਸ ਦੇ ਸਬੰਧ 'ਚ ਅਤੇ ਵਿਸਾਖੀ 1978 ਅਤੇ 1984 ਤੋਂ ਲੈ ਕੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਆਯੋਜਿਤ ਕੀਤੇ ਜਾਂਦੇ ਹਨ । ਇਹਨਾਂ ਸਮਾਗਮਾਂ ਦੌਰਾਨ ਅੰਤਰਰਾਸ਼ਟਰੀ ਪੱਧਰ ਦੇ ਅਖੰਡ ਕੀਰਤਨੀ ਜਥੇ ਜਿਹਨਾਂ ਵਿੱਚ ਭਾਈ ਰਵਿੰਦਰ ਸਿੰਘ ਦਿੱਲੀ ਵਾਲੇ, ਮਨਪ੍ਰੀਤ ਸਿੰਘ ਕਾਨ੍ਹਪੁਰੀ (ਲੁਧਿਆਣਾ) ਵਾਲਿਆਂ ਦੇ ਇਲਾਵਾ ਕੈਨੇਡਾ, ਆਸਟ੍ਰੇਲੀਆ ਤੋਂ ਕੁਲਦੀਪ ਸਿੰਘ, ਅਮਰੀਕਾ ਅਤੇ ਯੂਰਪ ਤੋਂ ਬਹੁਤ ਸਾਰੇ ਸਿੰਘ ਸਿੰਘਣੀਆਂ ਨੇ ਪਹੁੰਚ ਕੇ ਕੀਰਤਨ ਦੇ ਲਾਹੇ ਲਏ। ਪਿਛਲੇ ਸਾਰੇ ਸਾਲਾਂ ਨਾਲੋਂ ਇਸ ਵਾਰ ਸੰਗਤ ਬਹੁਤ ਵੱਡੀ ਗਿਣਤੀ ਵਿੱਚ ਪਹੁੰਚੀ । ਸੰਗਤਾਂ ਦੇ ਰਹਿਣ ਅਤੇ ਸਾਰੇ ਸਮਾਗਮਾਂ ਦੇ ਲਈ ਸੇਵਾਦਾਰਾਂ ਦੇ ਸਾਰੇ ਜਥਿਆਂ ਨੇ ਬਹੁਤ ਵਧੀਆ ਪ੍ਰਬੰਧ ਕੀਤੇ ਹੋਏ ਸਨ । ਇਹ ਪ੍ਰੋਗਰਾਮ ਸਿੰਘ ਸਭਾ ਡਰਬੀ, ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਤਕਰੀਬਨ ਸਾਰਾ ਹੀ ਆਪਣੇ ਯੂ ਟਿਊਬ ਚੈਨਲਾਂ ਤੇ ਪ੍ਰਸਾਰਿਤ ਕੀਤਾ ਗਿਆ, ਇਸ ਦੇ ਇਲਾਵਾ ਯੂ ਕੇ ਤੋਂ ਚੱਲਦੇ ਟੀ ਵੀ ਚੈਨਲਾਂ ਨੇ ਵੀ ਸਮੇਂ ਸਮੇਂ ਤੇ ਕੀਰਤਨ ਪ੍ਰਸਾਰਿਤ ਕੀਤਾ ।

ਬਾਹਰੋਂ ਆਈਆਂ ਸੰਗਤਾਂ ਨੇ ਸਮਾਗਮ ਦੇ ਪ੍ਰਬੰਧਕ ਸੇਵਾਦਾਰਾਂ ਦਾ ਹਾਰਦਿਕ ਧੰਨਵਾਦ ਕਰਦੇ ਹੋਏ ਕਿਹਾ ਕਿ ਸੇਵਾਦਾਰਾਂ ਨੇ ਸੰਗਤਾਂ ਦੀ ਬਹੁਤ ਹੀ ਪਿਆਰ ਨਾਲ ਸੇਵਾ ਕੀਤੀ, ਕਿਸੇ ਵੀ ਪ੍ਰਬੰਧ ਵਿੱਚ ਕੋਈ ਕਮੀ ਨਹੀਂ ਦਿਸੀ। ਅਖੀਰ ਵਿੱਚ ਸਿੰਘ ਸਭਾ ਦੇ ਪ੍ਰਧਾਨ ਭਾਈ ਰਘਬੀਰ ਸਿੰਘ, ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਪੁਰੇਵਾਲ ਅਤੇ ਅਖੰਡ ਕੀਰਤਨੀ ਜਥਾ ਯੂ ਕੇ ਦੇ ਜਨਰਲ ਸਕੱਤਰ ਪ੍ਰੋ: ਦਲਜੀਤ ਸਿੰਘ ਨੇ ਸਮੂਹ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਦਿਆਂ ਆਈਆਂ ਸੰਗਤਾਂ ਦਾ ਸਵਾਗਤ ਕੀਤਾ ਅਤੇ ਸੇਵਾਵਾਂ ਕਰਨ ਵਾਲੇ ਸਾਰੇ ਜਥਿਆਂ ਦਾ ਹਾਰਦਿਕ ਧੰਨਵਾਦ ਕੀਤਾ । ਉਨ੍ਹਾਂ ਕਿਹਾ ਸਾਰੇ ਸੇਵਾਦਾਰਾਂ ਦੀ ਕਰੜੀ ਸੇਵਾ ਨਾਲ ਇਹ ਸਮਾਗਮ ਹਰ ਸਾਲ ਚੜ੍ਹਦੀ ਕਲਾ ਵਿੱਚ ਜਾ ਰਹੇ ਹਨ ਤੇ ਦੇਸ਼ ਵਿਦੇਸ਼ ਤੋਂ ਸੰਗਤਾਂ ਇਥੇ ਪਹੁੰਚ ਕੇ ਕੀਰਤਨ ਦੇ ਲਾਹੇ ਪ੍ਰਾਪਤ ਕਰਦੀਆਂ ਹਨ ।



1 ਦੀਵਾਨ ਵਿੱਚ ਜੁੜੀਆਂ ਹੋਈਆਂ ਸੰਗਤਾਂ, 2 ਭਾਈ ਮਨਪ੍ਰੀਤ ਸਿੰਘ ਕਾਨ੍ਹਪੁਰੀ, 3 ਭਾਈ ਜਗਜੀਤ ਸਿੰਘ ਨਿਊਯੋਰਕ, 4 ਭਾਈ ਰਵਿੰਦਰ ਸਿੰਘ ਦਿੱਲੀ ਵਾਲੇ, 5 ਭਾਈ ਤਲਵਿੰਦਰ ਸਿੰਘ ਟੋਰੰਟੋ 6 ਭਾਈ ਮਨਜੀਤ ਸਿੰਘ ਆਸਟ੍ਰੇਲੀਆ ਵਾਲਿਆਂ ਦੇ ਜਥੇ ਕੀਰਤਨ ਕਰਦੇ ਹੋਏ ਤੇ ਸੰਗਤਾਂ ਦਾ ਇਕੱਠ। ਹੇਠਾਂ ਸਕਿਉਰਟੀ ਟੀਮ



# ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨਾਲ ਰਘਬੀਰ ਸਿੰਘ ਤੇ ਰਾਜਿੰਦਰ ਸਿੰਘ ਪੁਰੇਵਾਲ ਵੱਲੋਂ ਮੁਲਾਕਾਤ







ਬੀਬੀ ਜਗੀਰ ਕੌਰ ਜੀ ਦੇ ਨਾਲ ਲੰਡਨ ਵਿਖੇ ਮੁਲਾਕਾਤ ਦੌਰਾਨ ਪੰਥਮ ਮੁੱਦਿਆਂ ਬਾਰੇ ਗੱਲਬਾਤ ਕਰਦੇ ਹੋਏ ਯੂ ਕੇ ਦੇ ਪਤਵੰਤੇ

ਲੰਡਨ (ਪੰਜਾਬ ਟਾਈਮਜ਼) – ਸ਼੍ਰੋਮਣੀ ਗੁਰ–ਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਬੀਤੇ ਦਿਨੀਂ ਇੰਗਲੈਂਡ ਆਏ ਜਿੱਥੇ ਉਹਨਾਂ ਦਾ ਵੱਖ ਵੱਖ ਸ਼ਹਿਰਾਂ ਵਿੱਚ ਸਵਾਗਤ ਕੀਤਾ ਗਿਆ ਅਤੇ ਸਥਾਨਕ ਸੰਗਤਾਂ ਵੱਲੋਂ ਉਹਨਾਂ ਨਾਲ ਗੱਲਬਾਤ ਕੀਤੀ ਗਈ। ਇਸ ਦੌਰਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਰਘਬੀਰ ਸਿੰਘ ਅਤੇ ਸਿੱਖ ਅਜਾਇਬ ਘਰ ਡਰਬੀ ਦੇ ਚੇਅਰਮੈਨ ਤੇ ਪੰਜਾਬ ਟਾਈਮਜ਼ ਦੇ ਸੇਵਾਦਾਰ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਉਨ੍ਹਾਂ ਨੂੰ ਮਿਲ ਕੇ ਪੰਥ ਦੇ ਮੌਜੂਦਾ ਮਾਮਲਿਆਂ ਬਾਰੇ ਗੱਲਬਾਤ ਕੀਤੀ ।

ਉਨ੍ਹਾਂ ਬੀਬੀ ਜੀ ਨੂੰ ਕਿਹਾ ਕਿ ਤੁਹਾਡੇ ਕਾਰਜਕਾਲ ਸਮੇਂ 2003 ਵਿੱਚ ਨਾਨਕਸ਼ਾਹੀ ਕੈਲੰਡਰ ਲਾਗੂ ਕਰਵਾਉਣਾ ਇੱਕ ਬਹੁਤ ਵਧੀਆ ਫੈਸਲਾ ਸੀ, ਜਿਸ ਨਾਲ ਪੰਥ ਵਿੱਚ ਇਕਸਾਰਤਾ ਆ ਸਕਦੀ ਹੈ। ਅਸੀਂ ਅਜੇ ਤੱਕ ਉਸ ਕੈਲੰਡਰ 'ਤੇ ਪਹਿਰਾ ਦੇ ਰਹੇ ਹਾਂ, ਇਸ ਗੁਰਦੁਆਰਾ ਸਾਹਿਬ ਵਿਖੇ ਉਸ ਕੈਲੰਡਰ ਅਨੁਸਾਰ ਹੀ ਗੁਰਪੁਰਬ ਮਨਾਏ ਜਾਂਦੇ ਹਨ । ਇਸ ਮੌਕੇ ਬੀਬੀ ਜੀ ਨਾਲ ਹੇਠਾਂ ਲਿਖੇ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ ਗਈ ।

1 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਧਾਰਮਿਕ ਸ਼ਖਸੀਅਤਾਂ ਹੀ ਚੋਣ ਲੜਨ, ਜਿਹੜੀਆਂ ਆਪ ਧਾਰਮਿਕ ਖੇਤਰ ਵਿੱਚ ਕੋਈ ਵੱਡੀ ਯੋਗਿਤਾ ਰੱਖਦੀਆਂ ਹੋਣ ਤੇ ਜਿਹਨਾਂ ਨੇ ਪੰਥ ਲਈ ਕੋਈ ਚੰਗੇ ਕਾਰਜ ਕੀਤੇ ਹੋਣ। ਇਸ ਦੇ ਨਾਲ ਸ਼੍ਰੋਮਣੀ ਕਮੇਟੀ ਵਧੀਆ ਪ੍ਰਚਾਰਕਾਂ ਰਾਹੀਂ ਸਿੱਖੀ ਦਾ ਪ੍ਰਚਾਰ ਕਰੇ ।

2 ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵੋਟਾਂ ਦੇ ਮਾਮਲੇ ਵਿੱਚ ਕਈ ਗੈਰ ਸਿੱਖ ਬਾਬਿਆਂ ਅਤੇ ਡੇਰੇਦਾਰਾਂ ਦੇ ਸਥਾਨ 'ਤੇ ਜਾ ਕੇ ਉਹਨਾਂ ਦੇ ਪੈਰਾਂ ਵਿੱਚ ਬੈਠ ਜਾਂਦੇ ਹਨ । ਜੇ ਵੋਟਾਂ ਦੇ ਕਾਰਨ ਉਨ੍ਹਾਂ ਨੂੰ ਮਿਲਣਾ ਜ਼ਰੂਰੀ ਹੋਵੇ ਤਾਂ ਜਾ ਕੇ ਪੈਰਾਂ ਵਿੱਚ ਨਾ ਬੈਠਣ, ਬਲਕਿ ਬਰਾਬਰ ਬੈਠ ਕੇ ਗੱਲ ਕਰਨ ।

3 (ਮੂਲ 2003) ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਜਾਵੇ । ਉਸ ਕੈਲੰਡਰ ਰਾਹੀਂ ਪੰਥਕ ਏਕਤਾ ਦੇ ਮੱਦੇ ਨਜ਼ਰ ਸੰਤ ਸਮਾਜ ਲਈ ਵੀ ਤਿੰਨ ਗੁਰਪੁਰਬ ਸਾਂਝੀਆਂ ਤਰੀਕਾ ਤੇ ਰੱਖੇ ਗਏ ਸਨ (ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ, ਹੋਲਾ ਮਹੱਲਾ ਅਤੇ ਬੰਦੀਛੋੜ ਦਿਵਸ (ਦੀਵਾਲੀ)। ਸੰਤ ਸਮਾਜ ਵੱਲੋਂ ਉਸ ਕੈਲੰਡਰ ਦਾ ਵਿਰੋਧ ਕਰਨ ਤੇ ਉਸ ਨੂੰ ਬਦਲ ਦਿੱਤਾ ਗਿਆ, ਜਿਸ ਕਾਰਨ ਦੇਸ਼ ਵਿਦੇਸ਼ ਦੇ ਬਹੁਤ ਸਾਰੇ ਸਿੱਖ ਤੇ ਸੰਸਥਾਵਾਂ ਸ਼੍ਰੋਮਣੀ ਗੁਰਦੁਆਰਾ ਪ੍ਰ: ਕਮੇਟੀ ਤੋਂ ਦੂਰ ਹੋ ਗਏ ।

4 ਭਾਜਪਾ ਨਾਲ ਅਕਾਲੀ ਦਲ ਵੱਲੋਂ ਪੰਜਾਬ ਅਤੇ ਸਿੱਖਾਂ ਦੀਆਂ ਵਿਸ਼ੇਸ਼ ਮੰਗਾਂ ਅਤੇ ਮੁੱਦਿਆਂ ਦੇ ਅਧਾਰ 'ਤੇ ਹੀ ਕੋਈ ਸਮਝੌਤਾ ਹੋ ਸਕਦਾ ਸੀ । ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ, ਕਿਸਾਨਾਂ ਦੀਆਂ ਮੰਗਾਂ, ਪੰਜਾਬ ਵਿੱਚ ਇੰਡਸਟਰੀ ਲਾਉਣ, ਆਦਿ ਦੇ ਅਹਿਮ ਮੁੱਦੇ ਹਨ, ਜੇ ਕੋਈ ਵੀ ਪਾਰਟੀ ਇਹਨਾਂ ਮੁੱਦਿਆਂ ਤੇ ਕੋਈ ਠੋਸ ਪਹਿਲ ਕਦਮੀ ਨਹੀਂ ਕਰਦੀ ਅਤੇ ਜਾਂ ਇਹਨਾਂ ਮੁੱਦਿਆਂ ਤੋਂ ਬਿਨਾ ਸਮਝੋਤਾ ਕਰਨਾ ਚਾਹੇ ਤਾਂ ਉਸ ਨਾਲ ਕੋਈ ਗੱਠਜੋੜ ਨਾ ਕੀਤਾ ਜਾਵੇ।

5 ਸਿੱਖ ਪੰਥ ਵਿੱਚ ਇਕਸਾਰਤਾ ਲਿਆਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਪ੍ਰਵਾਨਤ ਰਹਿਤ ਮਰਯਾਦਾ ਲਾਗੂ ਕਰਵਾਉਣ ਲਈ ਉਪਰਾਲੇ ਕੀਤੇ ਜਾਣ ।

6 ਪੰਜਾਬ ਵਿੱਚ ਸਿੱਖਾਂ ਦੇ ਧਰਮ ਪ੍ਰਵਤਨ ਨੂੰ ਰੋਕਣ ਲਈ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਆਪਣੇ ਪ੍ਰਚਾਰ ਸਾਧਨ ਅਤੇ ਤਰੀਕਿਆਂ ਨੂੰ ਨਵਿਆਉਣ (ਨਵੀਨ ਢੰਗ) ਵਰਤਣ ਲਈ ਯਤਨ ਕੀਤੇ ਜਾਣ।

7 ਅੱਜ ਵਿਦੇਸ਼ ਵਿੱਚ ਸਿੱਖ ਵੱਡੀ ਗਿਣਤੀ ਵਿੱਚ ਰਹਿੰਦੇ ਹਨ, ਉਹਨਾਂ ਨੂੰ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਿੱਚ ਸੰਭਵ ਅਤੇ ਯੋਗ ਪ੍ਰਤੀਨਿੱਧਤਾ ਦਿੱਤੀ ਜਾਵੇ ।

ਇਸ ਮੁਲਾਕਾਤ ਦੌਰਾਨ ਕੁੱਝ ਹੋਰ ਪੰਥਕ ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਪੰਥਕ ਰਹਿਤ ਮਰਯਾਦਾ ਉਤੇ ਪਹਿਰਾ ਦੇਣਾ ਚਾਹੀਦਾ ਹੈ ਅਤੇ ਜੂਨ 1984 ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਨੂੰ ਕੇਂਦਰੀ ਸਿੱਖ ਅਜਾਇਬਘਰ ਵਿੱਚ ਬਰਾਬਰ ਦਾ ਸਤਿਕਾਰ ਮਿਲਣਾ ਚਾਹੀਦਾ ਹੈ।

## ਲੰਡਨ ਦੇ ਉੱਘੇ ਕਾਰੋਬਾਰੀ ਜਤਿੰਦਰਪਾਲ ਸਿੰਘ ਖਾਸਰੀਆ (ਜੇ ਪੀ) ਅਤੇ ਪ੍ਰੀਵਾਰ ਵੱਲੋਂ

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦਾ ਹਾਰਦਿਕ ਸਵਾਗਤ





ਬੀਬੀ ਜਗੀਰ ਕੌਰ ਜੀ, ਸਾਬਕਾ ਪ੍ਰਧਾਨ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ





## G K K LONDON LTD (J P) (PROPERTY DEVELOPER)
















**ਜਾਰੀ ਕਰਤਾ :– Mr. and Mrs. J P and family - G K K LONDON LTD (J P)**



Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਸਿੱਖ ਵਿਦਵਾਨ ਤੇ ਚਿੰਤਕ ਪ੍ਰੋ: ਗੁਰਬਚਨ ਸਿੰਘ ਤਾਲਿਬ ਨੂੰ ਯਾਦ ਕਰਦਿਆਂ

**7 ਅਪ੍ਰੈਲ ਨੂੰ ਜਨਮ ਦਿਨ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਸ਼ਵ ਦਾ ਉਹ ਮਹਾਨ ਗ੍ਰੰਥ ਹੈ, ਜਿਸ ਦਾ ਅਧਿਐਨ ਕਰਨ ਲਈ ਸੰਸਾਰ ਦਾ ਹਰ ਵਿਦਵਾਨ ਖਾਹਿਸ਼ ਰੱਖਦਾ ਹੈ। ਇਸ ਪਾਵਨ ਗ੍ਰੰਥ ਵਿੱਚ ਦਰਜ ਹਰ ਫ਼ੁਰਮਾਨ ਸਮੁੱਚੀ ਮਨੁੱਖਤਾ ਲਈ ਸਰਬ-ਸਾਂਝਾ ਹੈ। ਪ੍ਰਸਿੱਧ ਸਿੱਖ ਚਿੰਤਕ ਤੇ ਉੱਘੇ ਵਿਦਵਾਨ ਪ੍ਰੋ: ਗੁਰਬਚਨ ਸਿੰਘ ਤਾਲਿਬ ਵਿਸ਼ਵ ਦੀ ਉਹ ਸਿੱਖ ਸ਼ਖ਼ਸੀਅਤ ਸਨ, ਜਿਨ੍ਹਾਂ ਅੰਗਰੇਜ਼ੀ ਭਾਸ਼ਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦਾ ਅਨੁਵਾਦ ਕਰਕੇ ਅਜਿਹਾ ਚਿਰ ਸਥਾਈ ਕਾਰਜ ਕੀਤਾ, ਜਿਹੜਾ ਸਦੀਆਂ ਤੱਕ ਯਾਦ ਕੀਤਾ ਜਾਂਦਾ ਰਹੇਗਾ, ਇਸ ਮਹਾਨ ਕਾਰਜ ਲਈ ਉਨ੍ਹਾਂ ਨੂੰ ਸਖਤ ਘਾਲਣਾ ਘਾਲਣੀ ਪਈ। ਇਸੇ ਅਨੁਵਾਦ ਸਦਕਾ ਹੀ ਸਮੁੱਚੇ ਸੰਸਾਰ ਵਿੱਚ ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ ਕਰਕੇ ਉਨ੍ਹਾਂ ਨੂੰ ਅੰਤਰਰਾਸ਼ਟਰੀ ਪੱਧਰ ਦੇ ਸਾਰੇ ਵਿਸ਼ਵ ਵਿਆਪੀ ਧਰਮਾਂ ਦੇ ਵਿਦਵਾਨਾਂ ਵਿੱਚੋਂ ਉੱਚ ਕੋਟੀ ਦੇ ਵਿਦਵਾਨ ਵਜੋਂ ਮਾਣ ਸਤਿਕਾਰ ਮਿਲਿਆ । ਅੱਜ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦਾ ਅਨੁਵਾਦ ਕਾਰਜ ਦੇਸ਼ ਅਤੇ ਵਿਦੇਸ਼ ਦੀਆਂ ਅਨੇਕਾਂ ਭਾਸ਼ਾਵਾਂ ਵਿੱਚ ਹੋ ਚੁੱਕਾ ਹੈ, ਉਸ ਸਮੇਂ ਧਰਮ ਦੀ ਦੁਨੀਆਂ ਦੇ ਉਹ ਲੋਕ ਜੋ ਸਿੱਖ ਧਰਮ ਦੇ ਸੰਦੇਸ਼ ਅਤੇ ਪਾਵਨ ਬਾਣੀ ਦੇ ਉਪਦੇਸ਼ ਨੂੰ ਵਿਸ਼ਵ ਦੇ ਕੋਨੇ-ਕੋਨੇ ਪਹੁੰਚਾਉਣਾ ਚਾਹੁੰਦੇ ਹਨ, ਉਹ ਪ੍ਰੋ: ਤਾਲਿਬ ਦੀ ਪ੍ਰਸ਼ੰਸਾ ਕਰਦੇ ਹਨ।

ਪ੍ਰੋ: ਤਾਲਿਬ ਦਾ ਜਨਮ ਉਸ ਸਮੇਂ ਦੀ ਜੀਂਦ ਰਿਆਸਤ ਦੇ ਮੂਣਕ ਕਸਬੇ ਵਿੱਚ ਸ: ਕਰਤਾਰ ਸਿੰਘ ਅਤੇ ਮਾਤਾ ਜੈ ਕੌਰ ਦੇ ਗ੍ਰਹਿ ਵਿਖੇ 7 ਅਪ੍ਰੈਲ, 1911 ਨੂੰ ਹੋਇਆ। ਪ੍ਰੋ: ਗੁਰਬਚਨ ਸਿੰਘ ਤਾਲਿਬ ਨੇ 1927 ਈ: ਵਿੱਚ ਸਟੇਟ ਹਾਈ ਸਕੂਲ, ਸੰਗਰੂਰ ਤੋਂ ਵਜ਼ੀਫੇ ਸਾਹਿਤ ਦਸਵੀਂ ਦੀ ਪ੍ਰੀਖਿਆ ਪਾਸ ਕੀਤੀ। ਇਥੇ ਇਨ੍ਹਾਂ ਦੇ ਪਿਤਾ ਜੀ ਰਿਆਸਤ ਵਿੱਚ ਸਰਕਾਰੀ ਮੁਲਾਜ਼ਮ ਸਨ। ਇਸ ਤੋਂ ਪਿੱਛੋਂ ਇਸ ਹੋਣਹਾਰ ਨੌਜਵਾਨ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ 1933 ਈ: ਵਿੱਚ ਪੰਜਾਬ ਯੂਨੀਵਰਸਿਟੀ ਤੋਂ ਪਹਿਲੇ ਸਥਾਨ 'ਤੇ ਰਹਿ ਕੇ ਐਮ.ਏ. ਅੰਗਰੇਜ਼ੀ ਪਾਸ ਕੀਤੀ। ਇਸ ਤੋਂ ਬਾਅਦ ਇਸੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਅੰਗਰੇਜ਼ੀ ਦੇ ਲੈਕਚਰਾਰ ਵਜੋਂ ਵਿਦਵਤਾ ਦੇ ਪੱਖ ਤੋਂ ਖ਼ੂਬ ਨਾਮਣਾ ਖੱਟਿਆ।

ਪ੍ਰੋ: ਗੁਰਬਚਨ ਸਿੰਘ ਤਾਲਿਬ ਨੇ ਇਨ੍ਹਾਂ ਮੁੱਢਲੇ ਸਾਲਾਂ ਵਿੱਚ ਅਨੇਕਾਂ ਵਿਦਿਆਰਥੀਆਂ ਨੂੰ ਅੰਗਰੇਜ਼ੀ ਵਿਸ਼ੇ ਵਿੱਚ ਨਿਪੁੰਨ ਕੀਤਾ। 1940 ਈ: ਵਿੱਚ ਪ੍ਰੋ: ਤਾਲਿਬ ਨੇ ਖ਼ਾਲਸਾ ਕਾਲਜ ਛੱਡ ਕੇ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਖੇ ਅੰਗਰੇਜ਼ੀ ਦੇ ਲੈਕਚਰਾਰ ਵਜੋਂ ਸੇਵਾ ਆਰੰਭ ਕੀਤੀ। ਪ੍ਰੋ: ਤਾਲਿਬ ਦੀ ਵਿਦਵਤਾ ਤੋਂ ਅੰਗਰੇਜ਼ ਵਿਦਵਾਨ ਵੀ ਕਾਇਲ ਸਨ। 1969 ਤੋਂ 1973 ਤੱਕ ਇਨ੍ਹਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਗੁਰੂ ਨਾਨਕ ਚੇਅਰ ਵਿੱਚ ਸਿੱਖ ਧਰਮ ਦੇ ਅਧਿਐਨ ਦੇ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾਈਆਂ। ਇਸ ਤੋਂ ਬਾਅਦ ਕੁਝ ਕੁ ਸਮੇਂ ਲਈ ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਵੀ ਗੁਰੂ ਨਾਨਕ ਚੇਅਰ ਲਈ ਵੀ ਫਰਜ਼ ਨਿਭਾਏ। ਹੁਣ ਸਿਹਤ ਦੀ ਖਰਾਬੀ ਰਹਿਣ ਕਰਕੇ ਪਟਿਆਲਾ ਆ ਗਏ। ਇਸ ਸਮੇਂ ਪੰਜਾਬੀ ਯੂਨੀਵਰਸਿਟੀ ਵਿੱਚ ਫੈਲੋ ਵਜੋਂ ਆਪਣੀ ਡਿਊਟੀ ਨੂੰ ਨਿਭਾਇਆ।

ਪ੍ਰੋ: ਗੁਰਬਚਨ ਸਿੰਘ ਤਾਲਿਬ ਨੇ ਆਪਣੇ ਜੀਵਨ ਦੇ ਯਾਦਗਾਰੀ ਕਾਰਜ 1976 ਈ: ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਨੂੰ ਆਰੰਭ ਕੀਤਾ। ਇਸ ਕਾਰਜ ਦੀ ਸੰਪੂਰਨਤਾ ਤੋਂ ਪਿੱਛੋਂ 1985 ਈ: ਵਿੱਚ ਭਾਰਤ ਸਰਕਾਰ ਵੱਲੋਂ ਸਾਹਿਤ ਦੇ ਖੇਤਰ ਵਿੱਚ ਪਾਏ ਯੋਗਦਾਨ ਵਜੋਂ ਪਦਮ-ਭੂਸ਼ਣ ਦਾ ਸਨਮਾਨ ਪ੍ਰਾਪਤ ਕੀਤਾ। ਹੁਣ ਪ੍ਰੋ: ਗੁਰਬਚਨ ਸਿੰਘ ਤਾਲਿਬ ਨੂੰ ਇੰਡੀਅਨ ਕੌਂਸਲ ਆਫ਼ ਹਿਸਟੋਰੀਅਨ ਰਿਸਰਚ ਨਵੀਂ ਦਿੱਲੀ ਵੱਲੋਂ ਰਾਸ਼ਟਰੀ ਫੈਲੋਸ਼ਿਪ ਵੀ ਦਿੱਤੀ ਗਈ। ਪ੍ਰੋ: ਤਾਲਿਬ ਨੂੰ ਇਸ ਗੱਲ ਲਈ ਪੂਰੀ ਸੰਤੁਸ਼ਟੀ ਸੀ ਕਿ ਆਪਣੇ ਜੀਵਨ ਦਾ ਯਾਦਗਾਰੀ ਕਾਰਜ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਚਾਰ ਭਾਗਾਂ ਵਿੱਚ ਸੰਪੂਰਨ ਹੋ ਚੁੱਕਾ ਸੀ। ਇਸ ਕਾਰਜ ਤੋਂ ਇਲਾਵਾ ਪ੍ਰੋ: ਤਾਲਿਬ ਨੇ ਅੰਗਰੇਜ਼ੀ ਭਾਸ਼ਾ ਦੀਆਂ ਬਹੁਤ ਸਾਰੀਆਂ ਪੁਸਤਕਾਂ ਪਾਠਕਾਂ ਨੂੰ ਭੇਟ ਕੀਤੀਆਂ। ਪੰਜਾਬੀ ਭਾਸ਼ਾ ਦੇ ਸਾਹਿਤਕ ਖੇਤਰ ਵਿੱਚ ਵੀ ਸਮੇਂ-ਸਮੇਂ ਆਪਣਾ ਭਰਪੂਰ ਯੋਗਦਾਨ ਪਾਇਆ। ਪੰਜਾਬੀ ਵਿੱਚ ਛਪੀਆਂ ਪੁਸਤਕਾਂ ਵਿੱਚ ਅਣਪਛਾਤੇ ਰਾਹ, ਆਧੁਨਿਕ ਪੰਜਾਬੀ ਸਾਹਿਤ, ਆਧੁਨਿਕ ਵਾਰਤਕ ਲਿਖਾਰੀ, ਪਵਿੱਤਰ ਜੀਵਨ ਕਥਾਵਾਂ, ਬਾਬਾ ਸ਼ੇਖ ਫ਼ਰੀਦ ਜੀਵਨ-ਵਾਰਤਾ ਤੇ ਸਿੱਖਿਆ ਆਦਿ ਪੁਸਤਕਾਂ ਨਾਲ ਪੰਜਾਬੀ ਸਾਹਿਤ ਦੀ ਝੋਲੀ ਪਾ ਕੇ ਪੰਜਾਬੀ ਮਾਂ-ਬੋਲੀ ਦੀ ਸੇਵਾ ਵੀ ਕੀਤੀ। ਇਸ ਤੋਂ ਇਲਾਵਾ ਅਨੇਕਾਂ ਖੋਜ ਪੱਤਰ ਅਤੇ ਲੇਖ ਵੀ ਪ੍ਰਕਾਸ਼ਿਤ ਕੀਤੇ।

ਸਮੁੱਚੇ ਵਿਸ਼ਵ ਵਿੱਚ ਗੁਰਬਾਣੀ ਦੇ ਉਪਦੇਸ਼ ਅਤੇ ਗੁਰਮਤਿ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਆਪਣੇ ਜੀਵਨ ਦਾ ਉਦੇਸ਼ ਸਮਝਕੇ ਕਰਨ ਵਾਲੀ ਮਹਾਨ ਸ਼ਖ਼ਸੀਅਤ 9 ਅਪ੍ਰੈਲ, 1986 ਈ: ਨੂੰ ਪਟਿਆਲਾ ਸ਼ਹਿਰ ਵਿੱਚ ਦਿਲ ਦੀ ਹਰਕਤ ਬੰਦ ਹੋ ਜਾਣ ਕਰਕੇ ਆਪਣੇ ਅਨੇਕਾਂ ਸਨੇਹੀਆਂ ਨੂੰ ਹਮੇਸ਼ਾਂ ਲਈ ਅਲਵਿਦਾ ਆਖ ਗਈ। ਅੱਜ ਵੀ ਸਾਡੇ ਸੁਹਿਰਦ ਵਿਦਵਾਨਾਂ ਲਈ ਉਨ੍ਹਾਂ ਦਾ ਜੀਵਨ ਪ੍ਰੇਰਨਾ ਦਾ ਸਰੋਤ ਹੈ। ਸਾਡੇ ਕੋਲ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਦੇ ਚਾਰ ਭਾਗ ਉਨ੍ਹਾਂ ਦੀ ਯਾਦ ਵਿੱਚ ਮੌਜੂਦ ਹਨ।

# ਇਟਲੀ ਦੀ ਧਰਤੀ ਉਪੱਰ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਸ਼ਾਨੋ ਸ਼ੌਕਤ ਨਾਲ ਸਜੇ ਵਿਸ਼ਾਲ ਨਗਰ ਕੀਰਤਨ ਮੌਕੇ ਆਈਆਂ ਹਜ਼ਾਰਾਂ ਸੰਗਤਾਂ ਨੇ ਬਰੇਸ਼ੀਆ ਸ਼ਹਿਰ ਨੂੰ ਰੰਗਿਆਂ ਕੇਸਰੀ ਰੰਗ 'ਚ

ਬਰੇਸੀਆਂ ਇਟਲੀ-(ਗੁਰਸ਼ਰਨ ਸਿੰਘ ਸੋਨੀ) ਵਿਸਾਖੀ ਵਾਲੇ ਦਿਨ ਦਸਮੇਸ ਪਿਤਾ ਸਹਿਬੇ ਕਮਾਲ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਦੁਨੀਆਂ ਦਾ ਵਿਲੱਖਣ ਤੇ ਨਿਰਾਲਾ ਪੰਥ ਖਾਲਸਾ ਪੰਥ ਸਾਜਿਆ ਤੇ ਖ਼ਾਲਸੇ ਦੇ ਪ੍ਰਗਟ ਦਿਵਸ ਨੂੰ ਪਰਮਾਤਮ ਕੀ ਮੌਜ ਕਹਿੰਦਿਆਂ ਇਸ ਨੂੰ ਆਪਣੇ ਰੂਪ ਦੇ ਰੁਤਬੇ ਨਾਲ ਨਿਵਾਜਿਆ । ਸਿੱਖ ਕੌਮ ਦੀ ਬਹਾਦਰੀ ਤੇ ਚੜ੍ਹਦੀ ਕਲਾ ਦੀਆਂ ਬਾਤਾਂ ਪਾਉਣ ਵਾਲੇ ਇਸ ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ ਇਟਲੀ ਦੀ ਧਰਤੀ ਉਪੱਰ ਵੱਡੇ ਰੂਪ ਵਿੱਚ ਵਿਸ਼ਾਲ ਨਗਰ ਕੀਰਤਨ ਜਿਹੜਾ ਕਿ ਲੰਬਾਰਦੀਆਂ ਸੂਬੇ ਦੇ ਪ੍ਰਸਿੱਧ ਗੁਰਦੁਆਰਾ ਸਾਹਿਬ ਸਿੰਘ ਸਭਾ ਫਲੇਰੋ (ਬਰੇਸ਼ੀਆ) ਵੱਲੋਂ 25ਵਾਂ ਨਗਰ ਕੀਰਤਨ ਸਿੱਖ ਸੰਗਤਾਂ ਤੇ ਗੁਰਦੁਆਰਾ ਸਾਹਿਬ ਸਿੰਘ ਸਭਾਵਾਂ ਦੇ ਭਰਪੂਰ ਸਹਿਯੋਗ ਨਾਲ ਸਜਾਇਆ ਗਿਆ ਜਿਸ ਵਿੱਚ ਹਜ਼ਾਰਾਂ ਦੀ ਤਦਾਦ ਵਿੱਚ ਸਿੱਖ ਸੰਗਤਾਂ ਯੂਰਪ ਭਰ ਤੋਂ ਵੱਡੇ ਕਾਫ਼ਲਿਆਂ ਦੇ ਰੂਪ ਵਿੱਚ ਕੇਸਰੀ ਰੰਗ ਰੰਗੀਆ ਹਾਜ਼ਰੀ ਭਰਦੀਆਂ ਹੋਈਆਂ ਪੰਥ ਦੀ ਚੜ੍ਹਦੀ ਕਲਾ ਦੇ ਜੈਕਾਰੇ "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ"ਨਾਲ ਜਿੱਥੇ ਆਬੋ ਹਵਾ ਨੂੰ ਮਹਿਕਾ ਰਹੀਆਂ ਸਨ ਉੱਥੇ ਪੂਰੇ ਸ਼ਹਿਰ ਦੇ ਵਿੱਚ ਜੈਕਾਰਿਆਂ ਦੀ ਗੂੰਜ ਨਾਲ ਕੰਧਾਂ ਵੀ ਗੂੰਜ ਰਹੀਆਂ ਸਨ।ਇਹ ਨਗਰ ਕੀਰਤਨ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਦੁਪਿਹਰ 1 ਵਜੇ ਸਜਾਇਆ ਗਿਆ ਜੋ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਓ ਦੀ ਛੱਤਰ ਛਾਇਆ, ਪੰਜ ਪਿਆਰਿਆਂ ਤੇ ਪੰਜ ਨਿਸ਼ਾਨੀ ਸਿੰਘਾਂ ਦੀ ਅਗਵਾਈ ਵਿੱਚ ਨਗਰਿਆਂ ਦੀ ਧੁੰਨ ਵਿੱਚ ਸ਼ਹਿਰ ਦੀ ਪ੍ਰਕਰਮਾਂ ਕਰਦਾ ਹੋਇਆ ਸੰਪੂਰਨ ਹੋਇਆ।ਇਸ ਮੌਕੇ ਸਜੇ ਵਿਸ਼ਾਲ ਦਿਵਾਨਾਂ ਤੋ ਪੰਥ ਦੇ ਪ੍ਰਸਿੱਧ ਢਾਡੀ ਮਿਲਖਾ ਸਿੰਘ ਤੇ ਸਾਥੀ ਸੰਗਤਾਂ ਨੂੰ ਖਾਲਸੇ ਦਾ ਗੌਰਵਮਈ ਇਤਿਹਾਸ ਸਰਵਣ ਕਰਵਾਇਆ । ਮਹਾਨ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਇਟਾਲੀਅਨ ਭਾਸ਼ਾ ਵਿੱਚ ਕਲਤੂਰਾ ਸਿੱਖ ਇਟਲੀ ਤੇ ਸਿੱਖੀ ਸੇਵਾ ਸੁਸਾਇਟੀ ਇਟਲੀ ਦੇ ਸਿੰਘਾਂ ਵੱਲੋਂ ਕਿਤਾਬਾਂ ਵੀ ਵੰਡੀਆਂ ਗਈਆਂ ਜਦੋਂ ਕਿ ਨਗਰ ਕੀਰਤਨ ਦੀਆਂ ਸੰਗਤਾਂ ਲਈ ਅਨੇਕਾਂ ਪ੍ਰਕਾਰ ਦੇ ਇਟਾਲੀਅਨ ਤੇ ਇੰਡੀਅਨ ਪਕਵਾਨਾਂ ਦੇ ਅਤੁੱਟ ਲੰਗਰ ਵਰਤੇ।ਭਾਈ ਸੁਰਿੰਦਰਜੀਤ ਸਿੰਘ ਪੰਡੋਰੀ ਮੁੱਖ ਸੇਵਾਦਾਰ ਗੁਰਦੁਆਰਾ ਸਾਹਿਬ ਸਿੰਘ ਸਭਾ ਫਲੇਰੋ (ਬਰੇਸ਼ੀਆ) ਤੇ ਸਮੂਹ ਪ੍ਰਬੰਧਕ ਕਮੇਟੀ ਨੇ ਇਟਲੀ ਦੇ ਸਭ ਤੋਂ ਵੱਡੇ ਇੱਕਠ ਵਾਲੇ ਨਗਰ ਕੀਰਤਨ ਜੋ ਕਿ ਸ਼੍ਰੀ ਆਨੰਦਪੁਰ ਸਾਹਿਬ ਜੀ ਦੇ ਨਗਰ ਕੀਰਤਨਾਂ ਦਾ ਭੁਲੇਖਾ ਪਾ ਰਿਹਾ ਸੀ ਵਿੱਚ ਹਾਜ਼ਰੀ ਲੁਆ ਰਹੀ ਹਜ਼ਾਰਾਂ ਸੰਗਤ ਦਾ ਧੰਨਵਾਦ ਕਰਦਿਆਂ ਮਹਾਨ ਸਿੱਖ ਧਰਮ ਦੀ ਬੁਲੰਦੀ ਦੇ ਕਾਰਜਾਂ ਵਿੱਚ ਮੋਹਰੀ ਹੋ ਤੁਰਨ ਲਈ ਪ੍ਰੇਰਿਆ। ਇਸ ਵਿਸ਼ਾਲ ਕੀਰਤਨ ਮੌਕੇ ਗੁਰੂ ਸਾਹਿਬ ਉਪੱਰ ਹੈਲੀਕਾਪਰ ਦੁਆਰਾ ਫੁੱਲਾਂ ਦੀ ਵਰਖਾ ਵੀ ਅਲੌਕਿਕ ਨਜ਼ਾਰਾ ਪੇਸ਼ ਕਰ ਰਹੀ ਸੀ। ਗੁਰੂ ਦੀਆਂ ਲਾਡਲੀਆਂ ਫੌਜ਼ਾਂ ਗੱਤਕੇ ਦੇ ਸਿੰਘਾਂ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ ਗੱਤਕਾ ਅਕੈਡਮੀ ਬਰੇਸ਼ੀਆ ਵੱਲੋਂ ਆਪਣੀ ਕਲਾ ਦੇ ਹੈਰਤਅੰਗੇਜ਼ ਜੌਹਰ ਵੀ ਦਿਖਾਏ ਗਏ ।ਸਮੂਹ ਸੇਵਾਦਾਰਾਂ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।



# ਖ਼ਾਲਸੇ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਹੋਲਾ ਮੁਹੱਲੇ ਨੂੰ ਗੁਰੂ ਦੀਆਂ ਲਾਡਲੀਆਂ ਫ਼ੌਜਾਂ ਨੇ ਬੈਰਗਾਮੋ ਦੀ ਧਰਤੀ ਤੇ ਜਾਹੋ ਜਲਾਲ ਨਾਲ ਮਨਾਉਂਦਿਆਂ ਕਰਵਾਈ ਖ਼ਾਲਸੇ ਦੀ ਧੰਨ-ਧੰਨ

## * ਹੋਲੇ ਮੁਹੱਲੇ ਮੌਕੇ ਨਿਹੰਗ ਸਿੰਘਾਂ ਨੇ 16 ਪ੍ਰਾਣੀਆਂ ਨੂੰ ਛਕਾਈ ਖੰਡੇ ਬਾਟੇ ਦੀ ਪਹੁਲ



ਬੈਰਗਾਮੋ ਇਟਲੀ-(ਗੁਰਸ਼ਰਨ ਸਿੰਘ ਸੋਨੀ) ਖ਼ਾਲਸੇ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੋਲਾ ਮਹੱਲਾ ਸਿੱਖ ਕੌਮ ਦਾ ਕੌਮੀ ਤਿਉਹਾਰ ਹੈ ਜਿਸ ਵਿੱਚ ਗੁਰੂ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘ ਦਸਮੇਸ ਪਿਤਾ ਦੇ ਥਾਪੜੇ ਦੇ ਰੰਗਾਂ ਵਿੱਚ ਗਹਿਗਚ ਹੋ ਆਪਣੀ ਸਾਸ਼ਤਰ ਵਿੱਦਿਆ ਦੇ ਹੈਰਤ ਅੰਗੇਜ ਕਾਰਨ-ਾਮੇ ਸੰਗਤਾਂ ਨੂੰ ਦਿਖਾਉਂਦੇ ਹਨ ।ਸ਼੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀਓ ਨੇ ਹੋਲਾ-ਮੁੱਹਲਾ ਦਿਵਸ ਸਿੰਘਾਂ ਨੂੰ ਸਾਸ਼ਤਰ ਵਿੱਦਿਆ ਵਿੱਚ ਨਿਪੁੰਨ ਕਰਨ ਤੇ ਉਹਨਾਂ ਦੇ ਹੌਸਲੇ ਫੌਲਾਦੀ ਬਣਾਉਣ ਲਈ 1701 ਈ:ਨੂੰ ਸ਼੍ਰੀ ਆਨੰਦਪੁਰ ਸਾਹਿਬ ਜੀ ਦੀ ਧਰਤੀ ਉੱਤੇ ਹੀ ਸ਼ੁਰੂ ਕੀਤਾ ਸੀ।ਯੂਰਪ ਦੀ ਧਰਤੀ ਇਟਲੀ ਦਾ ਮਸ਼ਹੂਰ ਹੋਲਾ ਮੁਹੱਲਾ ਪ੍ਰਸਿੱਧ ਗੁਰਦੁਆਰਾ ਸਾਹਿਬ ਸਿੰਘ ਸਭਾ ਕੋਰਤੇਨੋਵਾ (ਬੈਰਗਾਮੋ) ਵੱਲੋਂ ਯੂਰਪ ਦੀਆਂ ਸਮੂਹ ਸੰਗਤਾਂ, ਦਲ ਖਾਲਸਾ ਦੇ ਨਿਹੰਗ ਸਿੰਘਾਂ ਅਤੇ ਸਮੂਹ ਗੁਰਦੁਆਰਾ ਸਾਹਿਬ ਸਭਾਵਾਂ ਦੇ ਸਹਿਯੋਗ ਨਾਲ ਖਾਲਸਾਈ ਜਾਹੋ ਜਲਾਲ ਦੇ ਠਾਠਾਂ ਮਾਰਦੇ ਸਿੱਖ ਸੰਗਤਾਂ ਦੇ ਚੜ੍ਹਦੀ ਕਲਾ ਦੇ ਜੈਕਾਰਿਆਂ ਦੀ ਗੂੰਜ ਵਿੱਚ ਬਹੁਤ ਹੀ ਚੜ੍ਹਦੀ ਕਲਾ ਤੇ ਸ਼ਾਨੋ ਸ਼ੋਕਤ ਨਾਲ ਮਨਾਇਆ ਗਿਆ ਜਿਸ ਵਿੱਚ ਜਿੱਥੇ ਹਜ਼ਾਰਾਂ ਸੰਗਤਾਂ ਸ਼ਰਧਾਂ ਦੇ ਰੰਗਾਂ ਵਿੱਚ ਰੰਗੀਆਂ ਗੁਰਦੁਆਰਾ ਸਾਹਿਬ ਨਤਮਸਤਕ ਹੋਈਆਂ ਉੱਥੇ ਹੀ ਇਸ ਸਿੱਖ ਧਰਮ ਦੇ ਵਿਸ਼ਾਲ ਹਜੂਮ ਵਿੱਚ ਭਾਰਤ ਦੀ ਧਰਤੀ ਤੋਂ ਗਿਆਨੀ ਸ਼ੇਰ ਸਿੰਘ ਅੰਬਾਲੇ ਵਾਲੇ, ਜੱਥੇਦਾਰ ਸਿੰਘ ਸਾਹਿਬ ਬਾਬਾ ਤਰਲੋਕ ਸਿੰਘ ਤੇ ਹਜ਼ੂਰੀ ਰਾਗੀ ਭਾਈ ਸਾਹਿਬ ਭਾਈ ਗੁਰਪ੍ਰਤਾਪ ਸਿੰਘ ਹੁਰਾਂ ਵੀ ਯੂਰਪ ਦੇ ਵਿਸ਼ਾਲ ਹੋਲੇ ਮੁੱਹਲੇ ਤਿਉਹਾਰ ਵਿੱਚ ਸੰਗਤਾਂ ਦੇ ਦਰਸ਼ਨ ਕੀਤੇ।ਇਸ ਮੌਕੇ ਨਿਹੰਗ ਸਿੰਘਾਂ ਨੇ ਵਿਸ਼ੇਸ਼ ਅੰਮ੍ਰਿਤ ਸੰਚਾਰ ਸਮਾਗਮ ਵੀ ਕਰਵਾਇਆ ਜਿਸ ਵਿੱਚ 16 ਪ੍ਰਾਣੀਆਂ ਨੇ ਖੰਡੇ ਬਾਟੇ ਦੀ ਪਹੁਲ ਛੱਕੀ।ਖਾਲਸੇ ਦੀ ਪਹਿਚਾਣ ਨੂੰ ਪ੍ਰਤੱਖ ਕਰਦੇ ਇਸ ਹੋਲੇ ਮੁਹੱਲੇ ਦੇ ਸਲਾਂਘਾਯੋਗ ਆਯੋਜਨ ਲਈ ਗੁਰਦੁਆਰਾ ਸਾਹਿਬ ਸਿੰਘ ਸਭਾ ਕੋਰਤੇਨੋਵਾ ਦੀ ਪ੍ਰਬੰਧਕੀ ਕਮੇਟੀ ਅਤੇ ਸਮੂਹ ਸੇਵਾਦਾਰ ਜਿਹਨਾਂ ਨੇ ਸੰਗਤਾਂ ਨੂੰ ਇਟਲੀ ਵਿੱਚ ਸ਼੍ਰੀ ਆਨੰਦਪੁਰ ਸਾਹਿਬ ਦੇ ਹੋਲੇ ਮੁੱਹਲੇ ਦੇ ਦਰਸ਼ਨ ਦੀਦਾਰ ਕਰਵਾਏ ਵਿਸ਼ੇਸ ਵਧਾਈ ਦੇ ਪਾਤਰ ਹਨ ।

# ਅਮਰੀਕਾ ਦੇ ਇੰਡਿਆਨਾ ਪੋਲਿਸ ਸ਼ਹਿਰ ਵਿਚ ਵਾਪਰੀ ਗੋਲੀਬਾਰੀ ਦੀ ਤਾਜਾ ਘਟਨਾ ਵਿਚ 7 ਨੌਜਵਾਨ ਜ਼ਖਮੀ -* ਹਸਪਤਾਲ ਕਰਵਾਏ ਦਾਖਲ, ਹਾਲਤ ਸਥਿੱਰ




ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਇੰਡਿਆਨਾ ਰਾਜ ਦੀ ਰਾਜਧਾਨੀ ਇੰਡਿਆਨਾਪੋਲਿਸ ਦੇ ਹੇਠਲੇ ਖੇਤਰ ਵਿਚ ਵਾਪਰੀ ਗੋਲੀਬਾਰੀ ਦੀ ਇਕ ਘਟਨਾ ਵਿਚ 12 ਤੋਂ 17 ਸਾਲਾਂ ਦੇ 7 ਨਬਾਲਗਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਇੰਡਿਆਨਾਪੋਲਿਸ ਮੈਟਰੋਪੋਲੀਟਨ ਪੁਲਿਸ ਵਿਭਾਗ ਅਨੁਸਾਰ ਸਥਾਨਕ ਸਮੇ ਅਨੁਸਾਰ ਰਾਤ 11.30 ਵਜੇ ਦੇ ਆਸ ਪਾਸ ਸਰਕਲ ਸੈਂਟਰ ਮਾਲ ਨੇੜੇ ਗਸ਼ਤ ਕਰ ਰਹੇ ਪੁਲਿਸ ਅਫਸਰਾਂ ਨੇ ਗੋਲੀਆਂ ਚੱਲਣ ਦੀ ਆਵਾਜ਼ ਸੁਣੀ। ਉਹ ਤੁਰੰਤ ਘਟਨਾ ਸਥਾਨ 'ਤੇ ਪੁੱਜੇ ਜਿਥੇ ਵੱਡੀ ਗਿਣਤੀ ਵਿਚ ਨੌਜਵਾਨ ਮੌਜੂਦ ਸਨ। ਇੰਡਿਆਨਾਪੋਲਿਸ ਪੁਲਿਸ ਡਿਪਟੀ ਚੀਫ ਤਾਨੀਆ ਟੈਰੀ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ 6 ਨਬਾਲਗ ਜ਼ਖਮੀ ਹਾਲਤ ਵਿਚ ਮਿਲੇ ਜਿਨਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਸਾਰੇ ਨਬਾਲਗਾਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਉਨਾਂ ਕਿਹਾ ਕਿ ਬਾਅਦ ਵਿਚ ਇਕ ਹੋਰ ਬੱਚਾ ਕਿਸੇ ਹੋਰ ਹਸਪਤਾਲ ਵਿਚ ਜਖਮੀ ਹਾਲਤ ਵਿਚ ਪੁੱਜਾ। ਡਿਪਟੀ ਚੀਫ ਅਨੁਸਾਰ ਸਾਰੇ ਪੀੜਤਾਂ ਦੀ ਹਾਲਤ ਸਥਿੱਰ ਹੈ। ਉਨਾਂ ਕਿਹਾ ਕਿ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਗੋਲੀਬਾਰੀ ਪਿੱਛੇ ਕਾਰਨ ਕੀ ਹੈ ਜਾਂ ਕਿੰਨੇ ਲੋਕਾਂ ਨੇ ਗੋਲੀਆਂ ਚਲਾਈਆਂ। ਇਸ ਮਾਮਲੇ ਵਿਚ ਅਜੇ ਤੱਕ ਕਿਸੇ ਵੀ ਸ਼ੱਕੀ ਨੂੰ ਹਿਰਾਸਤ ਵਿਚ ਨਹੀਂ ਲਿਆ ਗਿਆ। ਟੈਰੀ ਨੇ ਕਿਹਾ ਹੈ ਕਿ ਪੁਲਿਸ ਦਾ ਵਿਸ਼ਵਾਸ਼ ਹੈ ਕਿ ਗੋਲੀਬਾਰੀ ਵਿਚ ਵੱਖ ਵੱਖ ਕਿਸਮ ਦੇ ਹਥਿਆਰਾਂ ਦੀ ਵਰਤੋਂ ਹੋਈ ਹੈ। ਉਨਾਂ ਕਿਹਾ ਕਿ ਇਹ ਬਹੁਤ ਚਿੰਤਾ ਵਾਲੀ ਗੱਲ ਹੈ ਕਿ ਨੌਜਵਾਨ ਆਪਸੀ ਮਸਲੇ ਗੋਲੀਬਾਰੀ ਨਾਲ ਹੱਲ ਕਰਨਾ ਚਹੁੰਦੇ ਹਨ । ਇਸ ਪ੍ਰਵ੍ਰਿਤੀ ਨੂੰ ਰੋਕਣਾ ਪਵੇਗਾ।

# ਅਮਰੀਕਾ ਦੀ ਇਕ ਅਦਾਲਤ ਨੇ 2 ਦਹਾਕੇ ਤੋਂ ਵਧ ਸਮਾਂ ਕੈਦ ਕੱਟਣ ਉਪਰੰਤ 3 ਕੈਦੀਆਂ ਨੂੰ ਕੀਤਾ ਬਰੀ * ਨਵੇਂ ਸਿਰੇ ਤੋਂ ਚੱਲੇਗਾ ਮੁਕੱਦਮਾ



ਡੈਰਿਕ ਚੈਪਲ, ਮੋਰਟਨ ਜੌਹਨਸਨ ਤੇ ਸੈਮੂਏਲ ਗਰਾਸਟੀ ਜਿਨਾਂ ਦੀ ਉਮਰ ਕੈਦ ਦੀ ਸਜ਼ਾ ਰੱਦ ਕਰ ਦਿੱਤੀ ਗਈ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਪੈਨਸਿਲਵਾਨੀਆ ਰਾਜ ਦੇ ਇਕ ਜੱਜ ਵੱਲੋਂ ਨਵੇਂ ਡੀ ਐਨ ਏ ਸਬੂਤ ਦੇ ਆਧਾਰ 'ਤੇ ਹੱਤਿਆ ਦੇ ਮਾਮਲੇ ਵਿਚ ਉਮਰ ਕੈਦ ਕੱਟ ਰਹੇ 3 ਵਿਅਕਤੀਆਂ ਜੋ ''ਚੈਸਟਰ ਤਿਕੜੀ' ਦੇ ਨਾਂ ਨਾਲ ਪ੍ਰਸਿੱਧ ਹਨ, ਨੂੰ ਬਰੀ ਕਰ ਦੇਣ ਦੀ ਖਬਰ ਹੈ ਜੋ 2 ਦਹਾਕੇ ਤੋਂ ਵਧ ਸਮਾਂ ਕੈਦ ਕੱਟ ਚੁੱਕੇ ਹਨ। ਡੈਰਿਕ ਚੈਪਲ (41), ਮੋਰਟਨ ਜੌਹਨਸਨ (44) ਤੇ ਸੈਮੂਏਲ ਗਰਾਸਟੀ (47) ਨੂੰ 1997 ਵਿਚ ਚੈਸਟਰ, ਪੈਨਸਿਲਵਾਨੀਆ ਵਿਚ 70 ਸਾਲਾ ਵਿਅਕਤੀ ਹੈਨਰੀਏਟਾ ਨਿਕਨਸ ਦੀ ਹੱਤਿਆ ਦੇ ਮਾਮਲੇ ਵਿੱਚ 2000 ਤੇ 2001 ਵਿਚ ਸੈਕੰਡ ਡਿਗਰੀ ਹੱਤਿਆ ਤੇ ਹੋਰ ਦੋਸ਼ਾਂ ਤਹਿਤ ਵੱਖ ਵੱਖ ਸੁਣਵਾਈ ਦੌਰਾਨ ਦੋਸ਼ੀ ਕਰਾਰ ਦਿੱਤਾ ਗਿਆ ਸੀ ਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਹ ਨਿਰੰਤਰ ਆਪਣੇ ਆਪ ਨੂੰ ਨਿਰਦੋਸ਼ ਕਹਿੰਦੇ ਰਹੇ ਹਨ। ਪਿਛਲੇ ਸਾਲ ਇਨਾਂ ਤਿੰਨਾਂ ਨੇ ਜੱਜ ਨੂੰ ਬੇਨਤੀ ਕੀਤੀ ਸੀ ਕਿ ਨਵੇਂ ਡੀ ਐਨ ਏ ਸਬੂਤ ਦੇ ਆਧਾਰ 'ਤੇ ਮੁਕੱਦਮੇ ਦੀ ਦੁਬਾਰਾ ਸੁਣਵਾਈ ਦਾ ਆਦੇਸ਼ ਦਿੱਤਾ ਜਾਵੇ ਕਿਉਂਕਿ ਨਵਾਂ ਡੀ ਐਨ ਏ ਸਬੂਤ ਕਿਸੇ ਹੋਰ ਅਣਪਛਾਤੇ ਵਿਅਕਤੀ ਦੇ ਦੋਸ਼ੀ ਹੋਣ ਵੱਲ ਇਸ਼ਾਰਾ ਕਰਦਾ ਹੈ। ਡੇਲਵੇਅਰ ਕਾਊਂਟੀ ਜੱਜ ਮੈਰੀ ਬਰੀਨਾਨ ਨੇ ਇਸ ਨਾਲ ਸਹਿਮਤੀ ਹੁੰਦਿਆਂ ਉਨਾਂ ਦੀ ਸਜ਼ਾ ਰੱਦ ਕਰਨ ਦਾ ਆਦੇਸ਼ ਦਿੱਤਾ ਹੈ ਤੇ ਉਨਾਂ ਦੇ ਮੁਕੱਦਮੇ ਦੀ ਨਵੇਂ ਸਿਰੇ ਤੋਂ ਸੁਣਵਾਈ ਦੀ ਬੇਨਤੀ ਪ੍ਰਵਾਨ ਕਰ ਲਈ ਹੈ।

ਸੱਚੀ ਕਹਾਣੀ

# ਅੱਖਾਂ ਵਾਲੇ ਡਾਕਟਰ ਸਾਬ

ਮੇਰੀਆਂ ਅੱਖਾਂ ਵਿੱਚ ਖਾਰਸ ਅਤੇ ਪਾਣੀ ਵੱਗ ਰਿਹਾ ਸੀ। ਮੇਰੇ ਸ਼ਹਿਰ ਦੇ ਮੰਨੇ-ਪ੍ਰਮੰਨੇ ਡਾਕਟਰ ਜਿਹੜੇ ਪੀ.ਜੀ.ਆਈ ਚੰਡੀਗੜ੍ਹ ਡਿਊਟੀ ਕਰਦੇ ਸਨ, ਲਗਭਗ 15 ਦਿਨਾਂ ਬਾਅਦ ਘਰ ਆਉਂਦੇ । ਮੈਂ ਆਪਣੀਆਂ ਅੱਖਾਂ ਚੈਕ ਕਰਵਾਉਣ ਲਈ ਉਹਨਾ ਦੇ ਕਲੀਨਿਕ ਚਲਾ ਗਿਆ, ਜਿਹੜਾਂ ਕਿ ਉਹਨਾ ਦੇ ਘਰ ਵਿੱਚ ਹੀ ਸੀ। ਡਾਕਟਰ ਸਾਬ ਅੰਦਰ ਸਨ ਅਤੇ ਉਹਨਾਂ ਦੇ ਪਿਤਾ ਜੀ ਕਲੀਨਿਕ ਦੇ ਬਾਹਰ ਬੈਠੇ ਸਨ। ਹਾਲੇ ਮੈਂ ਇਕੱਲਾ ਮਰੀਜ਼ ਹੀ ਉੱਥੇ ਪਹੁੰਚਿਆ ਸੀ। ਡਾਕਟਰ ਸਾਬ ਦੇ ਪਿਤਾ ਜੀ ਨਾਲ ਗੱਲਬਾਤ ਹੋਣ ਲੱਗ ਪਈ। ਗੱਲਾਂ - ਗੱਲਾਂ ਵਿੱਚ ਉਹ ਮੈਨੂੰ ਪੁੱਛਣ ਲੱਗ ਪਏ ਕਿ ਤੂੰ ਕੰਮ ਕੀ ਕਰਦਾ ਹੈ। ਉਸੇ ਵੇਲੇ ਮੇਰੇ ਦਿਮਾਗ ਵਿੱਚ ਇਹ ਰੀਲ ਘੁੰਮਣ ਲੱਗ ਪਈ ਕਿ ਕਦੀ ਵੀ ਡਾਕਟਰ ਨੂੰ ਆਪਣੇ ਕੰਮ-ਕਾਜ ਬਾਰੇ ਵੱਧ ਚੜ੍ਹ ਕੇ ਜਾਂ ਬਹੁਤਾਂ ਸੱਚ ਨਹੀ ਦੱਸਣਾਂ ਚਾਹੀਦਾ, ਨਹੀਂ ਤਾਂ ਇਹ

ਮਹਿੰਗੀ ਦਵਾਈ ਤੇ ਬਹੁਤ ਸਾਰੇ ਫਜ਼ੂਲ ਦੇ ਟੈਸਟ ਲਿਖ ਦੇਦੇਂ ਹਨ। ਮੈਂ ਆਪਣੀ ਹੁਸ਼ਿਆਰੀ ਵਰਤਦੇ ਹੋਏ ਕਹਿ ਦਿੱਤਾ ਕਿ ਮੈਂ ਦਰਜੀ ਹਾਂ ਜੀ। ਇਹ ਸੁਣ ਕੇ ਡਾਕਟਰ ਸਾਬ ਦੇ ਪਿਤਾ ਜੀ ਘਰ ਚਲੇ ਗਏ ਅਤੇ ਕੁਝ ਸਮੇਂ ਬਾਅਦ ਆਪਣੇ ਘਰੋਂ ਇੱਕ ਜੈਕੇਟ ਤੇ ਸੂਈ ਧਾਗਾ ਲੈ ਕੇ ਵਾਪਸ ਕਲੀਨਿਕ ਆ ਗਏ। ਉਹ ਮੈਨੂੰ ਕਹਿਣ ਲੱਗੇ ਕਿ ਇਸ ਜੈਕੇਟ ਦੇ ਕਫ ਠੀਕ ਕਰ ਦੇ ਜਿਹੜੇ ਕੁਝ ਫਟੇ ਹੋਏ ਸਨ। ਇਹ ਸੁਣਦਿਆਂ ਹੀ ਮੈਨੂੰ ਆਪਣੇ ਹੱਥਾਂ-ਪੈਰਾਂ ਦੀ ਪੈ ਗਈ। ਮੈਂ ਆਪਣੇ ਬਚਾਅ ਦੀ ਤਰਤੀਬ ਲਗਾਉਣ ਲੱਗਾ। ਮੈਂ ਉਹਨਾਂ ਨੂੰ ਕਿਹਾ ਕਿ ਇਹ ਕੰਮ ਸੂਈ ਧਾਗੇ ਨਾਲ ਨਹੀ ਹੋਣ ਵਾਲਾ। ਇਸ ਦੇ ਲਈ ਸਿਲਾਈ ਮਸ਼ੀਨ ਚਾਹੀਦੀ ਹੈ। ਉਹ ਕਹਿਣ ਲੱਗੇ ਕਿ ਆਪਣੇ ਕੋਲ ਸਿਲਾਈ ਮਸ਼ੀਨ ਵੀ ਹੈ। ਤੂੰ ਇਸ ਨੂੰ ਉਸ ਨਾਲ ਠੀਕ ਕਰ ਦੇ। ਜਦੋਂ ਮੈਂ ਦੇਖਿਆ ਕਿ ਹੁਣ ਤਾਂ ਬਚਾਅ ਸੰਭਵ ਨਹੀ ਲੱਗਦਾ ਤਾਂ ਮੈਂ ਉਹਨਾਂ ਨੂੰ ਕਹਿ ਦਿੱਤਾ ਕਿ ਮੈਨੂੰ ਇਸ ਕੰਮ ਤੇ ਪਏ ਨੂੰ ਹਾਲੇ ਥੋੜੇ ਦਿਨ ਹੀ ਹੋਏ ਹਨ ਤਾਂ ਉਹ ਜੈਕੇਟ ਵਾਪਸ ਲੈ ਕੇ ਘਰ ਨੂੰ ਚਲੇ ਗਏ। ਮੈਨੂੰ ਡਾਕਟਰ ਸਾਬ ਨੇ ਅੰਦਰ ਬੁਲਾ ਲਿਆ ਅਤੇ ਅੱਖਾ ਚੈਕ ਕਰਨ ਤੇ ਆਪਣੇ ਕੋਲੋ ਦਾਰੂ(ਦਵਾਈ) ਦੇਣ ਦੇ 200 ਰੁਪਏ ਲਏ। ਮੈਂ ਸਮਝਦਾ ਡਾਕਟਰ ਸਾਬ ਨੇ ਮੇਰੀ ਤੇ ਆਪਣੇ ਪਿਤਾ ਜੀ ਦੀ ਵਾਰਤਾਲਾਪ ਸੁਣ ਲਈ ਸੀ ਅਤੇ ਮੇਰੀ ਵਰਤੀ ਗਈ ਸਕੀਮ ਮੇਰੇ ਕੁਝ ਕੰਮ ਆ ਗਈ।



ਗੁਰਿੰਦਰ ਕਲੇਰ

ਵਿਸ਼ੇਸ਼ ਰਿਪੋਟ

# ਭਾਜਪਾ ਵਲੋਂ ਕਾਂਗਰਸ ਤੇ 'ਆਪ' ਉਪਰ ਈ.ਡੀ., ਸੀ.ਬੀ.ਆਈ. ਤੇ ਇਨਕਮ ਟੈਕਸ ਵਿਭਾਗ ਦੀ ਧੜੱਲੇ ਨਾਲ ਵਰਤੋਂ

## ✪ ਵਿਰੋਧੀ ਸਿਆਸੀਆਂ ਪਾਰਟੀਆਂ ਨੂੰ ਮੋਦੀ ਸਰਕਾਰ ਵਲੋਂ ਜਾਮ ਕਰਨ ਦੇ ਯਤਨ ✪ ਚੋਣਾਂ ਕਾਰਨ ਟੈਕਸ ਨੋਟਿਸ 'ਤੇ ਕਾਂਗਰਸ ਖ਼ਿਲਾਫ ਆਮਦਨ ਕਰ ਵਿਭਾਗ ਕੋਈ ਕਾਰਵਾਈ ਨਹੀਂ ਕਰੇਗਾ



18ਵੀਂ ਲੋਕ ਸਭਾ ਦੀਆਂ ਚੋਣਾਂ ਲਈ ਭਾਰਤ ਵਿਚ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ ਜੋ ਕਿ 7 ਪੜਾਵਾਂ ਵਿਚ ਹੋਣਗੀਆਂ। ਪੰਜਾਬ ਵਿਚ 1 ਜੂਨ ਨੂੰ ਵੋਟਾਂ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ ਸਾਰੇ ਦੇਸ਼ ਦੇ ਨਾਲ ਹੀ 4 ਜੂਨ ਨੂੰ ਹੋਵੇਗੀ।

ਕੌਮੀ ਪੱਧਰ 'ਤੇ ਭਾਜਪਾ ਅਤੇ ਮੋਦੀ ਸਰਕਾਰ ਵਲੋਂ ਨਿਰੰਤਰ ਇਹ ਯਤਨ ਕੀਤੇ ਜਾ ਰਹੇ ਹਨ ਕਿ ਵਿਰੋਧੀ ਸਿਆਸੀਆਂ ਪਾਰਟੀਆਂ ਪ੍ਰਭਾਵਸ਼ਾਲੀ ਢੰਗ ਨਾਲ ਚੋਣ ਮੈਦਾਨ ਵਿਚ ਹੀ ਨਾ ਨਿੱਤਰ ਕਰ ਸਕਣ। ਇਸ ਮਕਸਦ ਲਈ ਈ.ਡੀ., ਸੀ.ਬੀ.ਆਈ. ਤੇ ਇਨਕਮ ਟੈਕਸ ਵਿਭਾਗ ਦੀ ਧੜੱਲੇ ਨਾਲ ਵਰਤੋਂ ਕੀਤੀ ਜਾ ਰਹੀ ਹੈ। ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਪਕੜ-ਧਕੜ ਕਰਨ ਅਤੇ ਉਨ੍ਹਾਂ ਨੂੰ ਡਰ ਅਤੇ ਲਾਲਚ ਦੇ ਕੇ ਦਲਬਦਲੀ ਕਰਵਾਉਣ ਦਾ ਸਿਲਸਿਲਾ ਨਿਰੰਤਰ ਜਾਰੀ ਹੈ।

ਗੱਠਜੋੜ ਵੱਲੋਂ ਬੀਤੇ ਐਤਵਾਰ ਨੂੰ ਦਿੱਲੀ ਵਿਖੇ ਕੀਤੀ ਗਈ 'ਲੋਕਤੰਤਰ ਬਚਾਓ ਰੈਲੀ' ਵਿਚ ਸਾਡੀਆਂ ਲੋਕਰਾਜੀ ਸੰਸਥਾਵਾਂ ਅੱਗੇ ਬਣੀਆਂ ਕੁਝ ਹੋਰ ਚੁਣੌਤੀਆਂ ਵੀ ਉੱਭਰੀਆਂ ਹਨ। ਟੈਕਸ ਕਾਰਵਾਈ ਦੇ ਨਾਂ 'ਤੇ ਤੰਗ-ਪ੍ਰੇਸ਼ਾਨ ਕਰਨ ਦੇ ਦੋਸ਼ਾਂ ਦੇ ਨਾਲ-ਨਾਲ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਮੁਖੀ ਕੇਜਰੀਵਾਲ ਅਤੇ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਜਿਹੀਆਂ ਵਿਰੋਧੀ ਧਿਰ ਦੀਆਂ ਅਹਿਮ ਹਸਤੀਆਂ ਦੀ ਰਿਹਾਈ ਦੀ ਕੀਤੀ ਜਾ ਰਹੀ ਮੰਗ ਤੇ ਵਿਰੋਧ ਨੂੰ ਦਬਾਉਣ ਦੀਆਂ ਭਾਜਪਾ ਦੀਆਂ ਕਥਿਤ ਕੋਸ਼ਿਸ਼ਾਂ ਦੀ ਆਲੋਚਨਾ ਨੇ ਲਗਾਤਾਰ ਬਦਲ ਰਹੇ ਸਿਆਸੀ ਸਮੀਕਰਨਾਂ ਦੀ ਤਸਵੀਰ ਪੇਸ਼ ਕੀਤੀ ਹੈ। ਵਿਰੋਧੀ ਧਿਰਾਂ ਵਿਚਾਲੇ ਅੰਦਰਖਾਤੇ ਹਾਲੀਆ ਅਸਹਿਮਤੀ ਦੇ ਦੌਰ ਤੋਂ ਬਾਅਦ ਇਨ੍ਹਾਂ ਆਗੂਆਂ ਦੀ ਗ੍ਰਿਫ਼ਤਾਰੀ ਨੇ ਇੰਡੀਆ ਗਠਜੋੜ ਨੂੰ ਇਕਜੁੱਟ ਕਰਨ ਦਾ ਕੰਮ ਕੀਤਾ ਹੈ ਅਤੇ ਕਥਿਤ ਤਾਨਾਸ਼ਾਹ ਰਵੱਈਏ ਵਿਰੁੱਧ ਸਾਂਝਾ ਮੋਰਚਾ ਲਾਉਣ ਲਈ ਸਮਰਥਨ ਜੁਟਿਆ ਹੈ।ਇਸ ਰੈਲੀ ਰਾਹੀਂ ਵਿਰੋਧੀ ਧਿਰ ਵੱਲੋਂ ਚੋਣ ਕਮਿਸ਼ਨ ਤੋਂ ਜਾਂਚ ਏਜੰਸੀਆਂ ਦੀਆਂ ਕਾਰਵਾਈਆਂ 'ਤੇ ਰੋਕ ਲਾਉਣ ਤੇ ਕਥਿਤ ਚੁਣਾਵੀ ਭ੍ਰਿਸ਼ਟਾਚਾਰ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਕਰਾਉਣ ਦੀ ਕੀਤੀ ਮੰਗ ਨੇ ਚੋਣ ਪ੍ਰਕਿਰਿਆ ਵਿਚ ਸੰਸਥਾਈ ਅਖੰਡਤਾ ਤੇ ਨਿਰਪੱਖਤਾ ਦੀ ਲੋੜ ਨੂੰ ਵੀ ਸਾਹਮਣੇ ਲਿਆਂਦਾ ਹੈ। ਯਾਦ ਰਹੇ ਕਿ ਜਦੋਂ ਚੋਣਾਂ ਦਾ ਐਲਾਨ ਹੋ ਜਾਂਦਾ ਹੈ ਤਾਂ ਸਰਕਾਰੀ ਏਜੰਸੀਆਂ ਆਮ ਤੌਰ 'ਤੇ ਪਿਛੋਕੜ ਵਿੱਚ ਚਲੀਆਂ ਜਾਂਦੀਆਂ ਹਨ ਪਰ ਐਤਕੀਂ ਇਹ ਏਜੰਸੀਆਂ ਵਿਰੋਧੀ ਧਿਰ ਵਿਰੁੱਧ ਪਹਿਲਾਂ ਨਾਲੋਂ ਵੀ ਵੱਧ ਸਰਗਰਮੀ ਦਿਖਾ ਰਹੀਆਂ ਹਨ।

ਸਪੱਸ਼ਟ ਹੈ ਕਿ ਅਜਿਹਾ ਸਰਕਾਰੀ ਦਬਾਅ ਕਾਰਨ ਹੋ ਰਿਹਾ ਹੈ। ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਭਾਜਪਾ 'ਤੇ ਦੋਸ਼ ਲਾਇਆ ਕਿ ਉਸ ਦਾ ਇੱਕੋ ਇੱਕ ਮਕਸਦ ਲੋਕ ਸਭਾ ਚੋਣਾਂ ਦੌਰਾਨ ਉਨ੍ਹਾਂ ਦੇ ਪਤੀ ਨੂੰ ਜੇਲ੍ਹ ਵਿਚ ਰੱਖਣਾ ਹੈ। ਸੁਨੀਤਾ ਕੇਜਰੀਵਾਲ ਨੇ ਕਿਹਾ ਕਿ ਕੇਜਰੀਵਾਲ ਤੋਂ 11 ਦਿਨ ਤੱਕ ਪੁੱਛ ਪੜਤਾਲ ਕੀਤੀ ਗਈ। ਪੁੱਛ ਪੜਤਾਲ ਖਤਮ ਹੋ ਗਈ। ਅਦਾਲਤ ਨੇ ਉਨ੍ਹਾਂ ਨੂੰ ਦੋਸ਼ੀ ਨਹੀਂ ਠਹਿਰਾਇਆ। ਉਨ੍ਹਾਂ ਨੂੰ ਜੇਲ੍ਹ ਵਿਚ ਕਿਉਂ ਰੱਖਿਆ ਗਿਆ ਹੈ?'

ਕਾਂਗਰਸ ਦੇ ਵਿੱਤੀ ਸਰੋਤ ਘਟਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪਹਿਲਾਂ ਆਮਦਨ ਕਰ ਵਿਭਾਗ ਨੇ ਉਸ ਦਾ ਖਾਤਾ ਜਾਮ ਕਰ ਦਿੱਤਾ ਅਤੇ ਉਸ ਵਿਚੋਂ ਆਮਦਨ ਕਰ ਦੇ ਬਕਾਏ ਵਜੋਂ 135 ਕਰੋੜ ਰੁਪਏ ਕੱਢ ਲਏ। ਇਸ ਤੋਂ ਬਾਅਦ ਆਮਦਨ ਕਰ ਵਿਭਾਗ ਨੇ ਉਸ ਦੇ ਖਾਤਿਆਂ ਵਿਚ 524 ਕਰੋੜ ਰੁਪਏ ਦੀ ਗੜਬੜੀ ਫੜੀ ਹੈ। ਕੇਂਦਰੀ ਏਜੰਸੀਆਂ ਨੇ ਦੱਸਿਆ ਹੈ ਕਿ ਉਸ ਨੇ ਜਦੋਂ ਛਾਪਾ ਮਾਰਿਆ ਸੀ, ਉਦੋਂ ਕੁਝ ਕਾਗਜ਼ਾਤ ਜ਼ਬਤ ਹੋਏ ਸਨ, ਜਿਨ੍ਹਾਂ ਤੋਂ ਪਤਾ ਲੱਗਾ ਹੈ ਕਿ ਕਾਂਗਰਸ ਦੇ ਖਾਤਿਆਂ ਵਿਚੋਂ 2014 ਤੋਂ ਬਾਅਦ ਬਿਨਾਂ ਹਿਸਾਬ-ਕਿਤਾਬ ਦੇ 524 ਕਰੋੜ ਰੁਪਏ ਦਾ ਲੈਣ-ਦੇਣ ਹੋਇਆ ਹੈ। ਇਹ ਵੱਡਾ ਦੋਸ਼ ਹੈ।

'ਅਨਕਾਊਂਟੇਡ ਟ੍ਰਾਂਜੈਕਸ਼ਨ' ਅਪਰਾਧਕ ਮਾਮਲਾ ਹੈ। ਪਾਰਟੀ ਨੂੰ ਇਸ 524 ਕਰੋੜ ਦਾ ਹਿਸਾਬ ਤਾਂ ਦੇਣਾ ਹੀ ਹੋਵੇਗਾ, ਨਾਲ ਹੀ ਆਮਦਨ ਕਰ ਵਿਭਾਗ ਨੇ ਉਸ ਨੂੰ 1700 ਕਰੋੜ ਰੁਪਏ ਦਾ ਡਿਮਾਂਡ ਨੋਟਿਸ ਜਾਰੀ ਕਰ ਦਿੱਤਾ ਹੈ। ਇਹ ਨੋਟਿਸ ਸਾਲ 2017-18 ਤੋਂ 2020-21 ਲਈ ਹੈ ਅਤੇ ਇਸ ਵਿਚ ਜੁਰਮਾਨਾ ਤੇ ਵਿਆਜ ਸ਼ਾਮਿਲ ਹੈ। ਕਾਂਗਰਸ ਸਾਹਮਣੇ ਇਹ ਬੇਮਿਸਾਲ ਆਰਥਿਕ ਸੰਕਟ ਹੈ।

ਜ਼ਿਕਰਯੋਗ ਹੈ ਕਿ ਆਮਦਨ ਕਰ ਵਿਭਾਗ ਨੇ ਕਾਂਗਰਸ ਦੀ ਮਰਜ਼ੀ ਬਗ਼ੈਰ ਉਸ ਦੇ ਖਾਤੇ 'ਚੋਂ ਪਿਛਲਾ ਬਕਾਇਆ ਕਢਵਾ ਲਿਆ ਸੀ। ਭਾਵੇਂ ਅਮਰੀਕਾ ,ਜ਼ਰਮਨ, ਯੂਐਨਓ ਨੇ ਮੋਦੀ ਸਰਕਾਰ ਦੇ ਇਸ ਕਦਮ ਨੂੰ ਜਮਹੂਰੀਅਤ ਵਿਰੋਧੀ ਦਸਿਆ ਸੀ,ਪਰ ਮੋਦੀ ਸਰਕਾਰ ਕਿਸੇ ਦੀ ਪਰਵਾਹ ਨਹੀਂ ਕਰ ਰਹੀ।

**ਬਾਕੀ ਹਿਸਾ ਸਫਾ 56 ਤੇ ਪੜ੍ਹੋ**

# ਸ਼ਰਾਬ ਘੋਟਾਲੇ ਕਾਰਣ ਆਪ ਦਾ ਅਕਸ ਧੁੰਦਲਾ

## ✪ ਪੰਜਾਬੀ ਆਪ ਤੋਂ ਹੋਏ ਨਿਰਾਸ਼, ਕਈ ਆਪ ਲੀਡਰ ਭਾਜਪਾ ਵਿਚ ਸ਼ਾਮਲ, ਕਾਂਗਰਸ ਫੁਟ ਦੀ ਸ਼ਿਕਾਰ

ਦੋ ਸਾਲਾਂ ਦੇ ਸ਼ਾਸਨ ਨਾਲ ਹੀ ਆਪ ਪਾਰਟੀ ਤੋਂ ਵੱਡੀ ਪੱਧਰ 'ਤੇ ਪੰਜਾਬੀ ਬਦਜਨ ਹੋ ਗਏ ਹਨ। ਇਸ ਦੀ 2022 ਦੀਆਂ ਵਿਧਾਨ ਸਭਾ ਚੋਣਾਂ ਵਾਲੀ ਚੜ੍ਹਤ ਨਹੀਂ ਹੈ। ਇਸ ਨੂੰ ਲੋਕ ਸਭਾ ਚੋਣਾਂ ਵਿਚ ਸੱਤਾ ਵਿਰੋਧੀ ਰੁਝਾਨ ਦਾ ਚੋਖਾ ਸਾਹਮਣਾ ਕਰਨਾ ਪਵੇਗਾ। ਇਸ ਦੇ ਕੌਮੀ ਕਨਵੀਨਰ ਕੇਜਰੀਵਾਲ ਦੀ ਸ਼ਰਾਬ ਘੋਟਾਲੇ ਵਿਚ ਈ.ਡੀ. ਵਲੋਂ ਹੋਈ ਗ੍ਰਿਫ਼ਤਾਰੀ ਨਾਲ ਇਸ ਦਾ ਕੱਟੜ ਇਮਾਨਦਾਰ ਪਾਰਟੀ ਵਾਲਾ ਅਕਸ ਵੀ ਧੁੰਦਲਾ ਹੋ ਗਿਆ ਹੈ। ਦਿੱਲੀ ਦੇ ਸ਼ਰਾਬ ਘੋਟਾਲੇ ਦੀ ਲਪੇਟ ਵਿਚ ਪੰਜਾਬ ਦੀ ਅਫ਼ਸਰਸ਼ਾਹੀ ਅਤੇ ਸੱਤਾਧਾਰੀ ਪਾਰਟੀ ਦੇ ਕੁਝ ਆਗੂਆਂ ਦੇ ਵੀ ਆਉਣ ਦੀਆਂ ਸੰਭਾਵਨਾਵਾਂ ਬਣੀਆਂ ਹੋਈਆਂ ਹਨ।

ਅਜੇ ਕੁੱਝ ਦਿਨ ਪਹਿਲਾਂ 'ਆਪ' ਛੱਡ ਕੇ ਭਾਜਪਾ ਵਿਚ ਸ਼ਾਮਿਲ ਹੋਏ ਸੰਸਦ ਮੈਂਬਰ ਸੁਸ਼ੀਲ ਰਿੰਕੂ ਅਤੇ ਵਿਧਾਇਕ ਸ਼ੀਤਲ ਅੰਗੁਰਾਲ ਦੇ ਝਟਕੇ ਤੋਂ ਉੱਭਰੀ ਨਹੀਂ ਸੀ ਕਿ ਹੁਣ ਮਾਨ ਸਰਕਾਰ ਨੂੰ ਜਲੰਧਰ ਵਿਚ ਸਾਬਕਾ ਸੀਨੀਅਰ ਡਿਪਟੀ ਮੇਅਰ ਕਮਲਜੀਤ ਸਿੰਘ ਭਾਟੀਆ ਸਮੇਤ ਕਈ ਸਾਬਕਾ ਕੌਂਸਲਰ ਉਨ੍ਹਾਂ ਦੀ ਧਰਮ-ਪਤਨੀ ਸਾਬਕਾ ਕੌਂਸਲਰ ਜਸਪਾਲ ਕੌਰ ਭਾਟੀਆ, ਨਿਗਮ ਵਿਚ ਵਿਰੋਧੀ ਧਿਰ ਦੇ ਉਪ ਆਗੂ ਰਹੇ ਵਿਰੇਸ਼ ਮਿੰਟੂ, ਸਾਬਕਾ ਕੌਂਸਲਰ ਸੁਨੀਤਾ ਰਿੰਕੂ, ਸਾਬਕਾ ਕੌਂਸਲਰ ਰਾਧਿਕਾ ਪਾਠਕ, ਜ਼ਿਲ੍ਹਾ ਬੀ. ਸੀ.ਸੀ. ਸੈੱਲ ਦੇ ਪ੍ਰਧਾਨ ਹਰਜਿੰਦਰ ਸਿੰਘ ਲਾਡਾ, ਉਨ੍ਹਾਂ ਦੀ ਧਰਮ-ਪਤਨੀ ਅਤੇ ਸਾਬਕਾ ਕੌਂਸਲਰ ਚਰਨਜੀਤ ਕੌਰ ਸੰਧਾ, ਸਾਬਕਾ ਕੌਂਸਲਰ ਬਬੀਤਾ ਰਾਣੀ, ਸਾਬਕਾ ਕੌਂਸਲਰ ਕੁਲਦੀਪ ਕੌਰ ਭਾਜਪਾ ਵਿਚ ਸ਼ਾਮਿਲ ਹੋ ਗਏ ਹਨ।

ਆਮ ਆਦਮੀ ਪਾਰਟੀ ਤੋਂ ਬਾਅਦ ਦੂਜੇ ਨੰਬਰ 'ਤੇ ਕਾਂਗਰਸ ਦਾ ਰਾਜਨੀਤਕ ਮਹੱਤਵ ਹੈ। ਪਿਛਲੀ ਚੋਣ ਵਿਚ ਜਿਸ ਤਰ੍ਹਾਂ ਕਿ ਅਸੀਂ ਉੱਪਰ ਜ਼ਿਕਰ ਕੀਤਾ ਹੈ ਇਸ ਨੇ 8 ਲੋਕ ਸਭਾ ਸੀਟਾਂ ਜਿੱਤੀਆਂ ਸਨ। ਇਸ ਵਾਰ ਵੀ ਜੇਕਰ ਆਪ ਪਾਰਟੀ ਵਿਰੁੱਧ ਬਣਿਆ ਸੱਤਾ ਵਿਰੋਧੀ ਰੁਝਾਨ ਠੋਸ ਆਕਾਰ ਲੈਂਦਾ ਹੈ ਤਾਂ ਇਸ ਦਾ ਵੱਡਾ ਲਾਭ ਕਾਂਗਰਸ ਨੂੰ ਹੀ ਪ੍ਰਾਪਤ ਹੋਵੇਗਾ। ਪਰ ਕੌਮੀ ਪੱਧਰ 'ਤੇ ਇਸ ਪਾਰਟੀ ਦੀ ਸਿਆਸੀ ਲੀਡਰਸ਼ਿਪ ਦੀਆਂ ਢਿੱਲ-ਮੱਠ ਵਾਲੀਆਂ ਨੀਤੀਆਂ ਅਤੇ ਰਾਜ ਵਿਚ ਕਾਂਗਰਸ ਆਗੂਆਂ ਵਿਚਕਾਰ ਕੁਝ ਹੱਦ ਤੱਕ ਚਲ ਰਹੀ ਧੜੇਬੰਦੀ, ਇਸ ਪਾਰਟੀ ਲਈ ਔਕੜਾਂ ਖੜ੍ਹੀਆਂ ਕਰੇਗੀ। ਇਸ ਪਾਰਟੀ ਨੂੰ ਵਿੱਤੀ ਵਸੀਲਿਆਂ ਦੇ ਪੱਖ ਤੋਂ ਵੀ ਤੰਗੀ ਦਾ ਸਾਹਮਣਾ ਕਰਨਾ ਪਵੇਗਾ।

ਜੇਕਰ ਸ਼੍ਰੋਮਣੀ ਅਕਾਲੀ ਦੀਆਂ ਚੋਣ ਸੰਭਾਵਨਾਵਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਪਿਛਲੇ ਕੁਝ ਮਹੀਨਿਆਂ ਵਿਚ ਇਸ ਨੇ ਏਕਤਾ ਕਰਕੇ ਆਪਣਾ ਅਧਾਰ ਮਜ਼ਬੂਤ ਕਰਨ ਅਤੇ ਆਪਣੇ-ਆਪ ਨੂੰ ਰਾਜ ਦੇ ਲੋਕਾਂ ਨਾਲ ਜੋੜਨ ਲਈ ਚੋਖੀ ਸਰਗਰਮੀ ਦਿਖਾਈ ਹੈ। ਪਰ ਪਿਛਲੀਆਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿਚ ਵੱਡੀਆਂ ਹਾਰਾਂ ਦਾ ਸਾਹਮਣਾ ਕਰਨ ਤੋਂ ਬਾਅਦ ਇਹ ਪਾਰਟੀ ਇਨ੍ਹਾਂ ਲੋਕ ਸਭਾ ਚੋਣਾਂ ਵਿਚ ਆਪਣਾ ਖੋਇਆ ਹੋਇਆ ਅਧਾਰ ਪ੍ਰਾਪਤ ਕਰਨ ਵਿਚ ਕਿੱਥੋਂ ਤੱਕ ਸਫ਼ਲ ਹੁੰਦੀ ਹੈ ਇਹ ਦੇਖਣਾ ਅਜੇ ਬਾਕੀ ਹੋਵੇਗਾ। ਮੋਦੀ ਸਰਕਾਰ ਵਲੋਂ ਬੰਦੀਵਾਨ ਸਿਖਾਂ ਦੀ ਰਿਹਾਈ ਤੇ ਕਿਸਾਨ ਮਸਲਿਆਂ ਦੇ ਹੱਲ ਨਾ ਕਰਨ ਕਾਰਣ ਭਾਜਪਾ ਦਾ ਅਕਾਲੀ ਦਲ ਦਾ ਚੋਣ ਸਮਝੌਤਾ ਨਾ ਹੋਣ ਨਾਲ ਵੀ ਇਸ ਲਈ ਚੁਣੌਤੀ ਵਧੀ ਹੈ।

ਰਾਜ ਵਿਚ ਭਾਜਪਾ ਚੋਖੇ ਵਿਸ਼ਵਾਸ ਨਾਲ ਇਸ ਵਾਰ ਇਕੱਲਿਆਂ ਹੀ ਰਾਜ ਦੀਆਂ 13 ਸੀਟਾਂ ਲੜਨ ਦੀ ਤਿਆਰੀ ਕਰ ਰਹੀ ਹੈ। ਤਰਜੀਹ ਦਿੱਤੀ ਹੈ। ਪਿਛਲੇ ਸਮੇਂ ਵਿਚ ਵੱਡੀ ਪੱਧਰ 'ਤੇ ਪੰਜਾਬ ਭਾਜਪਾ ਨੇ ਕਾਂਗਰਸ ਅਤੇ ਹੋਰ ਪਾਰਟੀ ਦੇ ਨੇਤਾਵਾਂ ਨੂੰ ਆਪਣੀ ਪਾਰਟੀ ਵਿਚ ਸ਼ਾਮਿਲ ਕੀਤਾ ਹੈ ਅਤੇ ਇਹ ਸਿਲਸਿਲਾ ਅਜੇ ਤੱਕ ਜਾਰੀ ਹੈ। ਲੋਕ ਸਭਾ ਚੋਣਾਂ ਵਿਚ ਇਸ ਦਾ ਪੰਜਾਬ ਭਾਜਪਾ ਨੂੰ ਕਿੰਨਾ ਲਾਭ ਮਿਲੇਗਾ ਇਹ ਦੇਖਣ ਵਾਲੀ ਗੱਲ ਹੋਵੇਗੀ। ਭਾਜਪਾ ਦੀ ਨਜ਼ਰ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਤੇ ਹੈ।

ਜੇਕਰ ਪੰਜਾਬ ਵਿਚ ਸਰਗਰਮ ਰਾਜਨੀਤਕ ਪਾਰਟੀਆਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿਚ ਰਵਾਇਤੀ ਪੁਰਾਣੀਆਂ ਪਾਰਟੀਆਂ ਕਾਂਗਰਸ, ਬਾਦਲ ਅਕਾਲੀ ਦਲ, ਬਸਪਾ, ਅਕਾਲੀ ਦਲ ਅੰਮ੍ਰਿਤਸਰ, ਸੀ.ਪੀ.ਆਈ., ਸੀ.ਪੀ.ਆਈ.(ਐਮ.) ਆਦਿ ਹਨ। ਨਵੀਂ ਉੱਭਰੀ ਆਪ ਪਾਰਟੀ ਇਸ ਸਮੇਂ ਰਾਜ ਦੀ ਸੱਤਾ 'ਤੇ ਕਾਬਜ਼ ਹੈ।

**55 ਸਫ਼ੇ ਦੀ ਬਾਕੀ**

ਪਰ ਹੁਣ ਆਮਦਨ ਕਰ ਵਿਭਾਗ ਨੇ ਹੁਣੇ ਜਿਹੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਹ ਲਗਪਗ 3500 ਕਰੋੜ ਰੁਪਏ ਦੇ ਟੈਕਸ ਡਿਮਾਂਡ ਨੋਟਿਸਾਂ ਦੇ ਸਬੰਧ ਵਿੱਚ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਵਿਰੁੱਧ ਕੋਈ ਜ਼ਬਰਦਸਤੀ ਕਾਰਵਾਈ ਨਹੀਂ ਕਰੇਗਾ। ਜਸਟਿਸ ਬੀਵੀ ਨਾਗਰਥਨਾ ਅਤੇ ਜਸਟਿਸ ਔਗਸਟਿਨ ਜਾਰਜ ਮਸੀਹ ਦੇ ਬੈਂਚ ਨੇ ਆਮਦਨ ਕਰ ਵਿਭਾਗ ਦੀ ਨੁਮਾਇੰਦਗੀ ਕਰ ਰਹੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਦਾ ਬਿਆਨ ਦਰਜ ਕੀਤਾ ਕਿ ਮੌਜੂਦਾ ਹਾਲਾਤਾਂ ਵਿੱਚ ਇਸ ਮਾਮਲੇ 'ਤੇ ਅੰਤਿਮ ਫੈਸਲਾ ਹੋਣ ਤੱਕ ਕੋਈ ਤੁਰੰਤ ਕਾਰਵਾਈ ਨਹੀਂ ਕੀਤੀ ਜਾਵੇਗੀ। ਬੈਂਚ ਨੇ ਮੰਗ ਨੋਟਿਸ 'ਤੇ ਕਾਂਗਰਸ ਦੀ ਪਟੀਸ਼ਨ 'ਤੇ ਸੁਣਵਾਈ ਜੁਲਾਈ ਤੱਕ ਅੱਗੇ ਪਾ ਦਿੱਤੀ

ਇਸ ਮਾਮਲੇ ਨੇ ਟੈਕਸ ਮਾਮਲਿਆਂ ਦੇ ਸਿਆਸੀਕਰਨ ਅਤੇ ਚੋਣ ਪ੍ਰਕਿਰਿਆ ਦੀ ਨਿਰਪੱਖਤਾ ਤੇ ਪਵਿੱਤਰਤਾ ਬਾਰੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਪਾਰਟੀ ਵੱਲੋਂ ਸੱਤਾਧਾਰੀ ਭਾਰਤੀ ਜਨਤਾ ਪਾਰਟੀ 'ਤੇ ਲਾਏ 'ਟੈਕਸ ਅਤਿਵਾਦ' ਦੇ ਇਲਜ਼ਾਮਾਂ ਨੇ ਸਰਕਾਰੀ ਤੰਤਰ ਨੂੰ ਸਿਆਸੀ ਲਾਹੇ ਲਈ ਵਰਤੇ ਜਾਣ ਦੇ ਵਿਆਪਕ ਮੁੱਦੇ ਨੂੰ ਉਭਾਰ ਕੇ ਪੇਸ਼ ਕੀਤਾ ਹੈ। ਕਾਂਗਰਸ ਦੇ ਫੰਡਾਂ 'ਤੇ ਰੋਕ ਅਤੇ ਆਮਦਨ ਕਰ ਵਿਭਾਗ ਦੀ ਕਾਰਵਾਈ ਦੇ ਸਮੇਂ ਨੂੰ ਅਗਾਮੀ ਚੋਣਾਂ ਨਾਲੋਂ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ ਜਿਨ੍ਹਾਂ ਇਸ ਪਿੱਛੇ ਗੁੱਝੇ ਮੰਤਵਾਂ ਦਾ ਸ਼ੱਕ ਪੈਦਾ ਕੀਤਾ ਹੈ। ਚੋਣਾਂ ਮੁਕੰਮਲ ਹੋਣ ਤੱਕ ਕੋਈ ਸਖ਼ਤ ਕਾਰਵਾਈ ਨਾ ਹੋਣ ਦੇ ਭਰੋਸੇ ਨੇ ਭਾਵੇਂ ਕਾਂਗਰਸ ਤੋਂ ਫੌਰੀ ਤੌਰ 'ਤੇ ਵਿੱਤੀ ਦਬਾਅ ਘਟਾਇਆ ਹੈ ਪਰ ਇਸ ਵਿੱਚ ਟੈਕਸ ਕਾਰਵਾਈ ਦੀ ਪਾਰਦਰਸ਼ਤਾ ਅਤੇ ਨਿਰਪੱਖਤਾ ਨਾਲ ਜੁੜੀਆਂ ਚਿੰਤਾਵਾਂ ਦੀ ਗੱਲ ਨਹੀਂ ਕੀਤੀ ਗਈ।

**ਉਤਾਰ-ਚੜ੍ਹਾਅ ਵਾਲੇ ਇਸ ਸਿਆਸੀ ਵਾਤਾਵਰਨ ਵਿੱਚ 'ਇੰਡੀਆ'**

ਭਾਵੇਂ ਮੋਦੀ ਸਰਕਾਰ ਵਲੋਂ ਨਾਅਰੇ ਵਿਕਾਸ ਦੇ ਦਿੱਤੇ ਜਾ ਰਹੇ ਹਨ ਪਰ ਸਿੱਧੇ-ਅਸਿੱਧੇ ਢੰਗ ਨਾਲ ਫ਼ਿਰਕੂ ਧਰੁਵੀਕਰਨ ਨੂੰ ਵੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਚੋਣ ਕਮਿਸ਼ਨ, ਕੇਂਦਰੀ ਏਜੰਸੀਆਂ ਅਤੇ ਇਥੋਂ ਤੱਕ ਕਿ ਨਿਆਂਪਾਲਿਕਾ ਵੀ ਇਸ ਸਮੇਂ ਦਬਾਅ ਦਾ ਸਾਹਮਣਾ ਕਰ ਰਹੀ ਹੈ। ਜੇਕਰ ਵਿਰੋਧੀ ਪਾਰਟੀਆਂ ਦੀ ਗੱਲ ਕਰੀਏ ਤਾਂ ਉਹ ਭਾਜਪਾ ਵਲੋਂ ਪੈਦਾ ਕੀਤੀਆਂ ਗਈਆਂ ਉਪਰੋਕਤ ਕਿਸਮ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਿਚ ਬੁਰੀ ਤਰ੍ਹਾਂ ਨਕਾਮ ਹੋਈਆਂ ਹਨ। ਭਾਵੇਂ ਬਹੁਤ ਸਮਾਂ ਪਹਿਲਾਂ ਉਨ੍ਹਾਂ ਵਲੋਂ 'ਇੰਡੀਆ' ਨਾਂਅ ਦਾ ਗੱਠਜੋੜ ਬਣਾਇਆ ਗਿਆ ਸੀ ਪਰ ਇਹ ਗੱਠਜੋੜ ਆਪਣੇ ਹੋਂਦ ਵਿਚ ਆਉਣ ਤੋਂ ਬਾਅਦ ਨਿਰੰਤਰ ਕਮਜ਼ੋਰ ਹੋਇਆ ਹੈ। ਇਸ ਵਿਚ ਸ਼ਾਮਿਲ ਵਿਰੋਧੀ ਪਾਰਟੀਆਂ ਦੀਆਂ ਨੀਤੀਆਂ ਗੱਠਜੋੜ ਨੂੰ ਮਜ਼ਬੂਤ ਕਰਨ ਦੀ ਥਾਂ ਆਪਣੇ-ਆਪ ਨੂੰ ਮਜ਼ਬੂਤ ਕਰਨ ਦੀਆਂ ਹੀ ਰਹੀਆਂ ਹਨ। ਇਹ ਗੱਠਜੋੜ ਨਾ ਤਾਂ ਸਮੇਂ ਸਿਰ ਸੀਟਾਂ ਦੀ ਵੰਡ ਕਰ ਸਕਿਆ, ਨਾ ਹੀ ਇਕਮੁੱਠ ਹੋ ਕੇ ਭਾਜਪਾ ਦੇ ਮੁਕਾਬਲੇ ਵਿਰੋਧੀ ਪਾਰਟੀਆਂ ਵਲੋਂ ਆਪਣਾ ਬਿਰਤਾਂਤ ਲੋਕਾਂ ਸਾਹਮਣੇ ਰੱਖ ਸਕਿਆ।

# ਗਿੱਪੀ ਗਰੇਵਾਲ ਨੇ 'ਸ਼ਿੰਦਾ ਸ਼ਿੰਦਾ ਨੋ ਪਾਪਾ' ਦਾ ਪਹਿਲਾ ਪੋਸਟਰ ਕੀਤਾ ਜਾਰੀ

### ✪ ਫਿਲਮ ਸਿਨੇਮਾ ਘਰਾਂ ਵਿੱਚ 10 ਮਈ ਨੂੰ ਹੋਵੇਗੀ ਰਿਲੀਜ਼




ਮੁੰਬਈ-ਪੰਜਾਬੀ ਅਦਾਕਾਰ ਗਿੱਪੀ ਗਰੇਵਾਲ ਨੇ ਆਪਣੀ ਆਉਣ ਵਾਲੀ ਪਰਿਵਾਰਕ ਮਨੋਰੰਜਨ ਫਿਲਮ 'ਸ਼ਿੰਦਾ ਸ਼ਿੰਦਾ ਨੋ ਪਾਪਾ' ਦਾ ਪਹਿਲਾ ਪੋਸਟਰ ਜਾਰੀ ਕੀਤਾ ਹੈ। ਇਸ ਫਿਲਮ ਵਿੱਚ ਉਸ ਦਾ ਬੇਟਾ ਸ਼ਿੰਦਾ ਤੇ ਅਦਾਕਾਰਾ ਹਿਨਾ ਖਾਨ ਅਹਿਮ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ। 'ਬਿੱਗ ਬੌਸ ਸੀਜ਼ਨ-11' ਦੀ ਮੁਕਾਬਲੇਬਾਜ਼ ਹਿਨਾ ਖਾਨ ਦੀ ਇਹ ਪਹਿਲੀ ਪੰਜਾਬੀ ਫਿਲਮ ਹੈ। ਅਦਾਕਾਰ ਨੇ ਸੋਸ਼ਲ ਮੀਡੀਆ 'ਤੇ ਫਿਲਮ ਦੀ ਪਹਿਲੀ ਝਲਕ ਸਾਂਝੀ ਕੀਤੀ ਹੈ ਜਿਸ ਵਿੱਚ ਗਿੱਪੀ ਤੇ ਹਿਨਾ ਇੱਕ ਦਰਵਾਜ਼ੇ ਪਿੱਛੇ ਲੁਕੇ ਦਿਖਾਈ ਦੇ ਰਹੇ ਹਨ ਤੇ ਉਸ ਦਾ ਬੇਟਾ ਸ਼ਿੰਦਾ ਦਰਵਾਜ਼ਾ ਦੇ ਵਿਚਕਾਰ ਖੜ੍ਹਾ ਹੈ। ਇਸ ਪੋਸਟਰ ਵਿੱਚ ਗਿੱਪੀ ਨੇ ਸੰਤਰੀ ਟੀ-ਸ਼ਰਟ ਤੇ ਕਾਲੀ ਜੀਨਸ ਪਹਿਨੀ ਹੋਈ ਹੈ। ਉਸਨੇ ਪੋਸਟ ਸਾਂਝੀ ਕਰਦਿਆਂ ਆਖਿਆ, "ਸ਼ਿੰਦਾ ਸ਼ਿੰਦਾ ਨੋ ਪਾਪਾ ਦੀ ਪਹਿਲੀ ਝਲਕ ਜਾਰੀ...ਅਗਾਮੀ 10 ਮਈ ਨੂੰ ਸਿਨੇਮਾ ਘਰਾਂ ਵਿੱਚ ਮਿਲਦੇ ਹਾਂ।"

ਇਸ ਪੋਸਟਰ ਦੇ ਜਾਰੀ ਹੋਣ ਤੋਂ ਬਾਅਦ ਹਿਨਾ ਦੇ ਪ੍ਰਸ਼ੰਸਕਾਂ ਨੇ ਪਿਆਰ ਭਰੀਆਂ ਟਿੱਪਣੀਆਂ ਕੀਤੀਆਂ ਹਨ ਤੇ ਉਸ ਦੀ ਪਹਿਲੀ ਪੰਜਾਬੀ ਫਿਲਮ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਹ ਫਿਲਮ ਅਮਰਪ੍ਰੀਤ ਜੀਐੱਸ ਛਾਬੜਾ ਦੇ ਨਿਰਦੇਸ਼ਨ ਹੇਠ ਬਣੀ ਹੈ ਜਿਸ ਨੂੰ ਨਰੇਸ਼ ਕਥੂਰੀਆ ਨੇ ਲਿਖਿਆ ਅਤੇ ਗਿੱਪੀ ਤੇ ਰਵਨੀਤ ਕੌਰ ਗਰੇਵਾਲ ਨੇ ਪ੍ਰੋਡਿਊਸ ਕੀਤਾ ਹੈ। ਇਹ ਫਿਲਮ ਸਿਨੇਮਾ ਘਰਾਂ ਵਿੱਚ 10 ਮਈ ਨੂੰ ਰਿਲੀਜ਼ ਕੀਤੀ ਜਾਵੇਗੀ।

# ਬੰਦੀ ਸਿੱਖ ਗੁਰਮੀਤ ਸਿੰਘ ਦੀ ਪੱਕੀ ਜ਼ਮਾਨਤ ਰੱਦ

### ✪ ਸ਼੍ਰੋਮਣੀ ਕਮੇਟੀ ਵੱਲੋਂ ਨਿੰਦਾ



ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਕਰੀਬ ਤਿੰਨ ਦਹਾਕੇ ਜੇਲ੍ਹ ਵਿਚ ਨਜ਼ਰਬੰਦ ਰਹੇ ਗੁਰਮੀਤ ਸਿੰਘ ਨੂੰ ਮਿਲੀ ਪੱਕੀ ਜ਼ਮਾਨਤ ਰੱਦ ਕਰਨਾ ਬੇਹੱਦ ਮੰਦਭਾਗਾ ਹੈ। ਇਹ ਪ੍ਰਗਟਾਵਾ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਇਕ ਪਾਸੇ ਸਿੱਖ ਕੌਮ ਸਮੁੱਚੇ ਬੰਦੀ ਸਿੰਘਾਂ ਦੀ ਰਿਹਾਈ ਮੰਗ ਰਹੀ ਹੈ ਤਾਂ ਦੂਜੇ ਪਾਸੇ ਪਹਿਲਾਂ ਤੋਂ ਪੱਕੀ ਜ਼ਮਾਨਤ 'ਤੇ ਆਏ ਸਿੱਖਾਂ ਦੀਆਂ ਜ਼ਮਾਨਤਾਂ ਰੱਦ ਕਰ ਕੇ ਹੋਰ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇੰਜ ਲੱਗਦਾ ਹੈ ਜਿਵੇਂ ਸਰਕਾਰਾਂ ਜਾਣਬੁੱਝ ਕੇ ਸਿੱਖ ਮਸਲਿਆਂ ਨੂੰ ਲਟਕਾ ਕੇ ਆਪਣੇ ਰਾਜਸੀ ਹਿੱਤ ਪੂਰੇ ਕਰਨਾ ਚਾਹੁੰਦੀਆਂ ਹਨ।

# ਸਟੇਜ 'ਤੇ ਨਚਦੀ ਡਾਂਸਰ ਦਾ ਸ਼ਰਾਬੀ ਬਰਾਤੀਆਂ ਨਾਲ ਤਕਰਾਰ !

### ✪ ਬਦਤਮੀਜ਼ੀ ਕਾਰਣ ਡਾਂਸਰ ਨੇ ਸ਼ਰੇਆਮ ਕੱਢੀਆਂ ਗਾਲਾਂ



ਲੁਧਿਆਣਾ-ਲੁਧਿਆਣਾ ਵਿੱਚ ਇੱਕ ਵਿਆਹ ਦੇ ਸਮਾਗਮ ਵਿੱਚ ਡਾਂਸਰ ਅਤੇ ਨੌਜਵਾਨ ਵਿਚਾਲੇ ਵਿਵਾਦ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਦੋਹਾਂ ਨੇ ਇੱਕ-ਦੂਜੇ ਨੂੰ ਕਾਫੀ ਗਾਲਾਂ ਵੀ ਕੱਢੀਆਂ ਅਤੇ ਇਸ ਦੌਰਾਨ ਮੁੰਡੇ ਨੇ ਡਾਂਸਰ 'ਤੇ ਪੈਗ ਵਾਲਾ ਗਲਾਸ ਵੀ ਸੁੱਟਿਆ। ਹਾਲਾਂਕਿ ਬਾਅਦ ਵਿੱਚ ਡੀਜੇ ਵਾਲਾ ਡਾਂਸਰ ਨੂੰ ਉੱਥੋਂ ਲੈ ਗਿਆ। ਇਸ ਮਾਮਲੇ ਬਾਰੇ ਡਾਂਸਰ ਦਾ ਕਹਿਣਾ ਹੈ ਕਿ ਜਿਹੜਾ ਨੌਜਵਾਨ ਸੀ, ਉਹ ਡੀਐਸਪੀ ਦਾ ਰੀਡਰ ਸੀ, ਉਹ ਉਸ ਨੂੰ ਸਟੇਜ ਤੋਂ ਥੱਲ੍ਹੇ ਉਤਰ ਕੇ ਨਚਣ ਨੂੰ ਕਹਿ ਰਿਹਾ ਸੀ, ਜਿਸ ਲਈ ਉਸ ਨੇ ਮਨ੍ਹਾ ਕਰ ਦਿੱਤਾ। ਦੱਸ ਦਈਏ ਕਿ ਡਾਂਸਰ ਅਤੇ ਨੌਜਵਾਨ ਵਿਚਾਲੇ ਹੋਏ ਇਸ ਵਿਵਾਦ ਦਾ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਦੋਵੇਂ ਇੱਕ-ਦੂਜੇ ਨੂੰ ਕਾਫੀ ਗਾਲਾਂ ਕੱਢਦੇ ਨਜ਼ਰ ਆ ਰਹੇ ਸਨ।

ਇੱਥੇ ਤੁਹਾਨੂੰ ਦੱਸ ਦਈਏ ਕਿ ਡਾਂਸਰ ਦਾ ਨਾਮ ਸਿਮਰਨ ਹੈ, ਉਸ ਨੇ ਕਿਹਾ ਕਿ ਜਿਸ ਡੀਜੇ ਵਾਲੇ ਨੇ ਬੁਕਿੰਗ ਕਰਵਾਈ ਸੀ, ਉਸ ਨੇ ਉਸ ਦਾ ਸਾਥ ਨਹੀਂ ਦਿੱਤਾ। ਡੀਜੇ ਵਾਲੇ ਉਸ ਦੇ ਨਾਲ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਉਣ ਵੀ ਨਹੀਂ ਗਏ। ਉਸ ਨੇ ਕਿਹਾ ਕਿ ਜਿਸ ਵੇਲੇ ਉਸ ਨਾਲ ਇਹ ਬਦਤਮੀਜ਼ੀ ਹੋਈ, ਉਸ ਵੇਲੇ ਉਸ ਨਾਲ ਨੱਚ ਰਹੀਆਂ ਡਾਂਸਰ ਵੀ ਉਸ ਦਾ ਸਾਥ ਛੱਡ ਕੇ ਚਲੀਆਂ ਗਈਆਂ। ਸਿਮਰਨ ਨੇ ਕਿਹਾ ਕਿ ਉਹ ਦੋਸ਼ੀ ਦੇ ਵਿਰੁੱਧ ਮਾਣਹਾਨੀ ਦਾ ਕੇਸ ਵੀ ਦਰਜ ਕਰਵਾਏਗੀ ਅਤੇ ਨਾਲ ਹੀ ਉਸ ਨੇ ਪੁਲਿਸ ਤੋਂ ਮੰਗ ਕੀਤੀ ਹੈ ਕਿ ਜਗਰੂਪ ਸਿੰਘ, ਜਿਸ ਨੌਜਵਾਨ ਨੇ ਉਸ ਨਾਲ ਬਦਤਮੀਜ਼ੀ ਕੀਤੀ ਸੀ, ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।

ਦੂਜੇ ਪਾਸੇ ਸਮਰਾਲਾ ਥਾਣੇ ਦੇ ਐਸਐਚਓ ਦਾ ਕਹਿਣਾ ਹੈ ਕਿ ਨੌਜਵਾਨ ਕਿਸੇ ਡੀਐਸਪੀ ਦਾ ਰੀਡਰ ਹੈ ਜਾਂ ਨਹੀਂ, ਇਸ ਬਾਰੇ ਹਾਲੇ ਕੋਈ ਜਾਣਕਾਰੀ ਨਹੀਂ ਮਿਲੀ ਹੈ। ਦੋਹਾਂ ਧਿਰਾਂ ਨੂੰ ਸੱਦ ਕੇ ਮਾਮਲੇ ਦੀ ਜਾਂਚ ਕੀਤੀ ਜਾਵੇਗੀ।

# ਸੁਖਬੀਰ ਸਿੰਘ ਬਾਦਲ ਨੇ ਆਪ ਸਰਕਾਰ ਉਪਰ ਤਿੰਨ ਖੇਤੀ ਕਾਨੂੰਨ ਲਾਗੂ ਕਰਨ ਦਾ ਲਾਇਆ ਦੋਸ਼

### ✪ ਕਿਹਾ-ਭਗਵੰਤ ਮਾਨ ਨੇ ਕਿਸਾਨਾਂ ਦੀ ਪਿੱਠ 'ਚ ਛੁਰਾ ਮਾਰਿਆ



ਚੰਡੀਗੜ੍ਹ-ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੰਨ ਖੇਤੀ ਕਾਨੂੰਨ ਲਾਗੂ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਫ਼ਸਲਾਂ ਦੀ ਖ਼ਰੀਦਦਾਰੀ ਲਈ ਕਾਰਪੋਰੇਟ ਘਰਾਣਿਆ ਦਾ ਏਕਾਅਧਿਕਾਰ ਕਰਵਾਉਣ ਵਾਲਾ ਭਗਵੰਤ ਮਾਨ ਦੇਸ਼ ਦਾ ਪਹਿਲਾ ਮੁੱਖ ਮੰਤਰੀ ਬਣ ਗਿਆ ਹੈ ਜਿਸਨੇ ਤਿੰਨ ਕਾਲੇ ਕਾਨੂੰਨ ਲਾਗੂ ਕਰ ਕੇ ਕਿਸਾਨਾਂ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਉਨ੍ਹਾਂ ਕਿ ਮੁੱਖ ਮੰਤਰੀ ਮਾਨ ਹਰਿਆਣਾ ਪੁਲਿਸ ਵੱਲੋਂ ਕੀਤੀ ਗੋਲ਼ੀਬਾਰੀ ਕਰਨ ਦੇ ਮਾਮਲੇ ਵਿਚ 'ਤੇ ਚੁੱਪ ਰਹੇ ਹਨ। ਹੁਣ ਸਰਕਾਰੀ ਖ਼ਰੀਦ ਮੰਡੀਆਂ ਖ਼ਤਮ ਕਰ ਕੇ ਵੱਡੇ ਘਰਾਣਿਆਂ ਦੇ ਗੁਦਾਮਾਂ ਨੂੰ ਖ਼ਰੀਦ ਕੇਂਦਰਾਂ ਵਿਚ ਬਦਲ ਕੇ ਕਿਸਾਨਾਂ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਸਪਸ਼ਟ ਕਰਨ ਕਿ ਕਿਸਾਨਾਂ ਦੇ ਹਿੱਤ ਕਿਉਂ ਵੇਚੇ। ਉਹ ਚੰਡੀਗੜ੍ਹ, ਦਰਿਆਈ ਪਾਣੀ, ਪੰਜਾਬੀ ਭਾਸ਼ਾ ਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਮੁੱਦੇ 'ਤੇ ਚੁੱਪ ਹਨ।

# ਸੁਖਬੀਰ ਸਿੰਘ ਬਾਦਲ ਨਹੀਂ ਲੜਨਗੇ ਲੋਕ ਸਭਾ ਚੋਣ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਉਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਐਲਾਨ ਕੀਤਾ ਕਿ ਉਹ ਲੋਕ ਸਭਾ ਚੋਣਾ ਨਹੀਂ ਲੜਣਗੇ।

# ਕੈਨੇਡਾ ਦੇ ਭਗਵੇਂ ਗੁਰਪਤਵੰਤ ਪੰਨੂ ਤੋਂ ਔਖੇ

## ✪ ਟਰੂਡੋ ਨੂੰ ਲਿਖੀ ਚਿੱਠੀ ਕਿ ਅਸੀਂ ਇੱਥੇ ਸੁਰੱਖਿਅਤ ਮਹਿਸੂਸ ਨਹੀਂ ਕਰਦੇ



ਟੋਰਾਂਟੋ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕੈਨੇਡਾ ਨੂੰ 'ਅੱਤਵਾਦ ਦੀ ਵਡਿਆਈ' ਬੰਦ ਕਰਨ ਅਪੀਲ ਕਰਦਿਆਂ ਦੇਸ਼ ਦੇ ਇੱਕ ਪ੍ਰਮੁੱਖ ਭਗਵੇਂਵਾਦੀ ਸੰਸਥਾ ਹਿੰਦੂ ਵਕਾਲਤ ਸਮੂਹ ਨੇ ਕਿਹਾ ਕਿ ਕੈਨੇਡਾ ਵਿੱਚ ਭਾਰਤ ਦੀ ਕਥਿਤ ਦਖਲਅੰਦਾਜ਼ੀ ਬਾਰੇ ਓਟਾਵਾ ਦਾ ਮੌਜੂਦਾ ਸਿਆਸੀ ਕਦਮ ਕੱਟੜਪੰਥੀਆਂ ਨੂੰ ਹੋਰ ਉਤਸ਼ਾਹਿਤ ਕਰਦਾ ਹੈ। ਪ੍ਰਧਾਨ ਮੰਤਰੀ ਟਰੂਡੋ ਨੂੰ ਲਿਖੇ ਇੱਕ ਪੱਤਰ ਵਿੱਚ, ਖਾਲਿਸਤਾਨੀਆਂ ਵਿਰੁਧ ਦੋਸ਼ ਲਗਾਉਂਦਿਆਂ ਹਿੰਦੂ ਫੋਰਮ ਕੈਨੇਡਾ (ਐੱਚ.ਐੱਫ.ਸੀ.) ਨੇ ਕਿਹਾ ਹੈ ਕਿ ਹਿੰਦੂ ਭਾਈਚਾਰੇ ਦੇ ਸਕਾਰਾਤਮਕ ਯੋਗਦਾਨ ਦੇ ਬਾਵਜੂਦ, ਉਹ ਕੈਨੇਡਾ ਵਿੱਚ ਸੁਰੱਖਿਅਤ ਮਹਿਸੂਸ ਨਹੀਂ ਕਰਦੇ ਅਤੇ ਉਨ੍ਹਾਂ ਦੀਆਂ ਚਿੰਤਾਵਾਂ "ਜਾਇਜ਼" ਹਨ।

ਐੱਚ.ਐੱਫ.ਸੀ ਨੇ ਆਪਣੇ ਪੱਤਰ ਵਿੱਚ ਕਿਹਾ, "...ਸਾਡਾ ਭਾਈਚਾਰਾ ਕੈਨੇਡਾ ਵਿੱਚ ਕਥਿਤ ਵਿਦੇਸ਼ੀ (ਭਾਰਤ) ਦਖਲ ਨੂੰ ਲੈ ਕੇ ਚੱਲ ਰਹੇ ਸਿਆਸੀ ਵਿਵਾਦਾਂ ਵਿੱਚ ਸੁਰੱਖਿਆ ਬਾਰੇ ਡੂੰਘੀ ਚਿੰਤਾ ਪ੍ਰਗਟ ਕਰਦਾ ਹੈ।" ਹਿੰਦੂਆਂ ਦੀ ਤਰਫੋਂ ਲਿਖੀ ਗਈ ਚਿੱਠੀ ਵਿੱਚ ਕਿਹਾ ਗਿਆ ਹੈ ਕਿ ਅਸੀਂ ਕੈਨੇਡੀਅਨ ਹਿੰਦੂ ਹੋਣ ਦੇ ਨਾਤੇ, ਸਿੱਖਸ ਫਾਰ ਜਸਟਿਸ ਅਤੇ ਇਸ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਵਰਗੀਆਂ ਸੰਸਥਾਵਾਂ ਦੀਆਂ ਟਿੱਪਣੀਆਂ ਤੋਂ ਬਹੁਤ ਦੁਖੀ ਹਾਂ। ਅਫਸੋਸ ਦੀ ਗੱਲ ਹੈ ਕਿ ਕੈਨੇਡੀਅਨ ਅਧਿਕਾਰੀਆਂ ਵੱਲੋਂ ਸਾਡੀਆਂ ਚਿੰਤਾਵਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਪੰਨੂ, ਜਿਸ ਨੂੰ ਨਵੀਂ ਦਿੱਲੀ ਵੱਲੋਂ 2020 ਵਿੱਚ ਖਾੜਕੂ ਘੋਸ਼ਿਤ ਕੀਤਾ ਗਿਆ ਸੀ, ਨੇ ਪਿਛਲੇ ਸਾਲ ਸਰੀ ਵਿੱਚ ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਤੋਂ ਬਾਅਦ ਆਪਣੀ ਭਾਰਤ ਵਿਰੋਧੀ ਬਿਆਨਬਾਜ਼ੀ ਨੂੰ ਤੇਜ਼ ਕਰ ਦਿੱਤਾ ਹੈ।

ਉਸਨੇ ਕੈਨੇਡੀਅਨ ਹਿੰਦੂਆਂ ਨੂੰ ਦੇਸ਼ ਛੱਡਣ ਲਈ ਕਿਹਾ ਹੈ, ਜਿਸ ਤੋਂ ਬਾਅਦ ਕੈਨੇਡਾ ਤੋਂ ਭਾਰਤ ਲਈ ਏਅਰ ਇੰਡੀਆ ਦੀਆਂ ਉਡਾਣਾਂ ਵਿੱਚ ਵਿਘਨ ਪਾਉਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਜਦੋਂਕਿ ਕੱਟੜਪੰਥੀ ਤੱਤਾਂ ਨੇ ਹਿੰਦੂ ਮੰਦਰਾਂ ਅਤੇ ਭਾਰਤੀ ਮਿਸ਼ਨ ਨੂੰ ਖਾਲਿਸਤਾਨ ਪੱਖੀ ਅਤੇ ਪ੍ਰਧਾਨ ਮੰਤਰੀ ਮੋਦੀ ਵਿਰੋਧੀ ਨਾਅਰਿਆਂ ਨਾਲ ਨਿਸ਼ਾਨਾ ਬਣਾਇਆ। ਪ੍ਰਧਾਨ ਮੰਤਰੀ ਟਰੂਡੋ ਦੇ ਪਿਛਲੇ ਸਾਲ ਸਤੰਬਰ ਵਿੱਚ "ਕੈਨੇਡੀਅਨ ਧਰਤੀ ਉੱਤੇ ਇੱਕ ਕੈਨੇਡੀਅਨ ਨਾਗਰਿਕ" ਦੀ ਹੱਤਿਆ ਵਿੱਚ ਭਾਰਤੀ ਏਜੰਟਾਂ ਦੀ ਭੂਮਿਕਾ ਬਾਰੇ ਦਾਅਵੇ ਨੇ ਪੰਨੂ ਅਤੇ ਦੇਸ਼ ਵਿੱਚ ਸਰਗਰਮ ਹੋਰ ਕੱਟੜਪੰਥੀ ਸਮੂਹਾਂ ਦੇ ਰੁਖ ਨੂੰ ਹੋਰ ਮਜ਼ਬੂਤ ਕੀਤਾ ਹੈ। ਪੱਤਰ ਵਿੱਚ ਲਿਖਿਆ ਗਿਆ ਹੈ, "ਕੈਨੇਡਾ ਵਿੱਚ ਭਾਰਤ ਦੀ ਕਥਿਤ ਦਖਲਅੰਦਾਜ਼ੀ ਬਾਰੇ ਮੌਜੂਦਾ ਸਿਆਸੀ ਚਰਚਾ ਨੇ ਸਥਿਤੀ ਨੂੰ ਹੋਰ ਖ਼ਰਾਬ ਕਰ ਦਿੱਤਾ, ਜਿਸ ਨਾਲ ਕੱਟੜਪੰਥੀ ਤੱਤਾਂ ਦਾ ਹੌਂਸਲਾ ਹੋਰ ਵੱਧ ਗਿਆ।" ਇਸ ਤੋਂ ਇਲਾਵਾ, ਐੱਚ.ਐੱਫ.ਸੀ ਨੇ "ਕੈਨੇਡੀਅਨ ਸਰਕਾਰ ਨੂੰ ਭਾਰਤੀ ਲੋਕਤੰਤਰ ਵਿੱਚ ਦਖਲਅੰਦਾਜ਼ੀ ਨਾ ਕਰਨ ਦੀ ਸਲਾਹ ਦਿੱਤੀ ਹੈ।"

ਭਾਰਤ ਨੇ ਕੈਨੇਡੀਅਨ ਏਜੰਸੀਆਂ ਵੱਲੋਂ ਉਨ੍ਹਾਂ ਦੀਆਂ ਚੋਣਾਂ ਵਿੱਚ 'ਦਖਲਅੰਦਾਜ਼ੀ' ਦੇ ਲਾਏ ਗਏ 'ਬੇਬੁਨਿਆਦ' ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ ਅਤੇ ਬਦਲੇ ਵਿੱਚ ਕੈਨੇਡਾ 'ਤੇ ਨਵੀਂ ਦਿੱਲੀ ਦੇ ਮਾਮਲਿਆਂ ਵਿੱਚ ਦਖ਼ਲ ਦੇਣ ਦਾ ਦੋਸ਼ ਲਾਇਆ ਹੈ। ਸਮੂਹ ਨੇ ਕਿਹਾ ਕਿ ਹਿੰਦੂ ਭਾਈਚਾਰਾ ਸੰਸਦ ਮੈਂਬਰ ਸੁੱਖ ਧਾਲੀਵਾਲ ਦੁਆਰਾ ਪ੍ਰਸਤਾਵਿਤ ਮਤਾ - ਐਮ-112 - ਦੀ ਗਲਤ ਪੇਸ਼ਕਾਰੀ ਤੋਂ ਨਿਰਾਸ਼ ਹੈ, "ਜਿਸ ਨਾਲ ਭਾਈਚਾਰੇ ਦੇ ਮੈਂਬਰਾਂ ਵਿੱਚ ਅਸੰਤੋਸ਼ ਹੈ।" ਇਸ ਮਤੇ ਵਿੱਚ ਭਾਰਤ ਕੈਨੇਡੀਅਨ ਧਰਤੀ 'ਤੇ ਰਾਜਨੀਤਿਕ ਦਖਲਅੰਦਾਜ਼ੀ, ਹਿੰਸਾ ਅਤੇ ਧਮਕੀ ਲਈ ਭਾਰਤ, ਚੀਨ, ਰੂਸ, ਈਰਾਨ ਅਤੇ ਕੁਝ ਹੋਰ ਦੇਸ਼ਾਂ ਦਾ ਨਾਮ ਲਿਆ ਗਿਆ ਹੈ। ਅਜਿਹੇ ਮਤੇ ਦਾ ਪਾਸ ਹੋਣਾ ਇੱਕ "ਖਤਰਨਾਕ ਉਦਾਹਰਣ" ਸਥਾਪਤ ਕਰਦਾ ਹੈ ਜਿੱਥੇ ਕੈਨੇਡੀਅਨ ਸੰਸਦ ਵੱਲੋਂ ਸਿਰਫ਼ ਦੋਸ਼ਾਂ ਨੂੰ ਜਾਇਜ਼ ਠਹਿਰਾਇਆ ਜਾਂਦਾ ਹੈ, ਜੋ ਹਿੰਦੂਆਂ ਅਤੇ ਵਿਆਪਕ ਕੈਨੇਡੀਅਨ ਆਬਾਦੀ ਲਈ ਪਰੇਸ਼ਾਨੀ ਦਾ ਕਾਰਨ ਬਣਦਾ ਹੈ। ਐੱਚ.ਐੱਫ.ਸੀਨੇ ਟਰੂਡੋ ਨੂੰ ਦੱਸਿਆ, "ਇਹ ਨਿਰਾਸ਼ਾਜਨਕ ਅਤੇ ਚਿੰਤਾਜਨਕ ਹੈ ਕਿ ਮੌਜੂਦਾ ਲਿਬਰਲ ਸਰਕਾਰ ਸਬੂਤ-ਆਧਾਰਿਤ ਦਾਅਵਿਆਂ ਅਤੇ ਬੇਬੁਨਿਆਦ ਦੋਸ਼ਾਂ ਵਿਚਕਾਰ ਫਰਕ ਕਰਨ ਲਈ ਸੰਘਰਸ਼ ਕਰਦੀ ਦਿਸ ਰਹੀ ਹੈ।"

ਇਸ ਤੋਂ ਇਲਾਵਾ, ਇਸ ਵਿਚ ਕਿਹਾ ਗਿਆ ਹੈ ਕਿ ਧਾਲੀਵਾਲ ਦੀਆਂ ਕਾਰਵਾਈਆਂ "ਸ਼ਾਂਤੀ ਜਾਂ ਮਾਮਲੇ ਦੀ ਸਮਝ ਨੂੰ ਉਤਸ਼ਾਹਤ ਕਰਨ ਦੀ ਅਸਲ ਵਚਨਬੱਧਤਾ ਦੀ ਬਜਾਏ ਹਿੰਦੂ-ਵਿਰੋਧੀ ਅਤੇ ਭਾਰਤ-ਵਿਰੋਧੀ ਭਾਈਚਾਰਿਆਂ ਵਿਚ ਸਮਰਥਨ ਪ੍ਰਾਪਤ ਕਰਨ ਦੇ ਉਦੇਸ਼ ਨਾਲ ਕੀਤੀ ਗਈ ਰਾਜਨੀਤਿਕ ਰਣਨੀਤੀ ਨਾਲ ਪ੍ਰੇਰਿਤ ਲੱਗਦੀਆਂ ਹਨ।" ਹਿੰਦੂ ਧਰਮ ਕੈਨੇਡਾ ਵਿੱਚ ਤੀਜਾ ਸਭ ਤੋਂ ਵੱਡਾ ਧਰਮ ਹੈ।

ਦੂਜੇ ਪਾਸੇ ਕੈਨੇਡੀਅਨ ਸਿਖਾਂ ਦਾ ਕਹਿਣਾ ਹੈ ਕਿ ਮੰਦਰਾਂ ਉਪਰ ਹਮਲਿਆਂ ਲਈ ਸਿਖ ਨਹੀਂ ਹਿੰਦੂ ਫੜੇ ਗਏ ਹਨ।

# ਬ੍ਰਿਟੇਨ ਵਿਖੇ ਭਾਰਤੀਆਂ ਲਈ ਨਵੇਂ ਵੀਜ਼ਾ ਨਿਯਮਾਂ ਖਿਲਾਫ ਉੱਦਮੀ ਸਰਗਰਮ

## ✪ 200 ਉੱਦਮੀਆਂ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਮੱਧ-ਪੱਧਰ ਦੇ ਹੁਨਰਮੰਦ ਵੀਜ਼ਿਆਂ 'ਤੇ ਤਨਖਾਹ ਸੀਮਾ ਵਧਾਉਣ




ਲੰਡਨ-4 ਅਪ੍ਰੈਲ ਤੋਂ ਬ੍ਰਿਟੇਨ 'ਚ ਭਾਰਤੀਆਂ ਲਈ ਨਵੇਂ ਵੀਜ਼ਾ ਨਿਯਮਾਂ ਖਿਲਾਫ ਉੱਦਮੀ ਇਕਜੁੱਟ ਹੋ ਰਹੇ ਹਨ। ਲਗਭਗ 200 ਉੱਦਮੀਆਂ ਨੇ ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੂੰ ਕਿਹਾ ਕਿ ਮੱਧ-ਪੱਧਰ ਦੇ ਹੁਨਰਮੰਦ ਵੀਜ਼ਿਆਂ 'ਤੇ ਤਨਖਾਹ ਸੀਮਾ ਵਧਾਉਣ ਨਾਲ ਲਗਭਗ 10 ਲੱਖ ਭਾਰਤੀ ਆਰਥਿਕਤਾ ਤੋਂ ਬਾਹਰ ਹੋ ਜਾਣਗੇ। ਇਸ ਤੋਂ 366 ਲੱਖ ਕਰੋੜ ਰੁਪਏ ਵਾਲੀ ਬ੍ਰਿਟੇਨ ਦੀ ਆਰਥਿਕਤਾ ਦੇ 30% ਤੋਂ ਵੱਧ ਡਿੱਗਣ ਦੀ ਉਮੀਦ ਹੈ। ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਨਾਲ ਜੁੜੇ ਇਕ ਉੱਘੇ ਕਾਰੋਬਾਰੀ ਨੇ ਇਕ ਭਾਰਤ ਦੇਸ਼ ਦੀ ਅਖ਼ਬਾਰ ਨੂੰ ਦੱਸਿਆ ਕਿ ਸਰਕਾਰ ਇਹ ਮੰਨ ਰਹੀ ਹੈ ਕਿ ਮੱਧ-ਪੱਧਰੀ ਨੌਕਰੀਆਂ ਸਥਾਨਕ ਗੋਰੇ ਲੋਕਾਂ ਦੇ ਹੱਥ ਲੱਗ ਜਾਣਗੀਆਂ। ਪਰ ਜ਼ਮੀਨੀ ਹਕੀਕਤ ਇਸ ਤੋਂ ਵੱਖਰੀ ਹੈ। ਮੱਧ ਪੱਧਰ ਦੀਆਂ ਨੌਕਰੀਆਂ 'ਤੇ ਭਾਰਤੀ ਹਾਵੀ ਹਨ। ਸਾਰਾ ਸਿਸਟਮ ਰਾਤੋ-ਰਾਤ ਬਦਲਣ ਵਾਲਾ ਨਹੀਂ ਹੈ। ਉਨ੍ਹਾਂ ਕਿਹਾ ਕਿ ਸੁਨਕ ਸਰਕਾਰ ਨੂੰ ਇਹ ਫੈਸਲਾ ਵਾਪਸ ਲੈਣਾ ਪਵੇਗਾ।

### ਨਵੇਂ ਵੀਜ਼ਾ ਨਿਯਮਾਂ ਕਾਰਨ ਬਰਤਾਨੀਆ ਨੂੰ ਨੁਕਸਾਨ

ਲੰਡਨ ਦੇ ਮੇਅਰ ਸਾਦਿਕ ਖਾਨ ਦਾ ਕਹਿਣਾ ਹੈ ਕਿ ਬ੍ਰਿਟੇਨ ਦੇ ਵਿਕਾਸ ਵਿਚ ਭਾਰਤੀਆਂ ਦਾ ਵੱਡਾ ਯੋਗਦਾਨ ਹੈ। ਸੁਨਕ ਸਰਕਾਰ ਸਿਰਫ ਭਾਰਤੀਆਂ ਦੀ ਪੌਂਡੀ ਹੇਠਾਂ ਖਿੱਚਣ ਦਾ ਕੰਮ ਕਰ ਰਹੀ ਹੈ। ਪਰ ਬ੍ਰਿਟੇਨ ਨੂੰ ਇਸ ਤੋਂ ਵੀ ਵੱਡਾ ਨੁਕਸਾਨ ਝੱਲਣਾ ਪੈ ਰਿਹਾ ਹੈ।

ਪ੍ਰਵਾਸੀਆਂ ਨੇ ਬ੍ਰਿਟੇਨ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ ਹੈ। ਅੱਜ ਹਰ ਖੇਤਰ ਵਿੱਚ ਭਾਰਤੀਆਂ ਦੀ ਮੌਜੂਦਗੀ ਦਿਖਾਈ ਦੇ ਰਹੀ ਹੈ।

ਮੱਧ-ਪੱਧਰੀ ਨੌਕਰੀਆਂ ਬ੍ਰਿਟੇਨ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ। ਪਿਛਲੇ 50 ਸਾਲਾਂ ਦੌਰਾਨ ਪ੍ਰਵਾਸੀਆਂ ਨੇ ਇਸ ਨੂੰ ਸ਼ਿੰਗਾਰਿਆ ਹੈ।

### ਵਿਰੋਧੀ ਲੇਬਰ ਪਾਰਟੀ ਦਾ ਵਾਅਦਾ

ਬ੍ਰਿਟੇਨ ਦੀ ਮੁੱਖ ਵਿਰੋਧੀ ਲੇਬਰ ਪਾਰਟੀ ਦੇ ਸ਼ੈਡੋ ਮੰਤਰੀ ਕ੍ਰਿਸ ਬ੍ਰਾਇਨਟ ਨੇ ਦੱਸਿਆ ਕਿ ਜੇਕਰ ਅਸੀਂ ਸਾਲ ਦੇ ਅੰਤ 'ਚ ਹੋਣ ਵਾਲੀਆਂ ਚੋਣਾਂ ਵਿਚ ਸੱਤਾ 'ਚ ਆਉਂਦੇ ਹਾਂ ਤਾਂ ਮੱਧ-ਪੱਧਰੀ ਨੌਕਰੀਆਂ ਜਿਵੇਂ ਨਰਸਾਂ, ਅਧਿਆਪਕਾਂ ਅਤੇ ਸ਼ੈੱਫਾਂ ਨੂੰ ਵੀਜ਼ਾ ਲਈ ਤਨਖ਼ਾਹ ਹੱਦ ਨੂੰ ਵਾਪਸ ਸਲਾਨਾ 27.5 ਲੱਖ ਰੁਪਏ 'ਤੇ ਵਾਪਸ ਲਿਆਂਦਾ ਜਾਵੇਗਾ। ਇਸ ਦੇ ਲਈ ਲੇਬਰ ਪਾਰਟੀ ਦੀ ਮਾਈਗ੍ਰੇਸ਼ਨ ਸਲਾਹਕਾਰ ਕਮੇਟੀ ਨੇ ਸਮੀਖਿਆ ਸ਼ੁਰੂ ਕਰ ਦਿੱਤੀ ਹੈ। ਇਸ ਵਿੱਚ ਬਰਤਾਨੀਆ ਵਿੱਚ ਭਾਰਤੀਆਂ ਤੋਂ ਓਪੀਨੀਅਨ ਪੋਲਿੰਗ ਕੀਤੀ ਜਾ ਰਹੀ ਹੈ।

# ਜ਼ਿਲ੍ਹਾ ਤਰਨਤਾਰਨ ਵਿਚ ਨਸ਼ਿਆਂ ਕਾਰਨ ਮੌਤਾਂ ਦੀ ਗਿਣਤੀ ਵਧੀ

**ਖਾਸ ਖਬਰ** ✪ ਸਰਹੱਦ ਪਾਰੋਂ ਡ੍ਰੋਨਾਂ ਰਾਹੀਂ ਹੋ ਰਹੀ ਹੈ ਨਸ਼ੇ ਦੀ ਤਸਕਰੀ ✪ ਸਾਲ 2023 ਦੌਰਾਨ ਫੜੀ ਗਈ 159 ਕਿੱਲੋ ਤੋਂ ਵੱਧ ਹੈਰੋਇਨ ✪ 541 ਕੇਸਾਂ ਦੇ ਤਹਿਤ 709 ਵਿਅਕਤੀਆਂ ਨੂੰ ਗ੍ਰਿਫ਼ਤਾਰ



ਭਾਰਤ ਵਿਚ ਹੁਣ ਲੋਕ ਸਭਾ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ ਅਤੇ ਪੰਜਾਬ ਵਿਚ ਆਖ਼ਰੀ ਪੜਾਅ ਦੌਰਾਨ 1 ਜੂਨ ਨੂੰ ਲੋਕ ਸਭਾ ਲਈ ਵੋਟਿੰਗ ਹੋਣ ਜਾ ਰਹੀ ਹੈ। ਇਨ੍ਹਾਂ ਚੋਣਾਂ ਦੌਰਾਨ ਵੀ ਨਸ਼ੇ ਦਾ ਮੁੱਦਾ ਗਰਮਾਉਣ ਦੀ ਪੂਰੀ ਸੰਭਾਵਨਾ ਹੈ। ਸਰਹੱਦ ਨਾਲ ਲੱਗਦੇ ਇਸ ਜ਼ਿਲ੍ਹੇ ਦੀ ਗੱਲ ਕਰੀਏ ਤਾਂ ਇੱਥੇ ਡਰੱਗ ਨੇ ਕਈ ਘਰ ਉਜਾੜ ਦਿੱਤੇ ਹਨ ਅਤੇ ਕਈ ਘਰਾਂ ਵਿਚ ਮੌਤਾਂ ਹੋ ਚੁਕੀਆਂ ਹਨ। ਨਸ਼ੇ ਦੀ ਸਪਲਾਈ ਅਤੇ ਨਸ਼ੇ ਨਾਲ ਮੌਤਾਂ ਪੁਲਿਸ ਤੇ ਸਰਕਾਰ ਲਈ ਵੱਡੀ ਚੁਣੌਤੀ ਬਣ ਕੇ ਚੋਣਾਂ ਦੌਰਾਨ ਸਾਹਮਣੇ ਆ ਸਕਦੀਆਂ ਹਨ।

ਇਥੇ ਜ਼ਿਕਰਯੋਗ ਹੈ ਕਿ ਪੰਜਾਬ ਵਿਚ ਚੋਣਾਂ ਦੌਰਾਨ ਨਸ਼ਾ ਵੱਡੇ ਮੁੱਦੇ ਵਜੋਂ ਸਿਆਸੀ ਪਾਰਟੀਆਂ ਵੱਲੋਂ ਚੁੱਕਿਆ ਜਾਂਦਾ ਰਿਹਾ ਹੈ ਪਰ ਇਸ ਦਾ ਹੱਲ ਕਰਨ ਵਿਚ ਸਰਕਾਰਾਂ ਫੇਲ੍ਹ ਰਹੀਆਂ ਹਨ, ਇਸ ਨੂੰ ਲੈ ਕੇ ਜਨਤਾ ਵਿਚ ਵੱਡੇ ਸਵਾਲ ਪੈਦਾ ਹੁੰਦੇ ਆ ਰਹੇ ਹਨ। ਕਾਂਗਰਸ ਵੱਲੋਂ 2017 ਵਿਚ ਚਾਰ ਹਫ਼ਤਿਆਂ ਵਿਚ ਨਸ਼ਾ ਖ਼ਤਮ ਕਰਨ ਦੀ ਗੱਲ ਕਹਿ ਕੇ ਪੰਜਾਬ ਵਿਚ ਸਰਕਾਰ ਬਣਾਈ ਅਤੇ ਫਿਰ 2022 ਵਿਚ ਆਪ ਪਾਰਟੀ ਨੇ ਵੀ ਨਸ਼ਾ ਖ਼ਤਮ ਕਰ ਕੇ ਨੌਜਵਾਨਾਂ ਦੇ ਹੱਥਾਂ ਵਿਚ ਸਿਰਿੰਜਾਂ ਦੀ ਥਾਂ ਟਿਫਨ ਦੇਣ ਦਾ ਵਾਅਦਾ ਕਰ ਕੇ ਸੱਤਾ ਦਾ ਰਾਹ ਮੁਕੰਮਲ ਕਰ ਲਿਆ ਪਰ ਦੋ ਸਾਲ ਲੰਘਣ ਦੇ ਬਾਵਜੂਦ ਨਸ਼ੇ ਦਾ ਮੁੱਦਾ ਹੱਲ ਨਹੀਂ ਹੋਇਆ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਪੰਜਾਬ ਵਿੱਚ 'ਆਪ' ਦੀ ਸਰਕਾਰ ਆਉਣ ਤੋਂ ਬਾਅਦ ਸੂਬੇ ਵਿੱਚ ਨਸ਼ਾ ਵਧਿਆ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਹੀ ਨਹੀਂ ਸਗੋਂ ਔਰਤਾਂ ਵੀ ਨਸ਼ਾਖੋਰੀ ਤੇ ਤਸਕਰੀ ਵਿੱਚ ਸ਼ਾਮਲ ਹਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਨਸ਼ਾ ਮੁਕਤ ਪੰਜਾਬ ਬਣਾਉਣ ਦੀ ਚੁਣੌਤੀ ਦਿੰਦਿਆਂ ਕਿਹਾ ਕਿ ਜੇਕਰ ਇਸ ਮੁੱਦੇ 'ਤੇ ਪੰਜਾਬ ਕਾਂਗਰਸ ਦਾ ਸਹਿਯੋਗ ਜ਼ਰੂਰੀ ਹੋਇਆ ਤਾਂ ਉਹ ਇਕੱਠੇ ਖੜ੍ਹੇ ਹੋਣਗੇ।

## ਕਿਸ ਓਟ ਕੇਂਦਰ ਵਿਚ ਕਿੰਨੇ ਮਰੀਜ਼ ਹਨ ਰਜਿਸਟਰਡ

ਵਿਭਾਗ ਦੇ ਅੰਕੜਿਆਂ 'ਤੇ ਝਾਤ ਮਾਰੀਏ ਤਾਂ ਇਸ ਵੇਲੇ 24 ਹਜ਼ਾਰ 981 ਨਸ਼ਾ ਛੱਡਣ ਵਾਲੇ ਮਰੀਜ਼ ਰਜਿਸਟਰਡ ਹਨ ਅਤੇ 11 ਹਜ਼ਾਰ ਤੋਂ ਵੱਧ ਮਰੀਜ਼ ਹਰ ਰੋਜ਼ ਨਸ਼ਾ ਛੱਡਣ ਦੀ ਦਵਾਈ ਲੈਣ ਵਾਸਤੇ ਕੇਂਦਰਾਂ ਤੱਕ ਪਹੁੰਚ ਕਰਦੇ ਹਨ। ਜ਼ਿਲ੍ਹੇ ਵਿਚ ਨਸ਼ਾ ਛੁਡਾਉਣ ਲਈ 6 ਨਿੱਜੀ ਨਸ਼ਾ ਛੁਡਾਊ ਕੇਂਦਰ ਵੀ ਯਤਨਸ਼ੀਲ ਹਨ।ਤਰਨਤਾਰਨ 976, ਭੱਗੂਪੁਰ 2955, ਕਸੇਲ 1109, ਭਿੱਖੀਵਿੰਡ 2087, ਰਾਜੋਕੇ 362,ਘਰਿਆਲਾ 2641, ਗੋਇੰਦਵਾਲ ਸਾਹਿਬ 790,ਸੁਰਸਿੰਘ 1755, ਮੀਆਂਵਿੰਡ 735 , ਹਰੀਕੇ 993, ਸਰਹਾਲੀ 2310, ਨੌਸ਼ਹਿਰਾ ਪਨੂੰਆਂ 180,ਕਿਰਤੋਵਾਲ 400,ਖੇਮਕਰਨ 1947, ਬ੍ਰਹਮਪੁਰਾ 7,ਖਡੂਰ ਸਾਹਿਬ 2531,ਪੱਟੀ 740,ਠਰੂ 1307,ਗੋਇੰਦਵਾਲ ਜੇਲ੍ਹ 31 ਇਲਾਜ਼ ਕਰਵਾ ਰਹੇ ਹਨ।

ਤਰਨਤਾਰਨ ਦੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਸੰਦੀਪ ਸਿੰਘ ਕਾਲੜਾ ਨੇ ਦੱਸਿਆ ਕਿ ਨਸ਼ਾ ਛੱਡਣ ਦੀ ਇੱਛਾ ਸ਼ਕਤੀ ਨਾਲ ਜੋ ਮਰੀਜ਼ ਨਸ਼ਾ ਛੁਡਾਊ ਕੇਂਦਰ ਵਿਚ ਦਾਖ਼ਲ ਹੁੰਦੇ ਹਨ, ਉਨ੍ਹਾਂ ਨੂੰ ਸਰਕਾਰ ਵੱਲੋਂ ਪੂਰੀ ਸਹੂਲਤ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਮਰੀਜ਼ ਦੀ ਰਿਹਾਇਸ਼, ਖਾਣਾ ਅਤੇ ਦਵਾਈ ਬਿਲਕੁੱਲ ਮੁਫ਼ਤ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੈਰੋਇਨ ਤੋਂ ਨਸ਼ਾ ਮੁਕਤ ਹੋਣ ਲਈ ਇਸ ਦੇ ਆਦੀ ਵਿਅਕਤੀ ਨੂੰ ਲੰਮੀ ਲੜਾਈ ਲੜਨੀ ਪੈਂਦੀ ਹੈ। ਘੱਟ ਨਸ਼ੇ ਵਾਲੀ ਦਵਾਈ ਲੰਮੇ ਸਮੇਂ ਲਈ ਲੈਣ ਦੇ ਨਾਲ ਨਾਲ ਉਸ ਨੂੰ ਪਰਿਵਾਰਕ ਤੇ ਸਮਾਜਿਕ ਸਹਾਇਤਾ ਦੀ ਜ਼ਰੂਰਤ ਹੁੰਦੀ ਹੈ।

ਕਈ ਮਾਹਿਰ ਇਹ ਰਾਏ ਦਿੰਦੇ ਹਨ ਕਿ ਕੁਝ ਦਹਾਕੇ ਪਹਿਲਾਂ ਦੁਨੀਆ ਭਰ ਦੀਆਂ ਸਰਕਾਰਾਂ ਨੇ ਉਨ੍ਹਾਂ ਨਸ਼ਿਆਂ ਜਿਹੜੇ ਲੋਕ ਸਦੀਆਂ ਤੋਂ ਕਰਦੇ ਆ ਰਹੇ ਸਨ, 'ਤੇ ਸਖ਼ਤ ਪਾਬੰਦੀਆਂ ਲਗਾਈਆਂ, ਜਿਸ ਕਾਰਨ ਹੈਰੋਇਨ ਜਿਹੇ ਨਸ਼ੇ ਵਧੇ ਅਤੇ ਲੋਕ ਇਨ੍ਹਾਂ ਦੇ ਜਾਲ ਵਿਚ ਫਸ ਗਏ। ਇਸ ਸਮੱਸਿਆ 'ਤੇ ਕਾਬੂ ਪਾਉਣ ਲਈ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਦੂਰ ਦ੍ਰਿਸ਼ਟੀ ਵਾਲੀਆਂ ਨੀਤੀਆਂ ਬਣਾਉਣ ਅਤੇ ਉਨ੍ਹਾਂ ਨੂੰ ਅਮਲੀ ਰੂਪ ਦੇਣ ਦੀ ਲੋੜ ਹੈ।


## 541 ਕੇਸਾਂ ਦੇ ਤਹਿਤ 709 ਵਿਅਕਤੀ ਗ੍ਰਿਫ਼ਤਾਰ

ਤਰਨਤਾਰਨ ਜ਼ਿਲ੍ਹੇ ਵਿਚ ਨਸ਼ੇ ਦੀ ਆਮਦ ਦਾ ਅੰਦਾਜ਼ਾ ਇਸ ਗੱਲੋਂ ਲਗਾਇਆ ਜਾ ਸਕਦਾ ਹੈ ਕਿ ਪੁਲਿਸ ਨੇ ਲੰਘੇ ਸਾਲ ਦੌਰਾਨ 159 ਕਿੱਲੋ 400 ਗ੍ਰਾਮ ਹੈਰੋਇਨ ਬਰਾਮਦ ਕੀਤੀ ਸੀ ਜਦੋਂਕਿ 20 ਕਿੱਲੋ 218 ਗ੍ਰਾਮ ਅਫੀਮ, 345 ਕਿੱਲੋ 650 ਗ੍ਰਾਮ ਚੂਰਾ ਪੋਸਤ, 4 ਗ੍ਰਾਮ ਸੁਲਫਾ, 60 ਗ੍ਰਾਮ ਨਸ਼ੀਲਾ ਪਾਊਡਰ, 500 ਗ੍ਰਾਮ ਆਈਸ ਅਤੇ 1 ਲੱਖ 31 ਹਜ਼ਾਰ 6 ਗੋਲੀਆਂ ਤੇ ਕੈਪਸੂਲ ਬਰਾਮਦ ਕੀਤੇ ਗਏ ਸਨ ਜਦੋਂਕਿ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਵਿਚ ਦਰਜ ਕੀਤੇ 541 ਕੇਸਾਂ ਦੇ ਤਹਿਤ 709 ਵਿਅਕਤੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ।

ਤਰਨਤਾਰਨ ਦੇ ਐੱਸਐੱਸਪੀ ਅਸ਼ਵਨੀ ਕਪੂਰ ਦਾ ਕਹਿਣਾ ਹੈ ਜ਼ਿਲ੍ਹੇ ਵਿਚ ਨਸ਼ੇ ਦੀ ਸਪਲਾਈ ਲਾਈਨ ਤੋੜਨ ਲਈ ਪੁਲਿਸ ਪੂਰੀ ਤਰ੍ਹਾਂ ਚੌਕਸ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ 1 ਜਨਵਰੀ ਤੋਂ 26 ਮਾਰਚ ਤਕ 35 ਕਿੱਲੋ ਤੋਂ ਵੱਧ ਹੈਰੋਇਨ ਦੀ ਬਰਾਮਦਗੀ ਕੀਤੀ ਗਈ ਹੈ ਜਿਸ ਵਿੱਚੋਂ 10 ਕਿੱਲੋ 336 ਗ੍ਰਾਮ ਹੈਰੋਇਨ ਦੀਆਂ ਖੇਪਾਂ ਡ੍ਰੋਨਾਂ ਦੀ ਮਦਦ ਨਾਲ ਭਾਰਤੀ ਖੇਤਰ ਵਿਚ ਆਈਆਂ ਸਨ ਜਿਨ੍ਹਾਂ ਨੂੰ ਕਬਜ਼ੇ ਵਿਚ ਲੈ ਕੇ ਤਸਕਰਾਂ ਦੇ ਮਨਸੂਬਿਆਂ ਨੂੰ ਫੇਲ੍ਹ ਕੀਤਾ ਗਿਆ ਹੈ। ਇਨ੍ਹਾਂ ਤਿੰਨਾਂ ਮਹੀਨਿਆਂ ਵਿਚ 11 ਡ੍ਰੋਨ ਬਰਾਮਦ ਹੋਏ ਹਨ ਜਦੋਂਕਿ ਡ੍ਰੋਨ ਗਤੀਵਿਧੀਆਂ ਸਬੰਧੀ 44 ਕੇਸ ਵੀ ਦਰਜ ਕੀਤੇ ਗਏ ਹਨ ਜਿਨ੍ਹਾਂ ਵਿਚੋਂ 6 ਨੂੰ ਪੁਲਿਸ ਨੇ ਹੱਲ ਵੀ ਕੀਤਾ ਹੈ। ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ 'ਚ ਐੱਨਡੀਪੀਐੱਸ ਐਕਟ ਤਹਿਤ 68 ਮੁਕੱਦਮੇ 1 ਜਨਵਰੀ ਤੋਂ 26 ਮਾਰਚ ਤਕ ਦਰਜ ਹੋਏ ਹਨ ਅਤੇ 85 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਕੇ 24 ਕਿੱਲੋ 669 ਗ੍ਰਾਮ ਹੈਰੋਇਨ, ਦੋ ਕਿੱਲੋ ਅਫੀਮ, 17 ਕਿੱਲੋ ਚੂਰਾ ਪੋਸਤ, 5 ਕਿੱਲੋ 77 ਗ੍ਰਾਮ ਆਈਸ ਅਤੇ 630 ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਬਰਾਮਦ ਕੀਤੇ ਗਏ ਹਨ।

ਤਰਨਤਾਰਨ ਜ਼ਿਲ੍ਹੇ ਦੀ ਗੱਲ ਕਰੀਏ ਤਾਂ ਇਸ ਨੂੰ ਨਸ਼ੇ ਤੋਂ ਪ੍ਰਭਾਵਿਤ ਇਲਾਕਾ ਮੰਨਦਿਆਂ ਸਰਕਾਰ ਵੱਲੋਂ ਦੋ ਨਸ਼ਾ ਛੁਡਾਊ ਕੇਂਦਰ ਸਿਵਲ ਹਸਪਤਾਲ ਤਰਨਤਾਰਨ ਅਤੇ ਸਿਵਲ ਹਸਪਤਾਲ ਪੱਟੀ ਵਿਖੇ ਖੋਲ੍ਹੇ ਗਏ ਸਨ ਜਦੋਂਕਿ ਦੋ ਮੁੜ ਵਸੇਬਾ ਕੇਂਦਰਾਂ ਦਾ ਨਿਰਮਾਣ ਪਿੰਡ ਠਰੂ ਤਰਨਤਾਰਨ ਅਤੇ ਭੱਗੂਪੁਰ ਪੱਟੀ ਵਿਖੇ ਕੀਤਾ ਗਿਆ ਤਾਂ ਜੋ ਵੱਧ ਤੋਂ ਵੱਧ ਨੌਜਵਾਨਾਂ ਨੂੰ ਨਸ਼ੇ ਤੋਂ ਮੁਕਤੀ ਦਿਵਾ ਕੇ ਮੁੜ ਮੁੱਖ ਧਾਰਾ ਵਿਚ ਲਿਆ ਕੇ ਉਨ੍ਹਾਂ ਨੂੰ ਪੈਰਾਂ ਸਿਰ ਖੜ੍ਹਾ ਕੀਤਾ ਜਾ ਸਕੇ। ਇਸ ਤੋਂ ਇਲਾਵਾ ਕਾਂਗਰਸ ਸਰਕਾਰ ਵੇਲੇ ਲਿਆਂਦੀ ਗਈ ਓਟ ਸਕੀਮ ਤਹਿਤ ਤਰਨਤਾਰਨ ਵਿਚ ਉਸ ਵੇਲੇ ਠਰੂ, ਭੱਗੂਪੁਰ, ਕਸੇਲ, ਸੁਰਸਿੰਘ, ਘਰਿਆਲਾ, ਕੈਰੋਂ, ਸਰਹਾਲੀ, ਮੀਆਂਵਿੰਡ, ਖਡੂਰ ਸਾਹਿਬ, ਖੇਮਕਰਨ, ਤਰਨਤਾਰਨ, ਹਰੀਕੇ ਪੱਤਣ, ਪੱਟੀ ਅਤੇ ਭਿੱਖੀਵਿੰਡ ਵਿਖੇ 20 ਓਟ ਕੇਂਦਰ ਖੋਲ੍ਹੇ ਗਏ ਸਨ। ਇਸ ਤੋਂ ਇਲਾਵਾ ਤਿੰਨ ਓਐੱਸਟੀ ਕੇਂਦਰ ਤਰਨਤਾਰਨ, ਪੱਟੀ ਅਤੇ ਝਬਾਲ ਵਿਖੇ ਚੱਲ ਰਹੇ ਹਨ।

# ਫਿਲਮ 'ਨੋ ਐਂਟਰੀ 2' ਵਿੱਚ ਵਰੁਣ, ਦਿਲਜੀਤ ਤੇ ਅਰਜੁਨ ਕਪੂਰ ਇਕੱਠੇ ਨਜ਼ਰ ਆਉਣਗੇ



ਮੁੰਬਈ-ਬੌਲੀਵੁੱਡ ਅਦਾਕਾਰ ਵਰੁਣ ਧਵਨ, ਦਿਲਜੀਤ ਦੋਸਾਂਝ ਤੇ ਅਰਜੁਨ ਕਪੂਰ ਫਿਲਮ 'ਨੋ ਐਂਟਰੀ 2' ਵਿੱਚ ਇਕੱਠੇ ਦਿਖਾਈ ਦੇਣਗੇ। ਫ਼ਿਲਮ ਦੇ ਨਿਰਮਾਤਾ ਬੋਨੀ ਕਪੂਰ ਨੇ ਇਸ ਦੀ ਪੁਸ਼ਟੀ ਕੀਤੀ ਹੈ। ਜ਼ਿਕਰਯੋਗ ਹੈ ਕਿ ਸਾਲ 2005 ਵਿੱਚ ਬਣੀ ਫਿਲਮ 'ਨੋ ਐਂਟਰੀ' ਦਾ ਨਿਰਦੇਸ਼ਨ ਅਨੀਜ਼ ਬੈਜ਼ਮੀ ਨੇ ਕੀਤਾ ਸੀ ਜਿਸ ਵਿੱਚ ਸਲਮਾਨ ਖਾਨ, ਅਨਿਲ ਕਪੂਰ ਤੇ ਫਰਦੀਨ ਖਾਨ ਅਹਿਮ ਭੂਮਿਕਾਵਾਂ ਵਿੱਚ ਸਨ। ਬੋਨੀ ਕਪੂਰ ਨੇ ਦੱਸਿਆ ਕਿ ਨਵੀਂ ਫਿਲਮ ਵਿੱਚ ਪੁਰਾਣੇ ਸਿਤਾਰੇ ਨਜ਼ਰ ਨਹੀਂ ਆਉਣਗੇ ਅਤੇ ਫਿਲਹਾਲ ਫ਼ਿਲਮ ਦੀ ਟੀਮ ਇਸ ਪ੍ਰਾਜੈਕਟ ਲਈ 10 ਮਹਿਲਾ ਅਦਾਕਾਰਾਂ ਦੀ ਚੋਣ ਵਿੱਚ ਜੁਟੀ ਹੋਈ ਹੈ। ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਬੋਨੀ ਕਪੂਰ ਨੇ ਕਿਹਾ, "ਪੁਰਾਣਾ ਅਧਿਆਏ ਖ਼ਤਮ ਹੋ ਚੁੱਕਾ ਹੈ। ਹੁਣ ਸਾਡੇ ਕੋਲ ਦਿਲਜੀਤ, ਵਰੁਣ ਤੇ ਅਰਜੁਨ ਹਨ। ਵਰੁਣ ਤੇ ਅਰਜੁਨ ਚੰਗੇ ਦੋਸਤ ਹਨ ਜਦਕਿ ਦਿਲਜੀਤ ਦੀ ਕਾਮੇਡੀ ਬਹੁਤ ਸ਼ਾਨਦਾਰ ਹੈ। ਇਸ ਲਈ ਮੈਨੂੰ ਇਹ ਇਕ ਚੰਗੀ ਤੇ ਦਿਲਚਸਪ ਜੁਗਲਬੰਦੀ ਜਾਪਦੀ ਹੈ।" ਉਸ ਨੇ ਕਿਹਾ ਕਿ ਪੁਰਸ਼ ਅਦਾਕਾਰ ਅਤੇ ਬੈਜ਼ਮੀ ਫਿਲਮ ਲਈ ਚੁਣੇ ਜਾ ਚੁੱਕੇ ਹਨ ਪਰ 10 ਮਹਿਲਾ ਅਦਾਕਾਰਾਂ ਦੀ ਚੋਣ ਕਰਨੀ ਬਾਕੀ ਹੈ। ਬੋਨੀ ਕਪੂਰ ਨੇ ਆਖਿਆ ਕਿ ਫਿਲਮ 'ਨੋ ਐਂਟਰੀ 2' ਦੀ ਦਸੰਬਰ ਮਹੀਨੇ ਤੱਕ ਸ਼ੂਟਿੰਗ ਹੋ ਜਾਵੇਗੀ।

# ਦਰਬਾਰ ਸਾਹਿਬ ਦੇ ਆਲੇ-ਦੁਆਲੇ ਤਿੰਨ ਨਵੀਆਂ ਸਰਾਵਾਂ ਸ਼੍ਰੋਮਣੀ ਕਮੇਟੀ ਬਣਾਏਗੀ

## ✪ ਭਾਰੀ ਸੰਗਤ ਕਾਰਣ ਸ਼੍ਰੋਮਣੀ ਕਮੇਟੀ ਨੇ ਕੀਤਾ ਫੈਸਲਾ



ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਗਤਾਂ ਦੀ ਵੱਧ ਰਹੀ ਆਮਦ ਦੇ ਮੱਦੇਨਜ਼ਰ ਜਲਦ ਹੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਤਿੰਨ ਹੋਰ ਸਰਾਵਾਂ ਖੋਲ੍ਹਣ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਮੁਤਾਬਕ ਰੋਜ਼ਾਨਾ 1 ਲੱਖ ਸ਼ਰਧਾਲੂ ਇਸ ਅਸਥਾਨ ਦੇ ਦਰਸ਼ਨਾਂ ਲਈ ਆਉਂਦੇ ਹਨ ਅਤੇ ਸ਼ਨੀਵਾਰ-ਐਤਵਾਰ ਤੇ ਹੋਰ ਛੁੱਟੀ ਵਾਲੇ ਦਿਨ ਇਹ ਗਿਣਤੀ 1.75 ਲੱਖ ਤੱਕ ਪਹੁੰਚ ਜਾਂਦੀ ਹੈ। ਸ਼ਰਧਾਲੂਆਂ ਲਈ ਉੱਥੇ ਰਹਿਣਾ ਇਕ ਵੱਡੀ ਸਮੱਸਿਆ ਬਣ ਰਿਹਾ ਹੈ। ਹਾਲ ਹੀ ਵਿਚ ਹੋਏ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਮੈਂਬਰਾਂ ਵੱਲੋਂ ਇਹ ਸਮੱਸਿਆ ਚੁੱਕੀ ਗਈ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਸੰਗਤਾਂ ਦੀ ਗਿਣਤੀ ਵਿਚ ਲਗਾਤਾਰ ਹੋ ਰਹੇ ਵਾਧੇ ਨੂੰ ਦੇਖਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਤਿੰਨ ਨਵੀਆਂ ਸਰਾਵਾਂ-ਭਗਤ ਨਾਮਦੇਵ ਜੀ ਨਿਵਾਸ, ਬਾਬਾ ਬਸੰਤ ਸਿੰਘ ਨਿਵਾਸ ਅਤੇ ਭਾਈ ਜੈਤਾ ਜੀ ਨਿਵਾਸ ਦਾ ਨਿਰਮਾਣ ਕੀਤਾ ਜਾ ਰਿਹਾ ਹੈ।

ਕੇਸਰੀ ਬਾਗ ਨੇੜੇ ਬਣ ਰਹੇ ਭਗਤ ਨਾਮਦੇਵ ਨਿਵਾਸ ਵਿਚ 110 ਕਮਰੇ ਹੋਣਗੇ। ਪਰਾਗ ਦਾਸ ਚੌਕ ਨੇੜੇ ਬਣ ਰਹੇ ਬਾਬਾ ਬਸੰਤ ਸਿੰਘ ਨਿਵਾਸ ਵਿਚ 90 ਅਤੇ ਭਾਈ ਜੈਤਾ ਜੀ ਨਿਵਾਸ ਵਿਚ 80 ਕਮਰੇ ਹੋਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਰਾਵਾਂ ਦਾ ਨਿਰਮਾਣ ਇਸੇ ਸਾਲ ਪੂਰਾ ਹੋ ਜਾਵੇਗਾ। ਇਸ ਦੇ ਲਈ ਬਜਟ ਵਿਚ 19 ਕਰੋੜ ਰੁਪਏ ਅਲਾਟ ਕੀਤੇ ਗਏ ਹਨ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਨੇ ਦੱਸਿਆ ਕਿ ਇਕ ਹੋਰ ਵੱਡੀ ਸਰਾਂ ਬਣਾਉਣ ਦੀ ਵੀ ਯੋਜਨਾ ਬਣਾਈ ਗਈ ਹੈ। ਇਸ ਉੱਤੇ ਵੀ ਕੰਮ ਜਲਦੀ ਸ਼ੁਰੂ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਸਰਾਂ ਅਕਾਲੀ ਮਾਰਕੀਟ ਵਿਖੇ ਬਣਾਈ ਜਾਵੇਗੀ। ਇਸ ਸਰਾਂ ਵਿਚ 1700 ਕਮਰੇ ਬਣਾਏ ਜਾਣਗੇ। ਇੱਥੇ ਦੱਸ ਦਈਏ ਕਿ ਸ਼ਹਿਰ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸੰਸਥਾਵਾਂ ਦੀਆਂ ਸਰਾਂਵਾਂ ਵੀ ਹਨ, ਪਰ ਉਹ ਸ੍ਰੀ ਦਰਬਾਰ ਸਾਹਿਬ ਤੋਂ ਥੋੜ੍ਹੀ ਦੂਰੀ 'ਤੇ ਹਨ ਤੇ ਸੰਗਤ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਰਹਿਣ ਨੂੰ ਹੀ ਤਰਜੀਹ ਦਿੰਦੀ ਹੈ।

ਇਸ ਵੇਲੇ ਸ੍ਰੀ ਦਰਬਾਰ ਸਾਹਿਬ ਨੇੜੇ ਸ੍ਰੀ ਗੁਰੂ ਰਾਮਦਾਸ ਨਿਵਾਸ, ਸ੍ਰੀ ਗੁਰੂ ਅਰਜਨ ਦੇਵ ਨਿਵਾਸ, ਸ੍ਰੀ ਗੁਰੂ ਹਰਗੋਬਿੰਦ ਨਿਵਾਸ, ਮਾਤਾ ਗੰਗਾ ਨਿਵਾਸ, ਸ੍ਰੀ ਗੁਰੂ ਗੋਬਿੰਦ ਸਿੰਘ ੀ ਨਿਵਾਸ, ਸਾਰਾਗੜ੍ਹੀ ਨਿਵਾਸ, ਬਾਬਾ ਦੀਪ ਸਿੰਘ ਨਿਵਾਸ ਤੇ ਮਾਤਾ ਭਾਗ ਕੌਰ ਯਾਤਰੀ ਨਿਵਾਸ ਵਿਚ ਸੰਗਤ ਦੇ ਰੁਕਣ ਦਾ ਪ੍ਰਬੰਧ ਹੈ। ਇਨ੍ਹਾਂ ਸਰਾਵਾਂ ਵਿਚ ਕੁੱਲ੍ਹ ਮਿਲਾ ਕੇ 788 ਕਮਰੇ ਅਤੇ 25 ਹਾਲ ਹਨ। ਇਨ੍ਹਾਂ ਸਰਾਵਾਂ ਦਾ ਕਿਰਾਇਆ 200 ਤੋਂ 1 ਹਜ਼ਾਰ ਰੁਪਏ ਪ੍ਰਤੀ ਦਿਨ ਦੇ ਵਿਚ ਹੈ। ਉੱਥੇ ਹੀ ਆਲੇ-ਦੁਆਲੇ ਹੋਟਲ ਅਤੇ ਗੈਸਟ ਹਾਊਸ ਵੀ ਹਨ, ਜਿੱਥੇ ਕਿਰਾਇਆ 1500 ਰੁਪਏ ਪ੍ਰਤੀ ਦਿਨ ਤੋਂ ਸ਼ੁਰੂ ਹੁੰਦਾ ਹੈ।

## ਮੋਦੀ ਦੇ ਹੱਕ ਵਿਚ ਅਮਰੀਕਾ ਦੇ 20 ਸ਼ਹਿਰਾਂ ਵਿਚ ਕਾਰ ਰੈਲੀਆਂ ਕਢੀਆਂ



ਵਾਸ਼ਿੰਗਟਨ-ਅਮਰੀਕਾ ਵਿੱਚ 'ਓਵਰਸੀਜ਼ ਫਰੈਂਡਜ਼ ਆਫ ਬੀਜੇਪੀ' ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਤੀਜੇ ਕਾਰਜਕਾਲ ਲਈ ਆਪਣਾ ਸਮਰਥਨ ਜ਼ਾਹਰ ਕਰਨ ਲਈ ਦੇਸ਼ ਦੇ 20 ਵੱਖ-ਵੱਖ ਸ਼ਹਿਰਾਂ ਵਿੱਚ ਕਾਰ ਰੈਲੀਆਂ ਕੱਢੀਆਂ ਅਤੇ ਭਾਰਤ ਦੇ ਲੋਕਾਂ ਨੂੰ ਭਾਜਪਾ ਦੀ ਅਗਵਾਈ ਵਾਲੀ ਪਾਰਟੀ ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਆਉਣ ਵਾਲੀਆਂ ਆਮ ਚੋਣਾਂ ਵਿੱਚ ਕੌਮੀ ਜਮਹੂਰੀ ਗਠਜੋੜ ਨੂੰ 400 ਤੋਂ ਵੱਧ ਸੀਟਾਂ ਜਿਤਾਉਣ ਦੀ ਅਪੀਲ ਕੀਤੀ। ਜਥੇਬੰਦੀ ਦੇ ਪ੍ਰਧਾਨ ਅਦਾਪਾ ਪ੍ਰਸਾਦ ਦੇ ਜਨਰਲ ਸਕੱਤਰ ਵਾਸੁਦੇਵ ਪਟੇਲ ਨੇ ਕਿਹਾ, 'ਭਾਈਚਾਰੇ ਨੇ ਪੂਰਬੀ ਤੱਟ ਤੋਂ ਪੱਛਮੀ ਤੱਟ ਤੱਕ ਅਤੇ ਉੱਤਰ ਤੋਂ ਦੱਖਣ ਤੱਕ 20 ਸ਼ਹਿਰਾਂ ਵਿੱਚ ਕਾਰ ਰੈਲੀਆਂ ਕੱਢੀਆਂ।

# ਸੁਪਰੀਮ ਕੋਰਟ ਸ਼ੁਭਕਰਨ ਦੀ ਮੌਤ ਬਾਰੇ ਜਾਂਚ ਦੇ ਹਾਈ ਕੋਰਟ ਦੇ ਆਦੇਸ਼ 'ਤੇ ਰੋਕ ਲਗਾਉਣ ਤੋਂ ਇਨਕਾਰੀ

## ✪ ਹੁਣ ਹਾਈਕੋਰਟ 10 ਅਪ੍ਰੈਲ ਨੂੰ ਇਸ ਮਾਮਲੇ 'ਤੇ ਦੁਬਾਰਾ ਸੁਣਵਾਈ ਕਰੇਗੀ



ਨਵੀਂ ਦਿੱਲੀ-ਸੁਪਰੀਮ ਕੋਰਟ ਨੇ 21 ਫਰਵਰੀ ਨੂੰ ਪ੍ਰਦਰਸ਼ਨਕਾਰੀ ਕਿਸਾਨਾਂ ਤੇ ਹਰਿਆਣਾ ਦੇ ਸੁਰੱਖਿਆ ਕਰਮੀਆਂ ਵਿਚਕਾਰ ਹੋਈ ਝੜਪ ਦੌਰਾਨ ਕਿਸਾਨ ਸ਼ੁਭਕਰਨ ਸਿੰਘ (21) ਦੀ ਹੋਈ ਮੌਤ ਦੀ ਜਾਂਚ ਕਰਨ ਲਈ ਪੈਨਲ ਗਠਿਤ ਕਰਨ ਲਈ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਨਿਰਦੇਸ਼ 'ਤੇ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ ਹੈ। ਸੁਪਰੀਮ ਕੋਰਟ ਨੇ ਨੂੰ ਸੁਣਵਾਈ ਦੌਰਾਨ ਕਿਹਾ ਕਿ ਸੇਵਾਮੁਕਤ ਜੱਜ ਦੀ ਅਗਵਾਈ ਵਾਲੇ ਪੈਨਲ ਦੁਆਰਾ ਨਿਗਰਾਨੀ ਕਰਨ 'ਤੇ ਇਸ ਮਾਮਲੇ ਚ ਨਿਰਪੱਖਤਾ ਤੇ ਪਾਰਦਰਸ਼ਤਾ ਆਵੇਗੀ। ਸਰਬਉੱਚ ਅਦਾਲਤ ਹਰਿਆਣਾ ਸਰਕਾਰ ਵਲੋਂ ਹਾਈਕੋਰਟ ਦੇ 7 ਮਾਰਚ ਦੇ ਹੁਕਮਾਂ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦੀ ਸੁਣਵਾਈ ਕਰ ਰਹੀ ਹੈ, ਜਿਸ ਨੇ ਝੜਪ ਦੌਰਾਨ ਸ਼ੁਭਕਰਨ ਸਿੰਘ ਦੀ ਮੌਤ ਦੀ ਜਾਂਚ ਕਰਨ ਲਈ ਹਾਈਕੋਰਟ ਦੇ ਸਾਬਕਾ ਜੱਜ ਦੀ ਅਗਵਾਈ 'ਚ ਇਕ ਕਮੇਟੀ ਬਣਾਈ ਸੀ। ਜ਼ਿਕਰਯੋਗ ਹੈ ਕਿ 21 ਫਰਵਰੀ ਨੂੰ ਪੰਜਾਬ-ਹਰਿਆਣਾ ਸਰਹੱਦ 'ਤੇ ਖਨੌਰੀ ਵਿਖੇ ਹਰਿਆਣਾ ਪੁਲਿਸ ਵਲੋਂ ਬਠਿੰਡਾ ਦਾ ਰਹਿਣ ਵਾਲਾ ਸ਼ੁਭਕਰਨ ਮਾਰਿਆ ਗਿਆ ਸੀ। ਜਸਟਿਸ ਸੂਰਿਆ ਕਾਂਤ ਤੇ ਕੇ.ਵੀ. ਵਿਸ਼ਵਨਾਥਨ ਦੀ ਬੈਂਚ ਸਾਹਮਣੇ ਸੁਣਵਾਈ ਮੌਕੇ ਹਰਿਆਣਾ ਵਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਹਾਈਕੋਰਟ ਦੇ ਹੁਕਮਾਂ ਦੇ ਇਕ ਪੈਰੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਸ ਨਾਲ ਪੁਲਿਸ ਫੋਰਸ ਦਾ ਮਨੋਬਲ ਡਿੱਗੇਗਾ। ਉਨ੍ਹਾਂ ਕਿਹਾ ਕਿ ਜੇਕਰ ਪੁਲਿਸ ਨੂੰ ਹਰ ਘਟਨਾ ਲਈ ਜਨਹਿੱਤ ਪਟੀਸ਼ਨ ਦਾ ਸਾਹਮਣਾ ਕਰਨਾ ਪਵੇਗਾ ਤਾਂ ਉਹ ਕਾਨੂੰਨ ਵਿਵਸਥਾ ਕਿਵੇਂ ਬਣਾ ਕੇ ਰੱਖੇਗੀ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਉਥੇ ਸੈਂਕੜੇ ਲੋਕ ਮਾਰੂ ਹਥਿਆਰਾਂ ਨਾਲ ਇਕੱਠੇ ਹੋਏ ਸਨ ਤੇ ਇਸ ਘਟਨਾ ਦੌਰਾਨ 67 ਪੁਲਿਸ ਮੁਲਾਜ਼ਮ ਜ਼ਖ਼ਮੀ ਹੋਏ ਹਨ, ਜੇਕਰ ਕਮੇਟੀਆਂ ਬਣਾਈਆਂ ਜਾਣਗੀਆਂ ਤਾਂ ਕਾਨੂੰਨ ਵਿਵਸਥਾ ਬਣਾਈ ਰੱਖਣ ਵਾਲਿਆਂ ਦੇ ਮਨੋਬਲ ਦਾ ਕੀ ਹੋਵੇਗਾ। ਇਸ ਮਾਮਲੇ 'ਚ ਉਕਤ ਤਿੰਨ ਮੈਂਬਰੀ ਕਮੇਟੀ ਦੀ ਅਗਵਾਈ ਹਾਈਕੋਰਟ ਦੇ ਸੇਵਾਮੁਕਤ ਜੱਜ ਕਰ ਰਹੇ ਹਨ। ਬੈਂਚ ਨੇ ਕਿਹਾ ਕਿ ਅਸੀਂ ਨਿਰਪੱਖਤਾ ਤੇ ਪਾਰਦਰਸ਼ਤਾ ਨੂੰ ਵਧਾਉਣ ਲਈ ਸਾਬਕਾ ਜੱਜਾਂ ਦੀ ਨਿਯੁਕਤੀ ਵੀ ਕਰਦੇ ਹਾਂ, ਤਾਂ ਮਹਿਤਾ ਨੇ ਕਿਹਾ ਕਿ ਸੁਪਰੀਮ ਕੋਰਟ ਇਕ ਅਧਿਕਾਰੀ ਦੀ ਚੋਣ ਕਰਕੇ ਇਸ ਮਾਮਲੇ ਦੀ ਜਾਂਚ ਦੀ ਨਿਗਰਾਨੀ ਕਰਵਾ ਸਕਦੀ ਹੈ। ਬੈਂਚ ਨੇ ਕਿਹਾ ਕਿ ਹੁਣ ਹਾਈਕੋਰਟ 10 ਅਪ੍ਰੈਲ ਨੂੰ ਇਸ ਮਾਮਲੇ 'ਤੇ ਦੁਬਾਰਾ ਸੁਣਵਾਈ ਕਰੇਗੀ।

## ਪੰਜਾਬ, ਹਰਿਆਣਾ ਵਿਚ ਨਸ਼ਿਆਂ ਦੇ ਕਾਰੋਬਾਰ ਬਾਰੇ ਹਾਈ ਕੋਰਟ ਸਖ਼ਤ

### ✪ ਕਿਹਾ ਕਿ ਨਸ਼ਿਆਂ ਨੇ ਧਾਰਿਆ ਮਹਾਂਮਾਰੀ ਦਾ ਰੂਪ, ਨੌਜਵਾਨ ਪੀੜ੍ਹੀ ਦੇ ਕਾਤਲ ਹਨ ਤਸਕਰ

ਚੰਡੀਗੜ੍ਹ-ਪੰਜਾਬ-ਹਰਿਆਣਾ ਹਾਈਕੋਰਟ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਜੁੜੇ ਇਕ ਮਾਮਲੇ 'ਚ ਦੋਸ਼ੀ ਦੀ ਜ਼ਮਾਨਤ ਪਟੀਸ਼ਨ ਨੂੰ ਰੱਦ ਕਰਦਿਆਂ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਦੋਵਾਂ ਰਾਜਾਂ ਵਿਚ ਨੌਜਵਾਨ ਨਸ਼ੇ ਦੇ ਸੌਦਾਗਰਾਂ ਦਾ ਸ਼ਿਕਾਰ ਹੋ ਰਹੇ ਹਨ ਤੇ ਹੁਣ ਇਹ ਧੰਦਾ ਮਹਾਂਮਾਰੀ ਦਾ ਰੂਪ ਧਾਰਨ ਕਰ ਗਿਆ ਹੈ। ਇਕ ਵਿਅਕਤੀ ਇਕ ਜਾਂ ਦੋ ਲੋਕਾਂ ਨੂੰ ਮਾਰ ਦਿੰਦਾ ਹੈ ਪਰ ਨਸ਼ੇ ਦੇ ਵਪਾਰੀ ਪੀੜ੍ਹੀਆਂ ਨੂੰ ਬਰਬਾਦ ਕਰ ਰਹੇ ਹਨ ਤੇ ਨੌਜਵਾਨ ਪੀੜ੍ਹੀ ਦੇ ਕਾਤਲ ਹਨ। ਮੁਲਜ਼ਮ ਵਲੋਂ ਐਨ.ਡੀ.ਪੀ.ਐਸ ਦੇ ਮਾਮਲੇ ਵਿਚ, 21 ਨਵੰਬਰ 2023 ਨੂੰ ਦਰਜ ਐਫ.ਆਈ.ਆਰ. 'ਚ ਅਗਾਊਂ ਜ਼ਮਾਨਤ ਦੀ ਮੰਗ ਨੂੰ ਲੈ ਕੇ ਹਾਈ ਕੋਰਟ ਵਿਚ ਇਕ ਪਟੀਸ਼ਨ ਦਾਇਰ ਕੀਤੀ ਗਈ ਸੀ। ਪਟੀਸ਼ਨਰ ਨੇ ਦਲੀਲ ਦਿੱਤੀ ਸੀ ਕਿ ਨਾ ਤਾਂ ਉਸ ਕੋਲੋਂ ਨਸ਼ੀਲਾ ਪਦਾਰਥ ਬਰਾਮਦ ਹੋਇਆ ਤੇ ਨਾ ਹੀ ਉਹ ਮੌਕੇ 'ਤੇ ਮੌਜੂਦ ਸੀ। ਸਹਿ-ਮੁਲਜ਼ਮ ਦੇ ਬਿਆਨ ਦੇ ਆਧਾਰ 'ਤੇ ਹੀ ਪਟੀਸ਼ਨਕਰਤਾ ਦਾ ਨਾਂਅ ਐਫ.ਆਈ.ਆਰ. ਵਿਚ ਸ਼ਾਮਿਲ ਕੀਤਾ ਗਿਆ ਹੈ। ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ ਹਾਈ ਕੋਰਟ ਨੇ ਆਪਣਾ ਹੁਕਮ ਦਿੰਦੇ ਹੋਏ ਕਿਹਾ ਕਿ ਇਸ ਮਾਮਲੇ ਵਿਚ ਕੁੱਲ 15 ਕੁਇੰਟਲ ਚੂਰਾ ਪੋਸਤ ਅਤੇ ਡੋਡਾ ਭੁੱਕੀ ਬਰਾਮਦ ਕੀਤੀ ਗਈ ਹੈ, ਜੋ ਕਿ ਵੱਡੀ ਮਾਤਰਾ ਵਿਚ ਹੈ। ਸਹਿ ਮੁਲਜ਼ਮਾਂ ਅਨੁਸਾਰ ਉਨ੍ਹਾਂ ਨੇ ਦਰਖਾਸਤ ਨੂੰ 2 ਕੁਇੰਟਲ ਨਸ਼ੀਲਾ ਪਦਾਰਥ ਦੇਣਾ ਸੀ। ਅਜਿਹੀ ਸਥਿਤੀ ਵਿਚ ਪਟੀਸ਼ਨਰ ਇਹ ਕਹਿ ਕੇ ਬਚ ਨਹੀਂ ਸਕਦਾ ਕਿ ਉਸ ਤੋਂ ਕੋਈ ਵਸੂਲੀ ਨਹੀਂ ਹੋਈ ਹੈ। ਪਟੀਸ਼ਨਰ ਨੇ ਸਹਿ-ਦੋਸ਼ੀ ਨਾਲ 40 ਵਾਰ ਫ਼ੋਨ 'ਤੇ ਗੱਲਬਾਤ ਕੀਤੀ ਸੀ, ਜੋ ਦੋਵਾਂ ਵਿਚਕਾਰ ਸੰਪਰਕ ਨੂੰ ਦਰਸਾਉਂਦੀ ਹੈ। ਹਾਈ ਕੋਰਟ ਨੇ ਅਗਾਊਂ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ।

# ਸ਼੍ਰੋਮਣੀ ਕਮੇਟੀ ਸ਼ੋਸ਼ਲ ਮੀਡੀਆ ਬਾਰੇ ਇਕ ਪੰਥਕ ਨੀਤੀ ਉਸਾਰੇ

## ਡਾਕਟਰ ਸਤਿੰਦਰ ਪਾਲ ਸਿੰਘ



ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ 'ਤੇ ਸਿੱਖ ਵੀ ਸਰਗਰਮ ਹਨ। ਇਹ ਸਮੇਂ ਦੇ ਨਾਲ ਚੱਲਣ ਦਾ ਭਲਾ ਉੱਦਮ ਹੈ, ਪਰ ਸੋਸ਼ਲ ਮੀਡੀਆ ਕਿਸ ਦਿਸ਼ਾ ਵੱਲ ਵਧ ਰਿਹਾ ਹੈ, ਇਸ ਤੋਂ ਅਣਜਾਣ ਰਹਿਣਾ ਹਰਗਿਜ਼ ਸਿਆਣਪ ਨਹੀਂ ਕਹੀ ਜਾ ਸਕਦੀ। ਸੋਸ਼ਲ ਮੀਡੀਆ ਦੀ ਮਹੱਤਤਾ ਅੱਜ ਦੇ ਸਮੇਂ ਵਿਚ ਜੀਵਨ ਦੇ ਲਗਭਗ ਹਰ ਖੇਤਰ 'ਚ ਸਵੀਕਾਰ ਕੀਤੀ ਜਾ ਰਹੀ ਹੈ। ਸਮਾਰਟ ਫ਼ੋਨ ਨੇ ਸਾਰੀ ਦੁਨੀਆ ਮਨੁੱਖ ਦੀ ਮੁੱਠੀ ਵਿਚ ਸੀਮਤ ਕਰ ਦਿੱਤੀ ਹੈ। ਫੇਸਬੁੱਕ, ਐਕਸ, ਇੰਸਟਾਗ੍ਰਾਮ, ਯੂ-ਟਿਊਬ ਤੇ ਵੱਟਸਐਪ ਅਜਿਹੇ ਪਲੇਟਫਾਰਮ ਹਨ, ਜਿਨ੍ਹਾਂ ਰਾਹੀਂ ਕੋਈ ਵੀ ਜਾਣਕਾਰੀ ਨਿਮਖ ਮਾਤਰ 'ਚ ਸਾਂਝੀ ਕੀਤੀ ਜਾ ਰਹੀ ਹੈ। ਇਸ ਲਈ ਕਿਸੇ ਖ਼ਾਸ ਵਿਦਵਤਾ, ਤਕਨੀਕ ਦੀ ਲੋੜ ਨਹੀਂ। ਆਮ ਮਨੁੱਖ ਇਸ ਦੀ ਵਰਤੋਂ ਸੌਖੇ ਢੰਗ ਨਾਲ ਕਰ ਰਿਹਾ ਹੈ। ਸੋਸ਼ਲ ਮੀਡੀਆ ਦਾ ਮੂਲ ਮਨੋਰਥ ਆਪਸੀ ਭਾਈਚਾਰਾ ਵਧਾਉਣਾ ਤੇ ਵਿਚਾਰਾਂ ਦੀ ਸਾਂਝ ਪਾਉਣਾ ਸੀ। ਅੱਜ ਇਹ ਮਨੋਰਥ ਪਿੱਛੇ ਰਹਿ ਗਿਆ ਹੈ। ਸੋਸ਼ਲ ਮੀਡੀਆ ਦੇ ਸਾਰੇ ਮੁੱਖ ਪਲੇਟਫਾਰਮ ਸਿਆਸਤ ਦੇ ਹਥਿਆਰ ਬਣ ਗਏ ਹਨ। ਸਮਾਜ ਨੂੰ ਤੋੜ ਕੇ ਲੋਕਾਂ ਨੂੰ ਸਿਆਸੀ ਬਿਸਾਤ 'ਤੇ ਮੋਹਰੇ ਬਣਾਉਣ ਲਈ ਸੋਸ਼ਲ ਮੀਡੀਆ ਦੀ ਭਰਪੂਰ ਦੁਰਵਰਤੋਂ ਹੋ ਰਹੀ ਹੈ। ਅੱਜ ਪਦਾਰਥਵਾਦ 'ਚ ਰੁੱਝੇ ਲੋਕਾਂ ਕੋਲ ਕਿਤਾਬਾਂ ਪੜ੍ਹਨ ਦਾ ਸਮਾਂ ਨਹੀਂ ਹੈ, ਸੋਚ-ਵਿਚਾਰ ਦਾ ਮਾਹੌਲ ਨਹੀਂ ਹੈ, ਗਹਿਰਾਈ ਵਿਚ ਜਾਣ ਦੀ ਰੁਚੀ ਨਹੀਂ ਹੈ। ਜੋ ਸਾਹਮਣੇ ਆ ਰਿਹਾ ਹੈ, ਉਸ 'ਤੇ ਵਿਸ਼ਵਾਸ ਕਰ ਲੈਣ ਤੋਂ ਇਲਾਵਾ ਕੋਈ ਵਿਕਲਪ (ਬਦਲ) ਨਹੀਂ ਹੈ। ਇਸ ਰੁਝਾਨ ਨੇ ਧਾਰਮਿਕ, ਇਤਿਹਾਸਕ ਭਰਮ-ਭੁਲੇਖੇ ਪਾਉਣ ਵਾਲਿਆਂ ਦਾ ਕੰਮ ਸੌਖਾ ਕਰ ਦਿੱਤਾ ਹੈ। ਇੰਨੀ ਚਲਾਕੀ ਨਾਲ ਗੱਲ ਕਹੀ ਜਾ ਰਹੀ ਹੈ ਪੜ੍ਹਨ, ਸੁਣਨ ਵਾਲੇ ਨੂੰ ਪੂਰਨ ਪ੍ਰਮਾਣਿਕ ਜਾਪਦੀ ਹੈ। ਇਤਿਹਾਸ ਦਾ ਸਵਰੂਪ ਵਿਗਾੜਿਆ ਜਾ ਰਿਹਾ ਹੈ, ਸਿਧਾਂਤਾਂ ਦਾ ਘਾਣ ਕਰਨ ਲਈ ਮਨਘੜਤ ਬਿਰਤਾਂਤ ਸਿਰਜੇ ਜਾ ਰਹੇ ਹਨ। ਸਭ ਤੋਂ ਜ਼ਿਆਦਾ ਸੰਕਟ ਸਿੱਖ ਕੌਮ 'ਤੇ ਹੈ, ਕਿਉਂਕਿ ਅਸੀਂ ਅਜੇ ਤੱਕ ਆਪਣੇ ਇਤਿਹਾਸ ਨੂੰ ਕੋਈ ਪੁਖ਼ਤਾ ਤਰਤੀਬ ਹੀ ਨਹੀਂ ਦੇ ਸਕੇ ਹਾਂ। ਬਹੁਤ ਸਾਰੀਆਂ ਪੁਰਾਤਨ ਲਿਖਤਾਂ ਹਨ, ਜਿਨ੍ਹਾਂ ਨੂੰ ਤਵੱਜੋ ਦੇ ਕੇ ਵਿਚਾਰਿਆ ਹੀ ਨਹੀਂ ਗਿਆ ਹੈ।

ਇਤਿਹਾਸਕ ਸਰੋਤਾਂ ਦੀ ਖੋਜ ਦੀਆਂ ਨਵੀਆਂ ਸੰਭਾਵਨਾਵਾਂ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾ ਰਿਹਾ। ਦਰਅਸਲ ਸੰਘਰਸ਼ਾਂ ਦੇ ਦੌਰ ਲਗਾਤਾਰ ਚੱਲਦੇ ਰਹੇ, ਜਿਸ ਕਾਰਨ ਕੌਮ ਨੂੰ ਇਨ੍ਹਾਂ ਕਾਰਜਾਂ ਲਈ ਸਮਾਂ ਹੀ ਨਹੀਂ ਮਿਲਿਆ। ਇਨ੍ਹਾਂ ਦਾ ਖ਼ਮਿਆਜ਼ਾ ਭੁਗਤਣਾ ਪੈ ਰਿਹਾ ਹੈ। ਇਸ ਦੀ ਅਹਿਮ ਮਿਸਾਲ ਹੈ ਰਹਿਤਨਾਮੇ। 'ਗੁਰੂ ਖ਼ਾਲਸਾ ਮਾਨੀਅਹਿ ਪਰਗਟ ਗੁਰੂ ਕੀ ਦੇਹ' ਦਾ ਸੰਕਲਪ ਕਿਵੇਂ ਤੇ ਕਦੋਂ 'ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ' ਵਿਚ ਬਦਲ ਗਿਆ, ਕਿਸੇ ਨੂੰ ਸਮਝ ਹੀ ਨਹੀਂ ਆਇਆ। ਪਰ ਇਸ ਬਦਲ ਦੇ ਡੂੰਘੇ ਅਸਰ ਧਾਰਮਿਕ ਮਾਨਤਾਵਾਂ 'ਤੇ ਪੈ ਰਹੇ ਹਨ। ਅਜਿਹੇ ਸੰਕਟ ਕੌਮ 'ਤੇ ਨਿਰੰਤਰ ਮੰਡਰਾ ਰਹੇ ਹਨ। ਇਸ ਸੱਚ ਦੇ ਮੱਦੇਨਜ਼ਰ ਸੋਸ਼ਲ ਮੀਡੀਆ ਦੇ ਪ੍ਰਭਾਵ ਨੂੰ ਗੰਭੀਰਤਾ ਨਾਲ ਲੈ ਕੇ ਹੀ ਆਪਣੇ ਵਿਰਸੇ ਨੂੰ ਬਚਾਇਆ ਜਾ ਸਕਦਾ ਹੈ। ਇਸ ਲਈ ਸਿਆਸੀ ਦਲਾਂ ਦੁਆਰਾ ਸੋਸ਼ਲ ਮੀਡੀਆ ਦੀ ਕੀਤੀ ਜਾ ਰਹੀ ਵਰਤੋਂ ਦੇ ਢੰਗ ਤੋਂ ਸਿੱਖਣ ਦੀ ਲੋੜ ਹੈ।



ਅਕਸਰ ਕਿਹਾ ਜਾਂਦਾ ਹੈ ਕਿ ਸਿੱਖ ਕੌਮ ਦਾ ਗੌਰਵਸ਼ਾਲੀ ਇਤਿਹਾਸ ਹੈ, ਜਿਸ ਤੋਂ ਅਸੀਂ ਦੁਨੀਆ ਨੂੰ ਜਾਣੂੰ ਨਹੀਂ ਕਰਾ ਸਕੇ ਹਾਂ। ਸੋਸ਼ਲ ਮੀਡੀਆ ਦੇ ਇਸ ਯੁੱਗ 'ਚ ਅਜਿਹੀ ਦਲੀਲ ਸਾਡੇ ਨਿਕੰਮੇਪਨ ਦਾ ਸਬੂਤ ਮੰਨੀ ਜਾਵੇਗੀ। ਸੋਸ਼ਲ ਮੀਡੀਆ ਬਾਰੇ ਕੋਈ ਕੌਮੀ ਨੀਤੀ ਹੀ ਨਹੀਂ ਹੈ। ਸਵੇਰੇ ਤੋਂ ਸ਼ਾਮ ਤੱਕ ਹੁਕਮਨਾਮੇ ਹੀ ਭੇਜੇ ਜਾਂ ਪ੍ਰਾਪਤ ਹੁੰਦੇ ਰਹਿੰਦੇ ਹਨ। ਵਿਆਖਿਆ ਸਮੇਤ ਜਾਰੀ ਹੋਣ ਵਾਲੇ ਹੁਕਮਨਾਮੇ ਸ਼ਾਇਦ ਹੀ ਪੜ੍ਹੇ ਜਾਂਦੇ ਹੋਣਗੇ। ਕਥਾਵਾਚਕ ਆਪਣੀ ਕਥਾ ਦੇ ਵੀਡੀਓ ਲੋਕਾਂ ਤੱਕ ਪਹੁੰਚਾ ਰਹੇ ਹਨ, ਪਰ ਗਿਆਨੀ ਸੰਤ ਸਿੰਘ ਜੀ ਮਸਕੀਨ ਤੋਂ ਇਲਾਵਾ ਕਿਸੇ ਹੋਰ ਨੂੰ ਸੁਣਨ ਵਾਲੇ ਘੱਟ ਹੀ ਮਿਲਣਗੇ। ਇਹੋ ਹਾਲ ਸ਼ਬਦ ਕੀਰਤਨ ਦੇ ਵੀਡੀਓ ਦਾ ਹੈ। ਗੁਰ ਇਤਿਹਾਸ, ਗੁਰ ਸ਼ਬਦ ਦੇ ਪ੍ਰਚਾਰ ਦੀ ਭਾਵਨਾ ਤੇ ਆਤਮ ਪ੍ਰਚਾਰ ਦੀ ਭਾਵਨਾ ਭਾਰੀ ਪੈ ਰਹੀ ਹੈ। ਹੈਰਾਨੀ ਹੁੰਦੀ ਹੈ, ਜਦੋਂ ਵਿਦਵਾਨ ਕਥਾਵਾਚਕ, ਰਾਗੀ ਸਿੰਘ ਇੰਸਟਾਗ੍ਰਾਮ 'ਤੇ ਵੀ ਆਪਣੀਆਂ ਰੀਲਾਂ ਪੋਸਟ ਕਰਦੇ ਮਿਲਦੇ ਹਨ। ਜੇ ਨਿਸ਼ਾਨਾ ਆਤਮ ਪ੍ਰਚਾਰ ਹੈ ਤਾਂ ਨਿਗ੍ਹਾ ਸਿੱਖੀ ਸਿਧਾਂਤਾਂ 'ਤੇ ਕਿਉਂ। ਸੋਸ਼ਲ ਮੀਡੀਆ ਰਾਹੀਂ ਸਿੱਖੀ ਸਿਧਾਂਤਾਂ 'ਤੇ ਜੋ ਹਮਲੇ ਹੋ ਰਹੇ ਹਨ, ਉਨ੍ਹਾਂ ਦਾ ਜਵਾਬ ਕੌਣ ਦੇਵੇਗਾ? ਸਿੱਖ ਇਤਿਹਾਸ ਦੇ ਨਿਰੋਲ ਸਵਰੂਪ ਨੂੰ ਸੋਸ਼ਲ ਮੀਡੀਆ 'ਤੇ ਲਿਆਉਣ ਦੀ ਜ਼ਿੰਮੇਵਾਰੀ ਕਿਸ ਦੀ ਹੈ? ਸੰਸਾਰ ਭਰ 'ਚ ਸਿੱਖ ਵਿਅਕਤੀਗਤ ਰੂਪ 'ਚ ਵੀ ਭੇਦਭਾਵ, ਨਫ਼ਰਤ, ਹਿੰਸਾ ਦਾ ਸ਼ਿਕਾਰ ਹੋ ਰਹੇ ਹਨ; ਕਿਉਂਕਿ ਉਹ ਸਿੱਖ ਹਨ। ਸਿੱਖ ਹੋਣ ਦਾ ਅਰਥ ਕੀ ਹੈ, ਇਹ ਅਸੀਂ ਨਹੀਂ ਦੱਸ ਸਕੇ ਹਾਂ।

ਸੋਸ਼ਲ ਮੀਡੀਆ ਅੱਜ 'ਵਾਰ ਰੂਮ' 'ਚ ਬਦਲ ਗਿਆ ਹੈ। ਇਸ ਦੇ ਅਸਰ ਤੋਂ ਬਚਣਾ ਮੁਮਕਿਨ ਨਹੀਂ ਰਿਹਾ। ਜਿਵੇਂ ਕੋਈ ਜੰਗ ਜਿੱਤਣ ਲਈ ਹਮਲਾ ਮਾਰਨ 'ਤੇ ਹਮਲੇ ਤੋਂ ਸੁਰੱਖਿਆ ਦੀ ਦੋਹਰੀ ਨੀਤੀ ਤਿਆਰ ਕੀਤੀ ਜਾਂਦੀ ਹੈ, ਉਵੇਂ ਹੀ ਆਪਣਾ ਪੱਖ ਰੱਖਣ ਦੇ ਨਾਲ ਹੀ ਆਪਣੇ ਹਿੱਤ ਦੀ ਰੱਖਿਆ ਲਈ ਵੀ ਯਤਨਸ਼ੀਲ ਹੋਣ ਦੀ ਲੋੜ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੋਸ਼ਲ ਮੀਡੀਆ ਬਾਰੇ ਇਕ ਪੰਥਕ ਨੀਤੀ ਬਣਾਉਣ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਜਿੰਨੀ ਲੋੜ ਪ੍ਰਚਾਰਕਾਂ ਦੀ ਹੈ, ਅੱਜ ਸੋਸ਼ਲ ਮੀਡੀਆ ਵਲੰਟੀਅਰ ਵੀ ਓਨੇ ਹੀ ਮਹੱਤਵਪੂਰਨ ਹੋ ਗਏ ਹਨ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ 8 ਮਾਰਚ ਨੂੰ ਦਿੱਲੀ 'ਚ ਦੇਸ਼ ਭਰ ਤੋਂ ਸੱਦੇ 'ਤੇ ਬੁਲਾਏ ਗਏ ਸੋਸ਼ਲ ਮੀਡੀਆ ਵਲੰਟੀਅਰ ਨੂੰ ਆਪ ਸੰਬੋਧਨ ਕੀਤਾ ਅਤੇ ਉਨ੍ਹਾਂ ਦਾ ਸਮਰਥਨ ਮੰਗਿਆ। ਇਹ ਸੋਸ਼ਲ ਮੀਡੀਆ ਦੀ ਤਾਕਤ ਹੈ, ਜੋ ਸਰਕਾਰਾਂ ਬਣਾਉਣ 'ਚ ਵੀ ਆਪਣੀ ਭੂਮਿਕਾ ਰੱਖਣ ਲੱਗ ਪਈ ਹੈ। ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਸਮਾਂ ਹੈ ਕਿ ਸੋਸ਼ਲ ਮੀਡੀਆ ਦੀ ਭੂਮਿਕਾ ਦੀ ਪੱਕੀ ਪਛਾਣ ਕੀਤੀ ਜਾਵੇ। ਸਿੱਖ ਵਲੰਟੀਅਰਾਂ ਨੂੰ ਬਾਕਾਇਦਾ ਟਰੇਨਿੰਗ (ਸਿਖਲਾਈ) ਦਿੱਤੀ ਜਾਵੇ। ਉਨ੍ਹਾਂ ਨੂੰ ਰੀਸਰਚ (ਖੋਜ) ਕੀਤਾ ਕੰਟੈਂਟ ਵੀ ਮੁਹੱਈਆ ਕਰਾਇਆ ਜਾਵੇ। ਸੋਸ਼ਲ ਮੀਡੀਆ 'ਤੇ ਸਰਗਰਮ ਸਾਰੇ ਸਿੱਖ ਇਕ-ਦੂਜੇ ਨਾਲ ਜੁੜਨ ਅਤੇ ਢੁਕਵੀਆਂ ਪੋਸਟਾਂ ਵੱਧ ਤੋਂ ਵੱਧ ਸ਼ੇਅਰ (ਸਾਂਝੀਆਂ) ਕਰਨ। ਪੋਸਟਾਂ ਪੜ੍ਹੀਆਂ ਵੀ ਜਾਣ। ਸਿੱਖ ਇਤਿਹਾਸ 'ਚ ਇੰਨੇ ਨਾਇਕ ਹੀ ਹਨ ਕਿ ਉਨ੍ਹਾਂ ਦੀ ਚਰਚਾ ਲਈ ਸਾਲ ਦੇ ਦਿਨ ਘੱਟ ਹਨ। ਨਿੱਤ ਨਵੀਂ ਜਾਣਕਾਰੀ ਸਾਂਝੀ ਕਰਨ ਦਾ ਕਾਰਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਰੰਭ ਕਰ ਸਕਦੀ ਹੈ।

ਸ਼੍ਰੋਮਣੀ ਕਮੇਟੀ ਨੂੰ ਐਕਸ 'ਤੇ ਆਪਣੇ ਫਾਲੋਅਰ ਵਧਾਉਣ ਦੀ ਲੋੜ ਹੈ, ਜੋ ਅਜੇ ਹਜ਼ਾਰਾਂ 'ਚ ਹੀ ਹਨ। ਇਕ 'ਸੋਸ਼ਲ ਮੀਡੀਆ ਨਿਗਰਾਨੀ ਰੂਮ' ਵੀ ਹੋਣਾ ਚਾਹੀਦਾ ਹੈ, ਜੋ ਪੰਥ ਦਾ ਘਾਣ ਕਰਨ ਵਾਲੇ ਕੰਟੈਂਟ 'ਤੇ ਨਜ਼ਰ ਰੱਖੇ ਅਤੇ ਤੁਰੰਤ ਪ੍ਰਤੀਕਰਮ ਵੀ ਕਰੇ। ਕਈ ਸਿੱਖ ਹੀ ਸੋਸ਼ਲ ਮੀਡੀਆ 'ਤੇ ਕੌਮ ਬਾਰੇ ਨਾਂਹ-ਪੱਖੀ ਪ੍ਰਚਾਰ ਕਰਦੇ ਨਜ਼ਰ ਆਉਂਦੇ ਹਨ। ਉਨ੍ਹਾਂ ਨਾਲ ਅਸਰਦਾਰ ਢੰਗ ਨਾਲ ਪੇਸ਼ ਆਉਣ ਦੀ ਲੋੜ ਹੈ।

## ਦਿਲਜੀਤ-ਪਰਿਣੀਤੀ ਦੀ ਫਿਲਮ 'ਅਮਰ ਸਿੰਘ ਚਮਕੀਲਾ' ਦਾ ਟ੍ਰੇਲਰ ਆਊਟ

### ✪ 12 ਅਪਰੈਲ ਨੂੰ ਹੋਵੇਗੀ ਰਿਲੀਜ਼

ਨਵੀਂ ਦਿੱਲੀ-ਇਮਤਿਆਜ਼ ਅਲੀ ਦੁਆਰਾ ਨਿਰਦੇਸ਼ਿਤ ਫਿਲਮ 'ਅਮਰ ਸਿੰਘ ਚਮਕੀਲਾ' ਵਿਚ ਪਰਿਣੀਤੀ ਚੋਪੜਾ ਅਤੇ ਪੰਜਾਬੀ ਗਾਇਕ-ਅਦਾਕਾਰ ਦਿਲਜੀਤ ਦੋਸਾਂਝ ਮੁੱਖ ਭੂਮਿਕਾਵਾਂ ਵਿਚ ਨਜ਼ਰ ਆਉਣ ਵਾਲੇ ਹਨ। ਹੁਣ ਮੇਕਰਸ ਨੇ ਇਸ ਫਿਲਮ ਦਾ ਟ੍ਰੇਲਰ 28 ਮਾਰਚ ਨੂੰ ਵੀ ਰਿਲੀਜ਼ ਕਰ ਦਿੱਤਾ। 2 ਮਿੰਟ 37 ਸੈਕਿੰਡ ਦੇ ਇਸ ਟ੍ਰੇਲਰ ਵਿੱਚ ਅਸੀਂ ਦੇਖ ਸਕਦੇ ਹਾਂ ਕਿ ਕਿਵੇਂ ਚਮਕੀਲਾ ਫੈਕਟਰੀ ਵਿੱਚ ਜੁਰਾਬਾਂ ਬਣਾਉਂਦੇ ਹਨ ਪਰ ਉਨ੍ਹਾਂ ਦੇ ਦਿਮਾਗ ਵਿੱਚ ਸਿਰਫ਼ ਸੰਗੀਤ ਹੀ ਚੱਲਦਾ ਰਹਿੰਦਾ ਹੈ। ਫਿਰ ਉਹ ਇੱਕ ਸਟੇਜ ਤੋਂ ਆਪਣਾ ਸੰਗੀਤ ਸ਼ੁਰੂ ਕਰਦਾ ਹੈ ਅਤੇ ਇਸ ਦੌਰਾਨ ਉਨ੍ਹਾਂ ਦੀ ਮੁਲਾਕਾਤ ਪਰਿਣੀਤੀ ਨਾਲ ਹੁੰਦੀ ਹੈ। ਇਸ ਤੋਂ ਬਾਅਦ ਦੋਵਾਂ ਨੇ ਇਕੱਠੇ ਕਈ ਗੀਤ ਗਾਏ ਅਤੇ ਇੱਥੋਂ ਹੀ ਉਨ੍ਹਾਂ ਦੀ ਪ੍ਰੇਮ ਕਹਾਣੀ ਵੀ ਸ਼ੁਰੂ ਹੁੰਦੀ ਹੈ। ਅਮਰ ਆਪਣਾ ਚੰਗਾ ਨਾਂ ਬਣਾ ਲੈਂਦਾ ਹੈ ਤੇ ਮਸ਼ਹੂਰ ਹੋਣ ਤੋਂ ਬਾਅਦ ਕੁਝ ਲੋਕ ਉਨ੍ਹਾਂ ਨੂੰ ਪਸੰਦ ਨਹੀਂ ਕਰਦੇ, ਜਿਸ ਕਾਰਨ ਕੁਝ ਲੋਕ ਉਸ ਨੂੰ ਅਤੇ ਉਸ ਦੀ ਪਤਨੀ ਨੂੰ ਮਾਰ ਦਿੰਦੇ ਹਨ। ਤੁਹਾਨੂੰ ਦੱਸ ਦੇਈਏ ਕਿ ਇਸ ਫਿਲਮ ਵਿੱਚ ਕਲਾਕਾਰ ਅਮਰ ਸਿੰਘ ਚਮਕੀਲਾ ਦੀ ਅਸਲ ਜ਼ਿੰਦਗੀ ਦੀ ਕਹਾਣੀ ਦਿਖਾਈ ਗਈ ਹੈ। ਇਮਤਿਆਜ਼ ਅਲੀ ਦੁਆਰਾ ਨਿਰਦੇਸ਼ਤ ਇਹ ਫਿਲਮ 12 ਅਪ੍ਰੈਲ ਨੂੰ ਓਟੀਟੀਪਲੇਟਫਾਰਮ ਨੈਟਫਲਿਕਸ 'ਤੇ ਸਟ੍ਰੀਮ ਹੋਣ ਜਾ ਰਹੀ ਹੈ। ਫਿਲਮ ਦਾ ਨਿਰਮਾਣ ਮੋਹਿਤ ਚੌਧਰੀ, ਸਿਲੈਕਟ ਮੀਡੀਆ ਹੋਲਡਿੰਗਜ਼ ਐਲਐਲਪੀ, ਸਾਰੇਗਾਮਾ ਅਤੇ ਵਿੰਡੋ ਸੀਟ ਫਿਲਮਜ਼ ਦੁਆਰਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇਸ ਫਿਲਮ ਦੇ ਕੁਝ ਗੀਤਾਂ ਨੂੰ ਦਿਲਜੀਤ ਅਤੇ ਪਰਿਣੀਤੀ ਨੇ ਆਪਣੀ ਆਵਾਜ਼ ਦਿੱਤੀ ਹੈ। ਇਸ ਦੇ ਨਾਲ ਹੀ ਇਸ ਫਿਲਮ 'ਚ ਪਹਿਲੀ ਵਾਰ ਕਈ ਥਾਵਾਂ 'ਤੇ ਲਾਈਵ ਰਿਕਾਰਡਿੰਗ ਵੀ ਦੇਖਣ ਨੂੰ ਮਿਲਣ ਵਾਲੀ ਹੈ।



# 'ਨਰੜ' ਨੂੰ 'ਸੁਭਾਗੀ ਜੋੜੀ' ਇਉਂ ਬਣਾਉ !

ਦੀਪ ਵਿਰਕ
95010-21970



ਮੈਂ ਇੱਕ ਆਮ ਜਿਹੀ ਕੁੜੀ, ਮੇਰੇ ਨਾਲ਼ ਦੀਆਂ ਵੀ ਕਈ ਮੇਰੇ ਵਰਗੀਆਂ ਹੀ। ਆਪਣੇ ਮਾਪਿਆਂ ਦੀ ਇੱਜ਼ਤ ਦਾ ਖਿਆਲ ਕਰਨ ਵਾਲ਼ੀਆਂ। ਕਦੇ ਏਧਰ-ਓਧਰ ਨੀ ਦੇਖਿਆ। ਬੱਸ ਜਿਹੜਾ ਵੀ ਸਾਡੇ ਬਾਰੇ ਮਾਪੇ ਸੋਚਣ ਓਵੇਂ ਸਭ ਕੁਝ ਹੋਊ। ਹੋਰਨਾਂ ਕੁੜੀਆਂ ਵਾਂਗ ਕਦੇ ਫ਼ੈਸ਼ਨ ਨਾ ਕੀਤਾ। ਹੁਣ ਤਾਂ ਪੜ੍ਹਨਾ ਹੈ ਬੱਸ....ਸਾਰੇ ਸ਼ੌਂਕ ਫੇਰ ਪੂਰੇ ਕਰਾਂਗੇ। ਪੜ੍ਹਾਈ ਪੂਰੀ ਹੋਈ ਤੇ ਮਾਪਿਆਂ ਨੇ ਵਰ ਲੱਭ ਕੇ ਡੋਲੀ ਤੋਰਨ ਦੀ ਕਾਹਲ਼ ਕੀਤੀ। ਕੋਈ ਨਾਂਹ-ਨੁੱਕਰ ਨਾ ਕਰੀ !

'ਪਤਾ ਨੀ ਕਿਹੋ-ਜਿਹਾ ਹੋਊ..। ਦੇਖਣ ਨੂੰ ਵਧੀਆ ਲਗਦਾ ਹੋਊ ਕਿ..?

ਮੈਂ ਚਿੜੀਆਂ ਜਿਹੀ ਅਣਭੋਲ਼ ..ਕਿਧਰੇ ਕਿਤਾਬਾਂ ਦਾ ਸਾਥ, ਸੋਹਣੇ ਗੀਤਾਂ ਦੀ ਦੀਵਾਨੀ, ਘੁੰਮਣ ਫਿਰਨ ਦੀ ਸ਼ੌਕੀਨ।

'ਪਹਿਲਾਂ ਤਾਂ ਸਾਡੀ ਪੜ੍ਹਾਈ ਨੇ ਮੱਤ ਮਾਰੀ ਰੱਖੀ। ਹੁਣ ਖ਼ੂਬ ਘੁੰਮਾਂ ਗੇ ਅਤੇ ਸ਼ੌਂਕ ਪੂਰੇ ਕਰਨੇ ਆ !'

ਮੈਂ ਆਪਣੀ ਕਵਿਤਾਵਾਂ ਵਾਲ਼ੀ ਡਾਇਰੀ ਵੀ ਸਹੁਰੇ ਘਰ ਆਪਣੇ ਨਾਲ਼ ਲੈ ਆਂਦੀ ਸੀ।

"ਆਹ ਦੇਖਿਓ ਜੀ, ਮੈਂ ਕਵਿਤਾ ਲਿਖੀ..ਪੜ੍ਹਿਓ !"

ਅੱਗਿਉਂ ਸ੍ਰੀਮਾਨ ਦੀ ਕੋਈ ਪ੍ਰਤੀਕਿਰਿਆ ਨੀ..ਇੱਕ ਸਰਸਰੀ ਜੀ ਨਿਗਾਹ ਮਾਰ ਕੇ ਡਾਇਰੀ ਪਾਸੇ ਰੱਖ ਦਿੱਤੀ ਤੇ ਮੇਰੀ ਕਵਿਤਾ ਮੇਰੇ ਅੰਦਰ ਹੀ ਦਫ਼ਨ ਹੋ ਗਈ !

ਹੌਲ਼ੀ ਹੌਲ਼ੀ ਮੈਨੂੰ ਪਤਾ ਲੱਗ ਗਿਆ ਕਿ ਜਨਾਬ ਜੀ ਨੂੰ ਨਾ ਘੁੰਮਣ-ਫਿਰਨ ਦਾ ਸ਼ੌਂਕ,ਨਾ ਬਾਹਰ ਜਾ ਕੇ ਖਾਣ-ਪੀਣ ਦਾ,ਬਸ ਸਾਦ ਮੁਰਾਦੀ ਜ਼ਿੰਦਗੀ । ਫਿਲਮ ਬਾਰੇ ਤਾਂ ਕਦੇ ਕਹੋ ਈ ਨਾ !!

"ਮੈਂ ਤਿੰਨ ਘੰਟੇ ਮੂੰਹ ਚੱਕ ਕੇ ਨੀ ਬੈਠ ਸਕਦਾ !"

ਇਹ ਸੁਣਕੇ ਮੇਰੇ ਤਾਂ ਜਿਵੇਂ ਅਰਮਾਨਾਂ 'ਤੇ ਈ ਪਾਣੀ ਫਿਰ ਗਿਆ ਸਮਝੋ !

"ਤੋਹਫ਼ੇ-ਤੁਹਫ਼ੇ ਕੁਝ ਨੀ ਹੁੰਦੇ। ਚੱਲ ਬਜ਼ਾਰ...ਤੈਨੂੰ ਜਿਹੜੀ ਚੀਜ਼ ਚਾਹੀਦੀ ਆ...ਲੈ ਆ।"

'ਹੇ ਰੱਬ ਜੀ,ਆਹ ਕੀਹਦੇ ਪੱਲੇ ਪੈ ਗਈ ?....ਕੀ ਬਣੂ ਮੇਰਾ ?

....ਜ਼ਿੰਦਗੀ ਸਮਝੌਤਿਆਂ ਦਾ ਨਾਂ ਹੈ...ਕੋਈ ਨਾ !

ਬੀਤਦੇ ਵਕਤ ਨਾਲ਼ ਬਹੁਤ ਕੁਝ ਬਦਲਿਆ। ਜ਼ਿੰਦਗੀ ਦੀਆਂ ਜ਼ਿੰਮੇਵਾਰੀਆਂ 'ਚ ਉਲਝ ਕੇ ਰਹਿ ਗਏ ਅਸੀਂ ਦੋਵੇਂ ਤੇ ਸਮਾਂ ਆਪਣੀ ਚਾਲੇ ਚਲਦਾ ਰਿਹਾ।

ਨਿਆਣੇ ਵੱਡੇ ਹੋ ਗਏ। ਪਰਿਵਾਰ ਦਾ ਸਾਥ ਚੰਗਾ ਚੰਗਾ ਲੱਗਣ ਲੱਗਿਆ। ਲਾਪਰਵਾਹ ਤੇ ਮਸਤ-ਮੌਲਾ ਜਿਹਾ ਪਤੀ ਐਨਾ ਜ਼ਿੰਮੇਵਾਰ ਬਾਪ ਵੀ ਹੋ ਸਕਦਾ ਐ ? ਕਦੇ ਸੋਚਿਆ ਈ ਨਹੀਂ ਸੀ। ਵਕਤ ਨਾਲ਼ ਹੁਣ ਉਹਦੀਆਂ ਖ਼ੂਬੀਆਂ ਸਾਹਮਣੇ ਆਉਂਦੀਆਂ ਗਈਆਂ। ਨਾਰੀਅਲ ਦੀ ਨਿਆਈਂ ਬਾਹਰੋਂ ਪੱਥਰ ਵਰਗਾ ਪਰ ਅੰਦਰੋਂ ਮੋਮ ਜਿਹਾ, ਹਰੇਕ ਰਾਹ ਤੇ ਮੇਰੇ ਕਦਮ ਨਾਲ਼ ਕਦਮ ਮਿਲ਼ਾ ਕੇ ਚੱਲਣ ਲੱਗਾ ! ਗੁੱਸਾ,ਮਾੜੇ ਬੋਲ, ਤਾਹਨੇ-ਮਿਹਣੇ ਤਾਂ ਉਸਦੇ ਸੁਭਾਅ ਤੋਂ ਕੋਹਾਂ ਦੂਰ ਹੀ ਰਹੇ।

ਹਾਂ ਬੱਸ, ਕਦੇ-ਕਦੇ ਖਾਣ ਵਾਲ਼ੀ ਚੀਜ਼ ਲਈ ਬੱਚਿਆਂ ਵਾਂਗ ਲੜਦਾ ਜ਼ਰੂਰ। ਮੈਨੂੰ ਹਾਸਾ ਆਉਂਦਾ...ਜਿੱਥੇ ਦੋ ਜੁਆਕ ਸੰਭਾਲ਼ਦੀ ਹਾਂ, ਨਾਲ਼ ਆਹ ਤੀਜਾ ਵੀ ਸਹੀ ਮਨਾਂ !

ਥੋੜ੍ਹਾ ਮੈਂ ਵੀ ਖੁਦ ਨੂੰ ਬਦਲਣਾ ਜਾਰੀ ਰੱਖਿਆ !

ਕੋਈ ਗੱਲ ਨਹੀਂ..ਜੇ ਬਾਹਰ ਨਹੀਂ ਖਾਣਾ ਖਾਣ ਜਾਣਾਵਤਾਂ ਆਪਾਂ ਘਰੇ ਬਣਾਵਾਂਗੇ ਇੰਜ ਮੈਨੂੰ ਵਧੀਆ ਵਧੀਆ ਚੀਜ਼ਾਂ ਘਰੇ ਬਣਾਉਣ ਦਾ ਸ਼ੌਂਕ ਪੈ ਗਿਆ। ਨਾਲ਼ੇ ਸਿਹਤ ਨਾਲ਼ੇ ਸਵਾਦ। ਫਿਲਮ ਵੀ ਘਰੇ ਈ ਦੇਖ ਲਿਆ ਕਰਨੀ।

ਪਰਿਵਾਰ 'ਚ ਬੈਠ ਕੇ ਬਣਾਉਣਾ ਤੇ ਖਾਣਾ-ਪੀਣਾ ਹੋਰ ਵੀ ਵਧੀਆ ਲੱਗਿਆ।

ਬਹੁਤ ਪਹਿਲਾਂ ਕਿਤੇ ਪੜ੍ਹੀਆਂ ਸਤਰਾਂ ਸੱਚ ਹੁੰਦੀਆਂ ਦਿਖਾਈ ਦਿੱਤੀਆਂ,

'ਥੋੜ੍ਹਾ ਅਸੀਂ ਚੱਲੀਏ, ਥੋੜ੍ਹਾ ਤੁਸੀਂ ਵੀ ਚੱਲੋ...
ਫਿਰ ਦੂਰੀਆਂ ਹੋ ਜਾਣ ਨਜ਼ਦੀਕੀਆਂ !'

ਫੇਰ ਮੈਨੂੰ ਮਰ-ਮੁੱਕ ਚੁੱਕੇ ਸ਼ੌਂਕ ਵੀ ਯਾਦ ਆਉਣ ਲੱਗ ਪਏ !

ਸੋਚਿਆ ਕਿ ਜੇ ਨਾਲ਼ਦੇ ਨੂੰ ਸ਼ੌਂਕ ਨਹੀਂ ਹੈ ਤਦ ਕੀ ਹੋਇਆ। ਤੈਨੂੰ ਤਾਂ ਨਹੀਂ ਰੋਕਿਆ ਕਦੇ ਉਨ੍ਹਾਂ ? ਮੈਂ ਫੇਰ ਤੋਂ ਜਿਊਣ ਲੱਗੀ, ਆਪਣੀਆਂ ਕਿਤਾਬਾਂ, ਕਹਾਣੀਆਂ ਸੰਗ। ਹੌਲ਼ੀ-ਹੌਲ਼ੀ ਦੇਖਿਆ..ਉਹ ਵੀ ਬਦਲ ਰਿਹਾ ਸੀ। ਹੁਣ ਅਸੀਂ ਅਕਸਰ ਹੀ ਸੈਰ ਵੇਲੇ ਘੁੰਮਦੇ-ਘੁੰਮਦੇ ਕਿਤੇ ਦੂਰ ਨਿਕਲ਼ ਜਾਂਦੇ। ਉਸਨੇ ਵੀ ਪਹਾੜਾਂ -ਵਾਦੀਆਂ ਨਾਲ਼ ਥੋੜ੍ਹੀ ਜਿਹੀ ਦੋਸਤੀ ਤਾਂ ਕਰ ਹੀ ਲਈ। ਹੁਣ ਕਦੇ-ਕਦੇ ਕਹਿ ਦਿੰਦਾ, "ਚੱਲ ਆ...ਅੱਜ ਬਾਹਰ ਹੀ ਖਾ ਕੇ ਆਈਏ।"'

ਕਦੇ ਕਦਾਈਂ ਮੇਰੀ ਕਵਿਤਾ ਵੀ ਪੜ੍ਹਨ ਲੱਗ ਪਏ !

ਕਿਤਾਬਾਂ ਤੋਂ ਹਾਲੇ ਥੋੜਾ ਦੂਰ ਆ ਪਰ ਕੀ ਪਤਾ...?

ਆਖਰੀ ਗੱਲ...ਭੈਣੋ ਮੇਰੀਓ ਸਾਰੀਆਂ ਹੀ ਜੋੜੀਆਂ 'ਨਰੜ' ਨਹੀਂ ਹੁੰਦੇ,ਕਈ ਵਾਰ ਆਪਸੀ ਸਮਝ ਨਾਲ਼ 'ਜੱਗ ਥੋੜ੍ਹੀਆਂ' ਵੀ ਬਣ ਸਕਦੇ ਨੇ !! ਬਸ ਸਹਿਜ ਪੱਕੇ ਸੋ ਮੀਠਾ ਹੋਇ 'ਤੇ ਅਮਲ ਕਰਨ ਲੱਗ ਪਈਏ !!

*********

## ਕਹਾਣੀ

ਡਾ ਅਮਰੀਕ ਸਿੰਘ ਕੰਡਾ



# ਤਿੰਨ ਡਾਇਨਾਂ



ਇੱਕ ਸਿਆਸਤ ਨਾਂ ਦੀ ਡਾਇਨ ਹੈ ਜਿਸਨੂੰ ਕਈ ਰਾਜਨੀਤਿਕ ਡਾਇਨ ਵੀ ਕਹਿ ਦਿੰਦੇ ਨੇ। ਇੱਕ ਜਨਤਾ ਹੈ ਜਿਸਨੂੰ ਭੀੜ ਵੀ ਕਹਿ ਦਿੰਦੇ ਨੇ। ਪਹਿਲਾਂ ਪਹਿਲਾਂ ਸਿਆਸਤ ਡਾਇਨ ਇੱਕਲੀ ਹੀ ਸੀ। ਸਿਆਸਤ ਚ ਕੁੱਝ ਕੁ ਨਵੀਆਂ ਡਾਇਨਾ ਆ ਗਈਆਂ ਸਨ। ਜਨਤਾ ਵੀ ਬਹੁਤ ਭੋਲੀ ਸੀ। ਜਨਤਾ ਹਰ ਵਾਰ ਸਿਆਸਤ ਦੀਆਂ ਗੱਲਾਂ ਵਿਚ ਆ ਜਾਂਦੀ ਪਰ ਕਹਿੰਦੇ ਜਨਤਾ ਕਹਿਣ ਨੂੰ ਹੌਲੀ ਹੌਲੀ ਸਿਆਣੀ ਹੋ ਗਈ। ਜਨਸੰਖਿਆ ਬਹੁਤ ਵਧ ਗਈ। ਜਨਤਾ ਬਹੁਤ ਵਧ ਗਈ। ਸਿਆਸਤ ਚ ਹੋਰ ਸਿਆਸੀ ਆ ਗਏ। ਪਰ ਸਿਆਸਤ ਚਲਾਕ ਸੀ। ਗਠਜੋੜ ਹੋ ਜਾਂਦੇ। ਹੱਥ ਮਿਲ ਜਾਂਦੇ। ਹਾਥੀ ਹਾਰ ਜਾਂਦੇ ਚੂਹੇ ਜਿੱਤ ਜਾਂਦੇ। ਜਨਤਾ ਚ ਅਚਾਨਕ ਕੁਛ ਬੋਲਣ ਵਾਲਿਆਂ ਤੇ ਸਿਆਸੀ ਡਾਇਨ ਦਾ ਮੁਕਾਬਲਾ ਕਰਨ ਲਈ ਇੱਕ ਦੁੱਕਾ ਬੰਦੇ ਆਉਂਦੇ ਉਹ ਜਾਂ ਤਾਂ ਸਿਆਸਤ ਚ ਮਿਲ ਜਾਂਦੇ ਜਾਂ ਸਰਮਾਇਆ ਨਾ ਹੋਣ ਕਾਰਨ ਖਤਮ ਹੋ ਜਾਂਦੇ। ਹੁਣ ਜਦ ਜਦ ਵੀ ਕੋਈ ਸਿਆਸੀ ਡਾਇਨ ਖਿਲਾਫ਼ ਬੋਲਦਾ ਤਾਂ ਸਿਆਸੀ ਡਾਇਨ ਉਸ ਨੂੰ ਕੋਈ ਅੁਹਦਾ ਦੇ ਕੇ ਉਸਦੀ ਜ਼ਮੀਰ ਨੂੰ ਮਾਰ ਦਿੰਦੀ। ਪਰ ਕੁੱਛ ਕੁ ਜਨਤਾ ਦੇ ਬੰਦੇ ਸਿਆਸੀ ਡਾਇਨ ਤੋਂ ਬਚ ਗਏ ਸਨ ਉਹਨਾਂ ਨੂੰ ਇਲੈਕਟਰੋਨਿਕ ਮੀਡੀਆ ਕਿਹਾ ਜਾਂਦਾ ਸੀ। ਪਰ ਸਿਆਸੀ ਡਾਇਨ ਨੇ ਸਿਆਸਤ ਤੇ ਸਿਆਸਤ ਖੇਡੀ। ਇਕ ਦਿਨ ਸਿਆਸੀ ਡਾਇਨ ਨੇ ਮੀਡੀਆ ਨੂੰ ਆਪਣੀ ਰਖੇਲ ਬਣਾ ਲਿਆ ਤਾਂ ਹੁਣ ਸਿਆਸੀ ਤੇ ਮੀਡੀਆ ਡਾਇਨ ਇੱਕਠੇ ਰਹਿਣ ਲੱਗੇ ਉਹਨਾਂ ਨੇ ਕਈ ਸਾਲ ਕੱਢ। ਇਸ ਦੌਰਾਨ ਜਨਤਾ ਚ ਕਈ ਸੱਚ ਪੁੱਤਰ ਪੈਦਾ ਹੋ ਗਏ। ਪਰ ਸਿਆਸੀ ਡਾਇਨ ਨੇ ਆਪਣੇ ਕੜਛੀਆਂ ਚਮਚਿਆਂ ਦੇ ਨਾਂ ਤੇ ਚੈਨਲ ਖੋਲ ਦਿੱਤੇ ਤੇ ਉਹਨਾਂ ਚੈਨਲਾਂ ਵਾਲੀਆਂ ਭੂਤਾਂ ਪ੍ਰੇਤਾਂ ਕੇਵਲ ਸਿਆਸੀ ਡਾਇਨ ਦੇ ਸ਼ਪਸ਼ਟੀਕਰਨ ਹੀ ਦਿੰਦੀਆਂ। ਹੁਣ ਸਿਆਸੀ ਡਾਇਨਾ ਦੇ ਹਰ ਰੋਜ਼ ਦਾ ਖਰਚਾ ਬਹੁਤ ਹੋਣ ਕਾਰਨ ਸਿਆਸੀ ਡਾਇਨ ਤੇ ਮੀਡੀਆ ਡਾਇਨ ਦੀ ਅਰਥ ਵਿਵਅਸਥਾ ਵਿਗੜ ਗਈ ਹੁਣ ਸਿਆਸਤ ਤੇ ਮੀਡੀਆ ਦੋਨਾਂ ਨੂੰ ਮਾਇਆ ਦੀ ਜਰੂਰਤ ਸੀ। ਨਸ਼ੇ ਦਾ ਕਾਰੋਬਾਰ ਵੀ ਸਿਆਸੀ ਡਾਇਨ ਤੇ ਪੁਲਿਸ ਪ੍ਰਸ਼ਾਸ਼ਨ ਨੂੰ ਕਰੋੜਾਂ ਰੁਪਇਆ ਬਨਣ ਲੱਗਾ। ਪਰ ਇਸਦਾ ਅਰਥਵਿਵਅਸਥਾ ਨਾਲ ਕੋਈ ਲੈਣ ਦੇਣ ਨਹੀਂ ਸੀ। ਸਿਆਸੀ ਡਾਇਨ ਨੇ ਆਮ ਜਨਤਾ ਦਾ ਖੁਨ ਚੂਸਣਾ ਸ਼ੁਰੂ ਕਰ ਦਿੱਤਾ ਏਥੇ ਹੀ ਨਹੀਂ ਉਸ ਨੇ ਮੀਡੀਆ ਡਾਇਨ ਨਾਲ ਮਿਲ ਕੇ ਵੱਡੀਆਂ ਵੱਡੀਆਂ ਵਿਦੇਸ਼ੀ ਡਾਇਨਾ ਨਾਲ ਹੱਥ ਮਿਲਾਇਆ ਕਾਰਨ ਕਿਉਂਕਿ ਅਰਥ ਵਿਵਅਸਥਾ ਡਗਮਗਾ ਰਹੀ ਸੀ। ਵੱਡੇ ਵੱਡੇ ਫਿਲਮੀ ਹੀਰੋ ਸੁਪਰ ਸਟਾਰ ਸਿਆਸੀ ਡਾਇਨ ਦੀ ਭੇਟ ਚੜੇ। ਸਿਆਸੀ ਡਾਇਨ ਦਾ ਢਿੱਡ ਬਹੁਤ ਵੱਡਾ ਹੋਣ ਕਾਰਨ ਲੋਕਾਂ ਤੇ ਟੈਕਸ਼ਾਂ ਦਾ ਬੋਝ ਪਾਇਆ। ਪਰ ਮੀਡੀਆ ਡਾਇਨ ਵਿਕਾਊ ਸੀ। ਜਦੋਂ ਵੀ ਮੀਡੀਆ ਡਾਇਨ ਬੋਲਦੀ ਤਾਂ ਸਿਆਸੀ ਡਾਇਨ ਦੇ ਹੱਕ ਚ ਹੀ ਬੋਲਦੀ। ਟੈਕਸ਼ਾਂ ਦਾ ਬੋਝ, ਬਿਜ਼ਲੀ, ਪਾਣੀ, ਸੀਵਰੇਜ, ਪੈਟਰੋਲ, ਡੀਜ਼ਲ, ਸੜਕਾਂ, ਨਵੇਂ ਨਵੇਂ ਟੈਕਸਾਂ ਦਾ ਬੋਝ ਪਾਅ ਕੇ ਵੀ ਅਰਥਵਿਵਅਸਥਾ ਡਗਮਗਾ ਰਹੀ ਸੀ। ਸਿਆਸੀ ਡਾਇਨ ਨੇ ਆਪਣੀ ਚਲਾਕੀ ਨੂੰ ਫੇਰ ਵਰਤਿਆ ਤੇ ਉਹ ਆਪਣੀ ਰਖੇਲ ਮੀਡੀਆ ਡਾਇਨ ਨੂੰ ਨਾਲ ਲੈ ਕੇ ਕਾਰਪੋਰੇਟ ਨਾਂ ਦੀ ਡਾਇਨ ਕੋਲ ਚਲੀ ਗਈ। ਤਿੰਨੇ ਡਾਇਨਾ ਇੱਕ ਹੋ ਗਈਆਂ। ਸਾਰਾ ਲੈਣ ਦੇਣ ਤਹਿ ਹੋ ਗਿਆ। ਤਿੰਨਾਂ ਡਾਇਨਾਂ ਨੇ ਬੈਠ ਕੇ ਇਹ ਵਿਚਾਰ ਵਟਾਂਦਰਾ ਕੀਤਾ ਕਿ ਜਨਤਾ ਨੂੰ ਕਿਵੇਂ ਹੋਲੀ ਹੋਲੀ ਖਾਧਾ ਜਾਵੇ। ਸਿਆਸੀ ਡਾਇਨ ਨੇ ਸਾਰੇ ਖਣਿਜ਼ ਪਦਾਰਥ ਕਾਰਪੋਰੇਟ ਨੂੰ ਵੇਚ ਦਿੱਤੇ ਨੇ। ਸਿਆਸੀ ਡਾਇਨ ਗਰੀਬਾਂ ਦੀਆਂ ਕਲੌਨੀਆਂ ਤੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਕਾਰਪੋਰੇਟ ਡਾਇਨ ਨੂੰ ਖਾਣ ਲਈ ਕਹਿੰਦੀ ਹੈ ਤੇ ਕਾਰਪੋਰੇਟ ਡਾਇਨ ਵੱਡੇ ਵੱਡੇ ਮਾੱਲ,ਸ਼ਾਪਿੰਗ ਕੰਪਲੈਕਸ ਬਣਾ ਕੇ ਜਨਤਾ ਦੀਆਂ ਜੇਬਾਂ ਕੱਟਦੇ ਨੇ। ਤੇ ਸਿਆਸੀ ਡਾਇਨ ਮੀਡੀਆ ਡਾਇਨ ਨੂੰ ਟੀ.ਵੀ. ਤੇ ਜਨਤਾ ਪੱਖੀ ਬੋਲਣ ਲਈ ਕਹਿੰਦੀ ਹੁਣ ਅਰਥਵਿਅਸਥਾ ਵੀ ਕਾਗਜ਼ਾਂ ਚ ਠੀਕ ਹੋ ਗਈ ਹੈ। ਤਿੰਨੇ ਡਾਇਨਾ ਆਪਣੀ ਵਧੀਆ ਜਿੰਦਗੀ ਕੱਟ ਰਹੀਆਂ ਨੇ।

ਪੰਜਾਬ ਵਿੱਚ ਹੁਣ ਦੀ ਮੌਜੂਦਾ ਸਰਕਾਰ ਤੇ ਇਸ ਤੋਂ ਪਹਿਲੀ ਸਰਕਾਰ ਨੇ ਪੰਜਾਬ ਦੇ ਬੱਜਟ ਦਾ ਵੱਡਾ ਹਿੱਸਾ ਆਪਣੀ ਮਸ਼ਹੂਰੀ ਕਰਨ ਲਈ ਖਰਚਿਆ ਹੈ। ਜਿਵੇਂ ਕਿ ਸੜਕਾਂ ਉਤੇ ਥਾਂ-ਥਾਂ ਤੇ ਆਪਣੀ ਪਾਰਟੀ ਦੀ ਮਸ਼ਹੂਰੀ ਕਰਨ ਲਈ ਬੋਰਡ ਲਾ ਕੇ ਲੋਕਾਂ ਦੇ ਟੈਕਸਾਂ ਦੀ ਦੁਰਵਰਤੋਂ ਕੀਤੀ ਹੈ। ਲੋਕਾਂ ਦੇ ਟੈਕਸ ਦੇ ਪੈਸੇ ਬਰਬਾਦ ਕਰਨ ਵਾਲੇ ਸਿਆਸੀ ਲੋਕਾਂ ਨੂੰ ਵੋਟਾਂ ਨਾ ਪਾਓ।

## ਅੰਬਰਸਰੀ ਤਿੰਨ ਕਲਾਕਾਰ, ਅਭਿਨੈ ਵਿੱਚ ਜੈ ਜੈ ਕਾਰ - ਸੀਮਾ ਸ਼ਰਮਾ, ਮਨੂ ਸਿੰਘ ਤੇ ਸੁਰਿੰਦਰ ਫਰਿਸ਼ਤਾ

ਗੁਰੂ ਦੀ ਨਗਰੀ ਅੰਮ੍ਰਿਤਸਰ ਸਾਹਿਬ ਨਾਲ ਸੰਬੰਧਿਤ ਤਿੰਨ ਕਲਾਕਾਰ ਅੱਜ ਸਾਡੀ ਨਜ਼ਰ ਹਨ। ਇਹਨਾਂ ਵਿੱਚ ਸੀਮਾ ਸ਼ਰਮਾ ਹੈ ਜਿਹੜੀ ਇਸ ਵਕਤ ਜੀ ਪੰਜਾਬੀ ਤੇ ਆ ਰਹੇ ਲੜੀਵਾਰ "ਗੱਲ ਮਿੱਠੀ ਮਿੱਠੀ" ਵਿੱਚ ਆ ਰਹੀ ਹੈ। ਜੀ ਪੰਜਾਬੀ ਵਾਲੇ ਖੁਸ਼ ਹਨ ਕਿ ਬਾਲੀਵੁੱਡ ਅਭਿਨੇਤਰੀ ਓਹਨਾਂ ਦੇ ਲੜੀਵਾਰ ਦਾ ਹਿੱਸਾ ਹੈ। ਗੁੱਗੂ ਗਿੱਲ ਤੇ ਠਾਕਰ ਤਪਸਵੀ ਨਾਲ ਫ਼ਿਲਮਜ਼ ਦੀ ਨਾਇਕਾ ਰਹੀ ਸੀਮਾ ਨੇ ਬਹੁਤ ਸਾਰੇ ਵੀਡਿਓ ਵੀ ਕੀਤੇ ਹਨ। ਅੱਜ ਵੀ ਓਸ ਦੀ ਫਿੱਟਨੈੱਸ ਤੇ ਗਲੈਮਰ ਬਰਕਰਾਰ ਹੈ। ਅੰਬਰਸਰੀ ਕੁੜੀ ਸੀਮਾ ਆਖਦੀ ਏ ਪਾਪੜ ਵੜੀਆਂ ਮੇਰੇ ਸ਼ਹਿਰ ਦੀਆਂ। ਸੀਮਾ ਦੇ ਭਵਿੱਖ ਲਈ ਸ਼ੁਭ ਕਾਮਨਾਵਾਂ। ਦੂਸਰੀ ਅੰਮ੍ਰਿਤਸਰੀ ਮੁਟਿਆਰ ਏ ਮਨੁ ਸਿੰਘ ਜਿਸ ਸਟੇਜ ਕੀਤੀ ਤੇ ਮੁੰਬਈ ਜਾ ਕਿ ਅਮਿਤਾਭ ਬੱਚਨ ਨਾਲ ਫਿਲਮ ਵੀ ਕੀਤੀ "ਮਿਮੀ" ਤੇ ਪੰਜਾਬੀ ਫ਼ਿਲਮਾਂ ਵਿੱਚ "ਆਸਰਾ" "ਵਾਰਿਸ" ਤੇ ਹੁਣ "ਰੋਜ਼ ਰੋਜ਼ੀ ਤੇ ਗੁਲਾਬ" ਕਰਨ ਵਾਲੀ ਸਾਫ ਦਿਲ ਮਨੁ ਸਿੰਘ ਦੀ ਸਰੀਰਕ ਸਥਿਤੀ ਵੀ ਕਮਾਲ ਹੈ ,ਧਰਮ ਕਰਮ ਵਾਲੇ ਵਿਚਾਰ, ਅਭਿਨੈ ਨਾਲ ਪਿਆਰ ਤੇ ਮਨੁ ਸਿੰਘ ਅੱਜ ਤੇਜ਼ੀ ਨਾਲ ਪਾਲੀਵੁੱਡ ਫ਼ਿਲਮਾਂ ਵਿੱਚ ਛਾ ਰਹੀ ਹੈ। ਗੁਰੂ ਮਹਾਰਾਜ ਦੀ ਕਿਰਪਾ ਵਾਲੇ ਸ਼ਹਿਰ ਦੀ ਕੁੜੀ ਮਨੁ ਸਿੰਘ ਅੰਮ੍ਰਿਤਸਰ ਦਾ ਮਾਣ ਵਧਾਉਣ ਵਿੱਚ ਸਹਾਈ ਹੋਏ। ਤੇ ਹੁਣ ਗੁਰੂ ਨਗਰੀ ਵਿੱਚ ਜਨਮੇ ਘੁੱਲੇ ਸ਼ਾਹ ਉਰਫ ਸੁਰਿੰਦਰ ਫਰਿਸ਼ਤਾ ਦੀ ਗੱਲ। ਸੁਰਿੰਦਰ ਫਰਿਸ਼ਤਾ ਕਿਸੇ ਜਾਣ ਪਹਿਚਾਣ ਦੇ ਮੋਹਤਾਜ਼ ਨਹੀਂ ਹਨ। ਟੀਵੀ ਦੇ ਕਿੰਗ ਸੁਰਿੰਦਰ ਫਰਿਸ਼ਤਾ ਹਰ ਛੋਟੇ ਮੇਲੇ ਤੋਂ ਵੱਡੇ ਫਿਲਮੀ ਸ਼ੋ ਦਾ ਹਿੱਸਾ ਬਣਦੇ ਹਨ। ਅੱਜ ਵੀ ਜਵਾਨ ਲੱਗਣਾ ਇਹਨਾਂ ਦੀ ਫਿੱਟਨੈੱਸ ਹੈ ਤੇ ਸੁਰਿੰਦਰ ਫਰਿਸ਼ਤਾ ਇਸ ਸਮੇਂ ਰਾਜਨੀਤੀ ਵਿੱਚ ਆਮ ਆਦਮੀ ਪਾਰਟੀ ਵਿੱਚ ਹਨ। ਅੰਮ੍ਰਿਤਸਰ ਦੇ ਇਹ ਤਿੰਨ ਕਲਾਕਾਰ ਜੈ ਜੈ ਕਾਰ ...ਸ਼ੁੱਭ ਕਾਮਨਾਵਾਂ।



-ਅੰਮ੍ਰਿਤ ਪਵਾਰ

## ਹੋਣਹਾਰ ਬੇਟੀ ਕਰ ਰਹੀ ਏ ਸਕੂਲ, ਫ਼ਿਲਮਾਂ ਵਿੱਚ ਅਭਿਨੈ ਕਰ ਮਾਪਿਆਂ ਦਾ ਨਾਮ ਰੌਸ਼ਨ - ਗੌਰਵੀ ਬਖਸ਼ੀ


ਜਦ ਇੱਕ ਬੱਚਾ ਤੁਸਾਂ ਨੂੰ ਪ੍ਰਭਾਵਿਤ ਕਰ ਦੇਵੇ ਓਸ ਉਮਰ ਜਿਸ ਉਮਰ ਅਜੇ ਦੁੱਧ ਪੀ ਮਾਂ ਦਾ ਹੱਟਿਆ ਹੋਏ ਤੇ ਫਿਰ ਏ ਬੀ ਸੀ ਉੜਾ ਆੜਾ ਸਿੱਖ ਰਿਹਾ ਹੋਏ ਤਾਂ ਕਹੋਗੇ ਕਿ ਧੰਨ ਤੇਰੇ ਮਾਪੇ ਤੇ ਤੂੰ ਬਿਟੀਆ ਰਾਣੀ ਇੱਕ ਦਿਨ ਬਣੇਗੀ ਸਾਇਨਾ ਨੇਹਵਾਲ, ਸਾਨੀਆ ਮਿਰਜ਼ਾ ਜਾਂ ਫਿਰ ਪ੍ਰਿਯੰਕਾ ਚੋਪੜਾ, ਐਸ਼ਵਰਿਆ ਰਾਏ ਤੇ ਗੌਰਵੀ ਬਖ਼ਸ਼ੀਂ ਵੀ ਇੰਜ ਹੀ ਕਰੇਗੀ। ਸ਼ੋਸ਼ਲ ਮੀਡੀਆ ਤੇ ਚਰਚਾ ਓਸ ਗੋਰਵਿ ਦੀ ਹੁੰਦੀ ਏ ਜਿਹੜੀ ਨਿੱਤ ਸਕੂਲ ਤੋਂ ਕਲਾ, ਸੱਭਿਆਚਾਰ ਤੇ ਹੋਰ ਮੁਕਾਬਲਿਆਂ ਚਾਹੇ ਓਹ ਰੱਖੜੀ ਬਣਾਉਣ ਦੇ ਹੋਣ ਇਨਾਮ ਜਿੱਤ ਆਉਂਦੀ ਹੈ। ਮਾਪਿਆਂ ਦੇ ਕਲੇਜੇ ਠੰਡ ਪੈਣ ਵਾਲੀ ਗੱਲ ਕਰਨ ਵਾਲੀ ਇਹ ਕਲਾਤਮਕ ਤੇ ਅਭਿਨੇਤਰੀ ਬੇਟੀ ਸੀਰੀਅਲ "ਉਡਾਰੀਆਂ" ਵਿੱਚ ਕੰਮ ਕਰ ਚੁੱਕੀ ਹੈ। ਓਸ ਪਿਤਾ ਨੂੰ ਨਮਨ ਜਿਸ ਇਸ ਹੋਣਹਾਰ ਧੀ ਨੂੰ ਪਾਲਣਾ ਜ਼ਾਰੀ ਲਾਡ ਨਾਲ ਰੱਖਿਆ ਹੈ। ਪੰਜਾਬੀ ਫ਼ਿਲਮਾਂ ਦੇ ਮੰਚ ਤੇ ਲਾਈਵ ਹੁੰਦੀ ਇਹ ਬੱਚੀ ਮਲਕੀਤ ਰੌਣੀ ਜਿਹੇ ਸਟਾਰ ਐਕਟਰ ਹੱਥੋਂ ਸਨਮਾਨਿਤ ਹੁੰਦੀ ਹੈ ਤਦ ਓਸ ਮਾਂ ਦੀ ਕੁੱਖ ਅਸੀਸਾਂ ਦਿੰਦੀ ਹੈ ਕਿ ਤੂੰ ਇੱਕ ਅਲੋਕਾਰ ਧੀ ਜੰਮੀ ਹੈ ਇਸ ਨੂੰ ਪੜ੍ਹਾਈ ਲਿਖਾਈ ਤੇ ਇਸ ਦੇ ਅਭਿਨੈ ਸ਼ੌਕ ਪੂਰੇ ਕਰਨ ਵਿੱਚ ਸਾਥ ਦੇਵੀਂ। ਗੌਰਵੀ ਬਖਸ਼ੀ ਬਾਲ ਕਲਾਕਾਰ ਬਣ ਜਿਵੇਂ ਪ੍ਰਾਪਤੀਆਂ ਪ੍ਰਾਪਤ ਕਰ ਰਹੀ ਹੈ ਓਹ ਸ਼ਲਾਘਾ ਯੋਗ ਹਨ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਬੱਚੀ ਨੂੰ ਵੱਧ ਤੋਂ ਵੱਧ ਸਹਿਯੋਗ ਦੇਵੇ ਤਾਂ ਹੀ ਬੇਟੀ ਪੜ੍ਹਾਓ,ਬੇਟੀ ਬਚਾਓ ਦਾ ਨਾਅਰਾ ਅਸਲੀਅਤ ਹੈ। ਦੇਖਣਾ ਇੱਕ ਦਿਨ ਸਿਨੇਮਾ ਜਗਤ ਵਿੱਚ ਰਾਣੀ ਬੇਟੀ ਗੌਰਵ ਬਖਸ਼ੀ ਰਾਜ ਕਰੇਗੀ। ਟੀਵੀ ਚੈਨਲਾਂ ਤੇ ਪੰਜਾਬੀ ਫ਼ਿਲਮਾਂ ਵਾਲੇ ਵੀ ਇਸ ਬੱਚੇ ਦੀ ਪ੍ਰਤਿਭਾ ਨੂੰ ਸਹੀ ਥਾਂ ਵਰਤਣ ਤੇ ਗੌਰਵ ਨਾਲ ਗ਼ੌਰਵੀ ਬਖਸ਼ੀ ਦੇ ਮਾਂ ਬਾਪ ਇਸ ਕਲੀ ਨੂੰ ਹੋਰ ਮਹਿਕ ਦੇਣ ਲਈ ਸੋਹਣਾ ਵਾਤਾਵਰਨ ,ਖ਼ੁਰਾਕ ਪੜ੍ਹਾਈ ਲਿਖਾਈ ਦਾ ਤੋਹਫ਼ਾ ਦਿੰਦੇ ਰਹਿਣ ਕਿਉ ਕਿ ਹੋਰ ਚਾਰ ਸਾਲ ਫਿਰ ਗੌਰਵੀ ਆਪਣੇ ਪੈਰਾਂ ਤੇ ਆਪ ਖੜ੍ਹਾ ਹੋਣਾ ਸਿੱਖ ਜਾਏਗੀ।



-ਅੰਮ੍ਰਿਤ ਪਵਾਰ

## ਪਾਕਸਤਾਨੀ ਲੋਕਪ੍ਰਿਅ ਗਾਇਕਾ ਨਸੀਬੋ ਦਾ ਗਾਣਾ ਆ ਰਹੀ ਫਿਲਮ "ਤਬਾਹੀ ਰਿਲੋਡਡ" ਲਈ ਹੋਇਆ ਵਾਇਰਲ

ਇੱਕ ਹੋਰ ਅੱਤ ਦਾ ਰੋਮਾਂਟਿਕ ਗਾਣਾ "ਡੁੱਬ ਜਾਣਿਆ ਬੁਰਾ ਹੁੰਦਾ ਇਸ਼ਕ ਬੁਢਾਪੇ ਦਾ" ਅੱਜ ਕਲ ਵਾਇਰਲ ਏ ਤੇ ਇਸ ਦੀਆਂ ਰੀਲ ਬਣ ਰਹੀਆਂ ਹਨ ਤੇ ਇਸ ਪਾਰਟੀ ਗਾਣੇ ਪ੍ਰਤੀ ਕਾਫੀ ਲਗਾਓ ਦੇਖਣ ਨੂੰ ਮਿਲ ਰਿਹਾ ਹੈ। ਇਹ ਗੀਤ ਦਰਅਸਲ 5 ਅਪ੍ਰੈਲ ਨੂੰ ਆ ਰਹੀ ਫਿਲਮ "ਤਬਾਹੀ" ਵਿੱਚ ਹੈ ਤੇ ਇਹ ਨਵੀਂ "ਰਿਲੋਡ" ਤਬਾਹੀ ਰੇਲੋਡਡ" ਦਾ ਇਹ ਗੀਤ ਪਾਕਸਤਾਨੀ ਫਿਲਮਾਂ ਦੀ ਸੁਪਰ ਗਾਇਕਾ ਨਸੀਬੋ ਦੀ ਆਵਾਜ਼ ਵਿੱਚ ਹੈ। ਉਚੇਚੇ ਤੌਰ ਤੇ ਟਾਂਡਾ ਫ਼ਿਲਮਜ਼ ਨੇ ਓਹ ਗਾਣਾ ਅਲਤਾਫ ਬਾਜਵਾ ਤੋਂ ਲਿਖਵਾ ਕਿ ਨਸੀਬੋ ਦੀ ਆਵਾਜ਼ ਵਿੱਚ ਪਾਇਆ ਹੈ ਤੇ ਸੰਗੀਤ ਗੌਹਰ ਅਲੀ ਬੱਬੂ ਦਾ ਹੈ। ਫ਼ਿਲਮ ਵਿੱਚ ਸੀ ਐਮ ਸਾਬ ਦੀ ਪਾਰਟੀ ਵਿੱਚ ਮੌਜੂਦ ਨੇਤਾ ਤੇ ਹੋਰ ਇਸ ਗਾਣੇ ਤੇ ਖੂਬ ਨਜ਼ਾਰੇ ਲੈਂਦੇ ਦਿਖਾਏ ਗਏ ਹਨ। ਨਸੀਬੋ ਦੇ ਇਸ ਗਾਣੇ ਵਾਲੀ ਇਹ "ਤਬਾਹੀ ਰੀਲੋਡ" ਵਿੱਚ ਪੰਜਾਬ ਦੀ ਭ੍ਰਿਸ਼ਟ ਰਾਜਨੀਤੀ ਤੇ ਚਮਚਾ ਗਿਰੀ ਨੂੰ ਦਿਖਾ ਰਹੀ ਹੈ। ਨਾਲ ਹੀ ਪੰਜਾਬ ਡੇਰਿਆਂ ਦੇ ਜਾਲ ਵਿੱਚ ਤੇ ਰਿਸ਼ਵਤ ਦੇ ਨਾਲ ਝੂਠੇ ਪੁਲਿਸ ਮੁਕਾਬਲੇ ਵੀ ਫਿਲਮ ਨੂੰ ਜ਼ਬਰਦਸਤ ਬਣਾਉਂਦੇ ਨਜ਼ਰ ਆਉਣਗੇ। ਪੂਜਾ, ਸਵਰਨ ਸਿੰਘ, ਜਰਮਨ ਮੱਲ੍ਹੀ, ਦਲੇਰ ਮਹਿਤਾ ਤੇ ਸਵਰਨ ਸਿੰਘ ਦੇ ਨਾਲ ਗੁਰ ਰੰਧਾਵਾ ਨੇ ਇਸ ਫ਼ਿਲਮ ਵਿੱਚ ਕੰਮ ਕੀਤਾ ਹੈ। ਨਿਰਮਾਤਾ ਸੁਰਜੀਤ ਮੁਵੀਜ਼ ਤੇ ਟਾਂਡਾ ਫ਼ਿਲਮਜ਼ ਦੀ ਨਸੀਬੋ ਦੇ ਗਾਣੇ ਵਾਲੀ ਇਹ ਫਿਲਮ ਸਮੁੱਚੀ ਸਰਕਾਰ ਦੀ ਅਵਸਥਾ ਜਿਵੇਂ ਬੀਤੇ ਵਿੱਚ ਰਹੀ ਦੀ ਕਹਾਣੀ ਹੈ। ਫਿਲਮ ਵਿੱਚ ਡੀ ਜੇ ਨਰਿੰਦਰ ਨੇ ਦੋਬਾਰਾ ਨਵੇਂ ਰੂਪ ਵਿੱਚ ਵੀ ਜਸਪਿੰਦਰ ਨਰੂਲਾ ਦਾ ਵੀ ਹੀ ਉਂ ਗੀਤ "ਅੱਲਾਹ ਕਰੇ ਦਿਨ ਨਾ ਚੜ੍ਹੇ" ਵੀ ਸ਼ਾਮਿਲ ਕੀਤਾ ਹੈ ਲ਼ੋਕ ਸਭਾ ਚੋਣਾਂ ਦੇ ਵੇਲੇ ਇਸ ਫਿਲਮ ਦੀ ਬਣ ਆਉਣਾ ਹੋਰ ਵੀ ਅਹਿਮ ਹੈ। ਯਾਦ ਰਹੇ ਫਿਲਮ ਦੀ ਰਲੀਜ਼ ਤੋਂ ਪਹਿਲਾਂ ਲਾਲੀ ਵੁਡ ਤੋ ਨਸੀਬੋ ਤੇ ਸੰਗੀਤਕਾਰ ਗੌਹਰ ਅਲੀ ਬੱਬੂ ਨੇ ਬਲਬੀਰ ਟਾਂਡਾ ਨੂੰ ਸ਼ੁਭ ਕਾਮਨਾਵਾਂ ਭੇਜੀਆਂ ਹਨ।




-ਅੰਮ੍ਰਿਤ ਪਵਾਰ

## ਅੱਯਾਸ਼ ਮੁੱਖ ਮੰਤਰੀ, ਸਰਕਾਰ ਚਲਾਏ ਹੁਸਨ ਦੀ ਹੱਟੀ ਜਿਹੜੀ ਲੁੱਟੇ ਪੰਜਾਬੀਆਂ ਨੂੰ ਫਿਰ ਮੱਚੇਗੀ "ਤਬਾਹੀ"

### ✪ ਚੋਣ ਮੌਸਮ ਦੀ ਫ਼ਿਲਮ "ਤਬਾਹੀ ਰੇਲੋਡਡ" ਤਿਆਰ

ਚੰਗੀ ਚੀਜ਼ ਮਿੰਟ ਵਿੱਚ ਧੁਮ ਧਾਮ ਮਚਾ ਦਿੰਦੀ ਹੈ ਤੇ ਅਜਿਹਾ "ਤਬਾਹੀ ਰੀਲੋਡ" ਦੇ ਟ੍ਰੇਲਰ ਨਾਲ ਹੋਇਆ ਹੈ। ਪੰਜਾਬ ਦੇ ਹਲਾਤਾਂ ਨੂੰ ਬਰੀਕੀ ਨਾਲ ਪੇਸ਼ ਕਰਨ ਵਾਲੀ ਇਸ ਆ ਰਹੀ ਫਿਲਮ ਦਾ ਯੁਟਿਊਬ ਤੇ ਟ੍ਰੇਲਰ ਖੂਬ ਚਰਚਿਤ ਹੈ। ਅਜੇ ਇੱਕ ਟ੍ਰੇਲਰ ਤੇ ਓਹ ਵੀ ਗਾਣੇ ਦਾ ਆਇਆ ਕਿ ਲੋਕ ਅਪ੍ਰੈਲ ਦਾ ਪਹਿਲਾ ਹਫ਼ਤਾ ਉਡੀਕ ਰਹੇ ਨੇ ਕਿ ਕਦ ਸਾਡੇ ਸਿਸਟਮ ਦਾ ਪਰਦਾ ਫਾਸ਼ ਕਰਦੀ ਇਹ ਫਿਲਮ ਰਲੀਜ਼ ਹੋਏ। ਯੁਟਿਊਬ ਤੇ ਫੇਸਬੁੱਕ ਤੇ ਕੁਮੈਂਟ ਆ ਰਹੇ ਨੇ ਪੰਜਾਬ ਲੁੱਟਿਆ ਇੰਜ ਜਾਂਦਾ ਸੀ, ਹਕੂਮਤ ਵਿਦੇਸ਼ਣ ਚਲਵਾ ਰਹੀ ਹੋਏ ਤਾਂ ਬੱਚਿਆਂ ਦੇ ਭਵਿੱਖ ਨੂੰ ਕੌਣ ਪੁੱਛੇਗਾ। ਸਾਧ ਡੇਰਿਆਂ ਤੇ ਅਯਾਸ਼ੀ ਕਰਨ ਤੇ ਜਸਪਿੰਦਰ ਨਰੂਲਾ ਦਾ ਨਵੇਂ ਰੂਪ ਵਿਚ ਗਾਣਾ ਸਾਰਾ ਕੁਝ ਫਿਲਮ ਪ੍ਰਤੀ ਬੇਤਾਬੀ ਪੈਦਾ ਕਰ ਰਿਹਾ ਹੈ। "ਰਲ ਕਿ ਗੁਜਾਰਾਂਗੇ ਰਾਤ" ਗਾਣਾ ਤੇ ਪਾਰਟੀ ਦੇ ਦ੍ਰਿਸ਼ ਨੇ ਰਾਜਨੀਤਕ ਲੋਕਾਂ ਦੇ ਬੁਰੇ ਚਿਹਰੇ ਨੰਗੇ ਕਰਨੇ ਹਨ। ਅਪ੍ਰੈਲ ਦੇ ਪਹਿਲੇ ਹਫਤੇ ਆ ਰਹੀ ਬਲਬੀਰ ਟਾਂਡਾ ਦੀ ਇਹ ਫਿਲਮ ਇਕਬਾਲ ਢਿੱਲੋਂ ਨੇ ਬਣਾਈ ਹੈ। ਪੂਜਾ ਸ਼ਾਰਦਾ ਗਾਬਾ, ਸਵਰਨ ਸਿੰਘ, ਜਰਮਨਜੀਤ ਸਿੰਘ ਤੇ ਦਲੇਰ ਮਹਿਤਾ ਫਿਲਮ ਦੇ ਮੁੱਖ ਸਿਤਾਰੇ ਹਨ। ਫਿਲਮ ਦੇ ਗੀਤ ਖਵਾਜ਼ਾ ਪਰਵੇਜ਼ ਨੇ ਲਿਖੇ ਹਨ ਤੇ ਸੁਰਜੀਤ ਮੁਵੀਜ਼ ਇਸ ਨੂੰ ਦਰਸ਼ਕਾਂ ਤੱਕ ਪਹੁੰਚਦਾ ਕਰ ਰਹੀ ਹੈ। ਫ਼ਿਲਮ ਦੇ ਪੋਸਟਰ ਨੇ ਅਜੇ ਪੂਰੀ ਚਰਚਾ ਲੈਣੀ ਹੈ ਜਿਸ ਤੇ ਸਾਧਾਂ ਦੇ ਰੂਪ ਅੱਯਾਸ਼ ਰਾਜਨੇਤਾ ਦੇ ਰੂਪ ਤੇ ਅੱਜ ਦੇ ਯੁਵਾ ਦਾ ਰੂਪ ਦਿਖਾਇਆ ਗਿਆ ਹੈ। "ਤਬਾਹੀ ਰੀਲੋਡਡ" ਦੀ ਆਲੋਚਕ ਵੀ ਬੇਸਬਰੀ ਨਾਲ ਉਡੀਕ ਕਰ ਰਹੇ ਨੇ ਪਰਦਾ ਓਹਨਾਂ ਦਾ ਵੀ ਫਾਸ਼ ਹੋਣਾ ਹੈ। ਹਰ ਪੰਜਾਬੀ ਨੂੰ ਬੇਸਬਰੀ ਨਾਲ ਇੰਤਜਾਰ ਇਸ ਫ਼ਿਲਮ ਦਾ ਤੇ ਅਪ੍ਰੈਲ 5 ਨੂੰ ਇਹ ਫ਼ਿਲਮ ਸ਼ਾਨ ਨਾਲ ਰਲੀਜ਼ ਹੋਏਗੀ।




-ਅੰਮ੍ਰਿਤ ਪਵਾਰ